Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

WWW.FATEH.CO
NEW
PRIDE OF PUNJAB
PREMIUM PUNJABI TIMEPIECES
ਸ਼ਾਨਦਾਰ ਪੰਜਾਬੀ ਘੜੀਆਂ:
ਸਾਡਾ ਵਕਤ, ਸਾਡੀ ਪਹਿਚਾਣ
WWW.FATEH.CO

COVERED CALIFORNIA
Certified Insurance Agent
Global Green
INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 40; October 5, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਸਰਪੰਚੀ ਲਈ ਬੋਲੀ ਨੇ ਲੋਕਤੰਤਰ ਹਰਾਇਆ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਲਈ ਇਸ ਵਾਰ ਸਿਆਸੀ ਮਾਹੌਲ ਕੁਝ ਵੱਖਰਾ ਨਜ਼ਰ ਆ ਰਿਹਾ ਹੈ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਸਰਪੰਚੀ ਲਈ 2-2 ਕਰੋੜ ਦੀ ਬੋਲੀ ਲੱਗ ਰਹੀ ਹੈ। ਸਰਕਾਰ ਉਤੇ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਨਾਮਜ਼ਦਗੀਆਂ ਭਰਨ ਤੋਂ ਰੋਕਣ ਦੇ ਦੋਸ਼ ਲੱਗ ਰਹੇ ਹਨ। ਪੰਚਾਇਤੀ ਚੋਣਾਂ ਦੇ ਚਾਹਵਾਨ ਉਮੀਦਵਾਰਾਂ ਨੂੰ ਆਪਣੇ ਕਾਗਜ਼ ਦਾਖਲ ਕਰਨ ਲਈ ਬੀ.ਡੀ.ਪੀ.ਓ. ਦਫਤਰਾਂ ਵੱਲੋਂ ਲੋੜੀਂਦੇ ਕਾਗਜ਼ਾਤ ਨਹੀਂ ਮਿਲ ਰਹੇ ਹਨ। ਤਾਜ਼ਾ ਬਣੇ ਹਾਲਾਤ ਸਾਫ ਬਿਆਨ ਰਹੇ ਹਨ ਕਿ ਸਰਪੰਚੀ ਹੁਣ ਧਨਾਢਾਂ ਦੀ ਖੇਡ ਬਣਨ ਲੱਗੀ ਹੈ।

ਇਸ ਵਾਰ ਭਾਵੇਂ ਸਰਕਾਰ ਨੇ ਸਿਆਸੀ ਚੋਣ ਨਿਸ਼ਾਨ ਖ਼ਤਮ ਕਰ ਦਿੱਤੇ ਹਨ ਅਤੇ ਸਰਬਸੰਮਤੀ ਕਰਨ ਵਾਲੀਆਂ ਪੰਚਾਇਤਾਂ ਨੂੰ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਹੈ ਪਰ ਨਾਮਜ਼ਦਗੀਆਂ ਦਾ ਅਮਲ ਸ਼ੁਰੂ ਹੁੰਦੇ ਹੀ ਸਿਆਸੀ ਧਿਰਾਂ ਦੀ ਸੀਨੀਅਰ ਲੀਡਰਸ਼ਿਪ ਮੈਦਾਨ ਵਿਚ ਨਿੱਤਰ ਆਈ ਹੈ। ਪਿੰਡਾਂ ਵਿਚ ਸਰਬਸੰਮਤੀ ਨਾਲ ਸਰਪੰਚ ਚੁਣਨ ਲਈ ਬੋਲੀਆਂ ਲੱਗ ਰਹੀਆਂ ਹਨ। ਇਹ ਬੋਲੀਆਂ ਕਰੋੜਾਂ ਤੱਕ ਪਹੁੰਚ ਰਹੀਆਂ ਹਨ ਅਤੇ ਸਿਆਸੀ ਧਿਰਾਂ ਟੇਢੇ ਢੰਗ ਨਾਲ ਪਿੰਡਾਂ ਦੀਆਂ ਪੰਚਾਇਤਾਂ ਉਤੇ ਕਬਜ਼ੇ ਕਰਨ ਲਈ ਜੁਟੀਆਂ ਜਾਪ ਰਹੀਆਂ ਹਨ। ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਰਵਾਲ ਕਲਾ ਵਿਚ ਸਰਪੰਚੀ ਲੈਣ ਲਈ ਭਾਜਪਾ ਸਮਰਥਕ ਆਤਮਾ ਸਿੰਘ ਨੇ 2 ਕਰੋੜ ਦੀ ਬੋਲੀ ਲਾ ਦਿੱਤੀ। ਗਿੱਦੜਬਾਹਾ ਹਲਕੇ ਦੇ ਇਕ ਪਿੰਡ ਦੀ ਵਾਇਰਲ ਵੀਡੀਓ ਨੇ ਸਰਬਸੰਮਤੀ ਦੇ ਇਸ ਰੁਝਾਨ ਦੀ ਪੋਲ ਖੋਲ੍ਹ ਦਿੱਤੀ ਹੈ। ਇਸ ਵੀਡੀਓ ਵਿਚ ਪਿੰਡ ਦੇ ਲੋਕਾਂ ਦੇ ਇਕੱਠ ਵਿਚ ਦੋ ਵਿਅਕਤੀ ਖੜ੍ਹੇ ਹੋ ਕੇ ਸਰਬਸੰਮਤੀ ਨਾਲ ਸਰਪੰਚ ਚੁਣੇ ਜਾਣ ਲਈ ਬੋਲੀ ਦੇ ਰਹੇ ਹਨ। ਇਨ੍ਹਾਂ ਦੇ ਨਾਮ ਅਮਰੀਕ ਸਿੰਘ ਤੇ ਅਮਰਜੀਤ ਸਿੰਘ ਦੱਸੇ ਜਾ ਰਹੇ ਹਨ। ਬੋਲੀ 15 ਲੱਖ ਤੋਂ ਸ਼ੁਰੂ ਹੁੰਦੀ ਹੈ



ਅਤੇ 35 ਲੱਖ 'ਤੇ ਖ਼ਤਮ ਹੁੰਦੀ ਹੈ। ਆਖ਼ਿਰ ਅਮਰੀਕ ਸਿੰਘ 35 ਲੱਖ 50 ਹਜ਼ਾਰ ਰੁਪਏ ਨਾਲ ਬੋਲੀ ਜਿੱਤ ਜਾਂਦਾ ਹੈ।

ਲੋਕ ਅਜਿਹੇ ਰੁਝਾਨ ਨੂੰ ਮੰਦਭਾਗਾ ਦੱਸ ਰਹੇ ਹਨ ਕਿ ਇਸ ਤਰ੍ਹਾਂ ਸਿਰਫ ਸਰਮਾਏਦਾਰ ਹੀ ਸਰਪੰਚ ਬਣਿਆ ਕਰਨਗੇ ਤਾਂ ਆਮ ਆਦਮੀ ਕਿੱਧਰ ਜਾਵੇ? ਇਥੋਂ ਦੇ ਪਿੰਡ ਕੋਠੇ ਕੇਸਰ ਸਿੰਘ ਅਤੇ ਕੋਠੇ ਬਰੜੇ ਵਾਲੇ ਆਦਿ ਪਿੰਡਾਂ 'ਚ ਵੀ ਬੋਲੀ ਦੀ ਚਰਚਾ ਚੱਲੀ ਸੀ ਪਰ ਹੁਣ ਰੁਕ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਚੋਣ ਕਮਿਸ਼ਨ ਵੱਲੋਂ ਸਰਪੰਚੀ ਦੀ ਚੋਣ ਵਾਸਤੇ ਸਿਰਫ 40 ਹਜ਼ਾਰ ਰੁਪਏ ਖਰਚਾ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ ਪਰ ਇਥੇ ਬਿਨਾਂ ਚੋਣਾਂ ਹੀ ਗੱਲ ਕਰੋੜਾਂ ਤੱਕ ਪਹੁੰਚ ਗਈ ਹੈ। ਇਸੇ ਤਰ੍ਹਾਂ ਤਕਰੀਬਨ 6600 ਵੋਟਾਂ ਵਾਲੇ ਪਿੰਡ ਸਾਦਿਕ ਵਿਚ ਸਰਪੰਚ ਬਣਨ ਦੇ ਚਾਹਵਾਨ ਅਵਤਾਰ ਸਿੰਘ ਸੰਧੂ (ਆਜ਼ਾਦ) ਨੇ ਐਲਾਨ ਕਰ ਦਿੱਤਾ ਕਿ ਉਸ ਨੂੰ ਮੌਕਾ ਮਿਲਦਾ ਹੈ ਤਾਂ ਆਪਣੀ ਤਿੰਨ ਕਿੱਲੇ ਮਾਲਕੀ ਜ਼ਮੀਨ ਵਿਚੋਂ ਦੋ ਕਿੱਲੇ ਪਿੰਡ ਦੇ ਨਾਮ ਲਗਵਾ ਦੇਵੇਗਾ ਜਿਸ ਦੀ ਕੀਮਤ 75 ਤੋਂ 80 ਲੱਖ ਬਣਦੀ ਹੈ। ਪਿੰਡ ਗਹਿਰੀ ਬੁੱਟਰ ਵਿਚ ਸਰਬਸੰਮਤੀ ਨਾਲ ਸਰਪੰਚ ਚੁਣਨ ਲਈ 60 ਲੱਖ ਰੁਪਏ ਦੀ ਬੋਲੀ ਲੱਗੀ ਪਰ ਲੋਕਾਂ ਵਿਚ ਸਹਿਮਤੀ ਨਹੀਂ ਬਣ ਸਕੀ।

ਉਧਰ, ਨਾਮਜ਼ਦਗੀਆਂ ਦੌਰਾਨ ਝੜਪਾਂ ਦੀਆਂ ਖਬਰਾਂ ਵੀ ਆ ਰਹੀਆਂ ਹਨ। ਜ਼ੀਰਾ ਵਿਚ ਮਾਹੌਲ ਉਸ ਸਮੇਂ ਤਣਾਅਪੂਰਨ ਬਣ ਗਿਆ ਜਦ ਹਲਕਾ ਜ਼ੀਰਾ ਦੇ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ ਅਗਵਾਈ ਹੇਠ ਨਾਮਜ਼ਦਗੀਆਂ ਦਾਖ਼ਲ ਕਰਵਾਉਣ ਲਈ ਕਾਂਗਰਸੀ ਵਰਕਰ ਪਹੁੰਚੇ ਸਨ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਉਨ੍ਹਾਂ ਨੂੰ ਕਥਿਤ ਤੌਰ 'ਤੇ ਨਾਮਜ਼ਦਗੀ ਭਰਨ ਤੋਂ ਰੋਕਣ ਲਈ ਇੱਟਾਂ-ਪੱਥਰਾਂ ਅਤੇ ਡਾਂਗਾਂ ਨਾਲ ਹਮਲਾ ਕਰ ਦਿੱਤਾ ਗਿਆ। ਇਸ ਦੌਰਾਨ ਗੋਲੀਆਂ ਵੀ ਚੱਲੀਆਂ ਅਤੇ ਕੁਲਬੀਰ ਸਿੰਘ ਜ਼ੀਰਾ ਜ਼ਖਮੀ ਹੋ ਗਏ।

ਉਧਰ, ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਵਿਰੁੱਧ ਸਰਕਾਰੀ ਅਧਿਕਾਰੀਆਂ ਦੀ ਹਾਜ਼ਰੀ 'ਚ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਦਾ ਅਪਮਾਨ ਕਰਨ ਦੇ ਦੋਸ਼ ਹੇਠ ਵਿਸ਼ੇਸ਼ ਅਧਿਕਾਰ ਮਤਾ ਪਾ ਦਿੱਤਾ ਹੈ। ਦੱਸਣਯੋਗ ਹੈ ਕਿ ਸੰਸਦ ਮੈਂਬਰਾਂ ਨੂੰ ਵਿਸ਼ੇਸ਼ ਅਧਿਕਾਰ ਅਤੇ ਛੋਟਾਂ ਮਿਲਦੀਆਂ ਹਨ ਜੋ ਉਨ੍ਹਾਂ ਦੇ ਫ਼ਰਜ਼ਾਂ ਨੂੰ ਪੂਰਾ ਕਰਨ ਵਿਚ ਮਦਦ ਕਰਦੀਆਂ ਹਨ। ਇਕ ਵਿਸ਼ੇਸ਼ ਅਧਿਕਾਰ ਪ੍ਰਸਤਾਵ ਸੰਸਦ ਮੈਂਬਰਾਂ ਵੱਲੋਂ ਦਿੱਤੀ ਜਾਣ ਵਾਲੀ ਰਸਮੀ ਸ਼ਿਕਾਇਤ ਹੈ ਜੋ ਉਨ੍ਹਾਂ ਦੇ ਅਧਿਕਾਰਾਂ, ਸ਼ਕਤੀਆਂ ਅਤੇ ਸਨਮਾਨ ਨੂੰ ਕਮਜ਼ੋਰ ਕਰਨ ਵਾਲੀ ਕਿਸੇ ਵੀ ਕਾਰਵਾਈ ਨੂੰ ਚੁਣੌਤੀ ਦਿੰਦੀ ਹੈ। ਦੱਸ ਦਈਏ ਕਿ ਪੰਚਾਇਤ ਚੋਣਾਂ ਬੇਸ਼ੱਕ ਪਾਰਟੀ ਦੇ ਚੋਣ ਨਿਸ਼ਾਨ 'ਤੇ ਨਹੀਂ ਲੜੀਆਂ ਜਾਣਗੀਆਂ ਪਰ ਇਹ ਚੋਣਾਂ ਪੇਂਡੂ ਖੇਤਰ ਵਿਚ ਸਿਆਸੀ ਧਿਰਾਂ ਦੇ ਅਧਾਰ ਦੀ ਨਿਰਖ਼ ਕਰਨਗੀਆਂ। ਆਮ ਆਦਮੀ ਪਾਰਟੀ ਬਤੌਰ ਸੱਤਾਧਾਰੀ ਧਿਰ ਪਹਿਲੀ ਵਾਰ ਪੰਚਾਇਤ ਚੋਣਾਂ ਵਿਚ ਅਸਿੱਧੇ ਤਰੀਕੇ ਨਾਲ ਮੈਦਾਨ ਵਿਚ ਉੱਤਰੇਗੀ। ਭਾਜਪਾ ਵੀ ਇਨ੍ਹਾਂ ਚੋਣਾਂ ਵਿਚ ਆਪਣਾ

*(ਬਾਕੀ ਸਫਾ 6 'ਤੇ)*

### ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਤਲਬ

**ਚੰਡੀਗੜ੍ਹ:** ਪੰਜਾਬ ਰਾਜ ਚੋਣ ਕਮਿਸ਼ਨ ਨੇ ਪੰਚਾਇਤੀ ਚੋਣਾਂ 'ਚ ਸਰਪੰਚੀ ਦੇ ਅਹੁਦੇ ਦੀ ਨਿਲਾਮੀ ਦਾ ਸਖ਼ਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਤਲਬ ਕਰ ਲਈ ਹੈ। ਪੰਚਾਇਤ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਇਹ ਪਹਿਲੀ ਵੱਡੀ ਕਾਰਵਾਈ ਕੀਤੀ ਗਈ ਹੈ। ਪੰਜਾਬ ਵਿਚ ਕੁਝ ਦਿਨਾਂ ਦੌਰਾਨ ਸਰਪੰਚੀ ਦੇ ਅਹੁਦੇ ਦੀ ਸ਼ਰੇਆਮ ਬੋਲੀ ਲੱਗਣ ਦੀਆਂ ਵੀਡੀਓਜ਼ ਨਸ਼ਰ ਹੋਈਆਂ ਹਨ ਜਿਨ੍ਹਾਂ ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਹਰਦੋਵਾਲ ਕਲਾਂ ਦੀ ਸਰਪੰਚੀ ਦੀ ਬੋਲੀ ਦੋ ਕਰੋੜ ਰੁਪਏ ਪੁੱਜਣ ਦੀਆਂ ਖ਼ਬਰਾਂ ਵੀ ਸ਼ਾਮਲ ਹਨ।

## ਚੋਣਾਂ ਤੋਂ ਪਹਿਲਾਂ ਰਾਮ ਰਹੀਮ ਨੂੰ ਮੁੜ ਪੈਰੋਲ ਦਿੱਤੀ



**ਨਵੀਂ ਦਿੱਲੀ:** ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਰਿਆਣਾ ਸਰਕਾਰ ਨੇ ਪੈਰੋਲ ਦੇ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਡੇਰਾ ਮੁਖੀ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਵੀਹ ਦਿਨ ਦੀ ਪੈਰੋਲ ਮੰਗੀ ਸੀ ਜਿਸ ਤੋਂ ਬਾਅਦ ਹਰਿਆਣਾ ਸਰਕਾਰ ਨੇ ਇਹ ਮਾਮਲਾ ਚੋਣ ਕਮਿਸ਼ਨ ਕੋਲ ਵਿਚਾਰਨ ਲਈ ਭੇਜ ਦਿੱਤਾ ਸੀ ਤੇ ਹੁਣ ਚੋਣ ਕਮਿਸ਼ਨ ਨੇ ਡੇਰਾ ਮੁਖੀ ਨੂੰ ਸ਼ਰਤਾਂ ਤਹਿਤ ਪੈਰੋਲ ਦੇ ਦਿੱਤੀ ਹੈ। ਡੇਰਾ ਮੁਖੀ ਜਬਰ ਜਨਾਹ ਦੇ ਮਾਮਲੇ ਵਿਚ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ।

ਚੋਣ ਕਮਿਸ਼ਨ ਨੇ ਪਹਿਲੀ ਸ਼ਰਤ ਲਾਈ ਹੈ ਕਿ ਜੇਲ੍ਹ ਵਿਚੋਂ ਬਾਹਰ ਆਉਣ 'ਤੇ ਉਹ ਹਰਿਆਣਾ ਵਿਚ ਨਹੀਂ ਰਹੇਗਾ। ਦੂਜੀ, ਉਹ ਕਿਸੀ ਵੀ ਰਾਜਸੀ ਗਤੀਵਿਧੀ ਵਿਚ ਸ਼ਾਮਲ ਨਹੀਂ ਹੋਵੇਗਾ ਤੇ ਤੀਜੀ, ਉਹ ਸੋਸ਼ਲ ਮੀਡੀਆ ਜ਼ਰੀਏ ਵੀ ਪ੍ਰਚਾਰ ਨਹੀਂ ਕਰ ਸਕੇਗਾ। ਚੋਣ ਕਮਿਸ਼ਨ ਨੇ ਹਰਿਆਣਾ ਸਰਕਾਰ ਨੂੰ ਕਿਹਾ ਹੈ ਕਿ ਜੇ ਡੇਰਾ ਮੁਖੀ ਇਨ੍ਹਾਂ ਵਿਚੋਂ ਕਿਸੇ ਵੀ ਸ਼ਰਤ ਦਾ ਉਲੰਘਣ ਕਰਦਾ ਹੈ ਤਾਂ ਉਸ ਦੀ ਪੈਰੋਲ ਰੱਦ ਕਰ ਦਿੱਤੀ ਜਾਵੇਗੀ।

ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਪੰਜ ਅਕਤੂਬਰ ਨੂੰ ਹੋਣੀਆਂ ਹਨ ਤੇ ਚੋਣਾਂ ਦੇ ਨਤੀਜੇ ਅੱਠ ਅਕਤੂਬਰ ਨੂੰ ਐਲਾਨੇ ਜਾਣਗੇ। ਇਹ ਵੀ ਜ਼ਿਕਰਯੋਗ ਹੈ ਕਿ ਡੇਰਾ ਮੁਖੀ ਦਾ ਕਈ ਵਿਧਾਨ ਸਭਾ ਹਲਕਿਆਂ ਵਿਚ ਆਧਾਰ ਹੈ।

GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com

Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloода Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

## ਸ. ਬਲਦੇਵ ਸਿੰਘ ਸਮਰਾ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਸਦਮਾ



**ਫਰਿਜ਼ਨੋ:** ਇੱਥੋਂ ਦੇ ਵਸਨੀਕ ਸ. ਬਲਦੇਵ ਸਿੰਘ ਸਮਰਾ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 25 ਸਤੰਬਰ, ਦਿਨ ਬੁੱਧਵਾਰ ਨੂੰ ਅਕਾਲ ਚਲਾਣਾ ਕਰ ਗਏ ਸਨ। ਉਹ 74 ਸਾਲਾਂ ਦੇ ਸਨ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਸਿਵੀਆਂ ਸੀ, ਜੋ ਜ਼ਿਲ੍ਹਾ ਮੋਗਾ ਵਿਚ ਹੈ। ਸ. ਬਲਦੇਵ ਸਿੰਘ ਸਮਰਾ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਰਹਿ ਰਹੇ ਸਨ। ਉਹ ਸਾਰੇ ਇਲਾਕੇ ਵਿਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਅਤੇ ਮਿਲਾਪੜੇ ਇਨਸਾਨ ਸਨ। ਇਹ ਆਪਣੇ ਪਿੱਛੇ ਪਤਨੀ ਅਤੇ ਦੋ ਪੁੱਤਰਾਂ ਦੀ ਪਰਿਵਾਰਕ ਫੁਲਵਾੜੀ ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸ਼ਰਧਾਜਲੀਆਂ ਦੀ ਰਸਮ 2 ਅਕਤੂਬਰ, ਦਿਨ ਬੁੱਧਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਹੋਈ। ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰੂ ਨਾਨਕ ਸਿੱਖ ਟੈਂਪਲ ਸਨਮਾਕੀਨ ਵਿਖੇ ਹੋਈ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਗੁਰਮੀਤ ਸਿੰਘ ਸਮਰਾ ਨਾਲ ਫੋਨ ਨੰਬਰ: (559) 569-2516 'ਤੇ ਸੰਪਰਕ ਕੀਤਾ ਜਾ ਸਕਦਾ ਹੈ। – ***ਕੁਲਵੰਤ ਧਾਲੀਆਂ / ਨੀਟਾ ਮਾਛੀਕੇ***





T B F
THE BAINS FIRM

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


## ਬੌਲੀਵੁੱਡ ਸੁਪਰਸਟਾਰ ਧਰਮਿੰਦਰ ਵਲੋਂ ਸੁਰਜੀਤ ਹਾਕੀ ਟੂਰਨਾਮੈਂਟ ਲਈ ਦਰਸ਼ਕਾਂ ਨੂੰ ਸੱਦਾ




*ਬੌਲੀਵੁੱਡ ਸੁਪਰਸਟਾਰ ਨਾਲ ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ*

ਬੌਲੀਵੁੱਡ ਸੁਪਰ ਸਟਾਰ ਅਤੇ ਫਿਲਮ ਇੰਡਸਟਰੀ ਦੇ 'ਹੀ ਮੈਨ' ਧਰਮਿੰਦਰ ਇਨ੍ਹੀਂ ਦਿਨੀਂ ਅਮਰੀਕਾ ਦੇ ਨਿੱਜੀ ਦੌਰੇ 'ਤੇ ਹਨ। ਇਸ ਦੌਰਾਨ ਉਨ੍ਹਾਂ ਆਪਣੇ ਨਜ਼ਦੀਕੀ ਗਾਖਲ ਗਰੁੱਪ ਯੂ.ਐੱਸ.ਏ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ 19 ਤੋਂ 26 ਅਕਤੂਬਰ ਤੱਕ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਵਲੋਂ ਬਰਲਟਨ ਪਾਰਕ ਵਿਖੇ ਕਰਵਾਏ ਜਾ ਰਹੇ 41ਵੇਂ ਸੁਰਜੀਤ ਯਾਦਗਾਰੀ ਹਾਕੀ ਟੂਰਨਾਮੈਂਟ ਵਿਚ ਸ਼ਾਮਿਲ ਹੋਣ ਲਈ ਦਰਸ਼ਕਾਂ ਨੂੰ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਗਾਖਲ ਗਰੁੱਪ ਪਿਛਲੇ 15 ਸਾਲ ਤੋਂ ਹਰ ਸਾਲ ਇਸ ਟੂਰਨਾਮੈਂਟ ਦਾ ਪਹਿਲਾ ਇਨਾਮ 5.50 ਲੱਖ ਰੁਪਏ ਦਿੰਦਾ ਆ ਰਿਹਾ ਹੈ ਅਤੇ ਇਸ ਵਾਰ ਵੀ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਕੀ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਇਸੇ ਮੌਕੇ ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ) ਵਲੋਂ ਏਸ਼ੀਅਨ ਚੈਂਪੀਅਨ ਅਤੇ ਉਲੰਪਿਕ ਤਗਮਾ ਜੇਤੂ ਭਾਰਤੀ ਹਾਕੀ ਟੀਮ ਦਾ ਵੀ 5 ਲੱਖ ਰੁਪਏ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਰੋਏ ਸਮਾਜ ਦੀ ਸਿਰਜਣਾ ਲਈ ਸਮੁੱਚੀ ਦੁਨੀਆਂ ਦੇ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਸੁਰਜੀਤ ਹਾਕੀ ਸੁਸਾਇਟੀ ਦੀ ਹਾਕੀ ਖੇਡ ਨੂੰ ਉਤਸ਼ਾਹਿਤ ਕਰਨ ਅਤੇ ਹਾਕੀ ਦੇ ਯੋਧੇ ਖਿਡਾਰੀ ਸਵ. ਸੁਰਜੀਤ ਸਿੰਘ ਦੀ ਯਾਦ ਨੂੰ ਕਾਇਮ ਰੱਖਣ ਲਈ ਪ੍ਰਸ਼ੰਸਾ ਕੀਤੀ।


Homeopathicvibes

Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

Restaurant Help Wanted

Immediately hiring Cook, Tandoori Chef, Helper & Server for Indian restaurant in Murfreesboro, TN.
*Good salary, free accommodation & Food.
*Hiring Bonus $1500
* Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

34-37



ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



SUPER TRAVEL

847-676-9090, 773-465-5566
*E-mail: supertravel2003@live.com*

Lowest Fares With Excellent Service

*United Airlines*
*British Airways*

For Emergency Call anytime at
847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੇ ਦੀ ਲੋੜ ਹੈ

Sikh Ahluwalia family looking for a suitable, well educated match for their 1986/5-5" Phd, beautiful girl. She has finished her studies in Boston, US. Serious inquiries only.
Please contact us at +1 (781) 658-8952.

39-42

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

## ਲੜਕੀ ਦੀ ਲੋੜ ਹੈ

US citizen boy is looking for a suitable match. He is born on 1989, 5'-6", in Ludhiana and raised in the US. He is never married, and working as a behavioral specialist. Father is a taxi driver, and mother is a nurse. Seeking a kind-hearted, family-oriented, and educated girl. Please email at manna.suie@gmail.com or call +1 (312) 217-8849.

40-43

Jat Sikh family looking for a suitable jat Sikh girl for their US born 28' 5-11 son. The boy is mechanical engineer, well established and doing a federal job. Please contact us at : 678-448-2202.

39-42

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

37-40

ਰਾਮਗੜ੍ਹੀਆ ਲੜਕਾ, ਉਮਰ 40 ਸਾਲ, 5'10", ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਨੰਬਰ +1-510-200-1772 'ਤੇ ਸੰਪਰਕ ਕਰੋ।

36-39

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

36-39

# Change of Name

**This is to certify that I, AKASHDEEP, son of DAYA SINGH, formerly residing at H. No. 2511 VPO SONKERA TEHSIL NILOKHERI KARNAL PIN CODE 132116, HARYANA INDIA and currently residing at 15553 Senita Ln, Fishers, IN 46037 USA, have legally changed my name from AKASHDEEP to AKASHDEEP SINGH. All concerned parties are requested to note this change.**

# ਪੰਜਾਬ ਭਾਜਪਾ 'ਚ ਹਿਲਜੁਲ: ਜਾਖੜ ਦੀ ਚੁੱਪ ਉਤੇ ਉਠੇ ਸਵਾਲ



**ਚੰਡੀਗੜ੍ਹ:** ਪੰਜਾਬ ਭਾਜਪਾ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੱਤੇ ਜਾਣ ਬਾਰੇ ਸੁਨੀਲ ਜਾਖੜ ਦੀ ਚੁੱਪ 'ਤੇ ਸੁਆਲ ਉੱਠਣ ਲੱਗੇ ਹਨ। ਹਾਲਾਂਕਿ ਅਧਿਕਾਰਤ ਤੌਰ ਉਤੇ ਸੁਨੀਲ ਜਾਖੜ ਦੇ ਅਸਤੀਫ਼ੇ ਬਾਰੇ ਕੋਈ ਖ਼ਬਰ ਨਹੀਂ ਆਈ ਹੈ ਪਰ ਜਾਖੜ ਨੇ ਵੀ ਹਾਲੇ ਤੱਕ ਇਸ ਮਾਮਲੇ 'ਤੇ ਚੁੱਪ ਵੱਟੀ ਹੋਈ ਹੈ।

ਜਾਖੜ ਦੇ ਇਸ ਕਦਮ ਨੂੰ ਲੈ ਕੇ ਸੂਬੇ ਵਿਚ ਸਿਆਸੀ ਮਾਹੌਲ ਜ਼ਰੂਰ ਗਰਮਾ ਗਿਆ ਹੈ। ਖ਼ਾਸ ਕਰਕੇ ਕਾਂਗਰਸ ਪਾਰਟੀ ਨੇ ਸੁਨੀਲ ਜਾਖੜ 'ਤੇ ਤਨਜ਼ ਕੱਸਣੇ ਸ਼ੁਰੂ ਕਰ ਦਿੱਤੇ ਹਨ ਜਦੋਂ ਕਿ ਭਾਜਪਾ ਆਗੂ ਜਾਖੜ ਦੇ ਬਚਾਅ ਪੱਖ ਵਿਚ ਆ ਗਏ ਹਨ। ਸੁਨੀਲ ਜਾਖੜ ਨੇ ਆਪਣਾ ਆਖ਼ਰੀ ਟਵੀਟ 17 ਸਤੰਬਰ ਨੂੰ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਸੀ ਅਤੇ ਉਸ ਮਗਰੋਂ ਉਨ੍ਹਾਂ ਨੇ ਕੋਈ ਟਵੀਟ ਨਹੀਂ ਕੀਤਾ ਹੈ। ਹੁਣ ਅਸਤੀਫ਼ੇ ਦਾ ਰੌਲਾ ਰੱਪਾ ਪੈਣ 'ਤੇ ਵੀ ਜਾਖੜ ਨੇ ਕੋਈ ਟਿੱਪਣੀ ਨਹੀਂ ਕੀਤੀ ਹੈ।

ਉਂਜ ਜਾਖੜ ਵੱਲੋਂ ਅਸਤੀਫ਼ਾ ਦੇਣਾ ਕੋਈ ਨਵੀਂ ਗੱਲ ਨਹੀਂ ਹੈ। ਮਈ 2022 ਵਿਚ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਜਾਖੜ ਨੇ ਪੰਜਾਬ ਕਾਂਗਰਸ ਦਾ ਪ੍ਰਧਾਨ ਰਹਿੰਦਿਆਂ ਇਕ ਨਹੀਂ ਬਲਕਿ ਕਈ ਵਾਰ ਅਸਤੀਫ਼ਾ ਦਿੱਤਾ ਸੀ। ਸਾਲ 2019 ਵਿਚ ਬੌਲੀਵੁੱਡ ਅਦਾਕਾਰ ਸਨੀ ਦਿਓਲ ਤੋਂ ਗੁਰਦਾਸਪੁਰ ਲੋਕ ਸਭਾ ਸੀਟ ਹਾਰਨ ਤੋਂ ਬਾਅਦ ਜਾਖੜ ਨੇ ਅਸਤੀਫ਼ਾ ਦਿੱਤਾ ਪਰ ਕਾਂਗਰਸ ਨੇ ਉਦੋਂ ਇਸ ਨੂੰ ਮਨਜ਼ੂਰ ਨਹੀਂ ਕੀਤਾ। ਮਗਰੋਂ ਮਈ 2022 ਵਿਚ ਫੇਸਬੁੱਕ 'ਤੇ ਲਾਈਵ ਹੋ ਕੇ ਅਸਤੀਫ਼ਾ ਦਿੱਤਾ। ਸੂਤਰਾਂ ਮੁਤਾਬਕ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਦੇ ਲੁਧਿਆਣਾ ਤੋਂ ਲੋਕ ਸਭਾ ਚੋਣ ਹਾਰਨ ਦੇ ਬਾਵਜੂਦ ਉਨ੍ਹਾਂ ਨੂੰ ਕੇਂਦਰ ਵਿਚ ਮੰਤਰੀ ਬਣਾਉਣ ਦੇ ਫੈਸਲੇ ਤੋਂ ਵੀ ਜਾਖੜ ਨਾਰਾਜ਼ ਦੱਸੇ ਜਾਂਦੇ ਸਨ।

ਵੇਰਵਿਆਂ ਅਨੁਸਾਰ ਸੁਨੀਲ ਜਾਖੜ ਨੇ ਕਰੀਬ ਦਸ ਕੁ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਕੀਤੀ ਸੀ। ਸੂਤਰ ਦੱਸਦੇ ਹਨ ਕਿ ਜਾਖੜ ਨੇ ਪ੍ਰਧਾਨ ਮੰਤਰੀ ਨਾਲ ਮੀਟਿੰਗ ਵਿਚ ਦੋ ਮੁੱਦੇ ਹੀ ਉਠਾਏ ਸਨ। ਪਹਿਲਾ ਇਹ ਕਿ ਪੰਜਾਬ ਨੂੰ ਕੋਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ ਅਤੇ ਦੂਜਾ ਇਹ ਕਿ ਅਕਾਲੀ ਦਲ ਨਾਲ ਗੱਠਜੋੜ ਕਰਕੇ ਅੱਗੇ ਵਧਿਆ ਜਾ ਸਕਦਾ ਹੈ, ਚਾਹੇ ਧੜਾ ਕੋਈ ਵੀ ਹੋਵੇ। ਸੂਤਰ ਦੱਸਦੇ ਹਨ ਕਿ ਸੁਨੀਲ ਜਾਖੜ ਪਿਛਲੇ ਕੁਝ ਸਮੇਂ ਤੋਂ ਸਿਆਸੀ ਤੌਰ 'ਤੇ ਘੁਟਣ ਮਹਿਸੂਸ ਕਰ ਰਹੇ ਸਨ ਅਤੇ ਹੁਣ ਉਹ ਭਾਜਪਾ ਵੱਲੋਂ ਚਲਾਈ ਜਾ ਰਹੀ ਮੈਂਬਰਸ਼ਿਪ ਮੁਹਿੰਮ ਵਿਚ ਵੀ ਸਰਗਰਮ ਨਹੀਂ ਸਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕਰਕੇ ਜਾਖੜ 'ਤੇ ਤਨਜ਼ ਕਰਦਿਆਂ ਕਿਹਾ ਹੈ ਕਿ ਉਹ ਹੁਣ ਕਿੱਥੇ ਜਾਣਗੇ। ਪੰਜਾਬ ਕਾਂਗਰਸ ਅਤੇ ਭਾਜਪਾ ਦਰਮਿਆਨ ਤਾਂ ਸ਼ਬਦੀ ਜੰਗ ਛਿੜ ਗਈ ਹੈ।

## ਜਾਖੜ ਦੇ ਅਸਤੀਫੇ ਦੀ ਗੱਲ ਬੇਬੁਨਿਆਦ: ਫਤਹਿਜੰਗ

**ਚੰਡੀਗੜ੍ਹ:** ਭਾਜਪਾ ਆਗੂ ਫਤਹਿਜੰਗ ਸਿੰਘ ਬਾਜਵਾ ਆਖਦੇ ਹਨ ਕਿ ਅਸਤੀਫ਼ਾ ਦੇਣ ਦੀ ਗੱਲ ਨਿਰਾ ਸ਼ਗੂਫ਼ਾ ਹੈ ਅਤੇ ਜਾਖੜ ਨੂੰ ਦਿੱਲੀ ਜਾਣਾ ਪੈ ਗਿਆ ਹੈ। ਬਾਜਵਾ ਨੇ ਕਿਹਾ ਕਿ ਉਹ ਤਾਂ ਖ਼ੁਦ ਕੁਝ ਦਿਨ ਪਹਿਲਾਂ ਜਾਖੜ ਨੂੰ ਮਿਲੇ ਸਨ ਪਰ ਅਜਿਹੀ ਕੋਈ ਗੱਲ ਨਹੀਂ ਹੈ। ਭਾਜਪਾ ਆਗੂ ਅਸਤੀਫ਼ੇ ਦਿੱਤੇ ਜਾਣ ਨੂੰ ਅਫ਼ਵਾਹਾਂ ਦੱਸ ਰਹੇ ਹਨ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਆਖਿਆ ਹੈ ਕਿ ਇਹ ਭਾਜਪਾ ਦਾ ਅੰਦਰੂਨੀ ਮਾਮਲਾ ਹੈ ਪਰ ਜਿਹੜਾ ਵਿਅਕਤੀ ਪੰਜਾਬ ਪੱਖੀ ਹੈ, ਉਹ ਭਾਜਪਾ ਵਿਚ ਬਹੁਤੀ ਦੇਰ ਟਿਕ ਨਹੀਂ ਸਕਦਾ।

# ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਪੰਥਕ ਵਿਚਾਰਧਾਰਾ ਤੋਂ ਭਟਕੇ: ਧਾਮੀ



**ਪਟਿਆਲਾ:** ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪਹਿਲੀ ਜਨਮ ਸ਼ਤਾਬਦੀ ਸਬੰਧੀ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਬਾਦਲ ਵੱਲੋਂ ਵੀ ਇਥੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਪਟਿਆਲਾ ਵਿਚ ਸਮਾਗਮ ਕੀਤਾ ਗਿਆ। ਇਸ ਦੌਰਾਨ ਜਥੇਦਾਰ ਟੌਹੜਾ ਦੀ ਸਿੱਖ ਸਿਧਾਂਤਾਂ ਪ੍ਰਤੀ ਦ੍ਰਿੜ੍ਹਤਾ ਨੂੰ ਯਾਦ ਕਰਦਿਆਂ, ਬੁਲਾਰਿਆਂ ਨੇ ਉਨ੍ਹਾਂ ਨੂੰ ਪੰਥਕ ਏਕਤਾ ਦੇ ਮੁਦੱਈ ਗਰਦਾਨਿਆ ਤੇ ਇਸੇ ਹੀ ਹਵਾਲੇ ਨਾਲ ਪੰਥਕ ਇਕਜੁਟਤਾ ਲਈ ਉਨ੍ਹਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਣ ਦਾ ਅਹਿਦ ਵੀ ਲਿਆ।

ਸਮਾਗਮ ਦਾ ਰਸਮੀ ਆਗਾਜ਼ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਵੱਲੋਂ ਸਟੇਜ ਦੀ ਕਾਰਵਾਈ ਸ਼ੁਰੂ ਕਰਨ ਨਾਲ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੀ ਅੱਡਰੀ ਹੋਂਦ ਹਸਤੀ ਲਈ ਸ੍ਰੀ ਟੌਹੜਾ ਨੇ ਆਪਣਾ ਵਿਲੱਖਣ ਤੇ ਅਹਿਮ ਯੋਗਦਾਨ ਪਾਇਆ। ਉਨ੍ਹਾਂ ਹਮੇਸ਼ਾ ਸਿੱਖ ਸਿਧਾਂਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ, ਹਾਲਾਂਕਿ ਉਨ੍ਹਾਂ ਨੇ ਪੰਥਕ ਸਿਆਸਤ ਵਿਚ ਲੰਬੀ ਪਾਰੀ ਖੇਡੀ, ਬਾਵਜੂਦ ਇਸ ਦੇ ਉਹ ਕਦੇ ਵੀ ਡੋਲੇ ਨਹੀਂ। ਅਕਾਲੀ ਦਲ ਸੁਧਾਰ ਲਹਿਰ ਬਾਰੇ ਸ੍ਰੀ ਧਾਮੀ ਨੇ ਕਿਹਾ ਕਿ ਇਹ ਪੰਥਕ ਵਿਚਾਰਧਾਰਾ ਤੋਂ ਭਟਕੇ ਹੋਏ ਲੋਕ ਹਨ। ਸਿਆਸੀ ਹਿੱਤਾਂ ਲਈ ਉਨ੍ਹਾਂ ਦਾ ਅਸਲ ਮਕਸਦ ਕੇਵਲ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨਾ ਹੈ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ।

# ਆਯੂਸ਼ਮਾਨ ਦੇ ਪੈਸੇ 'ਚ 'ਘਾਲੇਮਾਲੇ' ਉਤੇ ਬੁਰੀ ਫਸੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਤੋਂ ਆਯੂਸ਼ਮਾਨ ਭਾਰਤ ਸਕੀਮ ਤਹਿਤ ਮਿਲੇ 350 ਕਰੋੜ ਰੁਪਏ ਅੱਗੇ ਹਸਪਤਾਲਾਂ ਨੂੰ ਨਾ ਵੰਡਣ ਅਤੇ ਹੋਰ ਖ਼ਰਚੇ ਕਰਦੇ ਰਹਿਣ ਲਈ ਪੰਜਾਬ ਸਰਕਾਰ ਨਾਲ ਸਖ਼ਤ ਨਾਰਾਜ਼ਗੀ ਜਤਾਈ ਹੈ।

ਅਦਾਲਤ ਨੇ ਪੰਜਾਬ ਸਰਕਾਰ ਤੋਂ ਪ੍ਰਿੰਟ ਤੇ ਆਡੀਓ-ਵਿਜ਼ੂਅਲ ਮੀਡੀਆ ਵਿਚ ਕੀਤੀ ਗਈ ਇਸ਼ਤਿਹਾਰਬਾਜ਼ੀ ਅਤੇ ਮੰਤਰੀਆਂ, ਵਿਧਾਇਕਾਂ ਤੇ ਕਲਾਸ-1 ਅਫ਼ਸਰਾਂ ਦੇ ਘਰਾਂ ਤੇ ਦਫ਼ਤਰਾਂ ਦੇ ਕੀਤੇ ਗਏ ਨਵੀਨੀਕਰਨ ਅਤੇ ਕਾਰਾਂ ਸਮੇਤ ਨਵੇਂ ਵਾਹਨਾਂ ਦੀ ਖ਼ਰੀਦ ਉਤੇ ਹੋਏ ਖ਼ਰਚਿਆਂ ਦੇ ਵੇਰਵੇ ਮੰਗ ਲਏ ਹਨ। ਇਸ ਦੇ ਨਾਲ ਹੀ ਹਾਈ ਕੋਰਟ ਨੇ ਸਿਹਤ ਵਿਭਾਗ ਦੇ ਸੀਨੀਅਰ ਅਫ਼ਸਰਾਂ ਦੀਆਂ ਤਨਖ਼ਾਹਾਂ ਅਟੈਚ ਕਰਨ ਜਾਂ ਰੋਕ ਲੈਣ ਦੇ ਹੁਕਮ ਵੀ ਦਿੱਤੇ ਹਨ। ਜਿਨ੍ਹਾਂ ਅਧਿਕਾਰੀਆਂ ਦੀਆਂ ਤਨਖ਼ਾਹਾਂ ਰੋਕਣ ਦੇ ਹੁਕਮ ਦਿੱਤੇ ਗਏ ਹਨ, ਉਨ੍ਹਾਂ ਵਿਚ ਪ੍ਰਮੁੱਖ ਸਕੱਤਰ (ਸਿਹਤ) ਕੁਮਾਰ ਰਾਹੁਲ, ਸੂਬਾਈ ਸਿਹਤ ਏਜੰਸੀ ਦੀ ਸੀ.ਈ.ਓ. ਬਬੀਤਾ, ਡਾਇਰੈਕਟਰ ਦੀਪਕ ਅਤੇ ਡਿਪਟੀ ਡਾਇਰੈਕਟਰ ਸ਼ਰਨਜੀਤ ਕੌਰ ਸ਼ਾਮਲ ਹਨ।

ਇਹ ਹੁਕਮ ਮੱਧ-ਅਕਤੂਬਰ ਵਿਚ ਮਾਮਲੇ ਦੀ ਅਗਲੀ ਸੁਣਵਾਈ ਤੱਕ ਅਮਲ ਵਿਚ ਰਹਿਣਗੇ। ਜਸਟਿਸ ਵਿਨੋਦ ਐੱਸ. ਭਾਰਦਵਾਜ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਵੇਰਵੇ ਇਹ ਪਤਾ ਲਾਉਣ ਲਈ ਮੰਗੇ ਜਾ ਰਹੇ ਹਨ ਕਿ ਫੰਡ/ਗਰਾਂਟਾਂ ਜਿਸ ਮਕਸਦ ਲਈ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ, ਕੀ ਉਸੇ ਲਈ ਉਨ੍ਹਾਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ ਜਾਂ ਨਹੀਂ। ਜਸਟਿਸ ਭਾਰਦਵਾਜ ਭਾਰਤੀ ਮੈਡੀਕਲ ਐਸੋਸੀਏਸ਼ਨ ਪੰਜਾਬ ਤੇ ਹੋਰਨਾਂ ਪਟੀਸ਼ਨਰਾਂ ਵੱਲੋਂ ਪੰਜਾਬ ਸਰਕਾਰ ਤੇ ਹੋਰਨਾਂ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਸਨ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਨੇ ਖ਼ੁਦਕੁਸ਼ੀ ਕੀਤੀ



**ਸਾਦਿਕ:** ਇਥੋਂ ਦੇ ਨੌਜਵਾਨ ਨੇ ਕੈਨੇਡਾ ਵਿਚ ਖ਼ੁਦਕੁਸ਼ੀ ਕਰ ਲਈ। ਵਿਸ਼ਾਲ ਬਜਾਜ (27) ਪੁੱਤਰ ਪਵਨ ਬਜਾਜ ਵਾਸੀ ਸਾਦਿਕ ਕਰੀਬ ਸੱਤ ਸਾਲ ਪਹਿਲਾਂ ਕੈਨੇਡਾ ਗਿਆ ਸੀ। ਉਹ 13 ਸਤੰਬਰ ਤੋਂ ਲਾਪਤਾ ਸੀ। ਇਸ ਮਗਰੋਂ ਹੁਣ ਉਸ ਦੀ ਲਾਸ਼ ਡੈਲਟਾ ਤੋਂ ਮਿਲੀ ਹੈ। 15 ਸਤੰਬਰ ਨੂੰ ਪੁਲਿਸ ਨੂੰ ਰਿਪੋਰਟ ਮਿਲੀ ਕਿ ਵਿਸ਼ਾਲ ਬਜਾਜ ਕੰਮ 'ਤੇ ਨਹੀਂ ਪਹੁੰਚਿਆ। ਮੰਨਿਆ ਜਾ ਰਿਹਾ ਹੈ ਕਿ ਵਿਸ਼ਾਲ ਬਜਾਜ ਨੇ ਬ੍ਰਿਜ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕੀਤੀ ਹੈ।

# ਕੰਗਨਾ 'ਐਮਰਜੈਂਸੀ' ਦੇ ਦ੍ਰਿਸ਼ਾਂ 'ਤੇ ਕੱਟ ਲਾਉਣ ਲਈ ਸਹਿਮਤ

**ਮੁੰਬਈ:** ਦਿ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ ਬੰਬੇ ਹਾਈ ਕੋਰਟ ਵਿਚ ਦੱਸਿਆ ਕਿ ਫਿਲਮ ਐਮਰਜੈਂਸੀ ਦੀ ਨਿਰਮਾਤਾ ਤੇ ਅਦਾਕਾਰਾ ਕੰਗਨਾ ਰਣੌਤ ਫਿਲਮ ਦੇ ਕਈ ਦ੍ਰਿਸ਼ਾਂ 'ਤੇ ਕੱਟ ਲਾਉਣ ਲਈ ਸਹਿਮਤ ਹੋ ਗਈ ਹੈ। ਇਸ ਸਬੰਧੀ ਪਟੀਸ਼ਨ ਫਿਲਮ ਦੇ ਸਹਿ-ਨਿਰਮਾਤਾ ਜ਼ੀ ਐਂਟਰਟੇਨਮੈਂਟ ਐਂਟਰਪ੍ਰਾਈਜ਼ਿਜ਼ ਵਲੋਂ ਦਾਇਰ ਕੀਤੀ ਗਈ ਸੀ ਜੋ ਫਿਲਮ ਦਾ ਸਰਟੀਫਿਕੇਟ ਜਾਰੀ ਕਰਨ ਦੀ ਮੰਗ ਕਰ ਰਹੇ ਹਨ।



ਇਹ ਫਿਲਮ ਪਹਿਲਾਂ ਛੇ ਸਤੰਬਰ ਨੂੰ ਰਿਲੀਜ਼ ਹੋਣੀ ਸੀ ਪਰ ਸਿੱਖ ਜਥੇਬੰਦੀਆਂ ਵਲੋਂ ਇਸ ਫਿਲਮ ਦੇ ਦ੍ਰਿਸ਼ਾਂ 'ਤੇ ਇਤਰਾਜ਼ ਜਤਾਇਆ ਜਾ ਰਿਹਾ ਹੈ ਜਿਸ ਕਾਰਨ ਫਿਲਮ ਦੀ ਰਿਲੀਜ਼ ਰੁਕ ਗਈ ਸੀ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ ਸੋਮਵਾਰ ਨੂੰ ਬੰਬੇ ਹਾਈ ਕੋਰਟ ਨੂੰ ਦੱਸਿਆ ਕਿ ਅਦਾਕਾਰਾ-ਨਿਰਮਾਤਾ ਕੰਗਨਾ ਰਣੌਤ ਨੇ ਆਪਣੀ ਫਿਲਮ 'ਐਮਰਜੈਂਸੀ' ਵਿਚ ਸੀ.ਬੀ.ਐਫ.ਸੀ. ਵੱਲੋਂ ਸੁਝਾਈਆਂ ਗਈਆਂ ਕਟੌਤੀਆਂ ਲਈ ਸਹਿਮਤੀ ਦੇ ਦਿੱਤੀ ਹੈ। ਇਸ ਮਾਮਲੇ ਦੀ ਸੁਣਵਾਈ ਜਸਟਿਸ ਬੀਪੀ ਕੋਲਾਬਾਵਾਲਾ ਅਤੇ ਫਿਰਦੋਸ਼ ਪੂਨੀਵਾਲਾ ਦੇ ਬੈਂਚ ਨੇ ਕੀਤੀ।

# ਫਸਲ ਦਾ ਦਾਣਾ-ਦਾਣਾ ਖਰੀਦਾਂਗੇ: ਭਗਵੰਤ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਹਸਪਤਾਲ 'ਚੋਂ ਛੁੱਟੀ ਮਿਲਣ ਮਗਰੋਂ ਮੁੱਖ ਮੰਤਰੀ ਦਫ਼ਤਰ ਦਾ ਕੰਮਕਾਜ ਮੁੜ ਸ਼ੁਰੂ ਕਰ ਦਿੱਤਾ। ਚਾਰ ਦਿਨ ਪਹਿਲਾਂ ਮੁੱਖ ਮੰਤਰੀ ਅਚਨਚੇਤ ਸਿਹਤ ਸਮੱਸਿਆ ਆਉਣ ਕਰਕੇ ਹਸਪਤਾਲ ਭਰਤੀ ਹੋਏ ਸਨ। ਉਨ੍ਹਾਂ ਨੂੰ ਸ਼ਾਮ ਸਮੇਂ ਹਸਪਤਾਲ ਤੋਂ ਛੁੱਟੀ ਮਿਲੀ ਅਤੇ ਉਨ੍ਹਾਂ ਨੇ ਰਿਹਾਇਸ਼ 'ਤੇ ਪਹੁੰਚਦਿਆਂ ਹੀ ਸਰਕਾਰੀ ਸਮੀਖਿਆ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸੂਬੇ ਦੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਫ਼ਸਲ ਦਾ ਦਾਣਾ-ਦਾਣਾ ਚੁੱਕਿਆ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਝੋਨੇ ਦੀ ਫ਼ਸਲ ਖ਼ਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ। ਪੰਜਾਬ ਵਿਚ 185 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਦਾ ਟੀਚਾ ਹੈ ਅਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਖ਼ਰੀਦ ਲਈ 41,378 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਫ਼ਸਲ ਦੀ ਤੁਰਤ ਚੁਕਾਈ ਯਕੀਨੀ ਬਣਾਉਣ ਲਈ ਵੀ ਕਿਹਾ ਅਤੇ ਕਿਸੇ ਵੀ ਕਿਸਮ ਦੀ ਢਿੱਲ-ਮੱਠ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਮੀਨੀ ਪੱਧਰ 'ਤੇ ਸਮੁੱਚੇ ਕਾਰਜਾਂ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ 7-8 ਮੰਡੀਆਂ ਦਾ ਦੌਰਾ ਕਰਨ ਲਈ ਵੀ ਕਿਹਾ। ਮੁੱਖ ਮੰਤਰੀ ਨੇ ਚੌਲ ਮਿੱਲ ਮਾਲਕਾਂ ਨੂੰ ਰਾਹਤ ਦਿੰਦਿਆਂ ਕਿਹਾ ਕਿ ਇਸ ਖ਼ਰੀਦ ਸੀਜ਼ਨ 'ਚ ਕਸਟਮ ਮਿਲਿੰਗ ਦੀ ਅਲਾਟਮੈਂਟ ਵਾਸਤੇ ਸਭ ਤੋਂ ਪਹਿਲਾਂ ਅਪਲਾਈ ਕਰਨ ਵਾਲੇ 750 ਮਿੱਲ ਮਾਲਕਾਂ ਨੂੰ ਨੀਤੀ ਅਨੁਸਾਰ ਅਲਾਟ ਕੀਤੇ ਝੋਨੇ ਤੋਂ 25 ਫ਼ੀਸਦੀ ਵੱਧ ਝੋਨਾ ਅਲਾਟ ਕੀਤਾ ਜਾਵੇਗਾ।

# ਪਰਾਲੀ ਮਾਮਲਾ: ਸੁਪਰੀਮ ਕੋਰਟ ਵੱਲੋਂ ਹਵਾ ਗੁਣਵੱਤਾ ਕਮਿਸ਼ਨ ਨੂੰ ਝਾੜ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਸਣੇ ਕੌਮੀ ਰਾਜਧਾਨੀ ਖੇਤਰ ਨਾਲ ਲੱਗਦੇ ਗੁਆਂਢੀ ਰਾਜਾਂ ਵਿਚ ਪਰਾਲੀ ਸਾੜਨ ਕਰਕੇ ਦਿੱਲੀ 'ਚ ਹਵਾ ਪ੍ਰਦੂਸ਼ਣ ਨੂੰ ਨੱਥ ਪਾਉਣ ਵਿਚ ਨਾਕਾਮ ਰਹਿਣ ਕਾਰਨ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐਮ) ਦੀ ਝਾੜਝੰਬ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਕਮਿਸ਼ਨ ਨੂੰ ਇਸ ਮਸਲੇ ਦੇ ਹੱਲ ਲਈ ਵਧੇਰੇ ਸਰਗਰਮ ਪਹੁੰਚ ਅਪਣਾਉਣ ਦੀ ਲੋੜ ਹੈ।

ਕਮਿਸ਼ਨ ਵੱਲੋਂ ਪ੍ਰਦੂਸ਼ਣ ਕੰਟਰੋਲ ਕਰਨ ਲਈ ਚੁੱਕੇ ਕਦਮਾਂ 'ਤੇ ਨਾਰਾਜ਼ਗੀ ਜਤਾਉਂਦਿਆਂ ਜਸਟਿਸ ਅਭੈ ਐੱਸ.ਓਕਾ ਤੇ ਜਸਟਿਸ ਅਗਸਟੀਨ ਜੌਰਜ ਮਸੀਹ ਦੇ ਬੈਂਚ ਨੇ ਕਿਹਾ ਕਿ ਸੀ.ਏ.ਕਿਊ.ਐੱਮ. ਕੌਮੀ ਰਾਜਧਾਨੀ ਖੇਤਰ ਤੇ ਨਾਲ ਲੱਗਦੇ ਖੇਤਰਾਂ ਬਾਰੇ ਐਕਟ, 2021 ਤਹਿਤ ਹਵਾ ਗੁਣਵੱਤਾ ਦੇ ਪ੍ਰਬੰਧਨ ਲਈ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰੇ।

ਕੇਂਦਰ ਸਰਕਾਰ ਵੱਲੋਂ ਪੇਸ਼ ਵਧੀਕ ਸੌਲੀਸਟਰ ਜਨਰਲ ਐਸ਼ਵਰਿਆ ਭੱਟੀ ਨੇ ਕੋਰਟ ਨੂੰ ਸਰਕਾਰ ਵੱਲੋਂ ਪਰਾਲੀ ਸਾੜਨ ਤੋਂ ਰੋਕਣ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਬਾਰੇ ਦੱਸਿਆ। ਸੁਪਰੀਮ ਕੋਰਟ ਨੇ ਹਾਲਾਂਕਿ ਇਨ੍ਹਾਂ ਦਲੀਲਾਂ ਨੂੰ ਦਰਕਿਨਾਰ ਕਰਦਿਆਂ ਕਿਹਾ, 'ਸਾਰੀਆਂ ਗੱਲਾਂ-ਬਾਤਾਂ ਹਵਾ ਵਿਚ ਹਨ, ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਨਾਲ ਲੱਗਦੇ ਰਾਜਾਂ ਵਿਚ ਕੀ ਕੀਤਾ ਗਿਆ ਹੈ, ਇਸ ਬਾਰੇ ਕੁਝ ਨਹੀਂ ਦਿਖਾਇਆ ਗਿਆ ਹੈ।' ਸੁਣਵਾਈ ਦੌਰਾਨ ਵਰਚੁਅਲੀ ਮੌਜੂਦ ਸੀ.ਏ.ਕਿਊ.ਐੱਮ. ਦੇ ਦਿੱਲੀ ਦੀ ਕੌਮੀ ਰਾਜਧਾਨੀ ਟੈਰੇਟਰੀ ਦੇ ਚੇਅਰਮੈਨ ਰਾਜੇਸ਼ ਵਰਮਾ ਨੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਪਰਾਲੀ ਸਾੜਨ ਨਾਲ ਸਬੰਧਤ ਘਟਨਾਵਾਂ ਬਾਰੇ ਪੰਜਾਬ ਤੇ ਹਰਿਆਣਾ ਦੇ ਡਿਪਟੀ ਕਮਿਸ਼ਨਰਾਂ ਨਾਲ ਬੈਠਕ ਕੀਤੀ ਸੀ। ਚੇਤੇ ਰਹੇ ਕਿ ਸੁਪਰੀਮ ਕੋਰਟ ਨੇ 24 ਸਤੰਬਰ ਦੀ ਸੁਣਵਾਈ ਦੌਰਾਨ ਸੀ.ਏ.ਕਿਊ.ਐੱਮ. ਨੂੰ ਐਨ.ਸੀ.ਆਰ. ਤੇ ਨਾਲ ਲੱਗਦੇ ਇਲਾਕਿਆਂ ਵਿਚ ਪਰਾਲੀ ਸਾੜਨ ਕਰਕੇ ਹੁੰਦੇ ਪ੍ਰਦੂਸ਼ਣ ਨੂੰ ਨੱਥ ਪਾਉਣ ਲਈ ਚੁੱਕੇ ਕਦਮਾਂ ਬਾਰੇ ਵੇਰਵੇ ਦੇਣ ਲਈ ਕਿਹਾ ਸੀ।

ਸੁਪਰੀਮ ਕੋਰਟ ਦੇ ਬੈਂਚ ਨੇ ਪਰਾਲੀ ਮਾਮਲੇ ਉਤੇ ਕਿਹਾ ਕਿ ਐਨ.ਸੀ.ਆਰ. ਤੇ ਨਾਲ ਲੱਗਦੇ ਇਲਾਕੇ ਐਕਟ 2021 ਦੀ ਪਾਲਣਾ ਨਹੀਂ ਹੋਈ। ਸਾਨੂੰ ਦਿਖਾਇਆ ਜਾਵੇ ਕਿ ਇਸ ਐਕਟ ਤਹਿਤ ਕਿਸੇ ਸਬੰਧਤ ਭਾਈਵਾਲ ਨੂੰ ਇਕ ਵੀ ਹਦਾਇਤ ਜਾਰੀ ਕੀਤੀ ਗਈ ਹੋਵੇ। ਸਾਡਾ ਇਹ ਮੰਨਣਾ ਹੈ ਕਿ ਕਮਿਸ਼ਨ ਨੇ ਭਾਵੇਂ ਕਦਮ ਚੁੱਕੇ ਹਨ, ਪਰ ਇਨ੍ਹਾਂ ਨੂੰ ਵਧੇਰੇ ਸਰਗਰਮ ਬਣਾਉਣ ਦੀ ਲੋੜ ਹੈ। ਕਮਿਸ਼ਨ ਇਹ ਯਕੀਨੀ ਬਣਾਏ ਕਿ ਉਸ ਵੱਲੋਂ ਕੀਤੀਆਂ ਕੋਸ਼ਿਸ਼ਾਂ ਤੇ ਜਾਰੀ ਹਦਾਇਤਾਂ ਪ੍ਰਦੂਸ਼ਣ ਦੀ ਸਮੱਸਿਆ ਨੂੰ ਹਕੀਕੀ ਰੂਪ ਵਿਚ ਘਟਾਉਣ 'ਚ ਸਹਾਈ ਹੋਣ।

# ਫਿਲਮ 'ਐਮਰਜੈਂਸੀ' ਵਿਚ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਦੇ ਦੋਸ਼

## ਸ਼੍ਰੋਮਣੀ ਕਮੇਟੀ ਵੱਲੋਂ ਕੰਗਨਾ ਰਣੌਤ ਦੀ ਫਿਲਮ ਦੇ ਵਿਰੋਧ ਦਾ ਐਲਾਨ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਵੱਲੋਂ ਬਣਾਈ ਫਿਲਮ 'ਐਮਰਜੈਂਸੀ' ਨੂੰ ਮੂਲੋਂ ਰੱਦ ਕਰਨ ਦਾ ਮਤਾ ਪਾਸ ਕਰਦਿਆਂ ਸਰਕਾਰ ਨੂੰ ਇਸ 'ਤੇ ਪੂਰਨ ਰੋਕ ਲਗਾਉਣ ਦੀ ਮੰਗ ਕੀਤੀ ਹੈ।

ਕਮੇਟੀ ਨੇ ਕਿਹਾ ਕਿ ਇਸ ਫਿਲਮ 'ਚ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ। ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ 'ਚ ਪੰਜਾਬੀ ਕਲੋਨੀ ਸਥਿਤ 200 ਸਾਲ ਪੁਰਾਣੇ ਗੁਰੂਘਰ ਨੂੰ ਢਾਹੁਣ ਤੋਂ ਰੋਕਣ ਵਾਸਤੇ ਉਹ ਇਸ ਮਾਮਲੇ 'ਚ ਤੁਰਤ ਦਖਲ ਦੇਣ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮੀਟਿੰਗ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਦੇ ਗੁਰਿਆਈ ਦਿਵਸ ਤੇ ਭਾਈ ਦਿਆਲਾ, ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਸਮਾਗਮਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੌਮੀ ਪੱਧਰ 'ਤੇ ਮਨਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ 'ਚ ਪੰਜਾਬੀ ਕਲੋਨੀ ਸਥਿਤ 200 ਸਾਲ ਪੁਰਾਣੇ ਗੁਰੂਘਰ ਨੂੰ ਢਾਹੁਣ ਦੀ ਯੋਜਨਾ ਦਾ ਵੀ ਸਖ਼ਤ ਨੋਟਿਸ ਲਿਆ ਗਿਆ। ਇਸ ਸਬੰਧ ਵਿਚ ਸਿੱਖ ਵਫ਼ਦ ਦੇ ਰਾਜਪਾਲ ਅਤੇ ਮੁੱਖ ਸਕੱਤਰ ਨੂੰ ਮੰਗ ਪੱਤਰ ਵੀ ਦਿੱਤੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਫ਼ਿਲਮ 'ਐਮਰਜੈਂਸੀ' ਵਿਚ ਸਿੱਖਾਂ ਨੂੰ ਬਦਨਾਮ ਕਰਨ ਦੇ ਨਾਲ-ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ, ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਦੋਸ਼ ਲਾਇਆ ਕਿ ਇਹ ਫ਼ਿਲਮ ਸਿੱਖ ਵਿਰੋਧੀ ਏਜੰਡੇ ਤਹਿਤ ਨਫ਼ਰਤ ਫੈਲਾਉਣ ਦੀ ਭਾਵਨਾ ਤਹਿਤ ਬਣਾਈ ਗਈ ਹੈ ਜਿਸ ਨੂੰ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ। ਉਨ੍ਹਾਂ ਲੋਕ ਸਭਾ ਸਪੀਕਰ ਨੂੰ ਕੰਗਨਾ ਵੱਲੋਂ ਕੀਤੀ ਜਾਂਦੀ ਫ਼ਿਰਕੂ ਬਿਆਨਬਾਜ਼ੀ ਦਾ ਨੋਟਿਸ ਲੈਣ ਅਤੇ ਉਸ ਦੀ ਮੈਂਬਰਸ਼ਿਪ ਰੱਦ ਕਰਨ ਲਈ ਵੀ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਉੱਘੇ ਸਿੱਖ ਆਗੂ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ 'ਪੰਜਾਬ 95' ਫ਼ਿਲਮ ਦਾ ਮਾਮਲਾ ਵੀ ਉਠਾਇਆ ਤੇ ਸਰਕਾਰ 'ਤੇ ਪੱਖਪਾਤੀ ਰਵੱਈਆ ਅਪਨਾਉਣ ਦਾ ਦੋਸ਼ ਲਾਇਆ ਹੈ।

ਉਨ੍ਹਾਂ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਵੀ ਉਨ੍ਹਾਂ ਦੀ ਫਾਂਸੀ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਅਤੇ ਰਿਹਾਈ ਸਬੰਧੀ ਕੋਈ ਫੈਸਲਾ ਨਹੀਂ ਕੀਤਾ, ਜਿਸ ਕਾਰਨ ਹੁਣ ਭਾਈ ਰਾਜੋਆਣਾ ਵੱਲੋਂ ਇਸ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਦੁਬਾਰਾ ਪਟੀਸ਼ਨ ਪਾਈ ਗਈ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਦਿੱਲੀ 'ਚ ਅਤਿ ਆਧੁਨਿਕ ਇਮਾਰਤ ਤਿਆਰ ਕਰਕੇ ਦਿੱਲੀ ਸਿੱਖ ਮਿਸ਼ਨ ਨੂੰ ਆਜ਼ਾਦਾਨਾ ਤੌਰ 'ਤੇ ਸਰਗਰਮ ਕਰਨ ਦਾ ਫੈਸਲਾ ਕੀਤਾ ਹੈ। ਅੰਤ੍ਰਿੰਗ ਕਮੇਟੀ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਸੈਂਟਰ ਦੇ ਦੋ ਵਿਦਿਆਰਥੀਆਂ ਸਕਸ਼ਮ ਘਈ ਤੇ ਗੁਰਵੀਰ ਸਿੰਘ ਨੂੰ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਦਾ ਪੇਪਰ ਪਾਸ ਕਰਨ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਕਮੇਟੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦੇ 450 ਸਾਲਾ ਸ਼ਤਾਬਦੀ ਸਮਾਗਮਾਂ ਵਿਚ ਪੰਜਾਬ ਦੀ 'ਆਪ' ਸਰਕਾਰ ਵੱਲੋਂ ਅਪਨਾਏ ਗਏ ਨਕਾਰਾਤਮਕ ਰਵੱਈਏ ਦੀ ਆਲੋਚਨਾ ਕੀਤੀ ਹੈ।

### ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਬਾਰੇ ਮਤਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਪੁੜੈਨ ਨੇ ਮੀਟਿੰਗ ਦੌਰਾਨ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਦਾ ਮਾਮਲਾ ਉਭਾਰਿਆ ਹੈ। ਉਨ੍ਹਾਂ ਇਹ ਮਾਮਲਾ ਫੁਟਕਲ ਮਤੇ ਦੇ ਰੂਪ ਵਿਚ ਪੇਸ਼ ਕੀਤਾ ਪਰ ਪ੍ਰਧਾਨ ਵੱਲੋਂ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ। ਉਨ੍ਹਾਂ ਮਤੇ ਦੇ ਰੂਪ ਵਿਚ ਸੁਝਾਅ ਰੱਖਿਆ ਕਿ ਜਥੇਦਾਰਾਂ ਦੀ ਨਿਯੁਕਤੀ ਪੁਰਾਤਨ ਰਹੁ-ਰੀਤਾਂ ਅਨੁਸਾਰ ਹੋਣੀ ਚਾਹੀਦੀ ਹੈ। ਜਥੇਦਾਰ ਨੂੰ ਅਹੁਦੇ ਤੋਂ ਹਟਾਉਣ ਦਾ ਫ਼ੈਸਲਾ ਅੰਤਰਿੰਗ ਕਮੇਟੀ ਦੀ ਥਾਂ ਜਨਰਲ ਹਾਊਸ ਵਿਚ ਦੋ-ਤਿਹਾਈ ਬਹੁਮਤ ਨਾਲ ਕੀਤਾ ਜਾਵੇ। ਤਖ਼ਤਾਂ ਦੇ ਜਥੇਦਾਰਾਂ ਦਾ ਵੱਖਰਾ ਬਜਟ ਹੋਵੇ ਤੇ ਜਥੇਦਾਰਾਂ ਦੀ ਮਰਜ਼ੀ ਨਾਲ ਉਸ ਨੂੰ ਖਰਚ ਕੀਤਾ ਜਾਵੇ। ਜਥੇਦਾਰ 70 ਸਾਲ ਦੀ ਉਮਰ ਤੱਕ ਸੇਵਾ ਨਿਭਾ ਸਕਣ।

## ਗੁਰੂ ਗੋਬਿੰਦ ਸਿੰਘ ਬਾਰੇ ਟਿੱਪਣੀ ਕਰਨ ਵਾਲੇ ਖ਼ਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਕਮਾਲੀ ਦੇ ਵਿਅਕਤੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਭੱਦੀ ਸ਼ਬਦਾਵਲੀ ਬੋਲਣ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਕੋਲੋਂ ਮੁਲਜ਼ਮ ਖ਼ਿਲਾਫ਼ ਕਾਰਵਾਈ ਮੰਗੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਅੰਦਰ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬਾਨ ਪ੍ਰਤੀ ਨਿਰਾਦਰ ਦੀਆਂ ਘਟਨਾਵਾਂ ਅਕਸਰ ਹੀ ਵਾਪਰ ਰਹੀਆਂ ਹਨ। ਇਸ ਲਈ ਸਰਕਾਰ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਜਿਹੇ ਸ਼ਰਾਰਤੀ ਅਨਸਰਾਂ ਦੇ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਵੀ ਨਸ਼ਰ ਕਰੇ।

## ਸੁਪਰੀਮ ਕੋਰਟ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਦੀ ਦਿੱਲੀ ਦੀ ਤਿਹਾੜ ਜੇਲ੍ਹ ਵਿਚੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕਰਦੀ ਪਟੀਸ਼ਨ ਉਤੇ ਕੇਂਦਰ ਤੇ ਹੋਰਨਾਂ ਤੋਂ ਜਵਾਬ ਮੰਗ ਲਿਆ ਹੈ।

ਜਸਟਿਸ ਬੀਆਰ ਗਵਈ ਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਹਵਾਰਾ ਦੀ ਪਟੀਸ਼ਨ ਉਤੇ ਕੇਂਦਰ ਅਤੇ ਦਿੱਲੀ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਹਵਾਰਾ, 31 ਅਗਸਤ 1995 ਨੂੰ ਚੰਡੀਗੜ੍ਹ ਵਿਚ ਸਿਵਲ ਸਕੱਤਰੇਤ ਦੇ ਮੁੱਖ ਦਾਖ਼ਲਾ ਗੇਟ ਉਤੇ ਹੋਏ ਧਮਾਕੇ ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰਨਾਂ ਦੀ ਹੱਤਿਆ ਦੇ ਦੋਸ਼ ਵਿਚ ਬਾਕੀ ਰਹਿੰਦੀ ਜ਼ਿੰਦਗੀ ਤੱਕ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 22 ਜਨਵਰੀ 2004 ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ 'ਚੋਂ ਸੁਰੰਗ ਪੁੱਟ ਕੇ ਭੱਜਣ (ਹਾਲਾਂਕਿ ਮਗਰੋਂ ਹਵਾਰਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ) ਦੀ ਘਟਨਾ ਨੂੰ ਛੱਡ ਦੇਈਏ ਤਾਂ ਜੇਲ੍ਹ ਵਿਚ ਹਵਾਰਾ ਦਾ ਰਵੱਈਆ ਠੀਕ ਰਿਹਾ ਹੈ। ਬੈਂਚ ਨੇ ਹਵਾਰਾ ਵੱਲੋਂ ਪੇਸ਼ ਸੀਨੀਅਰ ਵਕੀਲ ਕੋਲਿਨ ਗੌਂਸਾਲਵੇਸ ਨੂੰ ਸਵਾਲ ਕੀਤਾ, 'ਤੁਸੀਂ (ਹਵਾਰਾ) ਸੁਰੰਗ ਪੁੱਟਣ ਵਿਚ ਸਫ਼ਲ ਕਿਵੇਂ ਰਹੇ।' ਇਸ 'ਤੇ ਗੌਂਸਾਲਵੇਸ ਨੇ ਕਿਹਾ, 'ਅੱਜ ਉਸ ਘਟਨਾ



(ਧਮਾਕੇ) ਨੂੰ 30 ਸਾਲ ਹੋ ਗਏ ਹਨ ਤੇ ਜੇਲ੍ਹ ਤੋੜ ਕੇ ਭੱਜਣ ਦੀ ਘਟਨਾ ਨੂੰ 20 ਸਾਲ।' ਬੈਂਚ ਨੇ ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਦੇ ਹੋਏ, ਕੇਸ ਦੀ ਅਗਲੀ ਸੁਣਵਾਈ 4 ਹਫ਼ਤਿਆਂ ਬਾਅਦ ਨਿਰਧਾਰਿਤ ਕਰ ਦਿੱਤੀ।

ਵਕੀਲ ਸੱਤਿਆ ਮਿੱਤਰਾ ਰਾਹੀਂ ਦਾਇਰ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਹਵਾਰਾ ਖ਼ਿਲਾਫ਼ ਕੋਈ ਵੀ ਬਕਾਇਆ ਕੇਸ ਨਹੀਂ ਹੈ, ਜੋ ਕੌਮੀ ਰਾਜਧਾਨੀ ਵਿਚ ਦਰਜ ਹੋਵੇ, ਲਿਹਾਜ਼ਾ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੇ ਕਿਸੇ ਵੀ ਜੇਲ੍ਹ 'ਚ ਤਬਦੀਲ ਕੀਤਾ ਜਾਵੇ।

## ਸੁਪਰੀਮ ਕੋਰਟ ਰਾਜੋਆਣਾ ਦੀ ਸਜ਼ਾ-ਏ-ਮੌਤ ਬਾਰੇ ਪਟੀਸ਼ਨ 'ਤੇ ਗ਼ੌਰ ਕਰਨ ਲਈ ਰਾਜ਼ੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਗਏ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ-ਏ-ਮੌਤ ਨੂੰ ਘਟਾ ਕੇ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਪਟੀਸ਼ਨ ਉੱਤੇ ਮੁੜ-ਗ਼ੌਰ ਕਰਨ ਲਈ ਹਾਮੀ ਭਰੀ ਹੈ। ਸੁਪਰੀਮ ਕੋਰਟ ਨੇ ਹਾਲਾਂਕਿ 16 ਮਹੀਨੇ ਪਹਿਲਾਂ ਅਜਿਹੀ ਪਟੀਸ਼ਨ ਖ਼ਾਰਜ ਕਰ ਦਿੱਤੀ ਸੀ।



ਸੁਪਰੀਮ ਕੋਰਟ ਦੇ ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਬੈਂਚ ਨੇ ਰਾਜੋਆਣਾ ਵੱਲੋਂ ਇਸ ਸਬੰਧੀ ਦਾਇਰ ਪਟੀਸ਼ਨ ਉਤੇ ਨੋਟਿਸ ਜਾਰੀ ਕਰ ਕੇ ਕੇਂਦਰ ਤੇ ਪੰਜਾਬ ਸਰਕਾਰਾਂ ਤੋਂ ਜਵਾਬ ਤਲਬ ਕੀਤਾ ਹੈ। ਪਟੀਸ਼ਨ ਇਸ ਅਧਾਰ ਉੱਤੇ ਪਾਈ ਗਈ ਹੈ ਕਿ ਕੇਂਦਰ ਸਰਕਾਰ ਰਾਜੋਆਣਾ ਵੱਲੋਂ 25 ਮਾਰਚ, 2012 ਨੂੰ ਪਾਈ ਰਹਿਮ ਦੀ ਅਪੀਲ ਉੱਤੇ ਹੁਣ ਤੱਕ ਫ਼ੈਸਲਾ ਲੈਣ ਵਿਚ ਨਾਕਾਮ ਰਹੀ ਹੈ। ਗ਼ੌਰਤਲਬ ਹੈ ਕਿ 1995 ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਰਾਜੋਆਣਾ ਬੀਤੇ 28 ਸਾਲਾਂ ਤੋਂ ਜੇਲ੍ਹ ਵਿਚ ਬੰਦ ਸਜ਼ਾ ਦੀ ਉਡੀਕ ਕਰ ਰਿਹਾ ਹੈ।

ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਦੇ ਮੁੱਖ ਦਰਵਾਜ਼ੇ ਦੇ ਸਾਹਮਣੇ 31 ਅਗਸਤ, 1995 ਨੂੰ ਕੀਤੇ ਗਏ ਖ਼ੁਦਕਸ਼ ਬੰਬ ਧਮਾਕੇ ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰਨਾਂ ਦੀ ਜਾਨ ਜਾਂਦੀ ਰਹੀ ਸੀ। ਇਸ ਮਾਮਲੇ ਵਿਚ ਵਿਸ਼ੇਸ਼ ਅਦਾਲਤ ਨੇ ਰਾਜੋਆਣਾ ਨੂੰ 2007 ਵਿਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਸੀ। ਰਾਜੋਆਣਾ ਵੱਲੋਂ ਦਾਇਰ ਰਹਿਮ ਦੀ ਅਪੀਲ ਬੀਤੇ 12 ਸਾਲਾਂ ਤੋਂ ਵੱਧ ਅਰਸੇ ਤੋਂ ਲਟਕ ਰਹੀ ਹੈ। ਸੁਪਰੀਮ ਕੋਰਟ ਨੇ 3 ਮਈ, 2023 ਨੂੰ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਅਪੀਲ ਖ਼ਾਰਜ ਕਰ ਦਿੱਤੀ ਸੀ।

## ਸ਼੍ਰੋਮਣੀ ਕਮੇਟੀ ਵੱਲੋਂ ਹਾਕੀ ਖਿਡਾਰੀ ਜਰਮਨਪ੍ਰੀਤ ਸਿੰਘ ਦਾ ਸਨਮਾਨ

**ਅੰਮ੍ਰਿਤਸਰ:** ਪੈਰਿਸ ਓਲੰਪਿਕ ਵਿਚ ਕਾਂਸੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿਰੋਪਾਓ, ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ




5 ਲੱਖ ਰੁਪਏ ਦਾ ਚੈੱਕ ਦੇ ਕੇ ਉਸ ਨੂੰ ਸਨਮਾਨਿਤ ਕੀਤਾ।

ਇਸ ਦੇ ਨਾਲ ਹੀ ਹਰਿਆਣਾ ਨਾਲ ਸਬੰਧਤ ਦੌੜਾਕ ਅਮਰਪ੍ਰੀਤ ਸਿੰਘ ਨੂੰ ਵੀ 1 ਲੱਖ ਰੁਪਏ ਦੀ ਸਨਮਾਨ ਰਾਸ਼ੀ ਦਿੱਤੀ ਗਈ। ਇਹ ਨੌਜਵਾਨ ਅੰਬਾਲਾ ਤੋਂ ਦੌੜਦਿਆਂ ਹੋਇਆ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜੇਕਰ ਕੋਈ ਸਿੱਖ ਖਿਡਾਰੀ ਖੇਡਾਂ ਦੇ ਖੇਤਰ ਵਿਚ ਵੱਡੀ ਪ੍ਰਾਪਤੀ ਕਰਦਾ ਹੈ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਉਸ ਦਾ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਹੈ।

## ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਮੇਘਾਲਿਆ ਦੇ ਰਾਜਪਾਲ ਨਾਲ ਮੁਲਾਕਾਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਮੇਘਾਲਿਆ ਦੇ ਰਾਜਪਾਲ ਸੀ.ਐਚ. ਵਿਜਯਸ਼ੰਕਰ ਨਾਲ ਮੁਲਾਕਾਤ ਕਰਕੇ ਸ਼ਿਲਾਂਗ ਦੀ ਪੰਜਾਬੀ ਕਲੋਨੀ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦਾ ਮਾਮਲਾ ਤੁਰਤ ਹੱਲ ਕਰਵਾਉਣ ਲਈ ਦਖ਼ਲ ਦੀ ਮੰਗ ਕੀਤੀ ਹੈ। ਇਸ ਵਫ਼ਦ ਨੇ ਮੇਘਾਲਿਆ ਸਰਕਾਰ ਦੇ ਮੁੱਖ ਸਕੱਤਰ ਡੋਨਾਲਡ ਫਿਲਿਪਸ ਵਾਹਲੈਂਗ ਨਾਲ ਮੁਲਾਕਾਤ ਕਰਕੇ ਸ਼ਿਲਾਂਗ ਦੇ ਸਿੱਖਾਂ ਦੇ ਮਸਲੇ ਹੱਲ ਕਰਨ ਦੇ ਨਾਲ-ਨਾਲ ਗੁਰਦੁਆਰਾ ਸਾਹਿਬ ਨੂੰ ਢਾਹੁਣ ਦੀ ਕਾਰਵਾਈ ਤੁਰਤ ਰੋਕਣ ਲਈ ਮੰਗ ਪੱਤਰ ਸੌਂਪਿਆ ਸੀ।




ਸ਼੍ਰੋਮਣੀ ਕਮੇਟੀ ਦੇ ਵਫ਼ਦ ਦੀ ਅਗਵਾਈ ਕਰ ਰਹੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਵਫ਼ਦ ਨੇ ਮੇਘਾਲਿਆ ਦੇ ਰਾਜਪਾਲ ਨੂੰ ਸ਼ਿਲਾਂਗ 'ਚ ਗੁਰੂ ਘਰ ਨੂੰ ਢਾਹੁਣ ਦੀ ਕਾਰਵਾਈ ਤੁਰਤ ਰੋਕਣ ਲਈ ਸਰਕਾਰ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਸ਼ਿਲਾਂਗ ਦੀ ਪੰਜਾਬੀ ਕਲੋਨੀ 'ਚ ਗੁਰਦੁਆਰਾ ਸਾਹਿਬ ਢਾਹੁਣ ਦੇ ਨਿਰਦੇਸ਼ ਜਾਰੀ ਹੋਣ 'ਤੇ ਸਥਾਨਕ ਸਿੱਖਾਂ ਅੰਦਰ ਰੋਸ ਹੈ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਮੇਘਾਲਿਆ ਸਰਕਾਰ ਨੂੰ ਹਦਾਇਤ ਜਾਰੀ ਕਰਕੇ ਸਥਾਨਕ ਸਿੱਖਾਂ ਦੇ ਹੱਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਰਾਜਪਾਲ ਨਾਲ ਮੁਲਾਕਾਤ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਤੋਂ ਇਲਾਵਾ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ਼ਿਲਾਂਗ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਪ੍ਰਧਾਨ ਗੁਰਜੀਤ ਸਿੰਘ, ਸ਼ਿਲਾਂਗ ਸਿੱਖਸ ਸੰਸਥਾ ਦੇ ਕਨਵੀਨਰ ਪ੍ਰੋਫ਼ੈਸਰ ਜਗਮੋਹਨ ਸਿੰਘ ਸ਼ਾਮਲ ਸਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਅਮਰੀਕਾ ਫੇਰੀ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀ ਦਰਸ਼ਨ ਧਾਲੀਵਾਲ ਨਾਲ ਮੁਲਾਕਾਤ



**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਫੇਰੀ ਮੌਕੇ ਨਿਊ ਯਾਰਕ ਵਿਚ ਵਿਸਕੌਨਸਿਨ ਤੋਂ ਉਘੇ ਸਿੱਖ ਆਗੂ ਦਰਸ਼ਨ ਸਿੰਘ ਧਾਲੀਵਾਲ ਨੇ ਵੀ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦੱਸਿਆ, "ਸਾਡੀ ਉਨ੍ਹਾਂ ਨਾਲ ਬਹੁਤ ਵਧੀਆ ਗੱਲਬਾਤ ਹੋਈ। ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ। ਮੈਨੂੰ ਨਹੀਂ ਲੱਗਦਾ ਕਿ ਭਾਰਤ ਦੇ ਇਤਿਹਾਸ ਵਿਚ ਕਿਸੇ ਹੋਰ ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਇੰਨਾ ਕੁਝ ਕੀਤਾ ਹੋਵੇਗਾ ਜਿੰਨਾ ਸ੍ਰੀ ਮੋਦੀ ਕਰ ਰਹੇ ਹਨ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ, ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ ਮਨਾਏ, ਸਿੱਖਾਂ ਜੋ ਭਾਰਤ ਨਹੀਂ ਜਾ ਸਕਦੇ ਸਨ, ਦੀ ਕਾਲੀ ਸੂਚੀ ਖਤਮ ਕੀਤੀ, ਕਾਂਗਰਸ ਸਰਕਾਰ ਵੇਲੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਯਕੀਨੀ ਬਣਾਇਆ।"

ਇਸ ਦੌਰਾਨ ਸ੍ਰੀ ਮੋਦੀ ਨੇ ਸਿੱਖਾਂ ਦੇ ਵਫ਼ਦ ਨਾਲ ਮੁਲਾਕਾਤ ਕੀਤੀ। 'ਸਿੱਖਸ ਆਫ਼ ਅਮਰੀਕਾ' ਜਥੇਬੰਦੀ ਦੇ ਜਸਦੀਪ ਸਿੰਘ ਜੱਸੀ ਨੇ ਸ੍ਰੀ ਮੋਦੀ ਨਾਲ ਮੁਲਾਕਾਤ ਮਗਰੋਂ ਕਿਹਾ, "ਅਸੀਂ ਬਹੁਤ ਖੁਸ਼ ਹਾਂ ਤੇ ਬੈਠਕ ਉਪਰੰਤ ਸਾਨੂੰ ਸਕਾਰਾਮਤਕ ਅਹਿਸਾਸ ਹੋਇਆ ਹੈ। ਜਿਵੇਂ ਹੀ ਪ੍ਰਧਾਨ ਮੰਤਰੀ ਤੁਰ ਕੇ ਕਮਰੇ ਵਿਚ ਆਏ, ਅਸੀਂ ਸਿੱਖਾਂ ਦੇ ਰਵਾਇਤੀ ਜੈਕਾਰੇ 'ਜੋ ਬੋਲੇ ਸੋ ਨਿਹਾਲ' ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ ਸਤਿ ਸ੍ਰੀ ਅਕਾਲ ਨਾਲ ਇਸ ਦਾ ਜਵਾਬ ਦਿੱਤਾ। ਅਸੀਂ ਸਿੱਖਾਂ ਲਈ ਕੀਤੇ ਕੰਮਾਂ ਵਾਸਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਅਸੀਂ ਜਲਦੀ ਹੀ ਇਕ ਹੋਰ ਵਫ਼ਦ ਲੈ ਕੇ ਭਾਰਤ ਜਾਵਾਂਗੇ ਤੇ ਉਨ੍ਹਾਂ ਨਾਲ ਹੋਰ ਕਈ ਮੁੱਦੇ ਵਿਚਾਰਾਂਗੇ।" ਇਸ ਤੋਂ ਇਲਾਵਾ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਅਮਰੀਕਾ ਦੇ ਸਫਲ ਦੌਰੇ ਲਈ ਵਧਾਈ ਦਿੰਦੇ ਹੋਏ ਕਿਹਾ, "ਅਸੀਂ ਸਿੱਖ ਭਾਈਚਾਰੇ ਲਈ ਕੀਤੇ ਗਏ ਕੰਮਾਂ ਲਈ ਅੱਜ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਅਤੇ ਅਸੀਂ ਜਲਦੀ ਹੀ ਉਨ੍ਹਾਂ ਦੇ ਨਾਲ ਮੁਲਾਕਾਤ ਦੇ ਲਈ ਇਕ ਹੋਰ ਵਫ਼ਦ ਨੂੰ ਭਾਰਤ ਲੈ ਕੇ ਜਾ ਰਹੇ ਹਨ।"

## ਕਤਲੇਆਮ 84: ਟਾਈਟਲਰ ਵੱਲੋਂ ਹਾਈ ਕੋਰਟ ਕੋਲ ਪਹੁੰਚ

**ਨਵੀਂ ਦਿੱਲੀ:** ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੇ 1984 ਦੇ ਸਿੱਖ ਕਤਲੇਆਮ 'ਚ ਹੇਠਲੀ ਅਦਾਲਤ ਵੱਲੋਂ ਉਸ ਖ਼ਿਲਾਫ਼ ਦੋਸ਼ ਆਇਦ ਕੀਤੇ ਜਾਣ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਹੇਠਲੀ ਅਦਾਲਤ 'ਚ ਪੇਸ਼ ਹੋਏ ਟਾਈਟਲਰ ਨੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ਟਾਈਟਲਰ ਨੇ ਵਕੀਲ ਵੈਭਵ ਤੋਮਰ ਰਾਹੀਂ ਅਰਜ਼ੀ ਦਾਖ਼ਲ ਕਰਦਿਆਂ ਕਿਹਾ ਹੈ ਕਿ ਦੋਸ਼ ਗਲਤ ਢੰਗ, ਗ਼ੈਰਕਾਨੂੰਨੀ ਤਰੀਕੇ ਤੇ ਦਿਮਾਗ ਵਰਤੇ ਬਿਨਾਂ ਲਾਏ ਗਏ ਹਨ।

ਅਰਜ਼ੀ 'ਚ ਕਿਹਾ ਗਿਆ ਹੈ ਕਿ ਆਇਦ ਕੀਤੇ ਗਏ ਦੋਸ਼ਾਂ ਦਾ ਕੋਈ ਭਰੋਸੇਯੋਗ ਸਬੂਤ ਨਹੀਂ ਹੈ। ਅਰਜ਼ੀ 'ਚ ਟਾਈਟਲਰ ਦੀ ਖ਼ਰਾਬ ਸਿਹਤ ਦਾ ਹਵਾਲਾ ਵੀ ਦਿੱਤਾ ਗਿਆ ਹੈ। ਟਾਈਟਲਰ 'ਤੇ ਪੁਲ ਬੰਗਸ਼ ਗੁਰਦੁਆਰੇ 'ਚ ਪਹਿਲੀ ਨਵੰਬਰ, 1984 ਨੂੰ ਭੀੜ ਨੂੰ ਭੜਕਾਉਣ, ਗੁਰਦੁਆਰੇ ਨੂੰ ਅੱਗ ਲਾਉਣ ਤੇ ਤਿੰਨ ਸਿੱਖਾਂ ਨੂੰ ਮਾਰਨ ਦਾ ਦੋਸ਼ ਸੀ।

## ਪਰਾਲੀ ਸਾੜਨ 'ਤੇ ਰੋਕ ਲਗਾਉਣ ਲਈ ਫਲਾਇੰਗ ਸਕੁਐਡ ਤਾਇਨਾਤ

**ਨਵੀਂ ਦਿੱਲੀ:** ਕੇਂਦਰ ਦੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਸੀ.ਏ.ਕਿਊ.ਐਮ.) ਨੇ ਦੱਸਿਆ ਕਿ ਉਨ੍ਹਾਂ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਤੋਂ ਰੋਕਣ ਲਈ ਪੰਜਾਬ ਦੇ 16 ਜ਼ਿਲ੍ਹਿਆਂ ਅਤੇ ਹਰਿਆਣਾ ਦੇ 10 ਜ਼ਿਲ੍ਹਿਆਂ ਵਿਚ ਫਲਾਇੰਗ ਸਕੁਐਡ ਤਾਇਨਾਤ ਕੀਤੇ ਹਨ। ਕੇਂਦਰ ਦੇ ਅਧਿਕਾਰੀ ਨੇ ਕਿਹਾ ਕਿ ਇਸ ਦੌਰਾਨ ਸੂਬਿਆਂ ਤੇ ਕੇਂਦਰ ਦਰਮਿਆਨ ਤਾਲਮੇਲ ਵਧਾਉਣ ਲਈ ਮੁਹਾਲੀ ਤੇ ਚੰਡੀਗੜ੍ਹ ਵਿਚ ਝੋਨੇ ਦਾ ਪਰਾਲੀ ਪ੍ਰਬੰਧਨ ਸੈੱਲ ਜਲਦੀ ਹੀ ਸਥਾਪਿਤ ਕੀਤਾ ਜਾਵੇਗਾ। ਇਹ ਫੈਸਲਾ ਉਦੋਂ ਕੀਤਾ ਗਿਆ ਹੈ ਜਦੋਂ ਸੁਪਰੀਮ ਕੋਰਟ ਨੇ ਪ੍ਰਦੂਸ਼ਣ ਨੂੰ ਰੋਕਣ ਲਈ ਸੀ.ਏ.ਕਿਊ.ਐਮ. ਦੀ ਕਾਰਵਾਈ 'ਤੇ ਸਵਾਲ ਉਠਾਏ ਹਨ। ਸੀ.ਏ.ਕਿਊ.ਐਮ. ਦੇ ਅਧਿਕਾਰੀ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੇ 2024 ਦੇ ਸਾਉਣੀ ਸੀਜ਼ਨ ਦੌਰਾਨ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਵੱਡੇ ਪੱਧਰ 'ਤੇ ਯੋਜਨਾਵਾਂ ਤਿਆਰ ਕੀਤੀਆਂ ਹਨ। ਇਸ ਤੋਂ ਇਲਾਵਾ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਉੱਡਣ ਦਸਤੇ ਅਗਲੇ ਦੋ ਮਹੀਨਿਆਂ ਲਈ ਦੋਵਾਂ ਰਾਜਾਂ ਵਿਚ ਤਾਇਨਾਤ ਕੀਤੇ ਗਏ ਹਨ। ਇਹ ਦਸਤੇ ਸੂਬਾ ਸਰਕਾਰ ਨਾਲ ਤਾਲਮੇਲ ਕਰਨਗੇ। ਪੰਜਾਬ ਦੇ ਜਿਨ੍ਹਾਂ 16 ਜ਼ਿਲ੍ਹਿਆਂ ਵਿਚ ਫਲਾਇੰਗ ਸਕੁਐਡ ਤਾਇਨਾਤ ਕੀਤੇ ਗਏ ਹਨ, ਉਨ੍ਹਾਂ ਵਿਚ ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮਾਨਸਾ, ਮੋਗਾ, ਮੁਕਤਸਰ, ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ ਸ਼ਾਮਲ ਹਨ।

## ਸੁਧਾਰ ਲਹਿਰ ਦੇ ਆਗੂਆਂ ਉਤੇ ਭਾਜਪਾ ਲਈ ਪ੍ਰਚਾਰ ਕਰਨ ਦੇ ਦੋਸ਼

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਨੇ ਸੁਧਾਰ ਲਹਿਰ ਦੇ ਆਗੂਆਂ ਵੱਲੋਂ ਜੰਮੂ-ਕਸ਼ਮੀਰ ਤੇ ਹਰਿਆਣਾ ਚੋਣਾਂ ਦੌਰਾਨ ਭਾਜਪਾ ਲਈ ਚੋਣ ਪ੍ਰਚਾਰ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਕਾਰਵਾਈ ਨਾਲ ਸੁਧਾਰ ਲਹਿਰ ਆਗੂਆਂ ਦਾ ਅਸਲੀ ਚਿਹਰਾ ਨੰਗਾ ਹੋ ਗਿਆ ਹੈ। ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸੁਧਾਰ ਲਹਿਰ ਦੇ ਮੋਢੀ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਗਗਨਜੀਤ ਸਿੰਘ ਬਰਨਾਲਾ ਨੇ ਜੰਮੂ ਵਿਚ ਭਾਜਪਾ ਲਈ ਚੋਣ ਪ੍ਰਚਾਰ ਕਰ ਕੇ ਸਾਬਤ ਕਰ ਦਿੱਤਾ ਹੈ ਕਿ ਸੁਧਾਰ ਲਹਿਰ ਨਾਗਪੁਰ ਤੋਂ ਹਦਾਇਤਾਂ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਚੰਦੂਮਾਜਰਾ ਨੇ ਨਾ ਸਿਰਫ਼ ਭਾਜਪਾ ਉਮੀਦਵਾਰ ਲਈ ਵੋਟਾਂ ਮੰਗੀਆਂ ਬਲਕਿ ਵੋਟਰਾਂ ਨਾਲ ਇਹ ਵੀ ਵਾਅਦਾ ਕੀਤਾ ਕਿ ਜੇ ਭਾਜਪਾ ਉਮੀਦਵਾਰ ਚੋਣ ਜਿੱਤ ਜਾਂਦਾ ਹੈ ਤਾਂ ਉਹ ਭਾਜਪਾ ਹਾਈ ਕਮਾਂਡ ਨਾਲ ਗੱਲਬਾਤ ਕਰ ਕੇ ਉਸ ਨੂੰ ਮੰਤਰੀ ਬਣਵਾਉਣਗੇ। ਇਸ ਤੋਂ ਸਾਬਤ ਹੁੰਦਾ ਹੈ ਕਿ ਸੁਧਾਰ ਲਹਿਰ ਹੋਰ ਕੁਝ ਨਹੀਂ ਬਲਕਿ ਆਰ.ਐਸ.ਐਸ. ਅਤੇ ਭਾਜਪਾ ਵੱਲੋਂ ਤਿਆਰ ਕੀਤਾ ਇਕ ਸਮੂਹ ਹੈ ਜੋ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਖੜ੍ਹਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਤੇ ਭਾਜਪਾ ਸਿੱਖ ਸੰਸਥਾਵਾਂ ਤੇ ਸੰਗਠਨਾਂ ਨੂੰ ਤਬਾਹ ਕਰਨਾ ਚਾਹੁੰਦੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਦੇ ਇਹ ਮਨਸੂਬੇ ਹਰਗਿਜ਼ ਸਫਲ ਨਹੀਂ ਹੋਣ ਦੇਵੇਗਾ।

ਅਕਾਲੀ ਆਗੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਯੂਸ਼ਮਾਨ ਭਾਰਤ ਸਕੀਮ ਤਹਿਤ ਕੇਂਦਰੀ ਫੰਡਾਂ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਲੁਧਿਆਣਾ ਦੇ ਜਨਰਲ ਇਜਲਾਸ ਦੀ ਮਿਆਦ ਖ਼ਤਮ ਹੋਏ ਨੂੰ ਡੇਢ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ ਪਰ ਸਰਕਾਰ ਲੋਕਾਂ ਨੂੰ ਸਥਾਨਕ ਸਰਕਾਰ ਸੰਸਥਾਵਾਂ ਚਲਾਉਣ ਲਈ ਆਪਣੇ ਪ੍ਰਤੀਨਿਧ ਚੁਣਨ ਵਾਸਤੇ ਚੋਣਾਂ ਕਰਵਾਉਣ ਵਿਚ ਨਾਕਾਮ ਰਹੀ ਹੈ।

## ਸਰਪੰਚੀ ਲਈ ਬੋਲੀ ਨੇ ਲੋਕਤੰਤਰ ਹਰਾਇਆ

*(ਪਹਿਲੇ ਸਫੇ ਦੀ ਬਾਕੀ)*

ਸਿਆਸੀ ਕੱਦ ਮਾਪੇਗੀ। ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਮੁੜ ਸੁਰਜੀਤੀ ਹੀ ਪੰਚਾਇਤ ਚੋਣਾਂ 'ਚੋਂ ਦੇਖ ਰਿਹਾ ਹੈ। ਕਾਂਗਰਸ ਵੀ ਪੰਚਾਇਤਾਂ 'ਤੇ ਆਪਣੀ ਪੁਰਾਣੀ ਪੈਠ ਰੱਖਣ ਵਾਸਤੇ ਤਾਣ ਲਾਵੇਗੀ। ਪੰਜਾਬ ਵਿਚ ਪੰਚਾਇਤ ਚੋਣਾਂ 15 ਅਕਤੂਬਰ ਨੂੰ ਹੋਣਗੀਆਂ ਅਤੇ ਸਮੁੱਚੇ ਪੰਜਾਬ ਵਿਚ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਵੋਟਾਂ ਦੀ ਗਿਣਤੀ ਪੰਚਾਇਤ ਚੋਣਾਂ ਵਾਲੇ ਦਿਨ ਹੀ ਸ਼ਾਮ ਨੂੰ ਹੋਵੇਗੀ। ਪੰਚਾਇਤ ਚੋਣਾਂ ਲਈ ਵੋਟਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾਂ ਪਾ ਸਕਣਗੇ। ਪਹਿਲੀ ਵਾਰ ਝੋਨੇ ਦੇ ਖ਼ਰੀਦ ਸੀਜ਼ਨ ਦੌਰਾਨ ਪੰਚਾਇਤ ਚੋਣਾਂ ਹੋ ਰਹੀਆਂ ਹਨ। ਚੋਣ ਜ਼ਾਬਤਾ ਅਮਲ 'ਚ ਆਉਣ ਨਾਲ ਪੇਂਡੂ ਵਿਕਾਸ ਦੇ ਨਵੇਂ ਕੰਮ ਠੱਪ ਹੋ ਗਏ ਹਨ। ਸੂਬੇ ਦੀਆਂ 13237 ਗਰਾਮ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਲਈ ਵੋਟਾਂ ਪੈਣਗੀਆਂ ਅਤੇ ਵੋਟਾਂ ਲਈ 19110 ਪੋਲਿੰਗ ਬੂਥ ਬਣਾਏ ਜਾਣਗੇ। ਇਨ੍ਹਾਂ ਚੋਣਾਂ 'ਚ 13237 ਸਰਪੰਚ ਅਤੇ 83437 ਪੰਚ ਚੁਣੇ ਜਾਣੇ ਹਨ।

## ਅਮਰੀਕਾ ਵੱਲੋਂ ਭਾਰਤੀਆਂ ਨੂੰ ਢਾਈ ਲੱਖ ਵੀਜ਼ੇ ਦੇਣ ਦੀ ਤਿਆਰੀ

**ਨਵੀਂ ਦਿੱਲੀ:** ਅਮਰੀਕੀ ਮਿਸ਼ਨ ਨੇ ਢਾਈ ਲੱਖ ਭਾਰਤੀਆਂ ਨੂੰ ਵੀਜ਼ੇ ਦੇਣ ਦੀ ਤਿਆਰੀ ਕੀਤੀ ਹੈ। ਅਮਰੀਕਾ ਵੱਲੋਂ ਸੈਲਾਨੀਆਂ, ਹੁਨਰਮੰਦ ਕਾਮਿਆਂ ਅਤੇ ਵਿਦਿਆਰਥੀਆਂ ਨੂੰ ਇਹ ਵਾਧੂ ਵੀਜ਼ੇ ਦਿੱਤੇ ਜਾਣਗੇ। ਅਮਰੀਕੀ ਸਫ਼ਾਰਤਖਾਨੇ ਨੇ ਇਥੇ ਇਕ ਬਿਆਨ 'ਚ ਕਿਹਾ ਕਿ ਇਸ ਨਾਲ ਭਾਰਤ-ਯੂਐੱਸ ਸਬੰਧਾਂ 'ਚ ਹੋਰ ਸੁਧਾਰ ਆਵੇਗਾ। 'ਐਕਸ' ਉਤੇ ਸਾਂਝੀ ਕੀਤੀ ਗਈ ਪੋਸਟ 'ਚ ਕਿਹਾ ਗਿਆ ਹੈ ਕਿ ਪਹਿਲੀ ਵਾਰ ਵਿਦਿਆਰਥੀ ਵੀਜ਼ੇ ਦੇ ਚਾਹਵਾਨਾਂ ਨੂੰ ਭਾਰਤ 'ਚ ਪੰਜ ਅਮਰੀਕੀ ਕੌਂਸੁਲੇਟਾਂ 'ਚੋਂ ਇਕ 'ਚ ਮਿਲਣ ਦਾ ਸਮਾਂ ਮਿਲ ਸਕਦਾ ਹੈ। ਬਿਆਨ 'ਚ ਕਿਹਾ ਗਿਆ ਕਿ ਇਹ ਪਰਿਵਾਰਾਂ ਨੂੰ ਜੋੜਨ, ਕਾਰੋਬਾਰੀਆਂ ਨਾਲ ਸੰਪਰਕ ਕਾਇਮ ਕਰਨ ਅਤੇ ਸੈਰ-ਸਪਾਟੇ ਨੂੰ ਸਰਲ ਬਣਾਉਣ ਦਾ ਉਪਰਾਲਾ ਹੈ। ਬਿਆਨ ਮੁਤਾਬਕ ਬੀਤੇ ਇਕ ਸਾਲ ਦੌਰਾਨ 12 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦਾ ਦੌਰਾ ਕੀਤਾ 2023 ਦੇ ਮੁਕਾਬਲੇ 'ਚ 35 ਫ਼ੀਸਦ ਦਾ ਵਾਧਾ ਹੈ। ਅਮਰੀਕਾ ਦੇ ਦੌਰੇ ਲਈ 60 ਲੱਖ ਭਾਰਤੀਆਂ ਕੋਲ ਪਹਿਲਾਂ ਹੀ ਨਾਨ ਇਮੀਗਰੈਂਟ ਵੀਜ਼ੇ ਹਨ ਅਤੇ ਰੋਜ਼ਾਨਾ ਮਿਸ਼ਨ ਵੱਲੋਂ ਹਜ਼ਾਰਾਂ ਹੋਰ ਵੀਜ਼ੇ ਜਾਰੀ ਕੀਤੇ ਜਾ ਰਹੇ ਹਨ। ਹੁਣੇ ਜਿਹੇ ਭਾਰਤ 'ਚ ਅਮਰੀਕੀ ਸਫ਼ੀਰ ਐਰਿਕ ਗਾਰਸੇਟੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਅ ਬਾਇਡਨ ਨੇ ਵੀਜ਼ਾ ਪ੍ਰਕਿਰਿਆ 'ਚ ਸੁਧਾਰ ਅਤੇ ਤੇਜ਼ੀ ਲਿਆਉਣ ਦਾ ਟੀਚਾ ਤੈਅ ਕੀਤਾ ਅਤੇ ਉਨ੍ਹਾਂ ਇਹ ਵਾਅਦਾ ਨਿਭਾਇਆ ਜਾ ਰਿਹਾ ਹੈ। ਭਾਰਤੀਆਂ 'ਚ ਅਮਰੀਕਾ ਜਾਣ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਅਮਰੀਕੀ ਸਫ਼ਾਰਤਖਾਨੇ ਅਤੇ ਕੌਂਸੁਲੇਟਾਂ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਮਰੀਕਾ ਨੇ 2023 'ਚ ਭਾਰਤੀਆਂ ਨੂੰ 1.4 ਲੱਖ ਤੋਂ ਵਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਸਨ। ਇਹ ਵੀਜ਼ੇ ਦੁਨੀਆ ਦੇ ਕਿਸੇ ਹੋਰ ਮੁਲਕ ਨਾਲੋਂ ਜ਼ਿਆਦਾ ਸਨ। ਲਗਾਤਾਰ ਤੀਜੇ ਸਾਲ ਇੰਨੇ ਜ਼ਿਆਦਾ ਵੀਜ਼ੇ ਜਾਰੀ ਕਰਕੇ ਰਿਕਾਰਡ ਸਥਾਪਤ ਕੀਤਾ ਗਿਆ ਹੈ।

## ਡੇਰਾ ਬਿਆਸ ਦੇ ਮੁਖੀ ਜਸਦੀਪ ਸਿੰਘ ਗਿੱਲ ਨੂੰ ਜ਼ੈੱਡ ਪਲੱਸ ਸੁਰੱਖਿਆ

**ਰਈਆ:** ਰਾਧਾ ਸੁਆਮੀ ਬਿਆਸ ਦੇ ਨਵੇਂ ਮੁਖੀ ਜਸਦੀਪ ਸਿੰਘ ਗਿੱਲ ਨੂੰ ਕੇਂਦਰ ਸਰਕਾਰ ਵੱਲੋਂ ਜ਼ੈੱਡ ਪਲੱਸ ਸੁਰੱਖਿਆ ਪ੍ਰਦਾਨ ਕਰਵਾਈ ਗਈ ਹੈ। ਡੇਰਾ ਬਿਆਸ ਮੁਖੀ ਜਦੋਂ ਵੀ ਕਿਸੇ ਹੋਰ ਸੂਬੇ ਵਿਚ ਜਾਂ ਵਿਦੇਸ਼ੀ ਦੌਰਿਆਂ ਉਤੇ ਜਾਣਗੇ ਤਾਂ ਸਬੰਧਤ ਸੂਬਿਆਂ ਅਤੇ ਵਿਦੇਸ਼ੀ ਸਰਕਾਰਾਂ ਤੇ ਪ੍ਰਸ਼ਾਸਨ ਵੀ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਨਗੇ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਜਸਦੀਪ ਸਿੰਘ ਗਿੱਲ ਨੂੰ ਸੀ.ਆਰ.ਪੀ.ਐਫ. ਕਮਾਂਡੋ ਸੁਰੱਖਿਆ ਪ੍ਰਦਾਨ ਕਰਨਗੇ। ਇਹ ਪਤਾ ਲੱਗਿਆ ਹੈ ਕਿ ਉਹ ਵਿਦੇਸ਼ੀ ਦੌਰੇ ਤੋਂ ਵਾਪਸ ਆ ਰਹੇ ਹਨ। ਜ਼ਿਕਰਯੋਗ ਹੈ ਕਿ 2 ਸਤੰਬਰ ਨੂੰ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਜਸਦੀਪ ਸਿੰਘ ਗਿੱਲ ਨੂੰ ਆਪਣਾ ਵਾਰਿਸ ਥਾਪਿਆ ਗਿਆ ਸੀ ਅਤੇ ਡੇਰੇ ਦੇ ਕੰਮਕਾਜ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਵਿਪਸਾਅ ਵੱਲੋਂ ਮਰਹੂਮ ਸ਼ਾਇਰ ਹਰਭਜਨ ਢਿੱਲੋਂ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਫਰੀਮਾਂਟ ਵਿਖੇ ਮਰਹੂਮ ਸ਼ਾਇਰ ਹਰਭਜਨ ਢਿੱਲੋਂ ਦੀ ਨਿੱਘੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਸਟੇਜ ਦਾ ਕਾਜ-ਭਾਰ ਸੰਭਾਲਦਿਆਂ ਸ੍ਰੀਮਤੀ ਹਰਜੀਤ ਕੌਰ ਢਿੱਲੋਂ, ਮੇਜਰ ਭੁਪਿੰਦਰ ਦਲੇਰ, ਕੁਲਵਿੰਦਰ, ਦਿਲ ਨਿੱਜਰ ਅਤੇ ਡਾ. ਸੁਹਿੰਦਰਬੀਰ ਸਿੰਘ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ।







ਸੁਰਿੰਦਰ ਸੀਰਤ ਨੇ ਹਰਭਜਨ ਢਿੱਲੋਂ ਨੂੰ ਯਾਦ ਕਰਦਿਆਂ ਦੱਸਿਆ ਕਿ ਸਾਂਝੀਆਂ ਕਿਰਨਾਂ, ਮਹਿਕ ਜ਼ਖ਼ਮਾਂ ਦੀ, ਹਾਲ ਫ਼ਕੀਰਾਂ ਦਾ, ਢੋਲ ਉਤੇ ਜੱਗ ਨੱਚਦਾ, ਰੰਗੀਨ ਮਹਿਫ਼ਲ, ਸੁਲਘਦੀ ਅੱਗ, ਦਰਦ ਕੇ ਆਂਸੂ ਵਰਗੇ ਕਾਵਿ-ਸੰਗ੍ਰਹਿਾਂ ਦੇ ਰਚੇਤਾ ਕੋਲ ਆਪਣੀਆਂ ਰਚਨਾਵਾਂ ਨੂੰ ਤਰੰਨਮ ਵਿਚ ਪੇਸ਼ ਕਰਨ ਦੀ ਵਿਲੱਖਣ ਕਲਾ ਸੀ। ਉਸ ਦੇ ਲਿਖੇ ਗੀਤਾਂ ਅਤੇ ਗ਼ਜ਼ਲਾਂ ਨੂੰ ਨਾਮਵਰ ਗਾਇਕਾਂ ਵੱਲੋਂ ਆਵਾਜ਼ ਦਿੱਤੀ ਗਈ ਜਿਨ੍ਹਾਂ ਵਿਚ ਸੁਰੇਸ਼ ਵਾਡੇਕਰ, ਦਲੇਰ ਮਹਿੰਦੀ, ਸ਼ਮਸ਼ੇਰ ਮਹਿੰਦੀ, ਮੰਗਲ ਸਿੰਘ, ਦਿਲਰਾਜ ਕੌਰ, ਮੀਨੂੰ ਅਟਵਾਲ, ਨਰਿੰਦਰ ਬੀਬਾ, ਜਸਪਾਲ ਸਿੰਘ, ਸਰਵਰ ਮਹਿੰਦੀ, ਸੁਰਜੀਤ ਮਾਧੋਪੁਰੀ, ਗੁਲਾਮ ਸਰਵਰ ਸਾਬਰੀ, ਤਰਲੋਕ ਸਿੰਘ, ਸੁਖਦੇਵ ਸਾਹਿਲ, ਕੁਸਮ, ਲਾਲ ਸਿੰਘ ਭੱਟੀ, ਜਗਦੇਵ ਸਿੰਘ ਅਤੇ ਜਤਿੰਦਰ ਦੱਤ ਆਦਿ ਦੇ ਨਾਮ ਵਰਣਨਯੋਗ ਹਨ। ਉਹ 1992 ਤੋਂ ਸਾਹਿਤ ਸਭਾਵਾਂ ਦੇ ਪ੍ਰਬੰਧਕੀ ਕਾਰਜਾਂ ਵਿਚ ਵੀ ਸਰਗਰਮ ਰਿਹਾ ਅਤੇ 1995 ਵਿਚ ਨਾਰਥ ਬੇ ਏਰੀਆ ਇਕਾਈ ਤਿਆਰ ਕੀਤੀ। ਉਸ ਦੀ ਸਾਹਿਤਕ ਅਤੇ ਜਥੇਬੰਦਕ ਦੇਣ ਲਈ ਵਿਪਸਾਅ ਵੱਲੋਂ ਉਸ ਨੂੰ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਦਿੱਤਾ ਗਿਆ। ਗਗਨਦੀਪ ਮਾਹਲ (ਸੋਨੂੰ) ਨੇ ਢਿੱਲੋਂ ਦੀ ਯਾਦ ਵਿਚ ਲਿਖਿਆ ਸ਼ਬਦ-ਚਿੱਤਰ ਪੜ੍ਹਦੇ ਹੋਏ ਕਿਹਾ ਕਿ ਉਹ ਇੱਕ ਸ਼ਾਇਰ ਹੋਣ ਦੇ ਨਾਲ-ਨਾਲ ਮਿਲਾਪੜਾ ਅਤੇ ਦੂਜਿਆਂ ਨੂੰ ਉਤਸ਼ਾਹਿਤ ਕਰਨ ਵਾਲਾ ਇਨਸਾਨ ਸੀ। ਡਾ. ਸੁਹਿੰਦਰਬੀਰ ਸਿੰਘ ਨੇ ਕਿਹਾ ਕਿ ਉਸ ਨੇ ਢਿੱਲੋਂ ਦੀ ਕਾਵਿ-ਕਲਾ ਬਾਰੇ 2006 'ਚ ਪਰਚਾ ਲਿਖਿਆ ਸੀ। ਸ਼ਾਇਰੀ ਢਿੱਲੋਂ ਲਈ ਸਾਧਨਾ ਸੀ। ਮੇਜਰ ਦਲੇਰ ਨੇ ਕਿਹਾ ਕਿ ਮੈਨੂੰ ਇਸ ਸਭਾ ਨਾਲ ਜੋੜਨ ਵਾਲਾ ਢਿੱਲੋਂ ਇੱਕ ਮਹਾਨ ਕਵੀ, ਯਾਰਾਂ ਵਰਗਾ ਭਰਾ ਅਤੇ ਭਰਾਵਾਂ ਵਰਗਾ ਯਾਰ ਸੀ। ਮੈਨੂੰ ਉਸਦੀ ਯਾਦ ਹਮੇਸ਼ਾ ਆਉਂਦੀ ਰਹੇਗੀ। ਚਰਨਜੀਤ ਸਿੰਘ ਪੰਨੂ ਨੇ ਕਿਹਾ ਕਿ ਢਿੱਲੋਂ ਨਾਲ ਮੇਰੀ ਬਹੁਤ ਗੂੜ੍ਹੀ ਸਾਂਝ ਸੀ। ਉਹ ਵੱਡਾ ਸਾਹਿਤਕਾਰ ਅਤੇ ਸ਼ਾਇਰ ਸੀ ਪਰ ਮੂਲ ਰੂਪ ਵਿਚ ਗੀਤਕਾਰ ਸੀ। ਗੁਲਸ਼ਨ ਦਿਆਲ ਨੇ ਕਿਹਾ ਕਿ ਢਿੱਲੋਂ ਦਾ ਗਿਆਰਾਂ ਬਾਰਾਂ ਸਾਲ ਰੇਡੀਓ ਪੰਜਾਬੀ ਯੂ.ਐਸ.ਏ. 'ਤੇ ਲਗਾਤਾਰ ਕਵੀ ਦਰਬਾਰ ਕਰਨਾ ਸ਼ਲਾਘਾਯੋਗ ਹੈ। ਦਿਲ ਨਿੱਜਰ ਨੇ ਕਿਹਾ ਕਿ ਢਿੱਲੋਂ ਸਾਹਿਬ ਦੇ ਤੁਰ ਜਾਣ ਦਾ ਬਹੁਤ ਦੁੱਖ ਹੈ। ਉਸ ਦੇ ਗੀਤ ਸਾਡੇ ਚੇਤਿਆਂ ਵਿਚ ਗੂੰਜਦੇ ਰਹਿਣਗੇ। ਸੁਰਜੀਤ ਸਖੀ ਨੇ ਢਿੱਲੋਂ ਦੀਆਂ ਯਾਦਾਂ ਦੀ ਪਟਾਰੀ ਖੋਲ੍ਹਦਿਆਂ ਸ਼ਿਅਰ ਸਾਂਝਾ ਕੀਤਾ:

ਕਲ੍ਹ ਤੀਕ ਕਰ ਰਿਹਾ ਸੀ ਜੋ ਦੋਸਤੀ ਦਾ ਦਾਅਵਾ
ਨਜ਼ਰਾਂ ਚੁਰਾ ਕੇ ਲੰਘਦਾ ਅੱਜ ਉਹ ਹਬੀਬ ਦੇਖੋ

ਪ੍ਰਿੰ. ਰਸੀਪਲ ਹਜ਼ੂਰਾ ਸਿੰਘ ਨੇ ਕਿਹਾ ਕਿ ਢਿੱਲੋਂ ਉਸਦੇ ਗੀਤ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਕਵੀ ਦਰਬਾਰ ਵਿਚ ਪੇਸ਼ ਹੋਣ ਲਈ ਉਤਸ਼ਾਹਿਤ ਕੀਤਾ। ਉਸ ਦੇ ਤੁਰ ਜਾਣ ਨਾਲ ਬਹੁਤ ਘਾਟਾ ਪਿਆ ਹੈ। ਹਰਪ੍ਰੀਤ ਧੂਤ ਨੇ ਕਿਹਾ ਕਿ ਢਿੱਲੋਂ ਨਾਲ ਗੁਜ਼ਾਰੇ ਪਲ ਅਤੇ ਉਨ੍ਹਾਂ ਦੇ ਗੀਤ ਹਮੇਸ਼ਾ ਯਾਦ ਰਹਿਣਗੇ। ਲਖਵਿੰਦਰ ਲੱਕੀ ਨੇ ਢਿੱਲੋਂ ਦੀ ਯਾਦ ਵਿਚ ਲਿਖੀਆਂ ਕੁਝ ਸਤਰਾਂ ਪੇਸ਼ ਕੀਤੀਆਂ।

ਸ੍ਰੀਮਤੀ ਹਰਜੀਤ ਢਿੱਲੋਂ ਨੇ ਕਿਹਾ ਕਿ ਉਸਦਾ ਪਤੀ ਹਰ ਇੱਕ ਨੂੰ ਸੱਚੇ ਦਿਲੋਂ ਪਿਆਰ ਕਰਨ ਵਾਲਾ ਇਨਸਾਨ ਅਤੇ ਵਧੀਆ ਸ਼ਾਇਰ ਸੀ। ਉਸ ਨੇ ਉਸ ਦੇ ਪਿਆਰ ਵਿਚ ਡੁੱਬ ਕੇ ਹਰ ਰਚਨਾ ਅਤੇ ਕਿਤਾਬ ਲਿਖੀ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਢਿੱਲੋਂ ਦੇ ਪਰਿਵਾਰ ਅਤੇ ਹਾਜ਼ਰ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਉਹ ਢਿੱਲੋਂ ਨੂੰ ਪਹਿਲੀ ਵਾਰੀ 1985 ਵਿਚ ਮਿਲਿਆ। ਇਸ ਤੋਂ ਬਾਅਦ ਉਸ ਦੀ ਸੰਗਤ ਮਾਣਨ ਦਾ ਮੌਕਾ ਮਿਲਦਾ ਰਿਹਾ। ਨਾਰਥ ਬੇ ਏਰੀਆ ਪੰਜਾਬੀ ਸਾਹਿਤ ਸਭਾ ਬਣਨ ਤੋਂ ਬਾਅਦ ਸਾਹਿਤਕ ਸਰਗਰਮੀਆਂ ਵਧ ਗਈਆਂ। ਢਿੱਲੋਂ ਦੇ ਗ੍ਰਹਿ ਵਿਖੇ ਗਾਇਕਾਂ ਨੂੰ ਮਿਲਣ ਦਾ ਮੌਕਾ ਅਕਸਰ ਮਿਲਦਾ ਰਿਹਾ। ਡਾ. ਜਗਤਾਰ ਨੇ ਉਸ ਦਾ ਇੱਕ ਗੀਤ 'ਦੀਵਾ ਨਾ ਬੁਝਾਈਂ ਰਾਤੀਂ ਦੀਵਾ ਨਾ ਬੁਝਾਈਂ' ਕਲਾ ਸਿਰਜਕ ਵਿਚ ਛਾਪਿਆ। ਢਿੱਲੋਂ ਨੇ ਵਿਪਸਾ ਦੀਆਂ ਕਾਨਫਰੰਸਾਂ ਲਈ ਫੰਡ ਰੇਜ਼ਿੰਗ ਵੀ ਕੀਤੀ। ਇਸ ਉਪਰੰਤ ਵਿਪਸਾਅ ਵੱਲੋਂ ਹਰਭਜਨ ਢਿੱਲੋਂ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮਿਲਣੀ ਵਿਚ ਹੋਰਾਂ ਤੋਂ ਇਲਾਵਾ, ਦਲਜਿੰਦਰ ਸਿੰਘ, ਅਮਰ ਸੂਫ਼ੀ, ਕਿਮਲਾ, ਸਿਮਰਨ, ਮਾਹਿਲ ਕਾਲਕਟ, ਸਤਵਿੰਦਰ ਸਿੰਘ, ਸਬਰੀਨਾ ਬੈਂਸ, ਵਾਨੀਆ ਬੈਂਸ, ਸਤਿੰਦਰ ਕੌਰ ਬੈਂਸ, ਅਰਜਨਵੀਰ ਬੈਂਸ, ਮਨਜੀਤ ਪਲੇਹੀ, ਅਮਰ ਕਾਹਲੋਂ, ਕਰਨੈਲ ਸਿੰਘ ਢਿੱਲੋਂ, ਸੁਖਪਾਲ, ਪ੍ਰੋ. ਬਲਜਿੰਦਰ ਸਿੰਘ, ਪ੍ਰੋ. ਸੁਖਦੇਵ ਸਿੰਘ ਅਤੇ ਲਾਜ ਨੀਲਮ ਸੈਣੀ ਹਾਜ਼ਰ ਸਨ।

*ਰਿਪੋਰਟ:*
*ਲਾਜ ਨੀਲਮ ਸੈਣੀ*
*(ਸਾਹਿਤ ਸਕੱਤਰ ਵਿਪਸਾਅ)*
*ਫੋਨ: 510-502-0552*

# ਪੰਚਾਇਤ ਚੋਣਾਂ: ਰਾਖਵੇਂਕਰਨ ਨੂੰ ਲੈ ਕੇ ਸਿਆਸੀ ਮਾਹੌਲ ਭਖਿਆ

**ਚੰਡੀਗੜ੍ਹ:** ਸਿਆਸੀ ਧਿਰਾਂ ਨੇ ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਰਾਖਵੇਂਕਰਨ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਸੁਆਲ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਪਿੰਡਾਂ ਦੇ ਲੋਕਾਂ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗ ਰਿਹਾ ਹੈ ਕਿ ਉਨ੍ਹਾਂ ਦਾ ਪਿੰਡ ਜਨਰਲ ਹੈ ਜਾਂ ਰਾਖਵਾਂ। ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਪੰਚਾਇਤ ਚੋਣਾਂ ਵਿਚ ਧਾਂਦਲੀਆਂ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਹੈ।



ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਦੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਚਾਇਤ ਚੋਣਾਂ ਦੇ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਚਾਇਤ ਚੋਣਾਂ ਦਾ ਐਲਾਨ ਹੋ ਚੁੱਕਿਆ ਹੈ, ਪਰ ਸਰਕਾਰ ਵੱਲੋਂ ਹਾਲੇ ਤੱਕ ਕਿਸੇ ਨੂੰ ਵੋਟਰ ਸੂਚੀ ਨਹੀਂ ਦਿੱਤੀ ਗਈ। ਇਸ ਦੌਰਾਨ ਨਾ ਹੀ ਪਿੰਡਾਂ ਦੀ ਰਿਜ਼ਰਵ ਅਤੇ ਜਨਰਲ ਸ਼੍ਰੇਣੀ ਦੀ ਕੋਈ ਸੂਚੀ ਜਾਰੀ ਕੀਤੀ ਗਈ ਹੈ। ਇਸ ਕਾਰਨ ਪੰਚਾਇਤੀ ਚੋਣਾਂ ਲੜਨ ਵਾਲੇ ਭੰਬਲਭੂਸੇ ਵਿਚ ਹਨ। ਵੜਿੰਗ ਨੇ ਕਿਹਾ ਕਿ ਰਾਖਵੇਂਕਰਨ ਵਿਚ ਬਹੁਤ ਵੱਡੇ ਪੱਧਰ 'ਤੇ ਘਪਲਾ ਹੋਇਆ ਹੈ। ਜਿਹੜੇ ਪਿੰਡ ਵਿਚ 'ਆਪ' ਕੋਲ ਉਮੀਦਵਾਰ ਸੀ, ਉਸ ਨੂੰ ਇਨ੍ਹਾਂ ਨੇ 'ਜਨਰਲ ਕੈਟਾਗਿਰੀ ਅਤੇ ਮਹਿਲਾ' ਕਰ ਦਿੱਤਾ।

ਪੰਚਾਇਤ ਚੋਣਾਂ ਲੜਨ ਵਾਲਿਆਂ ਨੂੰ ਐਨ.ਸੀ.ਓ. ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਕਾਂਗਰਸ ਆਜ਼ਾਦ ਅਤੇ ਨਿਰਪੱਖ ਚੋਣਾਂ ਲਈ ਵਚਨਬੱਧ ਹੈ ਅਤੇ ਪ੍ਰਦੇਸ਼ ਕਾਂਗਰਸ ਵੱਲੋਂ ਇਸ ਸਬੰਧੀ ਹੈਲਪਲਾਈਨ ਬਣਾਉਣ ਦਾ ਐਲਾਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਸੱਤਾ ਦੀ ਦੁਰਵਰਤੋਂ ਪਿੰਡ ਸਤੀਪੁਰਾ, ਜ਼ਿਲ੍ਹਾ ਸੰਗਰੂਰ ਵਿਚ ਸਾਫ਼ ਝਲਕਦੀ ਹੈ। ਇੱਥੇ ਪਿੰਡ ਨੂੰ 'ਅਨੁਸੂਚਿਤ ਜਾਤੀ ਔਰਤ' ਅਧੀਨ ਰਾਖਵੀਂ ਸੂਚੀ ਵਿਚ ਪਾਇਆ ਗਿਆ ਪਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਿੰਡ ਵਿਚ ਸਿਰਫ ਇਕ ਅਨੁਸੂਚਿਤ ਜਾਤੀ ਦੀ ਔਰਤ ਦੀ ਵੋਟ ਹੈ।

## ਸਰਬਸੰਮਤੀ ਬਣਾਉਣ ਵਾਲੇ ਪਿੰਡਾਂ ਨੂੰ 5 ਲੱਖ ਰੁਪਏ ਗ੍ਰਾਂਟ

**ਫ਼ਤਹਿਗੜ੍ਹ ਸਾਹਿਬ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਉਣ ਵਾਲੀਆਂ ਪੰਚਾਇਤੀ ਚੋਣਾਂ ਪਾਰਟੀ ਦੇ ਨਿਸ਼ਾਨ 'ਤੇ ਨਾ ਲੜਨ ਬਾਰੇ ਕੀਤਾ ਫ਼ੈਸਲਾ ਇਤਿਹਾਸਕ ਹੈ। ਇਸ ਨਾਲ ਪਿੰਡਾਂ ਵਿਚੋਂ ਧੜੇਬੰਦੀ ਖ਼ਤਮ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਜਿਹੜੇ ਪਿੰਡਾਂ 'ਚ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਹੋਵੇਗੀ, ਉਨ੍ਹਾਂ ਨੂੰ ਪੰਜ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਮੰਤਰੀ ਵਜੋਂ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਣ 'ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਵੀ ਕੀਤਾ।

## ਚੋਣ ਕਮਿਸ਼ਨ ਵੱਲੋਂ ਤਰਨ ਤਾਰਨ ਦੇ ਡੀ.ਸੀ. ਦਾ ਤਬਾਦਲਾ

**ਤਰਨ ਤਾਰਨ:** ਪੰਜਾਬ ਰਾਜ ਚੋਣ ਕਮਿਸ਼ਨ ਨੇ ਜ਼ਿਲ੍ਹਾ ਤਰਨ ਤਾਰਨ ਵਿਚ ਪੰਚਾਇਤੀ ਚੋਣਾਂ ਵਿਚ ਬੇਨਿਯਮੀਆਂ ਕਰਨ ਦੇ ਦੋਸ਼ ਹੇਠ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦਾ ਤਬਾਦਲਾ ਕਰ ਦਿੱਤਾ ਹੈ। ਅਧਿਕਾਰੀ ਨੇ ਆਪਣੇ ਅਹੁਦੇ ਦਾ ਚਾਰਜ ਵੀ ਛੱਡ ਦਿੱਤਾ ਹੈ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਤਿੰਨ ਦਿਨ ਪਹਿਲਾਂ ਹੀ ਚਾਰਜ ਸੰਭਾਲਿਆ ਸੀ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਖ਼ੁਦ ਬਹੁਤ ਹੈਰਾਨ ਹਨ ਪਰ ਉਨ੍ਹਾਂ ਨੂੰ ਤਬਾਦਲੇ ਸਬੰਧੀ ਸਰਕਾਰੀ ਤੌਰ 'ਤੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਭਾਸ਼ਾ ਵਿਭਾਗ ਨੇ ਪੰਜਾਬੀ 'ਚ ਕੰਮ ਨਾ ਕਰਨ 'ਤੇ ਪਾਵਰਕੌਮ ਨੂੰ ਨੋਟਿਸ ਭੇਜਿਆ

**ਪਟਿਆਲਾ:** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 2008 ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ, ਜਿਸ ਕਰ ਕੇ ਦਫ਼ਤਰਾਂ ਵਿਚ ਅੰਗਰੇਜ਼ੀ ਦਾ ਹੀ ਬੋਲਬਾਲਾ ਹੈ। ਇਸ ਸਬੰਧੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਕੋਲ ਸ਼ਿਕਾਇਤਾਂ ਪੁੱਜੀਆਂ ਹਨ ਤੇ ਇਨ੍ਹਾਂ ਸ਼ਿਕਾਇਤਾਂ ਦੇ ਆਧਾਰ 'ਤੇ ਹੀ ਪਾਵਰਕੌਮ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਵੱਲੋਂ ਪੰਜਾਬ ਰਾਜ ਪਾਵਰਕੌਮ ਕਾਰਪੋਰੇਸ਼ਨ ਦੇ ਚੇਅਰਮੈਨ ਬਲਦੇਵ ਸਿੰਘ ਸਰਾ ਨੂੰ ਲਿਖਿਆ ਗਿਆ ਹੈ ਕਿ ਪਾਵਰਕੌਮ ਵਿਚ ਪੰਜਾਬੀ ਵਿਚ ਕੰਮ ਨਹੀਂ ਹੋ ਰਿਹਾ, ਜਿਸ ਦੀਆਂ ਸ਼ਿਕਾਇਤਾਂ ਸਬੰਧੀ ਸਬੂਤ ਵੀ ਨਾਲ ਲਗਾਏ ਗਏ ਹਨ। ਸ਼ਿਕਾਇਤਾਂ ਵਿਚ ਕਿਹਾ ਗਿਆ ਹੈ ਕਿ ਭਾਸ਼ਾ ਵਿਭਾਗ ਦੇ ਦਫ਼ਤਰ ਦੇ ਬਿਲਕੁਲ ਨਾਲ ਪਾਵਰਕੌਮ ਦਾ ਮੁੱਖ ਦਫ਼ਤਰ ਹੈ, ਜਿਸ ਵਿਚ ਬਹੁਤ ਸਾਰੇ ਆਮ ਲੋਕਾਂ ਨਾਲ ਸਬੰਧਤ ਕੰਮ ਮਾਂ ਬੋਲੀ ਪੰਜਾਬੀ ਵਿਚ ਨਹੀਂ ਹੁੰਦੇ ਤੇ ਇੱਥੇ ਅੰਗਰੇਜ਼ੀ ਵਿਚ ਜ਼ਿਆਦਾ ਕੰਮ ਕਰਨ ਨਾਲ ਆਮ ਜਨਤਾ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਵਰਕੌਮ ਵੱਲੋਂ ਮੁੱਖ ਤੌਰ 'ਤੇ ਭੇਜਿਆ ਜਾਂਦਾ ਬਿੱਲ ਅੰਗਰੇਜ਼ੀ ਭਾਸ਼ਾ ਵਿਚ ਹੁੰਦਾ ਹੈ ਜੋ ਆਮ ਖਪਤਕਾਰ ਨੂੰ ਸਮਝ ਨਹੀਂ ਆਉਂਦਾ, ਜਦ ਕਿ ਇਹ ਬਿੱਲ ਰਾਜ-ਭਾਸ਼ਾ ਪੰਜਾਬੀ ਵਿਚ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਪਾਵਰਕੌਮ ਵੱਲੋਂ ਆਮ ਬਿਜਲੀ ਵਿਚ ਰੁਕਾਵਟ ਪੈਣ 'ਤੇ ਵੱਟਸਐਪ ਨੰਬਰ ਜਾਰੀ ਕੀਤਾ ਗਿਆ ਹੈ, ਜਿਸ ਵਿਚ ਸ਼ਿਕਾਇਤ ਕਰਨ 'ਤੇ ਅੰਗਰੇਜ਼ੀ ਵਿਚ ਜਵਾਬ ਦਿੱਤਾ ਜਾਂਦਾ ਹੈ। ਇਸ ਦਾ ਵੱਡੀ ਗਿਣਤੀ ਸ਼ਿਕਾਇਤਕਰਤਾਵਾਂ ਨੂੰ ਪਤਾ ਹੀ ਨਹੀਂ ਚੱਲਦਾ ਕਿ ਕੀ ਹੱਲ ਹੈ ਜਾਂ ਕੀ ਹੱਲ ਹੋਵੇਗਾ। ਈਮੇਲ ਰਾਹੀਂ ਕੋਈ ਸ਼ਿਕਾਇਤ ਜਾਂ ਹੋਰ ਜਾਣਕਾਰੀ ਮੰਗੀ ਜਾਂਦੀ ਹੈ ਉਹ ਵੀ ਅੰਗਰੇਜ਼ੀ ਵਿਚ ਭੇਜੀ ਜਾਂਦੀ ਹੈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਨੇ ਪੱਤਰ ਵਿਚ ਲਿਖਿਆ ਹੈ ਕਿ ਪਾਵਰਕੌਮ ਵੱਲੋਂ ਪੂਰਾ ਕੰਮ ਪੰਜਾਬੀ ਵਿਚ ਕੀਤਾ ਜਾਣਾ ਜ਼ਰੂਰੀ ਹੈ ਕਿਉਂਕਿ ਰਾਜ ਭਾਸ਼ਾ ਐਕਟ-2008 ਪੰਜਾਬ ਵਿਚ ਲਾਗੂ ਹੈ।




ਪਾਵਰਕੌਮ ਦੇ ਡਾਇਰੈਕਟਰ (ਐਡਮਿਨ) ਜਸਬੀਰ ਸਿੰਘ ਸੁਰਸਿੰਘ ਨੇ ਕਿਹਾ ਕਿ ਸਾਡੇ ਕੋਲ ਭਾਸ਼ਾ ਵਿਭਾਗ ਦੀ ਚਿੱਠੀ ਆਈ ਹੈ ਪਰ ਅਸੀਂ ਪਹਿਲਾਂ ਹੀ ਸਾਰਾ ਕੰਮ ਪੰਜਾਬੀ ਵਿਚ ਕਰਵਾ ਰਹੇ ਹਾਂ ਪਰ ਕਈ ਵਾਰੀ ਸਾਰਾ ਕੰਮ ਪੰਜਾਬੀ ਵਿਚ ਨਹੀਂ ਹੁੰਦਾ, ਸਾਨੂੰ ਸਖ਼ਤੀ ਵੀ ਕਰਨੀ ਪੈ ਰਹੀ ਹੈ। ਅਸੀਂ ਸਾਰਾ ਕੰਮ ਪੰਜਾਬੀ ਵਿਚ ਕਰਨ ਤੇ ਕਰਾਉਣ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹਾਂ।

# ਡਿਫਾਲਟਰ ਇਸ ਵਾਰ ਪੰਚਾਇਤੀ ਚੋਣਾਂ ਨਹੀਂ ਲੜ ਸਕਣਗੇ

**ਚੰਡੀਗੜ੍ਹ:** ਪੰਜਾਬ ਵਿਚ 'ਡਿਫਾਲਟਰ' ਵਿਅਕਤੀ ਪੰਚਾਇਤ ਚੋਣਾਂ ਨਹੀਂ ਲੜ ਸਕਣਗੇ ਕਿਉਂਕਿ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੂੰ 'ਕੋਈ ਬਕਾਇਆ ਨਹੀਂ' ਦਾ ਸਰਟੀਫਿਕੇਟ ਪੇਸ਼ ਕਰਨਾ ਪਵੇਗਾ। ਪੰਜਾਬ ਰਾਜ ਚੋਣ ਕਮਿਸ਼ਨ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕੀਤਾ ਹੈ, ਜਿਸ ਵਿਚ ਪੰਚਾਇਤ ਚੋਣਾਂ ਦੇ ਉਮੀਦਵਾਰਾਂ ਨੂੰ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਲੈਣ ਲਈ ਕਿਹਾ ਗਿਆ ਹੈ। ਪੰਚਾਇਤ ਚੋਣਾਂ ਲਈ, ਜਦੋਂ ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਕਰਨਗੇ ਤਾਂ ਉਨ੍ਹਾਂ ਨੂੰ ਇਸ ਲਈ ਸਬੰਧਤ ਪੰਚਾਇਤ ਤੋਂ 'ਕੋਈ ਇਤਰਾਜ਼ ਨਹੀਂ' ਜਾਂ 'ਕੋਈ ਬਕਾਇਆ ਨਹੀਂ' ਸਰਟੀਫਿਕੇਟ ਲੈਣਾ ਲਾਜ਼ਮੀ ਹੋਵੇਗਾ। ਸਰਪੰਚ ਅਤੇ ਪੰਚ ਲਈ ਚੋਣ ਲੜਨ ਵਾਲੇ ਉਮੀਦਵਾਰਾਂ ਖ਼ਿਲਾਫ਼ ਪੰਚਾਇਤ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਬਕਾਇਆ ਨਹੀਂ ਹੋਣਾ ਚਾਹੀਦਾ ਹੈ। ਜਿਨ੍ਹਾਂ ਉਮੀਦਵਾਰਾਂ ਵੱਲ ਕਿਸੇ ਵੀ ਕਿਸਮ ਦਾ ਕੋਈ ਬਕਾਇਆ ਹੋਵੇਗਾ, ਉਸ ਨੂੰ ਚੋਣ ਲੜਨ ਦਾ ਮੌਕਾ ਨਹੀਂ ਮਿਲੇਗਾ। ਜਿਹੜੇ ਸਾਬਕਾ ਸਰਪੰਚ ਐਤਕੀਂ ਚੋਣ ਮੈਦਾਨ ਵਿਚ ਖੜ੍ਹਨਗੇ, ਉਨ੍ਹਾਂ ਲਈ ਇਹ ਦੱਸਣਾ ਵੀ ਲਾਜ਼ਮੀ ਹੋਵੇਗਾ ਕਿ ਉਨ੍ਹਾਂ ਨੇ ਪੰਚਾਇਤੀ ਰਿਕਾਰਡ ਸਬੰਧਤ ਅਥਾਰਟੀ ਕੋਲ ਜਮ੍ਹਾਂ ਕਰਵਾ ਦਿੱਤਾ ਹੈ ਜਾਂ ਨਹੀਂ। ਜਿਨ੍ਹਾਂ ਲੋਕਾਂ ਨੇ ਪੰਚਾਇਤੀ ਜ਼ਮੀਨਾਂ 'ਤੇ ਅਣ-ਅਧਿਕਾਰਤ ਕਬਜ਼ਾ ਕੀਤਾ ਹੋਇਆ ਹੈ, ਉਹ ਵੀ ਪੰਚਾਇਤੀ ਚੋਣ ਨਹੀਂ ਲੜ ਸਕਣਗੇ। ਪੰਜਾਬ ਸਰਕਾਰ ਨੇ ਇਸ ਵੇਲੇ ਪੰਚਾਇਤਾਂ ਦੀ ਥਾਂ ਪ੍ਰਬੰਧਕ ਲਾਏ ਹੋਏ ਹਨ ਜਿਨ੍ਹਾਂ ਵੱਲੋਂ 'ਕੋਈ ਬਕਾਇਆ ਨਹੀਂ' ਦੇ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਦੂਜੇ ਪਾਸੇ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਦਾ ਹਵਾਲਾ ਦੇ ਕੇ ਰਾਜ ਚੋਣ ਕਮਿਸ਼ਨ ਨੇ ਇਕ ਬਦਲਵਾਂ ਰਾਹ ਵੀ ਕੱਢਿਆ ਹੈ, ਜਿਸ ਬਾਰੇ ਡਿਪਟੀ ਕਮਿਸ਼ਨਰਾਂ ਨੂੰ ਸੂਚਨਾ ਭੇਜੀ ਗਈ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਜਿਨ੍ਹਾਂ ਉਮੀਦਵਾਰਾਂ ਕੋਲ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਨਹੀਂ ਹੋਵੇਗਾ, ਉਹ ਇਸ ਦੀ ਥਾਂ ਹਲਫ਼ੀਆ ਬਿਆਨ ਦੇ ਸਕਦੇ ਹਨ। ਹਲਫ਼ੀਆ ਬਿਆਨ 'ਚ ਉਹ ਪੰਚਾਇਤੀ ਸੰਸਥਾਵਾਂ ਦਾ ਕੋਈ ਬਕਾਇਆ ਨਾ ਹੋਣ ਤੇ ਪੰਚਾਇਤੀ ਜ਼ਮੀਨ 'ਤੇ ਕੋਈ ਨਾਜਾਇਜ਼ ਕਬਜ਼ਾ ਨਾ ਕੀਤੇ ਜਾਣ ਬਾਰੇ ਬਿਆਨ ਕਰਨਗੇ।

# ਕੈਨੇਡਾ ਦੇ ਕਿਊਬਿਕ ਸੂਬੇ ’ਚ ਪੱਗ ਬੰਨ੍ਹਣ ’ਤੇ ਪਾਬੰਦੀ ਦਾ ਮਾਮਲਾ ਭਖਿਆ



**ਵਿਨੀਪੈਗ:** ਕੈਨੇਡਾ ਦੇ ਕਿਊਬਿਕ ਸੂਬੇ ਵਿਚ ਸਰਕਾਰ ਵੱਲੋਂ ਸਿੱਖਾਂ ‘ਤੇ ਧਾਰਮਿਕ ਚਿੰਨ੍ਹ ਸਜਾਉਣ ਅਤੇ ਪੱਗ ਬਣਨ ‘ਤੇ ਪਾਬੰਦੀ ਲਾਉਣ ਵਾਲਾ ਕਾਨੂੰਨ ਪਾਸ ਕੀਤਾ ਗਿਆ ਹੈ, ਜਿਸ ਕਾਰਨ ਹੁਣ ਕੰਮ ਸਮੇਂ ਸਿੱਖਾਂ ਵੱਲੋਂ ਕਿਰਪਾਨ ਧਾਰਨ ਕਰਨ, ਦਸਤਾਰ ਸਜਾਉਣ ਜਾਂ ਫਿਰ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਚਿੰਨ੍ਹ ਸਜਾਉਣ ਉੱਤੇ ਮਨਾਹੀ ਹੋਵੇਗੀ।

ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਕੈਨੇਡਾ ਦੇ ਕਿਊਬਿਕ ਸੂਬੇ ਵੱਲੋਂ ਲਾਗੂ ਕੀਤੇ ‘ਬਿੱਲ-21’ ਦੀ ਸਖ਼ਤ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਅਤੇ ਕੈਨੇਡਾ ਦੀ ਫੈਡਰਲ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਵਿਵਾਦਿਤ ਕਾਨੂੰਨ ਤੁਰਤ ਮਨਸੂਖ਼ ਕੀਤਾ ਜਾਵੇ। ਕੌਂਸਲ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਦੁਨੀਆਂ ਭਰ ਦੇ ਸਿੱਖਾਂ ਨੂੰ ਧਰਮ ਨਿਭਾਉਣ ਲਈ ਆਪੋ-ਆਪਣੇ ਮੁਲਕਾਂ ਵਿਚ ਲਾਜ਼ਮੀ ਕਕਾਰ ਪਹਿਨਣ, ਦਸਤਾਰ ਸਜਾਉਣ ਤੇ ਦਾੜ੍ਹੀ-ਕੇਸ ਰੱਖਦਿਆਂ ਆਪਣੀ ਧਾਰਮਿਕ ਪਛਾਣ ਬਣਾਈ ਰੱਖਣ ਦੀ ਪੂਰੀ ਇਜਾਜ਼ਤ ਹੈ ਪਰ ਸਿਰਫ਼ ਕਿਊਬਿਕ ਸੂਬੇ ਵਿਚ ਸਖ਼ਤ ਪਾਬੰਦੀਆਂ ਲਾਈਆਂ ਗਈਆਂ ਹਨ। ਦੱਸਣਯੋਗ ਹੈ ਕਿ ਧਰਮ ਨਿਰਪੱਖਤਾ ਦੇ ਨਾਂ ਹੇਠ ਕਿਊਬਿਕ ਸੂਬੇ ਵੱਲੋਂ ‘ਬਿੱਲ 21’ ਕਾਨੂੰਨ ਤਹਿਤ ਅਧਿਆਪਕਾਂ, ਪੁਲਿਸ ਅਧਿਕਾਰੀਆਂ, ਵਕੀਲਾਂ ਅਤੇ ਹੋਰ ਜਨਤਕ ਖੇਤਰ ਦੇ ਕਰਮਚਾਰੀਆਂ ਨੂੰ ਧਾਰਮਿਕ ਚਿੰਨ੍ਹ ਜਿਵੇਂ ਕਿ ਮੁਸਲਮਾਨਾਂ ਲਈ ਹਿਜਾਬ, ਸਿੱਖਾਂ ਲਈ ਦਸਤਾਰ, ਯਹੂਦੀਆਂ ਨੂੰ ਯਰਮੁਲਕੇ ਅਤੇ ਈਸਾਈਆਂ ਨੂੰ ਕ੍ਰਾਸ ਪਹਿਨਣ ਤੋਂ ਮਨਾਹੀ ਹੈ। ਗਲੋਬਲ ਸਿੱਖ ਕੌਂਸਲ ਮੁਤਾਬਕ ਇਹ ਕਾਨੂੰਨ ਧਾਰਮਿਕ ਆਜ਼ਾਦੀ ਨੂੰ ਸੀਮਤ ਕਰਦਾ ਹੈ ਤੇ ਇਸ ਨਾਲ ਕਿਊਬਿਕ ਸੂਬੇ ਵਿਚ ਨਸਲੀ ਤੇ ਧਾਰਮਿਕ ਘੱਟ ਗਿਣਤੀਆਂ ਵਿਚ ਡਰ ਦਾ ਮਾਹੌਲ ਹੈ। ਡਾ. ਕੰਵਲਜੀਤ ਕੌਰ ਨੇ ਕਿਹਾ ਕਿ ‘ਬਿੱਲ 21’ ਕੈਨੇਡਾ ਦੇ ਸੰਵਿਧਾਨ ਵਿਚ ਦਰਜ ਜਨਤਕ ਪ੍ਰਗਟਾਵੇ ਅਤੇ ਧਰਮ ਦੀ ਆਜ਼ਾਦੀ ਦੀ ਸ਼ਰ੍ਹੇਆਮ ਉਲੰਘਣਾ ਹੈ। ਉਨ੍ਹਾਂ ਕਿਹਾ ਹੈ ਕਿ ਸਿੱਖ ਧਰਮ ਵਿਚ ਦਸਤਾਰ ਦੀ ਬਹੁਤ ਜ਼ਿਆਦਾ ਮਹੱਤਤਾ ਹੈ ਤੇ ਦਸਤਾਰ ’ਤੇ ਪਾਬੰਦੀ ਲਾਉਣਾ ਬੇਹੱਦ ਮੰਦਭਾਗਾ ਹੈ।

ਗਲੋਬਲ ਸਿੱਖ ਕੌਂਸਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਬਿੱਲ-21 ਖ਼ਿਲਾਫ਼ ਵਿਰੋਧੀ ਧਿਰਾਂ ਦਾ ਸਾਥ ਅਤੇ ਇਸ ਨੂੰ ਕੌਮਾਂਤਰੀ ਅਦਾਲਤ ਵਿਚ ਚੁਣੌਤੀ ਦੇਵੇ। ਸੰਸਥਾ ਨੇ ਮਨੁੱਖੀ ਅਧਿਕਾਰਾਂ ਸਬੰਧੀ ਹੋਰ ਜਥੇਬੰਦੀਆਂ ਨੂੰ ਵੀ ਇਸ ਬਿੱਲ ਖਿਲਾਫ਼ ਕਦਮ ਚੁੱਕਣ ਦੀ ਅਪੀਲ ਕੀਤੀ। ਸੰਸਥਾ ਨੇ ਕਿਹਾ ਕਿ ਸਾਰੇ ਸਰਕਾਰੀ ਕਰਮਚਾਰੀਆਂ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ, ਨੂੰ ਕਿਊਬਿਕ ਦੀ ਨੈਸ਼ਨਲ ਅਸੈਂਬਲੀ ਤੇ ਸੂਬਾਈ ਵਿਧਾਨ ਸਭਾ ਦੇ ਮੈਂਬਰਾਂ ਵਾਂਗ ਧਾਰਮਿਕ ਪ੍ਰਗਟਾਵੇ ਦਾ ਅਧਿਕਾਰ ਦਿੱਤਾ ਜਾਵੇ।

# ਕੇਂਦਰ ਵੱਲੋਂ ਐਮ.ਐਸ.ਪੀ. ਸਣੇ ਹੋਰ ਮਸਲਿਆਂ ਦੇ ਨਿਬੇੜੇ ਲਈ ਕੋਸ਼ਿਸ਼ਾਂ ਤੇਜ਼



**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਸਣੇ ਹੋਰ ਬਕਾਇਆ ਮੁੱਦਿਆਂ ਉਤੇ ਚਰਚਾ ਤੇ ਉਨ੍ਹਾਂ ਦੇ ਹੱਲ ਲਈ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕੀਤੀ ਹੈ। ਸੰਵਾਦ ਦੇ ਸ਼ੁਰੂਆਤੀ ਗੇੜ ਵਿਚ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨ ਡੈਲੀਗੇਟਾਂ ਤੇ ਆਗੂਆਂ ਨਾਲ ਮੁਲਾਕਾਤ ਕੀਤੀ।

ਚੌਹਾਨ ਨੇ ਵਾਅਦਾ ਕੀਤਾ ਕਿ ਕਿਸਾਨਾਂ ਦੇ ਮੁੱਦਿਆਂ ਦਾ ਹੱਲ ਹੋਣ ਤੱਕ ਲੰਮੀ ਅਤੇ ਇਤਬਾਰੀ ਚਰਚਾ ਦੀ ਲੜੀ ਜਾਰੀ ਰਹੇਗੀ। ਚੌਹਾਨ ਨੇ ਕਿਹਾ ਕਿ ਐਮ.ਐਸ.ਪੀ. ਪ੍ਰਣਾਲੀ ਨੂੰ ਮਜ਼ਬੂਤ ਕਰਨ ਸਬੰਧੀ ਸੁਝਾਅ ਮਿਲੇ ਹਨ, ਜਿਸ ਉਤੇ ਨਜ਼ਰਸਾਨੀ ਕੀਤੀ ਜਾਵੇਗੀ। ਕੇਂਦਰੀ ਮੰਤਰੀ ਨੇ ਹਰ ਮੰਗਲਵਾਰ ਨੂੰ ਦੇਸ਼ ਭਰ ਤੋਂ ਕਿਸਾਨ ਡੈਲੀਗੇਟਾਂ ਨੂੰ ਮਿਲਣ ਦਾ ਫ਼ੈਸਲਾ ਕੀਤਾ ਹੈ। ਕਾਬਿਲੇਗੌਰ ਹੈ ਮੀਟਿੰਗ ‘ਚ ਸ਼ੰਭੂ ਬਾਰਡਰ ਧਰਨੇ ਉਤੇ ਬੈਠੀਆਂ ਕਿਸਾਨ ਯੂਨੀਅਨਾਂ ਦਾ ਕੋਈ ਵੀ ਨੁਮਾਇੰਦਾ ਮੌਜੂਦ ਨਹੀਂ ਸੀ। ਆਈ.ਸੀ.ਏ.ਆਰ. ਦੇ ਪੀ.ਐਸ.ਯੂ.ਏ. ਕੰਪਲੈਕਸ ਵਿਚ ਹੋਈ ਬੈਠਕ ਵਿਚ ਲਗਭਗ 50 ਕਿਸਾਨ ਆਗੂ ਸ਼ਾਮਲ ਸਨ। ਚੌਹਾਨ ਨੇ ਕਿਹਾ ਕਿ ਗੱਲਬਾਤ ਦਾ ਪਹਿਲਾ ਗੇੜ ਸੀ ਤੇ ਕਿਸਾਨਾਂ ਨੇ ਫਸਲ ਬੀਮਾ ਸਕੀਮ ਤੇ ਐਮ.ਐਸ.ਪੀ. ਸਬੰਧੀ ਮੁੱਦੇ ਉਠਾਏ ਹਨ। ਬੈਠਕ ‘ਚ ਯੂਪੀ, ਉੱਤਰਾਖੰਡ, ਪੰਜਾਬ, ਹਰਿਆਣਾ ਤੇ ਮਹਾਰਾਸ਼ਟਰ ਤੋਂ ਬੀ.ਕੇ.ਯੂ. ਦੇ ਨੁਮਾਇੰਦੇ ਸ਼ਾਮਲ ਹੋਏ।

## ਗੱਲਬਾਤ ਹੀ ਅੱਗੇ ਵਧਣ ਦਾ ਇਕੋ ਇਕ ਰਾਹ: ਮਲਿਕ

**ਨਵੀਂ ਦਿੱਲੀ:** ਬੀ.ਕੇ.ਯੂ. (ਗ਼ੈਰਸਿਆਸੀ) ਦੇ ਤਰਜਮਾਨ ਧਰਮਵੀਰ ਮਲਿਕ ਨੇ ਬੈਠਕ ਉਪਰੰਤ ਕਿਹਾ ਕਿ ਉਹ ਅੰਦੋਲਨਕਾਰੀ ਯੂਨੀਅਨਾਂ ਤੇ ਸਰਕਾਰ ਨੂੰ ਗੱਲਬਾਤ ਦੀ ਅਪੀਲ ਕਰਦੇ ਹਨ ਕਿਉਂਕਿ ਅੱਗੇ ਵਧਣ ਦਾ ਇਹੀ ਇਕਲੌਤਾ ਰਾਹ ਹੈ। ਉਨ੍ਹਾਂ ਕਿਹਾ, “ਅਸੀਂ ਲੰਮੀ ਚੱਲੀ ਮੀਟਿੰਗ ਦੌਰਾਨ ਕਮਜ਼ੋਰ ਐਮ.ਐਸ.ਪੀ. ਪ੍ਰਣਾਲੀ, ਪੀ.ਐਮ. ਕਿਸਾਨ ਸਨਮਾਨ ਨਿਧੀ ਅਧੀਨ ਘੱਟ ਰਹੇ ਦਾਇਰੇ, ਫਸਲ ਬੀਮਾ ਯੋਜਨਾ ਅਤੇ ਖੇਤੀ ਉਤਪਾਦਾਂ ਦੀ ਦਰਾਮਦ ਕਾਰਨ ਕਿਸਾਨਾਂ ਨੂੰ ਵਿੱਤੀ ਘਾਟਾ ਪੈਣ ਦੇ ਮੁੱਦੇ ਉਠਾਏ ਹਨ। ਮੰਤਰੀ ਨੇ ਹੱਲ ਦਾ ਭਰੋਸਾ ਦਿੱਤਾ ਹੈ ਅਤੇ ਅਸੀਂ ਉਨ੍ਹਾਂ ਨੂੰ ਇਨ੍ਹਾਂ ਚਾਰ ਮੁੱਦਿਆਂ ’ਤੇ ਵੱਖੋ-ਵੱਖਰੀ ਸੂਬਾ ਪੱਧਰੀ ਗੱਲਬਾਤ ਕਰਨ ਸਣੇ ਕਈ ਹੋਰ ਸੁਝਾਅ ਦਿੱਤੇ ਹਨ।’

ਕਿਸਾਨਾਂ ਨਾਲ ਮੀਟਿੰਗ ਮਗਰੋਂ ਕੇਂਦਰੀ ਖੇਤੀ ਮੰਤਰੀ ਸ਼ਿਵ ਰਾਜ ਚੌਹਾਨ ਨੇ ਕਿਹਾ ਕਿ ਖੇਤੀ ਦੇਸ਼ ਦੀ ਰੀੜ੍ਹ ਦੀ ਹੱਡੀ ਹੈ ਅਤੇ ਕਿਸਾਨ ਦੇਸ਼ ਦੀ ਰੂਹ ਹਨ। ਕਿਸਾਨਾਂ ਦੀ ਸੇਵਾ ਰੱਬ ਦੀ ਪੂਜਾ ਕਰਨ ਵਾਂਗ ਹੈ। ਮੈਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਮਿਲਿਆ ਤੇ ਉਨ੍ਹਾਂ ਬਹੁਤ ਸਾਰੇ ਸੁਝਾਅ ਦਿੱਤੇ। ਅਸੀਂ ਉਨ੍ਹਾਂ ਦੇ ਸੁਝਾਵਾਂ ਉਤੇ ਕੰਮ ਕਰ ਰਹੇ ਹਾਂ। ਉਨ੍ਹਾਂ ‘ਚੋਂ ਕੁਝ ਫਸਲਾਂ, ਫਸਲ ਬੀਮਾ ਯੋਜਨਾ ਤੇ ਫਸਲਾਂ ਦੇ ਖਰਾਬੇ ਬਾਰੇ ਹਨ।‘ ਉਨ੍ਹਾਂ ਕਿਹਾ, ‘ਇਹ ਮੰਤਰਾਲਾ ਤੁਹਾਡਾ ਹੈ। ਮੈਂ ਅਜਿਹੇ ਪ੍ਰਬੰਧ ਵਿਚ ਯਕੀਨ ਰੱਖਦਾ ਹਾਂ ਜਿਸ ਵਿਚ ਅਸੀਂ ਮੁੱਦਿਆਂ ‘ਤੇ ਚਰਚਾ ਲਈ ਅਸਾਨੀ ਨਾਲ ਮੁਲਾਕਾਤ ਸਕੀਏ।‘ ਉਨ੍ਹਾਂ ਕਿਸਾਨਾਂ ਨੂੰ ਆਪਣੇ ਸੁਝਾਅ ਸਾਂਝੇ ਕਰਨ ਲਈ ਉਤਸ਼ਾਹਿਤ ਕੀਤਾ।

# ਇਮੀਗ੍ਰੇਸ਼ਨ ਏਜੰਟ ’ਤੇ ਪਿਸਤੌਲ ਤਾਣਨ ਵਾਲੇ ਪੰਜਾਬੀ ਗ੍ਰਿਫ਼ਤਾਰ

**ਵੈਨਕੂਵਰ:** ਪੁਲਿਸ ਨੇ ਕੈਲਗਰੀ ਦੇ ਦਸਮੇਸ਼ ਕਲਚਰਲ ਸੈਂਟਰ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਇੰਮੀਗ੍ਰੇਸ਼ਨ ਏਜੰਟ ਉਤੇ ਬੰਦੂਕ ਤਾਣ ਕੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਦੋ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਮੁਲਜ਼ਮਾਂ ਦੀ ਪਛਾਣ ਗੁਰਸੇਵਕ ਸਿੰਘ ਰੰਧਾਵਾ ਤੇ ਸੁਖਪ੍ਰੀਤ ਸਿੰਘ ਵਜੋਂ ਹੋਈ ਹੈ। ਦੋਵਾਂ ਖ਼ਿਲਾਫ਼ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਹਨ। ਪੁਲਿਸ ਮੁਲਜ਼ਮਾਂ ਖ਼ਿਲਾਫ਼ ਲਾਏ ਫਿਰੌਤੀ ਮੰਗਣ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ।

ਜਾਣਕਾਰੀ ਅਨੁਸਾਰ ਇੰਮੀਗ੍ਰੇਸ਼ਨ ਏਜੰਟ ਨੇ ਦੋਸ਼ ਲਾਇਆ ਕਿ ਉਸ ਨੂੰ ਫੋਨ ‘ਤੇ ਧਮਕੀਆਂ ਮਿਲ ਰਹੀਆਂ ਸਨ ਅਤੇ ਫਿਰੌਤੀ ਮੰਗੀ ਜਾ ਰਹੀ ਸੀ। ਫੋਨ ਨੰਬਰ ਰਾਹੀਂ ਉਸ ਨੇ ਮੁਲਜ਼ਮਾਂ ਦੀ ਪਛਾਣ ਕੀਤੀ। ਉਨ੍ਹਾਂ ਕਿਹਾ ਕਿ ਚਾਰ ਦਿਨ ਪਹਿਲਾਂ ਉਹ ਉਕਤ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਖੜ੍ਹਾ ਸੀ।

ਇਸ ਦੌਰਾਨ ਦੋਵੇਂ ਮੁਲਜ਼ਮ ਉੱਥੇ ਪਹੁੰਚੇ ਅਤੇ ਉਸ ‘ਤੇ ਪਿਸਤੌਲ ਤਾਣ ਦਿੱਤਾ। ਘਟਨਾ ਸਥਾਨ ‘ਤੇ ਪੁੱਜੀ ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੂਰੀ ਘਟਨਾ ਦੀ ਵੀਡੀਓ ਵਾਇਰਲ ਹੋ ਗਈ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਵਾਪਰੀ ਇਸ ਘਟਨਾ ਦੀ ਨਿਖੇਧੀ ਕੀਤੀ ਜਾ ਰਹੀ ਹੈ।

ਪੁਲਿਸ ਨੇ ਨਿਹੰਗ ਰਿਐਟਰ ਦੇ ਨਾਂਅ ਹੇਠ ਕਾਰੋਬਾਰ ਕਰਦੇ ਗੁਰਸੇਵਕ ਤੇ ਉਸਦੇ ਸਾਥੀ ਸੁਖਪ੍ਰੀਤ ਸਿੰਘ (ਸਟੱਡੀ ਵੀਜ਼ਾ) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗੁਰਸੇਵਕ ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟਸ ਤੋਂ ਮਿਲੇ ਵੇਰਵਿਆਂ ਮੁਤਾਬਕ ਉਹ ਕਥਿਤ ਖਾਲਿਸਤਾਨੀ ਸਮਰਥਕ ਹੈ ਤੇ ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਦਾ ਨਜ਼ਦੀਕੀ ਹੈ।

## ਕੀਰਤਪੁਰ ਸਾਹਿਬ ਥਾਣੇ ਨੂੰ ਕੌਮੀ ਪੱਧਰ ‘ਤੇ ਮਿਲਿਆ 8ਵਾਂ ਰੈਂਕ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਪੁਲਿਸ ਦੀ ਲਗਨ, ਸਖ਼ਤ ਮਿਹਨਤ ਨੂੰ ਮਾਨਤਾ ਦਿੰਦੇ ਹੋਏ ਪੰਜਾਬ ਦੇ ਕੀਰਤਪੁਰ ਸਾਹਿਬ ਪੁਲਿਸ ਥਾਣੇ ਨੂੰ 2023 ਦੀ ਸਾਲਾਨਾ ਰੈਂਕਿੰਗ ਵਿਚ ਕੌਮੀ ਪੱਧਰ ‘ਤੇ 8ਵਾਂ ਅਤੇ ਪੰਜਾਬ ਵਿਚੋਂ ਪਹਿਲਾ ਸਥਾਨ ਦਿੱਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪ੍ਰਾਪਤ ਸਰਟੀਫਿਕੇਟ ਐਸ.ਐਸ.ਪੀ. ਰੂਪਨਗਰ ਗੁਲਨੀਤ ਸਿੰਘ ਖੁਰਾਣਾ ਨੂੰ ਅਤੇ ਐਸ.ਐਚ.ਓ. ਕੀਰਤਪੁਰ ਸਾਹਿਬ ਨੂੰ ਸੌਂਪੇ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪ੍ਰਭਾਵੀ ਢੰਗ ਨਾਲ ਸ਼ਿਕਾਇਤ ਨਿਪਟਾਰੇ, ਰਿਕਾਰਡ ਦੀ ਸਾਂਭ-ਸੰਭਾਲ ਆਦਿ ਦੇ ਆਧਾਰ ‘ਤੇ ਸਾਲਾਨਾ ਦਰਜਾਬੰਦੀ ਕੀਤੀ ਜਾਂਦੀ ਹੈ। ਸ੍ਰੀ ਯਾਦਵ ਨੇ ਕਿਹਾ ਕਿ ਕੀਰਤਪੁਰ ਸਾਹਿਬ ਪੁਲਿਸ ਥਾਣੇ ਨੇ ਕੁਸ਼ਲ ਅਤੇ ਸੁਚੱਜੀ ਪੁਲਿਸਿੰਗ ਪ੍ਰਤੀ ਆਪਣੀ ਵਚਨਬੱਧਤਾ ਦਾ ਸਬੂਤ ਦਿੰਦੇ ਹੋਏ ਇਨ੍ਹਾਂ ਖੇਤਰਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

# ਅਮਰੀਕਾ ਨੇ ਭਾਰਤੀਆਂ ਨੂੰ ਵੀਜ਼ਾ ਦੇਣ ਲਈ ਢਾਈ ਲੱਖ ਸਲਾਟ ਖੋਲ੍ਹੇ

**ਨਵੀਂ ਦਿੱਲੀ:** ਭਾਰਤ ਵਿਚਲੇ ਅਮਰੀਕੀ ਦੂਤਾਵਾਸ ਨੇ ਦੱਸਿਆ ਕਿ ਸੰਯੁਕਤ ਰਾਜ ਨੇ ਭਾਰਤੀ ਸੈਲਾਨੀਆਂ, ਹੁਨਰਮੰਦ ਕਾਮਿਆਂ ਅਤੇ ਵਿਦਿਆਰਥੀਆਂ ਲਈ ਵਾਧੂ 2,50,000 ਵੀਜ਼ਾ ਸਲਾਟ (ਵੀਜ਼ਾ ਲੈਣ ਲਈ ਦਰਖਾਸਤ ਕਰਨ ਦੀ ਪ੍ਰਕਿਰਿਆ) ਖੋਲ੍ਹ ਦਿੱਤੇ ਹਨ। ਅਮਰੀਕੀ ਦੂਤਾਵਾਸ ਨੇ ਕਿਹਾ ਕਿ ਨਵੇਂ ਸਲਾਟ ਭਾਰਤੀ ਬਿਨੈਕਾਰਾਂ ਨੂੰ ਸਮੇਂ ਸਿਰ ਇੰਟਰਵਿਊ ਦੇਣ ਤੇ ਉਨ੍ਹਾਂ ਵੱਲੋਂ ਅਮਰੀਕਾ ਦੀ ਯਾਤਰਾ ਕਰਨ ਦੀ ਸਹੂਲਤ ਪ੍ਰਦਾਨ ਕਰਨਗੇ।

ਦੱਸਣਾ ਬਣਦਾ ਹੈ ਕਿ ਭਾਰਤ ਵਾਸੀਆਂ ਨੂੰ ਕਈ ਕਈ ਮਹੀਨੇ ਤੇ ਸਾਲ ਤੋਂ ਉਪਰ ਅਮਰੀਕਾ ਦੀ ਇੰਟਰਵਿਊ ਦੇਣ ਲਈ ਇੰਤਜ਼ਾਰ ਕਰਨਾ ਪੈਂਦਾ ਸੀ ਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਵੀਜ਼ਾ ਮਿਲਣ ਜਾਂ ਨਾ ਮਿਲਣ ਦਾ ਫੈਸਲਾ ਹੁੰਦਾ ਸੀ ਪਰ ਅਮਰੀਕਾ ਦੇ ਇਸ ਕਦਮ ਨਾਲ ਵੱਡੀ ਗਿਣਤੀ ਭਾਰਤੀਆਂ ਨੂੰ ਫਾਇਦਾ ਹੋਵੇਗਾ। ਦੂਤਾਵਾਸ ਦੇ ਰਿਕਾਰਡ




ਅਨੁਸਾਰ ਇਸ ਸਾਲ ਵਿਚ ਹੁਣ ਤੱਕ 12 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦੀ ਯਾਤਰਾ ਕੀਤੀ ਹੈ ਜੋ ਕਿ 2023 ਦੀ ਇਸ ਮਿਆਦ ਦੇ ਮੁਕਾਬਲੇ 35 ਫੀਸਦੀ ਵੱਧ ਹੈ। ਇਹ ਵੀ ਦੱਸਦਾ ਬਣਦਾ ਹੈ ਕਿ ਘੱਟੋ-ਘੱਟ 60 ਲੱਖ ਭਾਰਤੀਆਂ ਕੋਲ ਪਹਿਲਾਂ ਹੀ ਅਮਰੀਕਾ ਜਾਣ ਦਾ ਵੀਜ਼ਾ ਹੈ।

# ਫਲਸਤੀਨੀ ਸਮਰਥਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਛੇੜ-ਛਾੜ ਕੀਤੀ

**ਵੈਨਕੂਵਰ:** ਫਲਸਤੀਨ ਦੇ ਗਾਜ਼ਾ ਵਿਚ ਹਮਲਿਆਂ ਦਾ ਇਕ ਸਾਲ ਪੂਰਾ ਹੋਣ ਮੌਕੇ ਕੈਨੇਡਾ ਵਿਚ ਇਜ਼ਰਾਈਲ ਖ਼ਿਲਾਫ਼ ਰੋਸ ਵਿਖਾਵੇ ਕੀਤੇ ਜਾ ਰਹੇ ਹਨ। ਇਸ ਦੌਰਾਨ ਮਿਸੀਸਾਗਾ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਫਲਸਤੀਨੀ ਝੰਡਾ ਬੰਨ੍ਹ ਦਿੱਤਾ ਗਿਆ।

ਕੁਝ ਵਿਖਾਵਾਕਾਰੀਆਂ ਨੇ ਮਿਸੀਸਾਗਾ ਸ਼ਹਿਰ ਦੀ ਡਰਿਊ ਰੋਡ ਸਥਿਤ ਗਰੇਟ ਪੰਜਾਬ ਪਲਾਜ਼ੇ ਵਿਚ ਲੱਗੇ ਆਦਮ ਕੱਦ ਅਕਾਰੀ ਘੋੜੇ ‘ਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਕਥਿਤ ਛੇੜ-ਛਾੜ ਵੀ ਕੀਤੀ। ਪੰਜਾਬੀ ਭਾਈਚਾਰੇ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ‘ਤੇ ਫਲਸਤੀਨੀ ਝੰਡਾ ਲਾਉਣ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਪ੍ਰਦਰਸ਼ਨ ਦੌਰਾਨ ਦੋ ਨਕਾਬਪੋਸ਼ ਬੁੱਤ ‘ਤੇ ਚੜ੍ਹੇ ਅਤੇ ਘੋੜੇ ਦੀ ਗਰਦਨ ਨਾਲ ਫਲਸਤੀਨ ਦਾ ਝੰਡਾ ਬੰਨ੍ਹਣ ਮਗਰੋਂ ਫ਼ਰਾਰ ਹੋ ਗਏ। ਹਾਲਾਂਕਿ, ਪੁਲਿਸ ਨੇ ਝੰਡਾ ਉਤਾਰ ਦਿੱਤਾ ਅਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਬੁੱਤ ‘ਤੇ ਝੰਡਾ ਲਾਉਣ ਦੀ ਘਟਨਾ ਦੀ ਵੀਡੀਓ ਬਣਾਉਣ ਵਾਲਿਆਂ ਨੇ ਕਿਹਾ ਕਿ ਬੁੱਤ ਦੀ ਕੋਈ ਭੰਨ-ਤੋੜ ਨਹੀਂ ਕੀਤੀ ਗਈ।

ਕੈਨੇਡਾ ਰਹਿੰਦੇ ਫਲਸਤੀਨ ਸਮਰਥਕ ਕਈ ਦਿਨਾਂ ਤੋਂ ਇਜ਼ਰਾਈਲ ਖ਼ਿਲਾਫ਼ ਰੋਸ ਵਿਖਾਵੇ ਕਰ ਰਹੇ ਹਨ ਅਤੇ ਕਈ ਥਾਵਾਂ ‘ਤੇ ਫਲਸਤੀਨੀ ਝੰਡੇ ਲਗਾ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਦੋ ਦਿਨ ਪਹਿਲਾਂ ਹਾਈਵੇਅ 401 ਸਮੇਤ ਕਈ ਹੋਰ ਪ੍ਰਮੁੱਖ ਸੜਕਾਂ ਦੀਆਂ ਉੱਚੀਆਂ ਥਾਵਾਂ ਉੱਤੇ ਝੰਡੇ ਬੰਨ੍ਹ ਦਿੱਤੇ ਸਨ ਜੋ ਬਾਅਦ ਵਿਚ ਪੁਲਿਸ ਵੱਲੋਂ ਉਤਾਰ ਦਿੱਤੇ ਗਏ।



ਇਸ ਦੌਰਾਨ ਟੋਰਾਂਟੋ ਸਥਿਤ ਸੀਐੱਨ ਟਾਵਰ ਉੱਤੇ ਝੰਡਾ ਬੰਨ੍ਹਣ ਦਾ ਯਤਨ ਪੁਲਿਸ ਨੇ ਨਾਕਾਮ ਕਰ ਦਿੱਤਾ। ਇਸ ਦੌਰਾਨ ਪੁਲਿਸ ਨੇ ਕੁਝ ਵਿਖਾਵਾਕਾਰੀ ਹਿਰਾਸਤ ਵਿਚ ਵੀ ਲਏ। ਦੱਸਿਆ ਜਾ ਰਿਹਾ ਹੈ ਕਿ ਉਹ ਉਸੇ ਦਿਨ ਜ਼ਮਾਨਤ ਮਿਲਣ ਮਗਰੋਂ ਮੁੜ ਰੋਸ ਪ੍ਰਦਰਸ਼ਨਾਂ ਵਿਚ ਸ਼ਾਮਲ ਹੋ ਗਏ। ਪ੍ਰਦਰਸ਼ਨਕਾਰੀ ਆਲਮੀ ਪੱਧਰ ‘ਤੇ ਫਲਸਤੀਨੀਆਂ ਲਈ ਸਮਰਥਨ ਜੁਟਾਉਣ ਦਾ ਯਤਨ ਕਰ ਰਹੇ ਹਨ। ਜਾਣਕਾਰਾਂ ਦਾ ਮੰਨਣਾ ਹੈ ਕਿ ਮਹਾਰਾਜੇ ਦੀ ਮਹਾਨਤਾ ਤੋਂ ਅਣਜਾਣ ਇਨ੍ਹਾਂ ਲੋਕਾਂ ਨੇ ਸ਼ਾਇਦ ਬੁੱਤ ਦੀ ਉਚਾਈ ਅਤੇ ਲੋਕਾਂ ਦੀ ਉਸ ਪ੍ਰਤੀ ਖਿੱਚ ਵੇਖ ਕੇ ਇੰਜ ਕਰਨ ਦਾ ਯਤਨ ਕੀਤਾ ਹੋਵੇ। ਸੂਤਰਾਂ ਅਨੁਸਾਰ ਪੁਲਿਸ ਨੇ ਇਸ ਸਬੰਧੀ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ।

## ਬਲੋਚਿਸਤਾਨ ਵਿਚ ਸੱਤ ਪੰਜਾਬੀ ਮਜ਼ਦੂਰਾਂ ਦੀ ਹੱਤਿਆ

**ਇਸਲਾਮਾਬਾਦ:** ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿਚ ਸ਼ੱਕੀ ਅਤਿਵਾਦੀਆਂ ਨੇ ਪੰਜਾਬ ਦੇ ਘੱਟੋ-ਘੱਟ ਸੱਤ ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ। ਬਲੋਚਿਸਤਾਨ ਵਿਚ ਨਿਸ਼ਾਨਾ ਬਣਾ ਕੇ ਹੱਤਿਆ ਕਰਨ ਦੀ ਇਹ ਤਾਜ਼ੀ ਘਟਨਾ ਹੈ। ਪੁਲਿਸ ਨੇ ਦੱਸਿਆ ਕਿ ਇਹ ਮਜ਼ਦੂਰ ਪੰਜਗੁਰ ਕਸਬੇ ਦੇ ਖ਼ੁਦਾ-ਏ-ਅਬਾਦਾਨ ਇਲਾਕੇ ਵਿਚ ਇਕ ਮਕਾਨ ਦੀ ਉਸਾਰੀ ਵਿਚ ਲੱਗੇ ਹੋਏ ਸਨ। ਉਨ੍ਹਾਂ ਦੱਸਿਆ ਕਿ ਸ਼ੱਕੀ ਅਤਿਵਾਦੀਆਂ ਨੇ ਹਮਲਾ ਉਸ ਸਮੇਂ ਕੀਤਾ ਜਦੋਂ ਮਜ਼ਦੂਰ ਸਾਰਾ ਦਿਨ ਕੰਮ ਕਰਨ ਮਗਰੋਂ ਇਕ ਛੱਤ ਹੇਠ ਸੌਂ ਰਹੇ ਸਨ। ਪੁਲਿਸ ਨੇ ਦੱਸਿਆ ਕਿ ਸਾਰੇ ਮਜ਼ਦੂਰ ਪੰਜਾਬ ਦੇ ਮੁਲਤਾਨ ਜ਼ਿਲ੍ਹੇ ਦੇ ਵਸਨੀਕ ਸਨ। ਪੁਲਿਸ ਦੇ ਆਈ.ਜੀ. ਮੁਅੱਜ਼ਮ ਜਾਹ ਅੰਸਾਰੀ ਨੇ ‘ਡਾਅਨ’ ਅਖਬਾਰ ਨੂੰ ਦੱਸਿਆ, “ਗੋਲੀਬਾਰੀ ਵਿਚ ਸੱਤ ਮਜ਼ਦੂਰਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸਾਜਿਦ, ਸ਼ਫੀਕ, ਫੈਯਾਜ਼, ਇਫ਼ਤਿਖਾਰ, ਸਲਮਾਨ, ਖਾਲਿਦ ਅਤੇ ਅੱਲ੍ਹਾ ਵਾਸਿਆ ਵਜੋਂ ਹੋਈ ਹੈ।”

# ਘੱਟ ਭਾਅ ਮਿਲਣ ’ਤੇ ਕਿਸਾਨਾਂ ਨੇ ਸੜਕਾਂ ’ਤੇ ਖਿਲਾਰੀ ਬਾਸਮਤੀ

**ਅੰਮ੍ਰਿਤਸਰ:** ਮੰਡੀਆਂ ਵਿਚ ਬਾਸਮਤੀ ਤੇ ਝੋਨੇ ਦਾ ਘੱਟ ਰੇਟ ਮਿਲਣ ਕਾਰਨ ਨਾਰਾਜ਼ ਕਿਸਾਨਾਂ ਵੱਲੋਂ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਰੋਸ ਵਿਖਾਵਾ ਕੀਤਾ ਗਿਆ। ਰੋਸ ਵਿਚ ਆਏ ਕਿਸਾਨਾਂ ਨੇ ਸ਼ਹਿਰ ਦੀਆਂ ਸੜਕਾਂ ’ਤੇ ਬਾਸਮਤੀ ਖਿਲਾਰ ਦਿੱਤੀ।

ਇਸ ਤੋਂ ਪਹਿਲਾਂ ਡੀ.ਸੀ. ਦਫਤਰ ਅੱਗੇ ਬਾਸਮਤੀ ਦੇ ਢੇਰ ਲਗਾ ਕੇ ਕੇਂਦਰ ਅਤੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਕਿਸਾਨ ਜਥੇਬੰਦੀ ਦੇ ਸੂਬਾ ਆਗੂ ਸਰਵਣ ਸਿੰਘ ਪੰਧੇਰ ਤੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਦੀ ਅਗਵਾਈ ਹੇਠ ਪਹਿਲਾਂ ਕਿਸਾਨ ਡੀਸੀ ਦਫਤਰ ਪੁੱਜੇ ਜਿੱਥੇ ਉਨ੍ਹਾਂ ਆਪਣੇ ਨਾਲ ਲਿਆਂਦੀ ਬਾਸਮਤੀ ਦੇ ਢੇਰ ਲਾ ਦਿੱਤੇ। ਪ੍ਰਦਰਸ਼ਨਕਾਰੀਆਂ ਨੇ ਫਸਲ ਦਾ ਘੱਟ ਰੇਟ ਮਿਲਣ ਦਾ ਦੋਸ਼ ਲਾਉਂਦਿਆਂ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨ ਦੀ ਬਾਸਮਤੀ ਅੱਧੇ ਮੁੱਲ ’ਤੇ ਖਰੀਦੀ ਜਾ ਰਹੀ ਹੈ। ਬਾਸਮਤੀ ਦੀਆਂ ਕਿਸਮ 1692 ਅਤੇ 1509 ਦਾ ਰੇਟ 2000 ਤੋਂ 2400 ਰੁਪਏ ਪ੍ਰਤੀ ਕੁਇੰਟਲ ਤੱਕ ਮਿਲ ਰਿਹਾ ਹੈ ਅਤੇ ਕੁਝ ਕਿਸਾਨਾਂ ਦੀ ਫ਼ਸਲ 1800 ਰੁਪਏ ਤੱਕ ਵੀ ਵਿਕੀ ਹੈ ਜਦਕਿ ਪਿਛਲੇ ਸਾਲ ਇਸੇ ਫਸਲ ਦਾ ਰੇਟ 3500-4000 ਰੁਪਏ ਪ੍ਰਤੀ ਕੁਇੰਟਲ ਸੀ, ਜਿਸ ਕਾਰਨ ਹਰ ਕਿਸਾਨ ਨੂੰ ਵੱਡਾ ਘਾਟਾ ਪੈ ਰਿਹਾ ਹੈ।



ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ ਦਾ ਕਹਿਣਾ ਸੀ ਕਿ ਜੇ ਬਾਸਮਤੀ ਦਾ ਰੇਟ 3200 ਰੁਪਏ ਤੋਂ ਘਟੇਗਾ ਤਾਂ ਇਹ ਘਾਟਾ ਪੰਜਾਬ ਸਰਕਾਰ ਪੂਰਾ ਕਰੇਗੀ ਪਰ ਅਜਿਹੀ ਸਥਿਤੀ ਵਿਚ ਪੰਜਾਬ ਸਰਕਾਰ ਚੁੱਪ ਬੈਠੀ ਹੈ ਅਤੇ ਕਿਸਾਨਾਂ ਨੂੰ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨੇ ਦੇਸ਼ ਦੇ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਵਿਚ ਆਵਾਜ਼ ਚੁੱਕੀ ਸੀ ਜਿਸ ਕਾਰਨ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਆ ਸਲੂਕ ਕਰ ਰਹੀ ਹੈ ਅਤੇ ਪੰਜਾਬ ਦੀ ਬਾਸਮਤੀ ਨੂੰ ਰੋਲਿਆ ਜਾ ਰਿਹਾ ਹੈ।

## ਖੇਤੀ ਮੰਤਰੀ ਵੱਲੋਂ ‘ਉੱਨਤ ਕਿਸਾਨ’ ਮੋਬਾਈਲ ਐਪ ਦੀ ਸ਼ੁਰੂਆਤ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸੂਬੇ ਵਿਚ ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ‘ਉੱਨਤ ਕਿਸਾਨ’ ਮੋਬਾਈਲ ਐਪਲੀਕੇਸ਼ਨ ਲਾਂਚ ਕੀਤੀ ਹੈ। ਐਪ ਰਾਹੀਂ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਆਸਾਨੀ ਨਾਲ ਉਪਲੱਬਧ ਕਰਵਾਈਆਂ ਜਾਣਗੀਆਂ। ਖੁੱਡੀਆਂ ਨੇ ਕਿਹਾ ਕਿ ਇਸ ਐਪ ਉਤੇ ਕਿਸਾਨਾਂ ਲਈ 1.30 ਲੱਖ ਤੋਂ ਵੱਧ ਸੀ.ਆਰ.ਐਮ. ਮਸ਼ੀਨਾਂ ਦੀ ਮੈਪਿੰਗ ਕੀਤੀ ਗਈ ਹੈ। ਇਸ ਮੋਬਾਈਲ ਐਪਲੀਕੇਸ਼ਨ ਰਾਹੀਂ ਕਿਸਾਨ ਆਪਣੇ ਆਸ-ਪਾਸ ਉਪਲਬਧ ਮਸ਼ੀਨ ਆਸਾਨੀ ਨਾਲ ਬੁੱਕ ਕਰਵਾ ਸਕਦੇ ਹਨ। ਮਸ਼ੀਨਾਂ ਦੀ ਬੁਕਿੰਗ ਪ੍ਰਕਿਰਿਆ ’ਚ ਕਿਸਾਨਾਂ ਦੀ ਸਹਾਇਤਾ ਲਈ 5,000 ਤੋਂ ਵੱਧ ਫੈਸਿਲੀਟੇਟਰ, ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ।

## ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ

**ਤਲਵੰਡੀ ਸਾਬੋ:** ਇੱਥੇ 30 ਸਾਲਾ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਸਥਾਨਕ ਬੱਸ ਅੱਡੇ ’ਚੋਂ ਕੁਝ ਲੋਕਾਂ ਨੂੰ ਨੌਜਵਾਨ ਡਿੱਗਿਆ ਪਿਆ ਮਿਲਿਆ ਸੀ, ਜਿਸ ਦੀ ਮੌਤ ਹੋ ਚੁੱਕੀ ਸੀ। ਮ੍ਰਿਤਕ ਦੀ ਪਛਾਣ ਧਰਮਪਾਲ ਸਿੰਘ ਲਾਲੀ ਵਾਸੀ ਫਤਿਹਗੜ੍ਹ ਨੌ ਆਬਾਦ (ਹਾਲ ਆਬਾਦ ਤਲਵੰਡੀ ਸਾਬੋ) ਵਜੋਂ ਹੋਈ ਹੈ। ਇਹ ਨੌਜਵਾਨ ਈ.ਟੀ.ਟੀ. ਪਾਸ ਸੀ। ਨੌਜਵਾਨ ਆਪਣੇ ਪਿਤਾ ਦਾ ਇਕਲੌਤਾ ਸਹਾਰਾ ਸੀ। ਮ੍ਰਿਤਕ ਦੇ ਪਿਤਾ ਗੁਰਜੰਟ ਸਿੰਘ ਨੇ ਦੱਸਿਆ ਕਿ ਪੁਲਿਸ ਚਿੱਟੇ ਨੂੰ ਠੱਲ੍ਹ ਪਾਉਣ ’ਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਆਏ ਦਿਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ।

# ਐਫ.ਸੀ.ਆਈ. ਨੇ ਪੰਜਾਬ ਸਣੇ ਤਿੰਨ ਰਾਜਾਂ ’ਚ ਸਾਇਲੋਜ਼ ਬਣਾਏ

**ਨਵੀਂ ਦਿੱਲੀ:** ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੇ ਪੰਜਾਬ ਸਣੇ ਤਿੰਨ ਰਾਜਾਂ ਵਿਚ ਪਬਲਿਕ-ਪ੍ਰਾਈਵੇਟ-ਪਾਰਟਨਰਸ਼ਿਪ ਮਾਡਲ ਤਹਿਤ ਛੇ ਅਤਿ-ਆਧੁਨਿਕ ਸਾਇਲੋ ਪ੍ਰੋਜੈਕਟ ਵਿਕਸਤ ਕੀਤੇ ਹਨ। ਆਧੁਨਿਕ ਸਹੂਲਤਾਂ ਨਾਲ ਲੈਸ ਇਨ੍ਹਾਂ ਛੇ ਪ੍ਰੋਜੈਕਟਾਂ ਵਿਚੋਂ ਤਿੰਨ ਪੰਜਾਬ (ਲੁਧਿਆਣਾ, ਅੰਮ੍ਰਿਤਸਰ ਤੇ ਬਟਾਲਾ) ਵਿਚ ਹਨ। ਇਨ੍ਹਾਂ ਪ੍ਰੋਜੈਕਟਾਂ ਦਾ ਮੁੱਖ ਮੰਤਵ ਸਟੋਰੇਜ (ਭੰਡਾਰਨ) ਤੇ ਟਰਾਂਸਪੋਰਟੇਸ਼ਨ ਨਾਲ ਜੁੜੀ ਬੁਨਿਆਦੀ ਢਾਂਚਾ ਸਮਰੱਥਾ ਨੂੰ ਵਧਾਉਣਾ ਹੈ। ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲੇ ਨੇ ਬਿਆਨ ਵਿਚ ਕਿਹਾ ਕਿ ਐਫ.ਸੀ.ਆਈ. ਨੇ ਪੰਜਾਬ, ਬਿਹਾਰ ਤੇ ਗੁਜਰਾਤ ਵਿਚ ਇਹ ਸਾਇਲੋ ਪ੍ਰੋਜੈਕਟ ਸਥਾਪਿਤ ਕੀਤੇ ਹਨ।



ਇਨ੍ਹਾਂ ਪ੍ਰੋਜੈਕਟਾਂ ਦਾ ਨਿਰਮਾਣ ਨਿੱਜੀ ਨਿਵੇਸ਼ ਨਾਲ ਡਿਜ਼ਾਈਨ, ਬਿਲਡ, ਫਾਇਨਾਂਸ, ਓਅਨ (ਮਾਲਕੀ ਹੱਕ) ਤੇ ਅਪਰੇਟ (ਡੀ.ਬੀ.ਐਫ.ਓ.ਓ) ਅਧਾਰ ’ਤੇ ਕੀਤਾ ਗਿਆ ਹੈ। ਪੰਜਾਬ ਵਿਚ ਮੈਸਰਜ਼ ਲੀਪ ਐਗਰੀ ਲੌਜਿਸਟਿਕਸ (ਲੁਧਿਆਣਾ) ਪ੍ਰਾਈਵੇਟ ਲਿਮਟਿਡ ਵੱਲੋਂ ਸਾਹਨੇਵਾਲ ਸਾਇਲੋ ਪ੍ਰੋਜੈਕਟ ਡੀ.ਬੀ.ਐਫ.ਓ.ਟੀ. ਮਾਡਲ ਤਹਿਤ ਵਿਕਸਤ ਕੀਤਾ ਗਿਆ ਹੈ।

ਸਾਹਨੇਵਾਲ ’ਚ ਲੱਗੇ ਇਸ ਸਾਇਲੋ ਦੀ ਕੁੱਲ ਸਮਰੱਥਾ 50,000 ਟਨ ਹੈ। ਇਸ ਸਾਇਲੋ ਦੇ ਲੱਗਣ ਨਾਲ ਸਥਾਨਕ ਕਿਸਾਨਾਂ ਨੂੰ ਵੱਡਾ ਫਾਇਦਾ ਹੋਇਆ ਹੈ ਤੇ ਪੰਜਾਬ ਦੀ ਭੰਡਾਰਨ ਸਮਰਥਾ ਵੀ ਵਧੀ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਛੇਹਰਟਾ ਤੇ ਬਟਾਲਾ ਵਿਚ ਵੀ ਉਪਰੋਕਤ ਪ੍ਰੋਜੈਕਟ ਤਹਿਤ ਸਾਇਲੋ ਤਿਆਰ ਕੀਤੇ ਗਏ ਹਨ। ਬਿਹਾਰ ਦੇ ਦਰਭੰਗਾ ਵਿਚ ਸਮਸਤੀਪੁਰ ਵਿਚ ਮੈਸਰਜ਼ ਅਡਾਨੀ ਐਗਰੀ ਲੌਜਿਸਟਿਕਸ (ਸਮਸਤੀਪੁਰ) ਲਿਮਟਿਡ ਵੱਲੋਂ 50,000 ਟਨ ਦਾ ਸਾਇਲੋ ਸਥਾਪਿਤ ਕੀਤਾ ਗਿਆ ਹੈ, ਜੋ ਮਈ ਮਹੀਨੇ ਪੂਰਾ ਹੋਣ ਮਗਰੋਂ ਚਾਲੂ ਹੋ ਚੁੱਕਾ ਹੈ।

# ਪ੍ਰਕਾਸ਼ ਪੁਰਬ ਮਨਾਉਣ ਲਈ ਜੱਥਾ ਪਾਕਿਸਤਾਨ ਜਾਵੇਗਾ

**ਮੁਹਾਲੀ:** ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਚੂਨਾ ਮੰਡੀ ਲਾਹੌਰ ਵਿਖੇ ਮਨਾਉਣ ਲਈ ਮੁਲਾਜ਼ਮ ਆਗੂਆਂ ਤੇ ਸਿੱਖ ਸ਼ਰਧਾਲੂਆਂ ਦਾ 31 ਮੈਂਬਰੀ ਵਿਸ਼ੇਸ਼ ਜਥਾ 7 ਅਕਤੂਬਰ ਨੂੰ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਤੋਂ ਪਾਕਿਸਤਾਨ ਲਈ ਰਵਾਨਾ ਹੋਵੇਗਾ।

ਜਥੇ ਵਿਚ ਸ਼ਾਮਲ ਮੁਲਾਜ਼ਮ ਆਗੂ ਹਰਬੰਸ ਸਿੰਘ ਬਾਗੜੀ ਨੇ ਦੱਸਿਆ ਕਿ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ ਜਥੇ ਦੇ ਮੈਂਬਰਾਂ ਨੂੰ ਮਹੀਨੇ ਦਾ ਵਿਜ਼ਟਰ ਵੀਜ਼ਾ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਥੇ ਦੀ ਅਗਵਾਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੇਵਾਮੁਕਤ ਸੁਪਰਡੈਂਟ ਜਥੇਦਾਰ ਨਿਸ਼ਾਨ ਸਿੰਘ ਕਾਹਲੋਂ ਕਰਨਗੇ। ਉਨ੍ਹਾਂ ਦੱਸਿਆ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਉਨ੍ਹਾਂ ਦੇ ਜਨਮ ਅਸਥਾਨ ਚੂਨਾ ਮੰਡੀ, ਲਾਹੌਰ ਵਿਖੇ 9 ਅਕਤੂਬਰ ਨੂੰ ਮਨਾਇਆ ਜਾਵੇਗਾ। ਇਸ ਸਬੰਧੀ 7 ਅਕਤੂਬਰ ਨੂੰ ਅਖੰਡ ਪਾਠ ਆਰੰਭ ਹੋਣਗੇ ਤੇ 9 ਅਕਤੂਬਰ ਨੂੰ ਭੋਗ ਪਾਏ ਜਾਣਗੇ। 7 ਤੇ 8 ਅਕਤੂਬਰ ਨੂੰ ਰਾਤ ਦੇ ਸਮੇਂ ਕੀਰਤਨ ਦਰਬਾਰ ਸਜਣਗੇ। ਜਥਾ ਪਾਕਿਸਤਾਨ ’ਚ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਬਾਅਦ 18 ਅਕਤੂਬਰ ਨੂੰ ਵਤਨ ਪਰਤੇਗਾ।



# ਵਿਜੀਲੈਂਸ ਵੱਲੋਂ ਰਿਸ਼ਵਤ ਲੈਂਦਾ ਪਟਵਾਰੀ ਰੰਗੇ ਹੱਥੀਂ ਕਾਬੂ

**ਦਿੜ੍ਹਬਾ ਮੰਡੀ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਲਾਡਬੰਜਾਰਾ ਵਿਚ ਤਾਇਨਾਤ ਨਹਿਰੀ ਪਟਵਾਰੀ ਕਰਮਜੀਤ ਸਿੰਘ ਨੂੰ 20 ਹਜ਼ਾਰ ਰੁਪਏ ਕਥਿਤ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਛਾਹੜ ਦੇ ਵਸਨੀਕ ਦਰਸ਼ਨ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੱਸਿਆ ਕਿ ਉਸ ਕੋਲ 25 ਏਕੜ ਜ਼ਮੀਨ ਹੈ, ਜਿਸ ਵਿਚੋਂ ਸਾਢੇ 8 ਏਕੜ ਜ਼ਮੀਨ ਲਈ ਸਿੰਜਾਈ ਵਾਸਤੇ ਪਹਿਲਾਂ ਹੀ ਨਹਿਰੀ ਪਾਣੀ ਅਲਾਟ ਹੈ ਅਤੇ ਬਾਕੀ ਰਹਿੰਦੀ ਜ਼ਮੀਨ ਲਈ ਸਿੰਜਾਈ ਵਾਸਤੇ ਨਹਿਰੀ ਪਾਣੀ ਅਲਾਟ ਕਰਨ ਬਦਲੇ ਪਟਵਾਰੀ ਕਰਮਜੀਤ ਸਿੰਘ ਉਸ ਤੋਂ 2,600 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਿਸ਼ਵਤ ਮੰਗੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ 20 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ। ਇਸ ਸਬੰਧੀ ਮੁਲਜ਼ਮ ਪਟਵਾਰੀ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

# ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਅੰਮ੍ਰਿਤਸਰ:** ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਸਮਾਗਮਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ’ਚ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਅਤੇ ਗੁਰੂ ਨਗਰੀ ਵਿਚ ਸਾਫ਼-ਸਫ਼ਾਈ, ਟਰੈਫਿਕ ਸਮੇਤ ਹੋਰ ਅਹਿਮ ਮਸਲਿਆਂ ਨੂੰ ਵਿਚਾਰਿਆ ਗਿਆ।

ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਏ.ਡੀ.ਸੀ. ਜੋਤੀ ਬਾਲਾ, ਐਸ.ਡੀ.ਐਮ. ਗੁਰਸਿਮਰਨ ਸਿੰਘ, ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਵਿਸ਼ਾਲ ਵਧਾਵਨ, ਐਸ.ਪੀ. ਹਰਪਾਲ ਸਿੰਘ ਸਮੇਤ ਹੋਰ ਅਧਿਕਾਰੀ ਸ਼ਾਮਲ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਦੇ ਬਾਨੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ 19 ਅਕਤੂਬਰ ਨੂੰ ਸੱਚਖੰਡ ਦਰਬਾਰ ਸਾਹਿਬ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ 18 ਅਕਤੂਬਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਦੌਰਾਨ ਏ.ਡੀ.ਸੀ. ਜੋਤੀ ਬਾਲਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਏਗਾ ਅਤੇ ਸ਼੍ਰੋਮਣੀ ਕਮੇਟੀ ਨੂੰ ਹਰ ਪੱਧਰ ’ਤੇ ਸਹਿਯੋਗ ਕੀਤਾ ਜਾਵੇਗਾ। ਪੁਲਿਸ ਪ੍ਰਸ਼ਾਸਨ ਵੱਲੋਂ ਹਰਪਾਲ ਸਿੰਘ ਨੇ ਵੀ ਹਰ ਤਰ੍ਹਾਂ ਦੇ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ।

# ਖਾੜੀ ਮੁਲਕਾਂ ’ਚ ਤਸ਼ੱਦਦ ਦਾ ਸ਼ਿਕਾਰ ਨੌਂ ਲੜਕੀਆਂ ਵਤਨ ਪਰਤੀਆਂ

**ਜਲੰਧਰ:** ਟਰੈਵਲ ਏਜੰਟਾਂ ਵੱਲੋਂ ਮਨੁੱਖੀ ਤਸਕਰੀ ਕਰ ਕੇ ਖਾੜੀ ਦੇਸ਼ਾਂ ਵਿਚ ਵੇਚੀਆਂ ਭਾਰਤੀ ਲੜਕੀਆਂ ਵਿਚੋਂ ਨੌਂ ਵਤਨ ਪਰਤ ਆਈਆਂ ਹਨ। ਇਨ੍ਹਾਂ ਲੜਕੀਆਂ ਨੂੰ ਇਰਾਕ, ਓਮਾਨ ਅਤੇ ਕਤਰ ਦੇਸ਼ਾਂ ਵਿਚ ਟਰੈਵਲ ਏਜੰਟਾਂ ਨੇ ਮੋਟੀਆਂ ਰਕਮਾਂ ਲੈ ਕੇ ਵੇਚ ਦਿੱਤਾ ਸੀ। ਖਾੜੀ ਦੇਸ਼ਾਂ ਤੋਂ ਪਰਤੀਆਂ ਲੜਕੀਆਂ ਨੇ ਦੱਸਿਆ ਕਿ ਓਮਾਨ ਵਿਚ ਇਕ ਥਾਂ ’ਤੇ 20 ਤੋਂ 25 ਲੜਕੀਆਂ ਫਸੀਆਂ ਹੋਈਆਂ ਸਨ।

ਇਨ੍ਹਾਂ ਲੜਕੀਆਂ ਨੇ ਦੱਸਿਆ ਕਿ ਏਅਰਪੋਰਟ ਤੋਂ ਬਾਹਰ ਆਉਂਦੇ ਸਾਰ ਹੀ ਉਨ੍ਹਾਂ ਕੋਲੋਂ ਸਭ ਤੋਂ ਪਹਿਲਾਂ ਪਾਸਪੋਰਟ ਖੋਹ ਲਏ ਗਏ ਤੇ ਉਨ੍ਹਾਂ ਨੂੰ ਬਹੁ ਮੰਜ਼ਲੀ ਇਮਾਰਤ ਵਿਚ ਰੱਖਿਆ ਗਿਆ, ਜਿਸ ਨੂੰ ਉਹ ਦਫਤਰ ਵਜੋਂ ਵਰਤਦੇ ਸਨ। ਇੱਥੋਂ ਹੀ ਲੜਕੀਆਂ ਨੂੰ ਕੰਮ ਕਰਨ ਲਈ ਭੇਜਿਆ ਜਾਂਦਾ ਸੀ ਅਤੇ ਮੁੜ ਦਫ਼ਤਰ ਲਿਆ ਕੇ ਕਮਰੇ ਵਿਚ ਬੰਦ ਕਰ ਦਿੱਤਾ ਜਾਂਦਾ ਸੀ। ਇਹ ਕਮਰੇ ਇਕ ਤਰ੍ਹਾਂ ਨਾਲ ਜੇਲ੍ਹ ਸਨ ਕਿਉਂਕਿ ਕਮਰਿਆਂ ਨੂੰ ਬਾਹਰੋਂ ਜਿੰਦਾ ਲਗਾ ਦਿੱਤਾ ਜਾਂਦਾ ਸੀ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਜ਼ਿਲ੍ਹਾ ਜਲੰਧਰ, ਕਪੂਰਥਲਾ, ਫਿਰੋਜ਼ਪੁਰ ਅਤੇ ਮੋਗੇ ਨਾਲ ਸਬੰਧਤ ਇਹ ਨੌਂ ਲੜਕੀਆਂ ਆਪਣੇ ਘਰਾਂ ਨੂੰ ਪਰਤ ਆਈਆਂ ਹਨ।

ਇਨ੍ਹਾਂ ਲੜਕੀਆਂ ਵਿਚੋਂ ਤਿੰਨ ਲੜਕੀਆਂ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀਆਂ। ਉਨ੍ਹਾਂ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਉਨ੍ਹਾਂ ਨੂੰ 35 ਤੋਂ 40 ਹਜ਼ਾਰ ਪ੍ਰਤੀ ਮਹੀਨਾ ਤਨਖਾਹ ਦਾ ਲਾਲਚ ਦੇ ਕੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ। ਜ਼ਿਲ੍ਹਾ ਜਲੰਧਰ ਦੇ ਪਿੰਡ ਦੀ ਰਹਿਣ ਵਾਲੀ ਲੜਕੀ, ਜਿਹੜੀ ਹਾਲ ਹੀ ਵਿਚ ਇਰਾਕ ਤੋਂ ਆਈ ਹੈ, ਉਤੇ ਮਹਿਲਾ ਟਰੈਵਲ ਏਜੰਟ ਵੱਲੋਂ ਇਸ ਕਦਰ ਤਸ਼ੱਦਦ ਕੀਤਾ ਗਿਆ ਕਿ ਉਹ ਹਾਲੇ ਵੀ ਇਸ ਸਦਮੇ ਵਿਚ ਉੱਭਰ ਨਹੀਂ ਰਹੀ। ਓਮਾਨ ਤੋਂ ਆਈ ਹੋਰ ਲੜਕੀ ਨੇ ਦੱਸਿਆ ਕਿ ਉੱਥੇ ਜਿਸ ਘਰ ਵਿਚ ਉਸ ਨੂੰ ਕੰਮ ਕਰਨ ਲਈ ਭੇਜਿਆ ਗਿਆ ਸੀ, ਉੱਥੇ ਉਸ ਨਾਲ ਬਦਸਲੂਕੀ ਤੇ ਸਰੀਰਕ ਸ਼ੋਸ਼ਣ ਕੀਤਾ ਗਿਆ। ਉਸ ਵੱਲੋਂ ਵਿਰੋਧ ਕਰਨ ’ਤੇ ਉਸ ਦੀ ਕੁੱਟਮਾਰ ਕੀਤੀ ਜਾਂਦੀ ਸੀ।



ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਖਾੜੀ ਦੇਸ਼ਾਂ ਵਿਚ ਆਪਣੀਆਂ ਧੀਆਂ ਨੂੰ ਭੇਜਣ ਤੋਂ ਗੁਰੇਜ਼ ਕਰਨ ਕਿਉਂਕਿ ਟਰੈਵਲ ਏਜੰਟ ਅਤੇ ਖਾਸ ਕਰਕੇ ਪੀੜਤ ਲੜਕੀਆਂ ਦੇ ਰਿਸ਼ਤੇਦਾਰ ਹੀ ਕੁਝ ਪੈਸਿਆਂ ਦੇ ਲਾਲਚ ਵਿਚ ਇਨ੍ਹਾਂ ਲੜਕੀਆਂ ਨੂੰ ਅਰਬ ਦੇਸ਼ਾਂ ਵਿਚ ਲਿਜਾ ਕੇ ਫਸਾ ਦਿੰਦੇ ਹਨ।

# ਨੇਪਾਲ ਵਿਚ ਭਾਰੀ ਮੀਂਹ ਤੇ ਹੜ੍ਹਾਂ ਕਾਰਨ ਤਬਾਹੀ



**ਕਾਠਮੰਡੂ:** ਨੇਪਾਲ ਵਿਚ ਮੀਂਹ ਕਾਰਨ ਹੜ੍ਹ ਤੇ ਢਿੱਗਾਂ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 170 ਹੋ ਗਈ ਹੈ। ਪੂਰਬੀ ਤੇ ਮੱਧ ਨੇਪਾਲ ਦਾ ਵੱਡਾ ਹਿੱਸਾ ਪਾਣੀ ਦੀ ਮਾਰ ਹੇਠ ਹੈ। ਦੇਸ਼ ਦੇ ਕਈ ਹਿੱਸਿਆਂ 'ਚ ਅਚਾਨਕ ਹੜ੍ਹ ਆ ਗਏ ਹਨ। ਹਥਿਆਰਬੰਦ ਪੁਲਿਸ ਬਲ ਦੇ ਸੂਤਰਾਂ ਅਨੁਸਾਰ ਹੜ੍ਹਾਂ ਤੇ ਢਿੱਗਾਂ ਖਿਸਕਣ ਕਾਰਨ 42 ਲੋਕ ਲਾਪਤਾ ਹਨ ਅਤੇ 111 ਜ਼ਖ਼ਮੀ ਹੋਏ ਹਨ।

ਕਾਠਮੰਡੂ ਘਾਟੀ 'ਚ ਸਭ ਤੋਂ ਵੱਧ 48 ਜਣਿਆਂ ਦੀ ਮੌਤ ਹੋਈ ਹੈ। ਘੱਟ ਤੋਂ ਘੱਟ 195 ਮਕਾਨ ਤੇ ਅੱਠ ਪੁਲ ਨੁਕਸਾਨੇ ਗਏ ਹਨ। ਸੁਰੱਖਿਆ ਕਰਮੀਆਂ ਨੇ ਤਕਰੀਬਨ 3626 ਲੋਕਾਂ ਨੂੰ ਬਚਾਇਆ ਹੈ। ਪ੍ਰਤੱਖਦਰਸ਼ੀਆਂ ਅਨੁਸਾਰ ਉਨ੍ਹਾਂ ਕਾਠਮੰਡੂ ਘਾਟੀ 'ਚ ਪਿਛਲੇ 40-45 ਸਾਲਾਂ ਅੰਦਰ ਇੰਨੇ ਭਿਆਨਕ ਹੜ੍ਹ ਨਹੀਂ ਦੇਖੇ। ਹਥਿਆਰਬੰਦ ਪੁਲਿਸ ਬਲ ਨੇ ਦੱਸਿਆ ਕਿ ਮ੍ਰਿਤਕਾਂ ਦੀ ਗਿਣਤੀ 170 ਹੋ ਗਈ ਹੈ। ਕਾਠਮੰਡੂ ਨੇੜੇ ਸਥਿਤ ਧਾਡਿੰਗ ਜ਼ਿਲ੍ਹੇ 'ਚ ਇਕ ਬੱਸ ਢਿੱਗਾਂ ਦੀ ਲਪੇਟ 'ਚ ਆਉਣ ਕਾਰਨ ਘੱਟ ਤੋਂ ਘੱਟ 19 ਜਣਿਆਂ ਦੀ ਮੌਤ ਹੋ ਗਈ ਸੀ।

ਭਕਤਾਪੁਰ ਸ਼ਹਿਰ 'ਚ ਢਿੱਗਾਂ ਖਿਸਕਣ ਕਾਰਨ ਇਕ ਮਕਾਨ ਢਹਿ ਗਿਆ ਤੇ ਪੰਜ ਜਣਿਆਂ ਦੀ ਮੌਤ ਹੋ ਗਈ। ਮਕਵਾਨਪੁਰ ਆਲ ਇੰਡੀਆ ਨੇਪਾਲ ਐਸੋਸੀਏਸ਼ਨ ਵੱਲੋਂ ਚਲਾਏ ਜਾ ਰਹੇ ਇਕ ਸਿਖਲਾਈ ਕੇਂਦਰ 'ਚ ਢਿੱਗਾਂ ਖਿਸਕਣ ਦੀ ਘਟਨਾ 'ਚ ਛੇ ਫੁਟਬਾਲ ਖਿਡਾਰੀਆਂ ਦੀ ਜਾਨ ਚਲੀ ਗਈ ਅਤੇ ਹੋਰ ਲੋਕ ਪਾਣੀ 'ਚ ਰੁੜ੍ਹ ਗਏ।

# ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ 19 ਅਕਤੂਬਰ ਨੂੰ




**ਵੈਨਕੂਵਰ:** ਪੰਜਾਬੀਆਂ ਦੀ ਵੱਡੀ ਗਿਣਤੀ ਵਾਲੇ ਅਤੇ ਕੈਨੇਡਾ ਦੇ ਪੱਛਮ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ ਦੀ 43ਵੀਂ ਵਿਧਾਨ ਸਭਾ ਲਈ ਚੋਣਾਂ 19 ਅਕਤੂਬਰ ਨੂੰ ਹੋਣਗੀਆਂ। ਸੂਬੇ ਦੀ ਆਬਾਦੀ 56 ਲੱਖ ਤੋਂ ਟੱਪ ਚੁੱਕੀ ਹੈ। ਜੁਲਾਈ 2017 ਤੋਂ ਇੱਥੋਂ ਦੀ ਸੱਤਾ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਹੱਥ ਹੈ, ਜਿਸ ਦੇ ਮੁੱਖ ਮੰਤਰੀ ਡੇਵਿਡ ਈਬੀ ਇਸ ਵਾਰ ਫਿਰ ਭਾਰੀ ਬਹੁਮਤ ਦੀ ਉਮੀਦ ਲਾਈ ਬੈਠੇ ਹਨ।

ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਪ੍ਰੋਗਰਾਮ ਅਨੁਸਾਰ ਵੋਟਰ ਆਪਣੇ ਹੱਕ ਦੀ ਅਗਾਊਂ ਵਰਤੋਂ ਕਰਦਿਆਂ ਆਪਣੀ ਸਹੂਲਤ ਅਨੁਸਾਰ 10, 13, 15 ਤੇ 16 ਅਕਤੂਬਰ ਨੂੰ ਵੀ ਵੋਟਾਂ ਪਾ ਸਕਣਗੇ, 19 ਅਕਤੂਬਰ ਨੂੰ ਸ਼ਾਮ ਅੱਠ ਵਜੇ ਵੋਟਿੰਗ ਦਾ ਸਮਾਂ ਸਮਾਪਤ ਹੋਣ ਮਗਰੋਂ ਗਿਣਤੀ ਸ਼ੁਰੂ ਹੋਵੇਗੀ ਤੇ ਦੇਰ ਰਾਤ ਤੱਕ ਨਤੀਜੇ ਐਲਾਨੇ ਜਾਣਗੇ। ਵੋਟਾਂ ਬੈਲਟ ਪੇਪਰ ਰਾਹੀਂ ਪੈਣਗੀਆਂ। ਪਹਿਲੀਆਂ ਚੋਣਾਂ ਦੇ ਮੁਕਾਬਲੇ ਐਤਕੀਂ ਵੱਡੀ ਗਿਣਤੀ ਪੰਜਾਬਣਾਂ ਵਿਕਟੋਰੀਆ ਸਥਿਤ ਵਿਧਾਨ ਸਭਾ ਹਾਲ ਦੀਆਂ ਪੌੜੀਆਂ ਚੜ੍ਹਨ ਦੀ ਉਮੀਦ ਨਾਲ ਮੈਦਾਨ 'ਚ ਆਈਆਂ ਹਨ, ਜਿਨ੍ਹਾਂ ਨੇ ਆਪਣੀ ਚੋਣ ਮੁਹਿੰਮ ਵੋਟਾਂ ਦੇ ਐਲਾਨ ਤੋਂ ਕਾਫੀ ਪਹਿਲਾਂ ਤੋਂ ਭਖਾਈ ਹੋਈ ਹੈ। 87 ਮੈਂਬਰੀ ਵਿਧਾਨ ਸਭਾ ਲਈ ਸੱਤਾਧਾਰੀ ਐਨ.ਡੀ.ਪੀ. ਵੱਲੋਂ 10 ਮਹਿਲਾਵਾਂ ਸਣੇ 19 ਪੰਜਾਬੀਆਂ ਨੂੰ ਟਿਕਟ ਦਿੱਤੀ ਗਈ ਹੈ, ਜਦ ਕਿ ਉਸ ਦੇ ਮੁੱਖ ਮੁਕਾਬਲੇ ਵਾਲੀ ਕੰਜ਼ਰਵੇਟਿਵ ਪਾਰਟੀ ਨੇ ਚਾਰ ਮਹਿਲਾਵਾਂ ਸਣੇ 10 ਪੰਜਾਬੀਆਂ ਨੂੰ ਮੈਦਾਨ 'ਚ ਉਤਾਰਿਆ ਹੈ। ਕੁਝ ਪੰਜਾਬੀ ਆਜ਼ਾਦ ਉਮੀਦਵਾਰ ਵਜੋਂ ਕਿਸਮਤ ਅਜ਼ਮਾ ਰਹੇ ਹਨ।

# ਹੈਰਿਸ ਵੱਲੋਂ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਸੁਧਾਰਨ ਦਾ ਅਹਿਦ



**ਵਾਸ਼ਿੰਗਟਨ:** ਅਮਰੀਕਾ ਵਿਚ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਡੈਮੋਕਰੈਟਿਕ ਪਾਰਟੀ ਉਮੀਦਵਾਰ ਕਮਲਾ ਹੈਰਿਸ ਨੇ ਸਰਹੱਦ 'ਤੇ ਸਖ਼ਤ ਸੁਰੱਖਿਆ ਉਪਾਅ ਲਾਗੂ ਕਰਨ ਅਤੇ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਦਾ ਅਹਿਦ ਲਿਆ। ਹੈਰਿਸ ਨੇ ਆਪਣੇ ਵਿਰੋਧੀ ਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਵੱਲੋਂ ਇਸ ਮੁੱਦੇ ਨੂੰ ਲੈ ਕੇ ਵਾਰ-ਵਾਰ ਕੀਤੇ ਗਏ ਸਿਆਸੀ ਹਮਲਿਆਂ ਦਾ ਜਵਾਬ ਦਿੰਦਿਆਂ ਇਹ ਗੱਲ ਆਖੀ।

ਅਮਰੀਕਾ ਦੀ ਉਪ ਰਾਸ਼ਟਰਪਤੀ ਹੈਰਿਸ ਨੇ ਐਰੀਜ਼ੋਨਾ ਦੇ ਡਗਲਸ ਵਿਚ ਅਮਰੀਕਾ-ਮੈਕਸਿਕੋ ਸਰਹੱਦ ਦਾ ਦੌਰਾ ਕਰਨ ਮਗਰੋਂ ਇਹ ਟਿੱਪਣੀ ਕੀਤੀ। ਹੈਰਿਸ ਨੇ ਸਰਹੱਦੀ ਸੁਰੱਖਿਆ 'ਤੇ ਸਖ਼ਤ ਰੁਖ ਅਪਣਾਉਂਦਿਆਂ ਨਾਲ ਇਹ ਵੀ ਕਿਹਾ ਕਿ ਉਹ ਅਮਰੀਕਾ ਵਿਚ ਇਸ ਸਮੇਂ ਬਿਨਾਂ ਦਸਤਾਵੇਜ਼ ਤੋਂ ਰਹਿ ਰਹੇ ਪਰਵਾਸੀਆਂ ਨੂੰ 'ਨਾਗਰਿਕਤਾ' ਦੇਣ ਸਬੰਧੀ ਵੀ ਕਦਮ ਚੁੱਕੇਗੀ। ਹੈਰਿਸ ਨੇ ਕਿਹਾ, 'ਰਾਸ਼ਟਰਪਤੀ ਬਣਨ ਮਗਰੋਂ ਮੈਂ ਇੱਥੇ ਸਾਲਾਂ ਤੋਂ ਰਹਿ ਰਹੇ ਅਤੇ ਮਿਹਨਤ ਕਰ ਰਹੇ ਪਰਵਾਸੀਆਂ ਨੂੰ ਨਾਗਰਿਕਤਾ ਦੇਣ ਲਈ ਕਾਂਗਰਸ ਨਾਲ ਮਿਲ ਕੇ ਕੰਮ ਕਰਾਂਗੀ।' ਹੈਰਿਸ ਅਮਰੀਕਾ ਦੀਆਂ ਦੱਖਣੀ ਸਰਹੱਦਾਂ 'ਤੇ ਸੁਰੱਖਿਆ ਸਥਿਤੀ ਦੀ ਸਮੀਖਿਆ ਕਰਨ ਲਈ ਐਰੀਜ਼ੋਨਾ ਵੀ ਗਈ।

# ਇਜ਼ਰਾਇਲੀ ਹਮਲੇ 'ਚ ਹਿਜ਼ਬੁੱਲ੍ਹਾ ਮੁਖੀ ਹਸਨ ਨਸਰੱਲ੍ਹਾ ਹਲਾਕ



**ਤਲ ਅਵੀਵ:** ਇਜ਼ਰਾਇਲੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਲਿਬਨਾਨ ਦੀ ਰਾਜਧਾਨੀ ਬੈਰੂਤ ਵਿਚ ਕੀਤੇ ਹਮਲੇ ਵਿਚ ਦਹਿਸ਼ਤੀ ਜਥੇਬੰਦੀ ਹਿਜ਼ਬੁੱਲ੍ਹਾ ਦਾ ਮੁਖੀ ਹਸਨ ਨਸਰੱਲ੍ਹਾ ਮਾਰਿਆ ਗਿਆ ਹੈ। ਇਹ ਹਮਲਾ ਬੈਰੂਤ ਦੇ ਬਾਹਰਵਾਰ ਸਥਿਤ ਇਸ ਲਿਬਨਾਨੀ ਦਹਿਸ਼ਤੀ ਗਰੁੱਪ ਦੇ ਹੈਡਕੁਆਰਟਰ 'ਤੇ ਕੀਤਾ ਗਿਆ।

ਹਿਜ਼ਬੁੱਲ੍ਹਾ ਜਥੇਬੰਦੀ ਨੇ ਆਪਣੇ ਨੇਤਾ ਅਤੇ ਜਥੇਬੰਦੀ ਦੇ ਮੋਢੀਆਂ ਵਿਚੋਂ ਇਕ ਹਸਨ ਨਸਰੱਲ੍ਹਾ ਦੇ ਇਸ ਹਮਲੇ ਵਿਚ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਹਿਜ਼ਬੁੱਲ੍ਹਾ ਨੇ ਬਿਆਨ ਵਿਚ ਕਿਹਾ, "ਨਸਰੱਲ੍ਹਾ ਸ਼ਹੀਦ ਹੋਣ ਵਾਲੇ ਆਪਣੇ ਸਾਥੀਆਂ ਵਿਚ ਸ਼ਾਮਲ ਹੋ ਗਏ।" ਉਧਰ, ਇਰਾਨ ਨੇ ਵੀ ਐਲਾਨ ਕੀਤਾ ਹੈ ਕਿ ਉਸ ਦੇ ਅਰਧਸੈਨਿਕ ਬਲ ਰੈਵੋਲੂਸ਼ਨਰੀ ਗਾਰਡ ਦਾ ਪ੍ਰਮੁੱਖ ਜਨਰਲ ਅੱਬਾਸ ਨਿਲਫੋਰੂਸ਼ਾਨ (58) ਵੀ ਬੈਰੂਤ ਵਿਚ ਹਵਾਈ ਹਮਲੇ ਵਿਚ ਨਸਰੱਲ੍ਹਾ ਨਾਲ ਮਾਰਿਆ ਗਿਆ ਹੈ। ਹਿਜ਼ਬੁੱਲ੍ਹਾ ਨੇ 'ਦੁਸ਼ਮਣ ਖ਼ਿਲਾਫ਼ ਅਤੇ ਫਲਸਤੀਨ ਦੇ ਹੱਕ ਵਿਚ ਜੰਗ ਜਾਰੀ ਰੱਖਣ' ਦਾ ਅਹਿਦ ਲਿਆ। ਹਿਜ਼ਬੁੱਲ੍ਹਾ ਨੇ ਉੱਤਰੀ ਤੇ ਕੇਂਦਰੀ ਇਜ਼ਰਾਈਲ ਅਤੇ ਇਜ਼ਰਾਈਲ ਦੇ ਕਬਜ਼ੇ ਵਾਲੇ 'ਵੈਸਟ ਬੈਂਕ' 'ਤੇ ਦਰਜਨਾਂ ਰਾਕੇਟ ਦਾਗੇ। ਪ੍ਰਧਾਨ ਮੰਤਰੀ ਨੇਤਨਯਾਹੂ ਦੇ ਅਮਰੀਕੀ ਦੌਰੇ ਤੋਂ ਪਰਤਦਿਆਂ ਹੀ ਤਲ ਅਵੀਵ ਹਵਾਈ ਅੱਡੇ ਸਮੇਤ ਪੂਰੇ ਕੇਂਦਰੀ ਇਜ਼ਰਾਈਲ ਵਿਚ ਹਵਾਈ ਹਮਲੇ ਦੇ ਸਾਇਰਨ ਵਜਣ ਲੱਗੇ। ਇਜ਼ਰਾਈਲ ਨੇ ਕਿਹਾ ਕਿ ਸਾਇਰਨ ਵਜਣ ਤੋਂ ਕੁਝ ਸਮਾਂ ਪਿੱਛੋਂ ਯਮਨ ਤੋਂ ਦਾਗ਼ੀਆਂ ਮਿਜ਼ਾਈਲਾਂ ਨੂੰ ਫੁੰਡਿਆ ਗਿਆ ਹੈ।

# ਮਿਥੁਨ ਚੱਕਰਵਰਤੀ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਦੇਣ ਦਾ ਐਲਾਨ

**ਨਵੀਂ ਦਿੱਲੀ:** ਫਿਲਮਾਂ ਦੇ ਖੇਤਰ ਵਿਚ ਦੇਸ਼ ਦਾ ਸਭ ਤੋਂ ਵੱਡਾ ਤੇ ਵੱਕਾਰੀ 'ਦਾਦਾ ਸਾਹਿਬ ਫਾਲਕੇ ਐਵਾਰਡ' ਦੇਣ ਲਈ ਸੀਨੀਅਰ ਅਦਾਕਾਰ ਮਿਥੁਨ ਚੱਕਰਵਰਤੀ ਦੇ ਨਾਂ ਦਾ ਐਲਾਨ ਕੀਤਾ ਗਿਆ ਹੈ ਜੋ 'ਮ੍ਰਿਗਯਾ', 'ਸੁਰਕਸ਼ਾ' ਅਤੇ 'ਡਾਂਸ ਡਾਂਸ' ਵਰਗੀਆਂ ਫ਼ਿਲਮਾਂ ਲਈ ਜਾਣੇ ਜਾਂਦੇ ਹਨ। ਗੌਰਤਲਬ ਹੈ ਕਿ ਕੁਝ ਮਹੀਨੇ ਪਹਿਲਾਂ ਹੀ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਦੇ ਤੀਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਭੂਸ਼ਣ' ਨਾਲ ਵੀ ਨਿਵਾਜਿਆ ਸੀ।

ਇਹ ਐਲਾਨ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਿਵਨੀ ਵੈਸ਼ਨਵ ਨੇ 'ਐਕਸ' ਉਤੇ ਕੀਤਾ। ਆਪਣੀ ਐਕਸ ਪੋਸਟ ਵਿਚ ਉਨ੍ਹਾਂ ਕਿਹਾ, "ਮਿਥੁਨ ਦਾਦਾ ਦਾ ਲਾਸਾਨੀ ਫ਼ਿਲਮੀ ਸਫ਼ਰ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਹੈ! ਮੈਨੂੰ ਇਹ ਐਲਾਨ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਦਾਦਾ ਸਾਹਿਬ ਫਾਲਕੇ ਚੋਣ ਜਿਊਰੀ ਨੇ ਇਹ ਐਵਾਰਡ ਭਾਰਤੀ ਸਿਨੇਮਾ ਵਿਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਨਾਮੀ ਅਦਾਕਾਰ ਸ੍ਰੀ ਮਿਥੁਨ ਚੱਕਰਵਰਤੀ ਜੀ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ।"

ਵੈਸ਼ਣਵ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਐਵਾਰਡ ਨਾਲ 8 ਅਕਤੂਬਰ ਨੂੰ ਹੋਣ ਵਾਲੇ 70ਵੇਂ ਨੈਸ਼ਨਲ ਫਿਲਮ ਐਵਾਰਡ ਸਮਾਗਮ ਦੌਰਾਨ ਸਨਮਾਨਿਆ ਜਾਵੇਗਾ। ਨਾਮੀ ਅਦਾਕਾਰ ਮਿਥੁਨ ਚੱਕਰਵਰਤੀ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਦਿੱਤੇ ਜਾਣ ਦੇ ਐਲਾਨ ਉਤੇ ਖ਼ੁਸ਼ੀ ਜ਼ਾਹਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਿਥੁਨ ਨੂੰ ਸੱਭਿਆਚਾਰਕ ਪ੍ਰਤੀਕ ਕਰਾਰ ਦਿੰਦਿਆਂ ਉਨ੍ਹਾਂ ਦੀ ਸ਼ਲਾਘਾ ਕੀਤੀ ਹੈ।

# ਪਾਕਿਸਤਾਨ ਨੂੰ ਅਤਿਵਾਦ ਦੇ ਨਤੀਜੇ ਭੁਗਤਣੇ ਪੈਣਗੇ: ਭਾਰਤ



**ਸੰਯੁਕਤ ਰਾਸ਼ਟਰ:** ਭਾਰਤ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿਚ ਪਾਕਿਸਤਾਨ ਨੂੰ ਖਰੀਆਂ-ਖਰੀਆਂ ਸੁਣਾਉਂਦਿਆਂ ਕਿਹਾ ਕਿ ਦੁਨੀਆ ਭਰ ਵਿਚ ਅਤਿਵਾਦੀ ਘਟਨਾਵਾਂ ਵਿਚ ਉਸ ਦਾ ਹੱਥ ਰਿਹਾ ਹੈ ਅਤੇ ਗੁਆਂਢੀ ਦੇਸ਼ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਖ਼ਿਲਾਫ਼ ਸਰਹੱਦ ਪਾਰ ਅਤਿਵਾਦ ਦੇ ਨਤੀਜੇ ਉਸ ਨੂੰ ਲਾਜ਼ਮੀ ਤੌਰ 'ਤੇ ਭੁਗਤਣੇ ਪੈਣਗੇ।

ਭਾਰਤ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ 79ਵੇਂ ਸੈਸ਼ਨ ਦੀ ਆਮ ਬਹਿਸ ਵਿਚ ਆਪਣੇ ਸੰਬੋਧਨ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਵੱਲੋਂ ਜੰਮੂ ਕਸ਼ਮੀਰ ਦਾ ਮੁੱਦਾ ਉਠਾਏ ਜਾਣ ਦੀ ਪ੍ਰਤੀਕਿਰਿਆ ਵਿਚ ਆਪਣੇ 'ਜਵਾਬ ਦੇਣ ਦੇ ਅਧਿਕਾਰ' ਦਾ ਇਸਤੇਮਾਲ ਕੀਤਾ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਮਿਸ਼ਨ ਵਿਚ ਪਹਿਲੀ ਸਕੱਤਰ ਭਾਵਿਕਾ ਮੰਗਲਾਨੰਦਨ ਨੇ ਭਾਰਤ ਦੇ ਜਵਾਬ ਦੇਣ ਦੇ ਅਧਿਕਾਰ ਤਹਿਤ ਕਿਹਾ, 'ਇਸ ਜਨਰਲ ਅਸੈਂਬਲੀ ਨੇ ਅਫ਼ਸੋਸਨਾਕ ਢੰਗ ਨਾਲ ਇਕ ਹਾਸੋਹੀਣੀ ਘਟਨਾ ਦੇਖੀ। ਅਤਿਵਾਦ, ਨਸ਼ੀਲੇ ਪਦਾਰਥ ਦੇ ਕਾਰੋਬਾਰ ਅਤੇ ਕੌਮਾਂਤਰੀ ਅਪਰਾਧ ਲਈ ਦੁਨੀਆ ਭਰ ਵਿਚ ਪਛਾਣੇ ਜਾਂਦੇ ਅਤੇ ਫੌਜ ਵੱਲੋਂ ਚਲਾਏ ਜਾਂਦੇ ਇਕ ਦੇਸ਼ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ।'

ਉਨ੍ਹਾਂ ਕਿਹਾ ਕਿ ਜਿਵੇਂ ਕਿ ਦੁਨੀਆ ਜਾਣਦੀ ਹੈ ਕਿ ਪਾਕਿਸਤਾਨ ਆਪਣੇ ਗੁਆਂਢੀਆਂ ਖ਼ਿਲਾਫ਼ ਹਥਿਆਰ ਵਜੋਂ ਸਰਹੱਦ 'ਤੇ ਅਤਿਵਾਦ ਦਾ ਲੰਬੇ ਸਮੇਂ ਤੋਂ ਇਸਤੇਮਾਲ ਕਰਦਾ ਰਿਹਾ ਹੈ। ਮੰਗਲਾਨੰਦਨ ਨੇ ਪਾਕਿਸਤਾਨ ਸਥਿਤ ਅਤਿਵਾਦੀ ਜਥੇਬੰਦੀਆਂ ਵੱਲੋਂ ਭਾਰਤ 'ਚ ਕੀਤੇ ਗਏ ਵੱਖ-ਵੱਖ ਅਤਿਵਾਦੀ ਹਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ, 'ਸੂਚੀ ਲੰਬੀ ਹੈ। ਅਜਿਹੇ ਦੇਸ਼ ਦਾ ਹਿੰਸਾ ਬਾਰੇ ਕਿਧਰੇ ਵੀ ਬੋਲਣਾ ਪੂਰੀ ਤਰ੍ਹਾਂ ਪਾਖੰਡ ਹੈ।'

## ਮਹਾਰਾਸ਼ਟਰ ਨੇ ਗਊ ਨੂੰ ਰਾਜਮਾਤਾ ਐਲਾਨਿਆ

**ਮੁੰਬਈ:** ਮਹਾਰਾਸ਼ਟਰ ਸਰਕਾਰ ਨੇ ਭਾਰਤੀ ਸਭਿਆਚਾਰ, ਖੇਤੀਬਾੜੀ ਤੇ ਸਿਹਤ ਸੰਭਾਲ ਵਿਚ ਗਊਆਂ ਦੇ ਮਹੱਤਵ ਦੇ ਮੱਦੇਨਜ਼ਰ ਦੇਸੀ ਗਊਆਂ ਨੂੰ ਰਾਜਮਾਤਾ-ਗੌਮਾਤਾ ਦਾ ਦਰਜਾ ਦਿੱਤਾ ਹੈ। ਸਰਕਾਰ ਨੇ ਇਹ ਐਲਾਨ ਚੋਣਾਂ ਤੋਂ ਐਨ ਪਹਿਲਾਂ ਕੀਤਾ ਹੈ।

ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਮੁੰਬਈ ਵਿਚ ਰਾਜ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਦੇਸੀ ਗਾਵਾਂ ਦੀ ਸਾਂਭ ਸੰਭਾਲ ਯਕੀਨੀ ਬਣਾਉਣ ਲਈ ਇਹ ਫੈਸਲਾ ਕੀਤਾ ਹੈ। ਸਰਕਾਰ ਕਿਸਾਨਾਂ ਨੂੰ ਇਨ੍ਹਾਂ ਗਊਆਂ ਲਈ ਚਾਰਾ ਵੀ ਮੁਹੱਈਆ ਕਰਵਾਏਗੀ। ਮੰਤਰੀ ਮੰਡਲ ਨੇ ਪਸ਼ੂ ਪਾਲਣ ਵਿਭਾਗ ਦੇ ਗਊਆਂ ਦੀ ਸਾਂਭ ਸੰਭਾਲ ਕਰਦੇ ਸੰਚਾਲਕਾਂ ਨੂੰ ਪ੍ਰਤੀ ਪਸ਼ੂ 50 ਰੁਪਏ ਰੋਜ਼ਾਨਾ ਸਬਸਿਡੀ ਦੇਣ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦਿੱਤੀ ਹੈ ਜਿਨ੍ਹਾਂ ਦੀ ਨਿਗਰਾਨੀ ਮਹਾਰਾਸ਼ਟਰ ਕਾਓ ਸ਼ੈਲਟਰ ਕਮਿਸ਼ਨਰੇਟ ਕਰੇਗਾ। 2019 ਦੀ ਗਣਨਾ ਅਨੁਸਾਰ ਸੂਬੇ ਵਿਚ 46,13,632 ਦੇਸੀ ਗਊਆਂ ਹਨ ਜੋ ਪਿਛਲੀ ਜਨਗਣਨਾ ਦੇ ਅੰਕੜਿਆਂ ਦੇ ਮੁਕਾਬਲੇ 20.69 ਫ਼ੀਸਦੀ ਘੱਟ ਹਨ।

# ਅਮਰ ਪ੍ਰੀਤ ਸਿੰਘ ਨੇ ਹਵਾਈ ਫ਼ੌਜ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ



**ਨਵੀਂ ਦਿੱਲੀ:** ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ (ਏਪੀ ਸਿੰਘ) ਨੇ ਭਾਰਤੀ ਹਵਾਈ ਫ਼ੌਜ ਦੇ ਨਵੇਂ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਸੇਵਾ-ਮੁਕਤ ਹੋਏ ਏਅਰ ਚੀਫ਼ ਮਾਰਸ਼ਲ ਵੀਆਰ ਚੌਧਰੀ ਦੀ ਥਾਂ ਲਈ ਹੈ, ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਇਥੇ ਭਾਰਤੀ ਹਵਾਈ ਫ਼ੌਜ ਦੇ ਹੈਡਕੁਆਰਟਰ ਵਾਯੂ ਭਵਨ ਵਿਖੇ ਇਕ ਸ਼ਾਨਦਾਰ ਸਮਾਗਮ ਦੌਰਾਨ ਨਿੱਘੀ ਵਿਦਾਇਗੀ ਦਿੱਤੀ ਗਈ।

ਏਅਰ ਚੀਫ ਮਾਰਸ਼ਲ ਚੌਧਰੀ ਨੇ ਇਸ ਅਹੁਦੇ ਉਤੇ ਤਿੰਨ ਸਾਲ ਸੇਵਾ ਨਿਭਾਈ ਹੈ। ਏਅਰ ਚੀਫ ਮਾਰਸ਼ਲ ਏਪੀ ਸਿੰਘ ਪਹਿਲਾਂ ਹਵਾਈ ਫ਼ੌਜ ਦੇ ਉਪ ਮੁਖੀ ਸਨ। ਉਨ੍ਹਾਂ ਦਾ ਜਨਮ 27 ਅਕਤੂਬਰ, 1964 ਨੂੰ ਹੋਇਆ ਅਤੇ ਉਨ੍ਹਾਂ ਨੂੰ ਭਾਰਤੀ ਹਵਾਈ ਫ਼ੌਜ ਦੀ ਫਾਈਟਰ ਪਾਇਲਟ ਸਟਰੀਮ ਵਿਚ ਦਸੰਬਰ 1984 ਵਿਚ ਕਮਿਸ਼ਨ ਪ੍ਰਾਪਤ ਹੋਇਆ ਸੀ।

ਆਪਣੀ ਕਰੀਬ 40 ਸਾਲਾਂ ਦੀ ਸੇਵਾ ਦੌਰਾਨ ਉਨ੍ਹਾਂ ਵੱਖੋ-ਵੱਖ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ, ਜਿਨ੍ਹਾਂ ਵਿਚ ਵਿਦੇਸ਼ਾਂ ਵਿਚ ਨਿਯੁਕਤੀਆਂ ਵੀ ਸ਼ਾਮਲ ਹਨ। ਇਕ ਪਾਇਲਟ ਵਜੋਂ ਉਨ੍ਹਾਂ ਰੂਸ 'ਚ ਮਾਸਕੋ ਵਿਖੇ ਮਿਗ-29 ਅਪਗਰੇਡ ਪ੍ਰੋਜੈਕਟ ਮੈਨੇਜਮੈਂਟ ਟੀਮ ਦੀ ਅਗਵਾਈ ਕੀਤੀ ਅਤੇ ਉਹ ਨੈਸ਼ਨਲ ਫਲਾਈਟ ਟੈਸਟ ਸੈਂਟਰ ਵਿਖੇ ਪ੍ਰੋਜੈਕਟ ਡਾਇਰੈਕਟਰ (ਫਲਾਈਟ ਟੈਸਟ) ਵੀ ਰਹੇ ਅਤੇ ਉਨ੍ਹਾਂ ਨੂੰ ਹਲਕੇ ਜੰਗੀ ਹਵਾਈ ਜਹਾਜ਼ ਤੇਜਸ ਦੀ ਉਡਾਣਾਂ ਰਾਹੀਂ ਅਜ਼ਮਾਇਸ਼ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਸੀ।

# ਜੇਲ੍ਹ 'ਚ ਬਿਸ਼ਨੋਈ ਦਾ ਇੰਟਰਵਿਊ ਕਰਵਾਉਣ ਵਾਲੇ ਪੁਲਿਸ ਅਫਸਰਾਂ ਦੀ ਸ਼ਾਮਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਿਵਾਦਿਤ ਇੰਟਰਵਿਊ ਨੂੰ ਲੈ ਕੇ ਪੁਲਿਸ ਅਫਸਰਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਇਸ ਮਾਮਲੇ ਦੀ ਸੁਣਵਾਈ ਦੌਰਾਨ ਇਹ ਵੇਰਵੇ ਅਦਾਲਤ ਵਿਚ ਰੱਖੇ ਹਨ। ਬਿਸ਼ਨੋਈ ਦੇ ਮਾਰਚ 2023 ਵਿਚ ਦੋ ਇੰਟਰਵਿਊ ਇਕ-ਇਕ ਹਫ਼ਤੇ ਦੇ ਵਕਫ਼ੇ ਨਾਲ ਨਿੱਜੀ ਚੈਨਲ 'ਤੇ ਟੈਲੀਕਾਸਟ ਹੋਏ ਸਨ, ਜਿਸ ਮਗਰੋਂ ਸੂਬਾ ਸਰਕਾਰ 'ਤੇ ਉਂਗਲ ਉੱਠੀ ਸੀ।

ਕੁੱਝ ਸਮਾਂ ਪਹਿਲਾਂ ਪੰਜਾਬ ਪੁਲਿਸ ਦੀ ਜਾਂਚ ਟੀਮ ਨੇ ਅਦਾਲਤ 'ਚ ਦੱਸਿਆ ਸੀ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਇੰਟਰਵਿਊ ਸੀ.ਆਈ.ਏ. ਖਰੜ ਵਿਚ ਹੋਇਆ ਸੀ, ਜਦੋਂ ਕਿ ਦੂਜਾ ਇੰਟਰਵਿਊ ਰਾਜਸਥਾਨ ਵਿਚ ਹੋਇਆ ਹੈ। ਪਤਾ ਲੱਗਾ ਹੈ ਕਿ ਹਾਈਕੋਰਟ ਵਿਚ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਦੱਸਿਆ ਕਿ ਜਦੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਇੰਟਰਵਿਊ ਹੋਇਆ ਸੀ



ਤਾਂ ਉਸ ਸਮੇਂ ਦੇ ਐਸ.ਐਸ.ਪੀ, ਐਸ.ਪੀ, ਡੀ.ਐਸ.ਪੀ. ਅਤੇ ਸੀ.ਆਈ.ਏ. ਇੰਚਾਰਜ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਗਿਆ ਸੀ।

ਹਾਈ ਕੋਰਟ ਨੇ ਇਸ ਗੱਲ ਦਾ ਨੋਟਿਸ ਲਿਆ ਹੈ ਕਿ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਹੁਣ ਤੱਕ ਸਿਰਫ਼ ਨੋਟਿਸ ਹੀ ਜਾਰੀ ਹੋਏ ਹਨ ਅਤੇ ਕਾਰਵਾਈ ਅੱਗੇ ਕਿਉਂ ਨਹੀਂ ਵਧਾਈ ਗਈ। ਪੰਜਾਬ ਸਰਕਾਰ ਨੇ ਦੱਸਿਆ ਕਿ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਦਾਲਤ ਨੇ ਉਪਰੋਕਤ ਅਧਿਕਾਰੀਆਂ ਦੀ ਮੌਜੂਦਾ ਤਾਇਨਾਤੀ ਬਾਰੇ ਵੀ ਪੁੱਛਿਆ ਹੈ। ਇਹ ਗੱਲ ਵੀ ਧਿਆਨ ਵਿਚ ਆਈ ਹੈ ਕਿ ਸੀ.ਆਈ.ਏ. ਇੰਚਾਰਜ ਸੇਵਾਮੁਕਤ ਹੋ ਚੁੱਕਾ ਸੀ ਅਤੇ ਉਸ ਦੇ ਅਹੁਦੇ ਦੀ ਮਿਆਦ ਵਿਚ ਵਾਧਾ ਕੀਤਾ ਗਿਆ ਸੀ। ਅਦਾਲਤ ਨੇ ਇਸ ਵਾਧੇ ਬਾਰੇ ਵੀ ਵੇਰਵੇ ਪੰਜਾਬ ਸਰਕਾਰ ਤੋਂ ਮੰਗੇ ਹਨ। ਪੰਜਾਬ ਸਰਕਾਰ ਦੀ ਇਸ ਮਾਮਲੇ ਵਿਚ ਕਾਫ਼ੀ ਕਿਰਕਿਰੀ ਹੋਈ ਹੈ ਕਿਉਂਕਿ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਇਸ ਮਾਮਲੇ ਉਤੇ ਕਾਫ਼ੀ ਰੌਲਾ ਰੱਪਾ ਪਿਆ ਸੀ। ਸੂਤਰ ਦੱਸਦੇ ਹਨ ਕਿ ਜਦੋਂ ਤੋਂ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦਾ ਮਾਮਲਾ ਅਦਾਲਤ ਵਿਚ ਚੱਲਿਆ ਹੈ, ਉਸ ਵਿਚ ਪੰਜਾਬ ਸਰਕਾਰ ਤਰਫ਼ੋਂ ਏਜੀ ਦਫ਼ਤਰ ਦਾ ਕੋਈ ਅਹਿਮ ਸੀਨੀਅਰ ਅਧਿਕਾਰੀ ਅਦਾਲਤ ਵਿਚ ਪੇਸ਼ ਨਹੀਂ ਹੋਇਆ ਸੀ ਜਿਸ ਵਜੋਂ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ ਹੈ।

### ਇੰਟਰਵਿਊ ਮਾਮਲੇ 'ਚ ਐਫ.ਆਈ.ਆਰ. ਦਰਜ

**ਜੈਪੁਰ:** ਜੈਪੁਰ ਪੁਲਿਸ ਨੇ ਇਕ ਨਿਊਜ਼ ਚੈਨਲ ਉਤੇ ਪਿਛਲੇ ਸਾਲ ਮਾਰਚ ਵਿਚ ਪ੍ਰਸਾਰਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਸਬੰਧੀ ਐਫ.ਆਈ.ਆਰ. ਦਰਜ ਕੀਤੀ ਹੈ। ਜੈਪੁਰ ਪੁਲਿਸ ਦੇ ਕਮਿਸ਼ਨਰ ਬੀਜੂ ਜੌਰਜ ਜੋਸਫ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਜੈਪੁਰ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਪੰਜਾਬ ਪੁਲਿਸ ਨੇ ਮਾਮਲੇ ਦੀ ਜਾਂਚ ਲਈ ਇਕ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਸੀ। ਡੀ.ਸੀ.ਪੀ. ਜੈਪੁਰ (ਪੂਰਬ) ਤੇਜਸਵਿਨੀ ਗੌਤਮ ਨੇ ਦੱਸਿਆ ਕਿ ਪੰਜਾਬ ਪੁਲਿਸ ਦੀ ਸਿਟ ਨੇ ਪਾਇਆ ਕਿ ਇੰਟਰਵਿਊ ਦੇ ਸਮੇਂ ਬਿਸ਼ਨੋਈ ਜੈਪੁਰ ਜੇਲ੍ਹ ਵਿਚ ਸੀ। ਜੈਪੁਰ ਕੇਂਦਰੀ ਜੇਲ੍ਹ ਲਾਲਕੋਠੀ ਥਾਣੇ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਅਤੇ ਇਸ ਵਾਸਤੇ ਮਾਮਲਾ ਇੱਥੇ ਹੀ ਦਰਜ ਕੀਤਾ ਗਿਆ।

# ਅਕਾਲ ਤਖ਼ਤ ਨੇ ਜਗੀਰ ਕੌਰ ਕੋਲੋਂ ਸਪਸ਼ਟੀਕਰਨ ਮੰਗਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਦੀ ਮੌਤ ਨਾਲ ਸਬੰਧਤ ਲਗਭਗ ਢਾਈ ਦਹਾਕੇ ਪੁਰਾਣੇ ਇਕ ਮਾਮਲੇ ਵਿਚ ਅਕਾਲ ਤਖ਼ਤ ਵੱਲੋਂ ਨੋਟਿਸ ਜਾਰੀ ਕਰਕੇ ਸਪਸ਼ਟੀਕਰਨ ਮੰਗਿਆ ਗਿਆ ਹੈ। ਇਸ ਸਬੰਧੀ ਇੱਕ ਪੱਤਰ ਅਕਾਲ ਤਖ਼ਤ ਸਕੱਤਰੇਤ ਵੱਲੋਂ ਭੇਜਿਆ ਗਿਆ ਹੈ।

ਇਸ ਪੱਤਰ ਵਿਚ ਉਨ੍ਹਾਂ ਕੋਲੋਂ ਆਪਣੀ ਧੀ ਦੇ ਮੌਤ ਤੇ ਰੋਮਾਂ ਦੀ ਬੇਅਦਬੀ ਸਬੰਧੀ ਸਪਸ਼ਟੀਕਰਨ ਮੰਗਿਆ ਗਿਆ ਹੈ। ਉਨ੍ਹਾਂ ਨੂੰ ਇਕ ਹਫ਼ਤੇ ਵਿਚ ਅਕਾਲ ਤਖ਼ਤ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ। ਪੱਤਰ ਵਿਚ ਦੱਸਿਆ ਗਿਆ ਹੈ ਕਿ ਇਸ ਸਬੰਧੀ ਅਕਾਲ ਤਖ਼ਤ ਵਿਖੇ ਸ਼ਿਕਾਇਤਾਂ ਪੁੱਜੀਆਂ ਹਨ ਜਿਸ ਆਧਾਰ 'ਤੇ ਸਪਸ਼ਟੀਕਰਨ ਮੰਗਿਆ ਗਿਆ ਹੈ। ਦੱਸਣਯੋਗ ਹੈ ਕਿ ਬੀਬੀ ਜਗੀਰ ਕੌਰ ਆਪਣੀ ਧੀ ਦੀ ਮੌਤ ਸਬੰਧੀ ਮਾਮਲੇ ਵਿਚ 2018 ਵਿਚ ਪੰਜਾਬ ਅਤੇ ਹਰਿਆਣਾ



ਹਾਈ ਕੋਰਟ ਵੱਲੋਂ ਦੋਸ਼ ਮੁਕਤ ਕਰਾਰ ਦਿੱਤੇ ਜਾ ਚੁੱਕੇ ਹਨ ਜਿਸ ਤੋਂ ਬਾਅਦ ਉਨ੍ਹਾਂ ਨੇ 2019 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਵਜੋਂ ਸੰਸਦੀ ਹਲਕੇ ਖਡੂਰ ਸਾਹਿਬ ਤੋਂ ਚੋਣ ਵੀ ਲੜੀ ਸੀ ਪਰ ਅਸਫਲ ਰਹੇ ਸਨ। ਉਹ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵਿਚ ਸ਼ਾਮਲ ਹਨ। ਇਸ ਧੜੇ ਵੱਲੋਂ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਪੱਤਰ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਗੰਭੀਰ ਦੋਸ਼ ਲਾਏ ਗਏ ਸਨ ਤੇ ਇਹ ਮਾਮਲਾ ਅਕਾਲ ਤਖ਼ਤ ਦੇ ਵਿਚਾਰ ਅਧੀਨ ਹੈ।

### ਪ੍ਰਧਾਨਗੀ ਦੀ ਚੋਣ ਲੜਨ ਤੋਂ ਰੋਕਣ ਲਈ ਕੀਤੀ ਗਈ ਹੈ ਸ਼ਿਕਾਇਤ: ਵਡਾਲਾ

**ਅੰਮ੍ਰਿਤਸਰ:** ਅਕਾਲੀ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਬੀਬੀ ਜਗੀਰ ਕੌਰ ਕੋਲੋਂ ਅਕਾਲ ਤਖ਼ਤ ਸਕੱਤਰੇਤ ਨੇ ਜਿਹੜੀਆਂ ਦੋ ਸ਼ਿਕਾਇਤਾਂ ਦਾ ਨੋਟਿਸ ਭੇਜਿਆ ਹੈ, ਉਹ ਬੀਬੀ ਜੀ ਦਾ ਨਿੱਜੀ ਤੇ ਸਭ ਤੋਂ ਵੱਡਾ ਦੁਖਾਂਤ ਹੈ। ਉਹ ਆਪਣੀ ਧੀ ਦੇ ਕਤਲ ਕੇਸ ਵਿਚੋਂ ਬਰੀ ਹੋ ਚੁੱਕੇ ਹਨ। ਅਜਿਹੀਆਂ ਸ਼ਿਕਾਇਤਾਂ ਦਾ ਮੰਤਵ ਸਿਆਸੀ ਹੈ ਤੇ ਉਹ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲੜਨ ਤੋਂ ਰੋਕਣਾ ਚਾਹੁੰਦੇ ਹਨ।

# ਅੰਮ੍ਰਿਤਪਾਲ ਸਿੰਘ ਦੇ ਪਿਤਾ ਵੱਲੋਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ



**ਅੰਮ੍ਰਿਤਸਰ:** ਸੰਸਦ ਮੈਂਬਰ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇੱਥੇ ਅਕਾਲ ਤਖ਼ਤ ਵਿਖੇ ਅਰਦਾਸ ਕਰਨ ਮਗਰੋਂ ਇਕ ਨਵੀਂ ਖੇਤਰੀ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ ਜਿਸ ਦਾ ਨਾਂ, ਵਿਧਾਨ ਅਤੇ ਢਾਂਚਾ ਬਾਅਦ ਵਿਚ ਕਿਸੇ ਵੱਡੇ ਇਕੱਠ ਵਿਚ ਐਲਾਨਿਆ ਜਾਵੇਗਾ।

ਇਸ ਸਬੰਧੀ ਤਰਸੇਮ ਸਿੰਘ ਅਤੇ ਜਥੇਬੰਦੀ ਵਾਰਿਸ ਪੰਜਾਬ ਦੇ ਹੋਰ ਸਮਰਥਕ ਇੱਥੇ ਅਕਾਲ ਤਖ਼ਤ ਵਿਖੇ ਪੁੱਜੇ ਜਿੱਥੇ ਉਨ੍ਹਾਂ ਜਥੇਬੰਦੀ ਦੀ ਚੌਥੀ ਵਰ੍ਹੇਗੰਢ ਸਬੰਧੀ ਅਤੇ ਨਵੀਂ ਸਿਆਸੀ ਪਾਰਟੀ ਦੇ ਗਠਨ ਸਬੰਧੀ ਅਰਦਾਸ ਕੀਤੀ। ਜ਼ਿਕਰਯੋਗ ਹੈ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਇਸ ਵੇਲੇ ਵੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਮੀਡੀਆ ਨਾਲ ਗੱਲ ਕਰਦਿਆਂ ਤਰਸੇਮ ਸਿੰਘ ਨੇ ਕਿਹਾ ਕਿ ਨਵੀਂ ਪਾਰਟੀ ਦੇ ਨਾਂ ਬਾਰੇ ਸੰਗਤ ਦੀ ਸਲਾਹ ਲੈ ਕੇ ਬਾਅਦ ਵਿਚ ਕਿਸੇ ਵੱਡੇ ਇਕੱਠ ਦੌਰਾਨ ਐਲਾਨ ਕੀਤਾ ਜਾਵੇਗਾ। ਇਹ ਪਾਰਟੀ ਸਮੂਹ ਪੰਜਾਬੀਆਂ ਦੀ ਹੋਵੇਗੀ ਜਿਸ ਵਿਚ ਹਰ ਧਰਮ, ਜਾਤ ਅਤੇ ਬਿਨਾਂ ਕਿਸੇ ਭੇਦ-ਭਾਵ ਦੇ ਹਰ ਇਕ ਪੰਜਾਬੀ ਸ਼ਾਮਲ ਹੋ ਸਕੇਗਾ।

ਇਹ ਸਿਆਸੀ ਖੇਤਰੀ ਪਾਰਟੀ ਪੰਜਾਬ ਦੇ ਮੁੱਦਿਆਂ 'ਤੇ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕੋਈ ਵੀ ਰਾਜਸੀ ਧਿਰ ਚਾਹੇ ਉਹ ਅਕਾਲੀ ਹੀ ਹੋਣ, ਉਨ੍ਹਾਂ ਨੇ ਕਦੇ ਵੀ ਗੁਰੂ ਸਾਹਿਬ ਵੱਲੋਂ ਬਖਸ਼ੇ ਮੀਰੀ ਪੀਰੀ ਦੇ ਸਿਧਾਂਤ ਤਹਿਤ ਰਾਜ ਨਿਯਮ ਲਾਗੂ ਨਹੀਂ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨਾਲ ਆਰਥਿਕ, ਧਾਰਮਿਕ ਅਤੇ ਸਮਾਜਿਕ ਪੱਧਰ ਉਤੇ ਲਗਾਤਾਰ ਧੱਕਾ ਹੋ ਰਿਹਾ ਹੈ, ਸੂਬੇ ਦੀ ਸਥਿਤੀ ਲਗਾਤਾਰ ਬਦਤਰ ਹੁੰਦੀ ਜਾ ਰਹੀ ਹੈ। ਪੰਜਾਬ ਸਬੰਧੀ ਫੈਸਲੇ ਦਿੱਲੀ ਤੋਂ ਹੋ ਰਹੇ ਹਨ। ਪੰਜਾਬ ਵਿਚ ਕਿਸੇ ਵੀ ਖੇਤਰੀ ਸਿਆਸੀ ਪਾਰਟੀ ਦਾ ਵਜੂਦ ਨਹੀਂ ਰਿਹਾ, ਇਸ ਲਈ ਪੰਜਾਬ ਨੂੰ ਨਵੀਂ ਸਿਆਸੀ ਧਿਰ ਦੀ ਲੋੜ ਹੈ।

# ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਰੋਸ ਮਾਰਚ

**ਖਮਾਣੋਂ:** ਕੌਮੀ ਇਨਸਾਫ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ, ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਅਤੇ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਸਬੰਧੀ ਅਮਰਪ੍ਰੀਤ ਸਿੰਘ ਪੰਜਕੋਹਾ ਅਤੇ ਜਸਵੰਤ ਸਿੰਘ ਸਿੱਧੂਪੁਰ ਦੀ ਅਗਵਾਈ ਹੇਠ ਪੈਦਲ ਰੋਸ ਮਾਰਚ ਕੀਤਾ ਗਿਆ।

ਰੋਸ ਮਾਰਚ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਨੇੜੇ ਬੱਸ ਸਟੈਂਡ ਖਮਾਣੋਂ ਤੋਂ ਹੋਈ ਅਤੇ ਇਹ ਰੋਸ ਮਾਰਚ ਬਾਜ਼ਾਰ ਰਾਹੀਂ ਹੁੰਦਾ ਹੋਇਆ ਐਸ.ਡੀ.ਐਮ. ਦਫ਼ਤਰ ਖਮਾਣੋਂ ਪਹੁੰਚਿਆ, ਜਿੱਥੇ ਬੰਦੀ ਸਿੰਘਾਂ ਦੀ ਰਿਹਾਈ ਤੇ ਉਪਰੋਕਤ ਮਸਲਿਆਂ ਸਬੰਧੀ ਇਕ ਮੰਗ ਪੱਤਰ ਐਸ.ਡੀ.ਐਮ. ਖਮਾਣੋਂ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਦਿੱਤਾ ਗਿਆ ਜੋ ਬਲਾਕ ਵਿਕਾਸ ਅਫ਼ਸਰ ਖਮਾਣੋਂ ਪਰਮਵੀਰ ਕੌਰ ਨੇ ਪ੍ਰਾਪਤ ਕੀਤਾ। ਇਸ ਮੌਕੇ ਵੱਡੀ ਗਿਣਤੀ 'ਚ ਇਕੱਤਰ ਹੋਏ ਲੋਕਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਤੇ ਉਪਰੋਕਤ ਮਸਲਿਆਂ ਸਬੰਧੀ ਨਾਅਰੇਬਾਜ਼ੀ ਕੀਤੀ।

ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿੱਖ ਕੌਮ ਅਤੇ ਪੰਜਾਬੀਆਂ ਦਾ ਸਾਂਝਾ ਮਸਲਾ ਹੈ। ਪੰਜਾਬ ਅਤੇ ਕੇਂਦਰ ਸਰਕਾਰਾਂ ਜਾਣ ਬੁੱਝ ਕੇ ਮਸਲੇ ਨਜ਼ਰਅੰਦਾਜ਼ ਕਰ ਰਹੀਆਂ ਹਨ।

## ਯੂਥ ਅਕਾਲੀ ਆਗੂ 'ਆਪ' 'ਚ ਸ਼ਾਮਲ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਪੀ.ਏ.ਸੀ. ਮੈਂਬਰ ਗੁਰਲਾਲ ਸਿੰਘ ਭੁੱਲਰ ਅਤੇ ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਬੀਰ ਸਿੰਘ ਭੁੱਲਰ ਜੋ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੇ ਅਤਿ ਨਜ਼ਦੀਕੀ ਸਨ, ਪਰਿਵਾਰ ਸਣੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਮੌਕੇ ਪਿੰਡ ਭੁੱਲਰ ਵਿਚ ਹੋਏ ਸਮਾਗਮ ਦੌਰਾਨ ਭੁੱਲਰ ਪਰਿਵਾਰ ਨੇ ਸੈਂਕੜੇ ਸਮਰਥਕ ਵੀ ਸੱਦੇ ਹੋਏ ਸਨ।

ਉਨ੍ਹਾਂ ਨੂੰ ਆਮ ਆਦਮੀ ਪਾਰਟੀ (ਆਪ) ਵਿਚ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸ਼ਾਮਲ ਕੀਤਾ ਗਿਆ।

# ਰਾਜਪਾਲ ਵੱਲੋਂ ਬੁੱਢਾ ਨਾਲਾ ਪ੍ਰਦੂਸ਼ਣ ਮਾਮਲੇ 'ਚ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ

**ਚੰਡੀਗੜ੍ਹ:** ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਲੁਧਿਆਣਾ ਦੇ ਬੁੱਢੇ ਨਾਲੇ ਦੇ ਪ੍ਰਦੂਸ਼ਣ ਬਾਰੇ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਹੈ। ਨਵੇਂ ਰਾਜਪਾਲ ਕਟਾਰੀਆ ਨੇ ਪਹਿਲੀ ਦਫ਼ਾ ਇਹ ਰਿਪੋਰਟ ਮੰਗੀ ਹੈ, ਜਿਸ ਤੋਂ ਕਈ ਨਵੇਂ ਸਿਆਸੀ ਸੰਕੇਤ ਵੀ ਮਿਲ ਰਹੇ ਹਨ। ਪਿਛਲੇ ਦਿਨੀਂ ਰਾਜਪਾਲ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜਾਬ ਪੰਚਾਇਤੀ ਰਾਜ ਐਕਟ 1994 ਵਿਚ ਕੀਤੀ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਸੀ ਪਰ ਬਾਕੀ ਬਿੱਲਾਂ ਦਾ ਹਾਲੇ ਤੱਕ ਥਹੁ ਪਤਾ ਨਹੀਂ ਲੱਗਿਆ।

ਰਾਜਪਾਲ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਬੁੱਢੇ ਨਾਲੇ ਦੇ ਪ੍ਰਦੂਸ਼ਣ ਬਾਰੇ ਕਾਰਵਾਈ ਰਿਪੋਰਟ ਮੰਗੀ ਹੈ, ਜਿਸ ਸਬੰਧੀ ਸੂਬਾ ਸਰਕਾਰ ਨੇ ਤਿਆਰੀ ਵਿੱਢ ਦਿੱਤੀ ਹੈ। ਪਹਿਲਾਂ ਅੰਤਰ ਵਿਭਾਗੀ ਬਣਾਏ ਜਾਣ ਦੀ ਗੱਲ ਵੀ ਚੱਲੀ ਸੀ ਪਰ ਹੁਣ ਪੰਜਾਬ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਵੇਰਵੇ ਮੰਗੇ ਗਏ ਹਨ ਤਾਂ ਜੋ ਰਾਜ ਭਵਨ ਨੂੰ ਭੇਜੇ ਜਾ ਸਕਣ। ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਦਿਨੀਂ ਪ੍ਰਾਈਵੇਟ ਗਰੁੱਪ



ਨਾਲ ਮਿਲ ਕੇ ਬੁੱਢੇ ਨਾਲੇ ਦੀ ਸਫ਼ਾਈ ਬਾਰੇ ਤਿੰਨ ਪੜਾਵੀ ਰਣਨੀਤੀ ਵੀ ਬਣਾਈ ਸੀ। ਹੁਣ ਰਿਪੋਰਟ ਮੰਗੇ ਜਾਣ ਪਿੱਛੋਂ ਹਿਲਜੁਲ ਸ਼ੁਰੂ ਹੋਈ ਹੈ। ਰਾਜਸਥਾਨ ਦੇ ਰਾਜਪਾਲ ਹਰੀਭਾਊ ਬਾਗੜੇ ਨੇ ਸਤਲੁਜ ਦਰਿਆ ਜ਼ਰੀਏ ਰਾਜਸਥਾਨ ਵਿਚ ਪੁੱਜ ਰਹੇ ਦੂਸ਼ਿਤ ਪਾਣੀ ਬਾਰੇ ਪੰਜਾਬ ਦੇ ਰਾਜਪਾਲ ਨੂੰ ਪੱਤਰ ਲਿਖਿਆ ਹੈ ਅਤੇ ਇਸੇ ਤਰ੍ਹਾਂ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਬੁੱਢੇ ਨਾਲੇ ਦੇ ਪ੍ਰਦੂਸ਼ਣ ਬਾਰੇ ਉਠਾਏ ਸਵਾਲਾਂ ਦਾ ਵੇਰਵਾ ਵੀ ਪੱਤਰ ਨਾਲ ਨੱਥੀ ਕੀਤਾ ਗਿਆ ਸੀ।

ਰਾਜਸਥਾਨ ਦੇ ਰਾਜਪਾਲ ਨੇ ਸੂਬੇ ਦੇ ਸੰਯੁਕਤ ਕਿਸਾਨ ਮੋਰਚਾ ਗੰਗਾਨਗਰ ਦਾ ਪੱਤਰ ਵੀ ਭੇਜਿਆ ਹੈ। ਮੁੱਖ ਤੌਰ 'ਤੇ ਸਤਲੁਜ ਦਰਿਆ ਵਿਚ ਸ਼ਹਿਰਾਂ ਦੇ ਪੈਂਦੇ ਦੂਸ਼ਿਤ ਪਾਣੀ ਦਾ ਵੀ ਜ਼ਿਕਰ ਕੀਤਾ ਗਿਆ ਹੈ। ਲੁਧਿਆਣਾ, ਜਲੰਧਰ, ਫਗਵਾੜਾ ਅਤੇ ਰੋਪੜ ਸ਼ਹਿਰਾਂ ਦੇ ਪਾਣੀ ਦੀ ਨਿਕਾਸੀ ਸਤਲੁਜ ਦਰਿਆ ਵਿੱਚ ਹੋਣ ਦੀ ਗੱਲ ਆਖੀ ਗਈ ਹੈ।

ਰਾਜਸਥਾਨ ਦੇ ਰਾਜਪਾਲ ਨੇ ਲਿਖਿਆ ਹੈ ਕਿ ਸਤਲੁਜ ਦਾ ਪਾਣੀ ਪੱਛਮੀ ਬੀਕਾਨੇਰ ਦੇ ਦਰਜਨ ਜ਼ਿਲ੍ਹਿਆਂ ਵਿਚ ਕਹਿਰ ਢਾਹ ਰਿਹਾ ਹੈ ਅਤੇ ਕੈਂਸਰ ਲੋਕਾਂ ਦੀਆਂ ਜਾਨਾਂ ਲੈ ਰਿਹਾ ਹੈ। ਦੂਸ਼ਿਤ ਪਾਣੀ ਬਾਰੇ ਰਾਜਸਥਾਨ ਵਿਚ ਹੋ ਰਹੇ ਕਿਸਾਨ ਅੰਦੋਲਨਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਸੇ ਆਧਾਰ 'ਤੇ ਪੰਜਾਬ ਦੇ ਰਾਜਪਾਲ ਨੇ ਸੂਬਾ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਹੈ। ਰਾਜਸਥਾਨ ਵਿਚ ਪਹਿਲਾਂ ਵੀ ਇਹ ਮੁੱਦਾ ਕਾਫ਼ੀ ਵਾਰ ਉੱਠਿਆ ਹੈ ਕਿ ਪੰਜਾਬ ਦਾ ਦੂਸ਼ਿਤ ਪਾਣੀ ਨਹਿਰਾਂ ਜ਼ਰੀਏ ਰਾਜਸਥਾਨ ਪਹੁੰਚ ਰਿਹਾ ਹੈ। ਰਾਜਸਥਾਨ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਵੀ ਇਹ ਮੁੱਦਾ ਉਠਾ ਚੁੱਕਾ ਹੈ। ਬੁੱਢੇ ਨਾਲੇ ਦਾ ਪਾਣੀ ਅੱਗੇ ਰਾਜਸਥਾਨ ਨਹਿਰ ਤੱਕ ਪੁੱਜਦਾ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਰਾਜਸਥਾਨ ਤੋਂ ਹਨ ਅਤੇ ਉਨ੍ਹਾਂ ਨੇ ਜਦੋਂ ਵਿਭਾਗੀ ਸਕੱਤਰਾਂ ਦੀ ਮੀਟਿੰਗ ਬੁਲਾਈ ਸੀ ਤਾਂ ਉਦੋਂ ਵੀ ਰਾਜਸਥਾਨ ਨਹਿਰ ਵਿਚ ਜਾਂਦੇ ਦੂਸ਼ਿਤ ਪਾਣੀ ਦਾ ਮਾਮਲਾ ਚੁੱਕਿਆ ਸੀ। ਹੁਣ ਉਹ ਬਤੌਰ ਪੰਜਾਬ ਦੇ ਰਾਜਪਾਲ ਆਪਣੇ ਸੂਬੇ ਰਾਜਸਥਾਨ ਦੇ ਇਸ ਮਾਮਲੇ ਨੂੰ ਹੱਲ ਕਰਾਉਣ ਦੇ ਇੱਛੁਕ ਹਨ। ਇਸ ਤੋਂ ਪਹਿਲਾਂ ਗਜੇਂਦਰ ਸ਼ੇਖਾਵਤ ਵੀ ਕਾਫ਼ੀ ਵਾਰ ਮਾਮਲਾ ਸੂਬਾ ਸਰਕਾਰ ਕੋਲ ਉਠਾ ਚੁੱਕੇ ਸਨ।

## ਸਰੋਵਰ 'ਚ ਡੁੱਬਣ ਕਾਰਨ ਪਤੀ-ਪਤਨੀ ਦੀ ਮੌਤ

**ਬਟਾਲਾ:** ਪਿੰਡ ਲੀਲ ਕਲਾਂ ਸਥਿਤ ਗੁਰਦੁਆਰਾ ਮੱਕਾ ਸਾਹਿਬ ਦੇ ਸਰੋਵਰ 'ਚ ਡੁੱਬਣ ਨਾਲ ਪਤੀ-ਪਤਨੀ ਦੀ ਮੌਤ ਹੋ ਗਈ ਜਿਸ ਦੀ ਪਛਾਣ ਪਿੰਡ ਕੰਡੀਲਾ ਦੇ ਵਾਸੀ ਬਲਵੰਤ ਸਿੰਘ ਅਤੇ ਉਸ ਦੀ ਪਤਨੀ ਰਾਜਵੰਤ ਕੌਰ ਵਜੋਂ ਹੋਈ ਹੈ। ਇਸ ਗੁਰਦੁਆਰੇ 'ਚ ਹਰ ਐਤਵਾਰ ਨੂੰ ਨੇੜਲੇ ਪਿੰਡਾਂ ਦੇ ਲੋਕ ਨਤਮਸਤਕ ਹੋਣ ਆਉਂਦੇ ਹਨ। ਜਾਣਕਾਰੀ ਅਨੁਸਾਰ ਬਲਵੰਤ ਸਿੰਘ ਆਪਣੀ ਪਤਨੀ ਰਾਜਵੰਤ ਕੌਰ ਨਾਲ ਗੁਰਦੁਆਰੇ ਮੱਥਾ ਟੇਕਣ ਆਇਆ ਜਦੋਂ ਉਹ ਸਰੋਵਰ 'ਚ ਇਸ਼ਨਾਨ ਕਰਨ ਲਈ ਉਤਰਿਆ ਤਾਂ ਸੰਤੁਲਨ ਵਿਗੜਨ ਨਾਲ ਡਿੱਗ ਗਿਆ। ਇਸ ਦੌਰਾਨ ਸਰੋਵਰ ਕਿਨਾਰੇ ਖੜ੍ਹੀ ਉਸ ਦੀ ਪਤਨੀ ਰਾਜਵੰਤ ਕੌਰ ਉਸ ਨੂੰ ਬਚਾਉਣ ਲਈ ਗਈ ਪਰ ਆਪ ਵੀ ਡਿੱਗ ਗਈ। ਉਨ੍ਹਾਂ ਦੋਵਾਂ ਦੇ ਡੁੱਬਣ ਦੀ ਜਾਣਕਾਰੀ ਸੇਵਾਦਾਰ ਨੇ ਦਿੱਤੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 5 ਅਕਤੂੰਬਰ, 2024

# ਲੋਕਤੰਤਰ ਦਾਅ 'ਤੇ

ਭਾਰਤ ਦਾ ਲੋਕਤੰਤਰ ਜਿਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ, ਇੱਕ ਵਾਰ ਫਿਰ ਨਿਘਾਰ ਦੇ ਪਤਾਲ ਤੱਕ ਪੁੱਜ ਗਿਆ ਹੈ। ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਕੁਝ ਅਜਿਹੇ ਦ੍ਰਿਸ਼ ਸਾਹਮਣੇ ਆਏ ਹਨ ਜਿਸ ਨੇ ਲੋਕਤੰਤਰ 'ਤੇ ਵੱਡਾ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਵੱਖ-ਵੱਖ ਮੌਕਿਆਂ 'ਤੇ ਭਾਰਤ ਦੇ ਲੋਕਤੰਤਰ 'ਤੇ ਸਵਾਲ ਅਕਸਰ ਉਠਦੇ ਰਹੇ ਹਨ ਪਰ ਐਤਕੀਂ ਤਾਂ ਨਿਘਾਰ ਦੀਆਂ ਸਭ ਹੱਦਾਂ ਪਾਰ ਹੋ ਗਈਆਂ ਹਨ। ਐਤਕੀਂ ਪੰਜਾਬ ਦੀਆਂ ਪੰਚਾਇਤੀ ਚੋਣਾਂ ਦੌਰਾਨ ਸਰਪੰਚੀ ਬੋਲੀ ਰਾਹੀਂ ਹਾਸਿਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਹ ਬੋਲੀ ਹਜ਼ਾਰਾਂ ਜਾਂ ਲੱਖਾਂ ਵਿਚ ਨਹੀਂ ਸਗੋਂ ਕਰੋੜਾਂ ਤੱਕ ਜਾ ਪੁੱਜੀ ਹੈ। ਪੰਚਾਇਤਾਂ ਨੂੰ ਲੋਕਤੰਤਰ ਦੀ ਸਭ ਤੋਂ ਮੁਢਲੀ ਇਕਾਈ ਮੰਨਿਆ ਜਾਂਦਾ ਹੈ। ਅਜਿਹੇ ਬਹੁਤ ਸਾਰੇ ਲੀਡਰ ਹਨ ਜਿਨ੍ਹਾਂ ਆਪਣਾ ਸਿਆਸੀ ਸਫਰ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤਾ ਪਰ ਐਤਕੀਂ ਜੋ ਕੁਝ ਹੋ ਰਿਹਾ ਹੈ, ਉਸਨੇ ਲੋਕਤੰਤਰ ਦੇ ਸਭ ਨੇਮ ਛਿੱਕੇ ਟੰਗ ਦਿੱਤੇ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਹਰਦੋਵਾਲ ਕਲਾਂ ਵਿਚ ਸਰਪੰਚ ਦੇ ਅਹੁਦੇ ਲਈ ਲਾਈ ਬੋਲੀ ਲੋਕਤੰਤਰੀ ਅਸੂਲਾਂ ਦੀ ਘੋਰ ਉਲੰਘਣਾ ਹੈ। ਇਸ ਨੇ ਚੋਣ ਅਮਲ ਉਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ ਕਿ ਇਹ ਹੁਣ ਧਨਾਢਾਂ ਦੀ ਕਠਪੁਤਲੀ ਬਣ ਗਈ ਹੈ। ਸਰਪੰਚੀ ਲਈ ਦਾਅਵੇਦਾਰ ਨੇ ਦੋ ਕਰੋੜ ਰੁਪਏ ਦੀ ਬੋਲੀ ਲਾ ਕੇ ਲੋਕਤੰਤਰੀ ਅਮਲ ਦਾ ਮਖੌਲ ਬਣਾ ਦਿੱਤਾ ਹੈ। ਸਾਰਾ ਕੁਝ ਪੈਸੇ ਦੇ ਜ਼ੋਰ ਨਾਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਮੁਕਤਸਰ ਸਾਹਿਬ, ਬਠਿੰਡਾ ਜ਼ਿਲ੍ਹਿਆਂ ਅਤੇ ਕੁਝ ਹੋਰ ਪਿੰਡਾਂ ਵਿਚ ਵੀ ਅਜਿਹਾ ਰੁਝਾਨ ਦੇਖਣ ਨੂੰ ਮਿਲਿਆ ਹੈ।

ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਬੋਲੀ ਬਾਰੇ ਮੀਡੀਆ ਵਿਚ ਲਗਾਤਾਰ ਖਬਰਾਂ ਆ ਰਹੀਆਂ ਸਨ ਪਰ ਨਾ ਚੋਣ ਕਮਿਸ਼ਨ ਅਤੇ ਨਾ ਹੀ ਸਰਕਾਰ ਨੇ ਇਸ ਦਾ ਕੋਈ ਨੋਟਿਸ ਲਿਆ। ਹੁਣ ਜਦੋਂ ਬੋਲੀ ਲੱਖਾਂ ਤੋਂ ਟੱਪ ਕੇ ਕਰੋੜਾਂ ਵਿਚ ਚਲੀ ਗਈ ਤਾਂ ਚੋਣ ਕਮਿਸ਼ਨ ਦੀਆਂ ਅੱਖਾਂ ਖੁੱਲ੍ਹੀਆਂ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਮੰਗੀ ਗਈ ਹੈ। ਅਸਲ ਵਿਚ, ਇਉਂ ਸਰਪੰਚੀ ਵਰਗੇ ਅਹਿਮ ਅਹੁਦਿਆਂ ਲਈ ਬੋਲੀ ਦੇਣਾ ਸੰਵਿਧਾਨ ਦੀ 73ਵੀਂ ਸੋਧ ਦੀ ਸਿੱਧੀ ਉਲੰਘਣਾ ਹੈ। ਇਸ ਸੋਧ ਤਹਿਤ ਪੰਚਾਇਤੀ ਨੁਮਾਇੰਦਿਆਂ ਲਈ ਸੁਤੰਤਰ ਅਤੇ ਵਾਜਬ ਢੰਗ ਨਾਲ ਚੋਣਾਂ ਕਰਾਉਣੀਆਂ ਲਾਜ਼ਮੀ ਹਨ। ਬੋਲੀ ਪੰਜਾਬ ਪੰਚਾਇਤੀ ਰਾਜ ਐਕਟ ਦੀ ਵੀ ਉਲੰਘਣਾ ਹੈ ਜਿਸ ਤਹਿਤ ਵਿੱਤੀ ਬੋਲੀ ਲਈ ਕੋਈ ਥਾਂ ਨਹੀਂ ਹੈ ਸਗੋਂ ਵੋਟਾਂ ਪੁਆਉਣੀਆਂ ਜ਼ਰੂਰੀ ਹਨ।

ਇਸ ਸਮੁੱਚੇ ਅਮਲ ਵਿਚੋਂ ਲੋਕਾਂ ਦੇ ਪ੍ਰਸ਼ਾਸਨ ਨਾਲੋਂ ਮੋਹ ਭੰਗ ਹੋਣ ਦੀ ਸਾਫ ਝਲਕ ਦਿਸ ਰਹੀ ਹੈ। ਪ੍ਰਸ਼ਾਸਨ ਕਈ ਦਿਹਾਤੀ ਇਲਾਕਿਆਂ 'ਚ ਵਿਕਾਸ ਕਾਰਜ ਸਿਰੇ ਚੜ੍ਹਾਉਣ 'ਚ ਬੁਰੀ ਤਰ੍ਹਾਂ ਨਾਕਾਮ ਹੋਇਆ ਹੈ। ਜਿਹੜਾ ਕੰਮ ਲੋੜ ਦੇ ਹਿਸਾਬ ਨਾਲ ਆਪੇ ਹੋਣਾ ਚਾਹੀਦਾ ਹੈ, ਉਸ ਲਈ ਲੋਕਾਂ ਨੂੰ ਲੇਲ੍ਹੜੀਆਂ ਕੱਢਣੀਆਂ ਪੈ ਰਹੀਆਂ ਹਨ। ਜਿਸ ਆਗੂ ਜਾਂ ਪਿੰਡ ਦੀ ਸਰਕਾਰੇ-ਦਰਬਾਰੇ ਪਹੁੰਚ ਹੋਵੇ, ਉਨ੍ਹਾਂ ਦੇ ਕੰਮ ਤਾਂ ਦੇਰ-ਸਵੇਰ ਹੋ ਜਾਂਦੇ ਹਨ ਪਰ ਬਾਕੀ 'ਪਰਨਾਲਾ ਜਿਉਂ ਦਾ ਤਿਉਂ' ਰਹਿੰਦਾ ਹੈ। ਇਸ ਦਾ ਇਕ ਕਾਰਨ ਪਿੰਡਾਂ ਵਿਚ ਧੜੇਬੰਦੀ ਵੀ ਹੈ। ਉਂਝ, ਇਹ ਕੋਈ ਵੱਡਾ ਮਸਲਾ ਨਹੀਂ; ਜੇ ਸਰਕਾਰ ਚਾਹੇ ਤਾਂ ਅਜਿਹੇ ਮਸਲੇ ਬਿਨਾਂ ਕਿਸੇ ਹੀਲ-ਹੁੱਜਤ ਦੇ ਆਸਾਨੀ ਨਾਲ ਨਿਬੇੜੇ ਜਾ ਸਕਦੇ ਹਨ। ਅਸਲ ਵਿਚ ਇਥੇ ਮਸਲਾ ਸਿਆਸੀ ਇੱਛਾ ਸ਼ਕਤੀ ਦਾ ਹੈ। ਪੰਜਾਬ ਇਸ ਵਕਤ ਚੁਫੇਰਿਉਂ ਸੰਕਟਾਂ ਵਿਚ ਘਿਰਿਆ ਹੋਇਆ ਹੈ ਪਰ ਕਿਸੇ ਵੀ ਪੱਧਰ 'ਤੇ ਇਨ੍ਹਾਂ ਸੰਕਟਾਂ ਨਾਲ ਨਜਿੱਠਣ ਲਈ ਕੋਈ ਚਾਰਾਜੋਈ ਨਹੀਂ ਕੀਤੀ ਜਾ ਰਹੀ। ਸੂਬੇ ਅੰਦਰ ਸਿਹਤ ਅਤੇ ਸਿਖਿਆ ਸੰਸਥਾਵਾਂ ਦਾ ਬੁਰਾ ਹਾਲ ਹੈ। ਨਸ਼ਿਆਂ ਦੇ ਵਗਦੇ ਦਰਿਆ ਨੂੰ ਠੱਲ੍ਹਿਆ ਨਹੀਂ ਜਾ ਰਿਹਾ। ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਅਜਿਹੀਆਂ ਸਮੱਸਿਆਵਾਂ ਕਾਰਨ ਨੌਜਵਾਨ ਵਿਦੇਸ਼ ਵੱਲ ਭੱਜ ਰਹੇ ਹਨ। ਹੁਣ ਸਰਕਾਰੀ ਅਹੁਦਿਆਂ ਦੀ ਬੋਲੀ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ ਹੈ। ਇਸ ਨਾਲ ਮੁਸ਼ਕਿਲਾਂ ਵਿਚ ਵਾਧਾ ਹੀ ਹੋਵੇਗਾ। ਬੋਲੀ ਦਾ ਇਹ ਅਮਲ ਭ੍ਰਿਸ਼ਟਾਚਾਰ ਅਤੇ ਉਨ੍ਹਾਂ ਲੋਕਾਂ ਲਈ ਸੱਤਾ ਦੀ ਦੁਰਵਰਤੋਂ ਲਈ ਬੂਹੇ ਖੋਲ੍ਹੇਗਾ ਜਿਹੜੇ ਆਪਣੇ ਇਸ 'ਨਿਵੇਸ਼' ਦੀ ਪੂਰਤੀ ਕਰਨਾ ਚਾਹੁਣਗੇ। ਇਸੇ ਕਰ ਕੇ ਸਿਆਸੀ ਮਾਹਿਰਾਂ ਨੇ ਹੁਣ ਜ਼ੋਰ ਦੇ ਕੇ ਕਿਹਾ ਹੈ ਕਿ ਜੇ ਬੋਲੀਆਂ ਦੇ ਇਸ ਮਸਲੇ ਵੱਲ ਗੰਭੀਰਤਾ ਨਾਲ ਗੌਰ ਨਾ ਕੀਤਾ ਗਿਆ ਤਾਂ ਲੋਕਤੰਤਰ ਦੀਆਂ ਨੀਂਹਾਂ ਉਖੜ ਜਾਣਗੀਆਂ।

ਇਹ ਪਹਿਲੀ ਵਾਰ ਨਹੀਂ ਹੈ ਕਿ ਲੋਕਤੰਤਰ ਨੂੰ ਇਉਂ ਦਾਅ 'ਤੇ ਲਾਇਆ ਗਿਆ ਹੈ। ਪਿੱਛੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਉਤੇ ਹੀ ਝਾਤੀ ਮਾਰੀ ਜਾ ਸਕਦੀ ਹੈ। ਹੋਰ ਤਾਂ ਹੋਰ, ਦੇਸ਼ ਦੇ ਪ੍ਰਧਾਨ ਮੰਤਰੀ ਨੇ ਵੋਟਾਂ ਹਾਸਿਲ ਕਰਨ ਲਈ ਭੜਕਾਊ ਭਾਸ਼ਣ ਹੀ ਨਹੀਂ ਦਿੱਤੇ ਸਗੋਂ ਲੋਕਾਂ ਨੂੰ ਜਾਣ-ਬੁੱਝ ਕੇ ਧਰਮ ਦੇ ਆਧਾਰ 'ਤੇ ਉਕਸਾਉਣ ਦਾ ਯਤਨ ਵੀ ਕੀਤਾ। ਇਕ ਖਾਸ ਫਿਰਕੇ ਨੂੰ ਬਾਕਾਇਦਾ ਨਿਸ਼ਾਨੇ 'ਤੇ ਰੱਖਿਆ ਗਿਆ ਤਾਂ ਕਿ ਹਿੰਦੂਆਂ ਦੀਆਂ ਵੱਧ ਤੋਂ ਵੱਧ ਵੋਟਾਂ ਬਟੋਰੀਆਂ ਜਾ ਸਕਣ। ਅਜਿਹੇ ਮਾਮਲਿਆਂ ਵਿਚ ਕੁਝ ਕਰ ਗੁਜ਼ਰਨ ਦੀ ਜ਼ਿੰਮੇਵਾਰੀ ਚੋਣ ਕਮਿਸ਼ਨ ਦੀ ਹੈ ਪਰ ਚੋਣ ਕਮਿਸ਼ਨ ਸੱਤਾਧਾਰੀ ਦੇ ਦਾਬੇ ਬਾਰੇ ਕੁਸਕਿਆ ਤੱਕ ਨਹੀਂ। ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਚੋਣ ਕਮਿਸ਼ਨ ਨੇ ਵੱਖ-ਵੱਖ ਚੋਣਾਂ ਲਈ ਚੋਣ ਖਰਚੇ ਮਿਥੇ ਹੋਏ ਹਨ ਪਰ ਕੋਈ ਵੀ ਉਮੀਦਵਾਰ ਇਸ ਨੇਮ ਦੀ ਪਾਲਣਾ ਨਹੀਂ ਕਰਦਾ ਅਤੇ ਕਦੀ ਕੋਈ ਅਜਿਹੀ ਖਬਰ ਪੜ੍ਹਨ ਸੁਣਨ ਨੂੰ ਮਿਲੀ ਜਿਸ ਵਿਚ ਚੋਣ ਕਮਿਸ਼ਨ ਨੇ ਵੱਧ ਖਰਚੇ ਲਈ ਕਿਸੇ ਉਮੀਦਵਾਰ ਖਿਲਾਫ ਕਾਰਵਾਈ ਕੀਤੀ ਹੋਵੇ। ਅਜਿਹੀ ਕੋਈ ਕਾਰਵਾਈ ਨਾ ਹੋਣ ਕਰ ਕੇ ਹੁਣ ਮਾਮਲਾ ਬੋਲੀ ਤੱਕ ਅੱਪੜ ਗਿਆ ਹੈ। ਹੁਣ ਲੋਕਤੰਤਰ ਬਾਰੇ ਨਵੇਂ ਸਿਰਿਓਂ ਵਿਚਾਰ ਕਰਨ ਦਾ ਵੇਲਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੁਣਿਉਂ ਜੀ ਕਲਮਕਾਰੋ

ਹੱਕ ਸੱਚ ਇਨਸਾਫ ਲਈ ਕਲਮ ਵਾਹੀਏ ਪਾਠਕ ਵਰਗ ਦਾ ਮਿ.ਲੂ ਸਤਿਕਾਰ ਸਾਨੂੰ।
ਬਹੁਤਾ ਦੇਈਏ 'ਉਪਦੇਸ਼' ਨਾ ਦੂਜਿਆਂ ਨੂੰ ਖੁਦ ਦਾ ਦੇਖਣਾ ਚਾਹੀਏ ਕਿਰਦਾਰ ਸਾਨੂੰ।
'ਤਾਰੇ ਅੰਬਰ 'ਚੋਂ ਤੋੜ ਲਏ' ਬਹੁਤ ਆਪਾਂ ਹੁਣ ਨਹੀਂ ਸੋਭਦੇ 'ਜ਼ੁਲਫ ਸ਼ਿੰਗਾਰ' ਸਾਨੂੰ।
ਲਿਖਤਾਂ ਵਿਚ ਸਮਾਜ ਲਈ ਸੇਧ ਹੋਵੇ ਉਹ ਬਣਾਉਂਦੀਆਂ ਨੇ 'ਅਸਰਦਾਰ' ਸਾਨੂੰ।
ਕਦੇ ਮਾਣ ਸਨਮਾਨਾਂ ਲਈ ਲਲਚੀਏ ਨਾ ਪਾਠਕ ਜਨਾਂ ਦਾ ਮਿ.ਲਦਾ ਰਹੇ ਪਿਆਰ ਸਾਨੂੰ।
ਕਾਗਜ਼ ਕਲਮ ਸਿਆਹੀ ਹੁਣ ਵਰਤਦੇ ਨਾ ਫਿਰ ਵੀ ਆਖਦੇ ਨੇ 'ਕਲਮਕਾਰ' ਸਾਨੂੰ!

# ਕੀ ਕਹਿੰਦਾ ਹੈ ਪੰਜਾਬ ਖੇਤੀਬਾੜੀ ਨੀਤੀ ਦਾ ਖਰੜਾ

**ਖੇਤੀ ਨੀਤੀ ਦਾ ਮਕਸਦ ਖੇਤੀ ਖ਼ਰਚੇ ਘਟਾਉਣ ਅਤੇ ਕੁਆਲਿਟੀ ਪੈਦਾਵਾਰ ਕਰਨ ਲਈ ਕੁਦਰਤੀ ਇਲਾਕਿਆਂ ਵਿਚ ਸਬੰਧਿਤ ਫ਼ਸਲਾਂ ਨੂੰ ਉਤਸ਼ਾਹਿਤ ਕਰਨਾ ਹੈ। 'ਸੈਂਟਰ ਆਫ ਐਕਸੀਲੈਂਸ' ਸੰਸਥਾਵਾਂ ਦੀ ਸਥਪਨਾ ਕਰਨਾ ਹੈ ਜਿਨ੍ਹਾਂ ਦਾ ਉਦੇਸ਼ ਨਵੀਨਤਮ ਤਕਨੀਕ ਦਾ ਪ੍ਰਦਰਸ਼ਨ ਅਤੇ ਕਿਸਾਨਾਂ ਤੇ ਹੋਰ ਸਬੰਧਤ ਅਮਲੇ ਨੂੰ ਅਗਾਂਹਵਧੂ ਕਿਸਾਨ ਸੁਸਾਇਟੀਆਂ ਨਾਲ ਜੋੜਿਆ ਜਾਣਾ ਹੈ।**

ਪੰਜਾਬ ਦਾ ਖੇਤੀਬਾੜੀ ਖੇਤਰ ਅੱਜ ਗੰਭੀਰ ਸੰਕਟ ਵਿਚ ਹੈ। ਕਰਜ਼ੇ ਵਿਚ ਫਸੇ ਹੋਏ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਇਸ ਸੰਕਟ ਨਾਲ ਨਜਿੱਠਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਦੇ ਮੁੱਖ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਖੇਤੀ ਨੀਤੀ ਘੜਨ ਲਈ ਪੰਜਾਬ ਸਰਕਾਰ ਦੀ ਬਣਾਈ ਗਿਆਰਾਂ ਮੈਂਬਰੀ ਕਮੇਟੀ ਵੱਲੋਂ ਪੇਸ਼ ਖਰੜੇ ਵਿਚ ਕਿਹਾ ਗਿਆ ਹੈ ਕਿ ਰਾਜ ਦੀ ਖੇਤੀਬਾੜੀ ਨੀਤੀ ਦਾ ਉਦੇਸ਼ ਪੰਜਾਬ ਅੰਦਰ ਸਿਹਤਮੰਦ, ਲਾਹੇਵੰਦ ਅਤੇ ਕੌਮਾਂਤਰੀ ਤੌਰ 'ਤੇ ਮੁਕਾਬਲੇਯੋਗ ਖੇਤੀ ਲਈ ਬਹੁ-ਪੱਧਰੀ ਸੰਸਥਾਈ ਸਹਿਕਾਰੀ ਢਾਂਚੇ ਨਾਲ ਖੇਤੀ ਦਾ ਵਿਕਾਸ ਕਰਨਾ ਹੈ। ਖੇਤੀ ਨੀਤੀ ਬਣਾਉਣ



ਡਾ. ਮੋਹਨ ਸਿੰਘ
ਫੋਨ: +91-78883-27695

ਦਾ ਆਧਾਰ ਸਹਿਯੋਗੀ ਅਤੇ ਭਾਗੀਦਾਰੀ ਵਾਲੀ ਪਹੁੰਚ ਨੂੰ ਉਤਸ਼ਾਹਿਤ ਕਰਨਾ ਹੈ ਜਿਸ ਵਿਚ ਕਿਸਾਨ ਜਥੇਬੰਦੀਆਂ, ਖੋਜ ਵਿਗਿਆਨੀਆਂ, ਖੇਤੀ ਮਾਹਿਰਾਂ, ਖੇਤ ਮਜ਼ਦੂਰਾਂ ਅਤੇ ਉਤਪਾਦਕ ਸੰਗਠਨਾਂ ਦੇ ਨੁਮਾਇੰਦਿਆਂ ਸਮੇਤ ਹੋਰ ਮਿਹਨਕਸ਼ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਅਕਤੀਆਂ/ਗਰੁੱਪਾਂ ਨੂੰ ਸਰਗਰਮੀ ਨਾਲ ਸ਼ਾਮਿਲ ਕਰਨਾ ਹੈ।

ਇਸ ਨੀਤੀ ਦੇ ਉਭਰਵੇਂ ਨੁਕਤਿਆਂ ਵਿਚ ਖੇਤੀ ਨੀਤੀ ਦਾ ਮਕਸਦ ਖੇਤੀ ਖ਼ਰਚੇ ਘਟਾਉਣ ਅਤੇ ਕੁਆਲਿਟੀ ਪੈਦਾਵਾਰ ਕਰਨ ਲਈ ਕੁਦਰਤੀ ਇਲਾਕਿਆਂ ਵਿਚ ਸਬੰਧਿਤ ਫ਼ਸਲਾਂ ਨੂੰ ਉਤਸ਼ਾਹਿਤ ਕਰਨਾ ਹੈ। 'ਸੈਂਟਰ ਆਫ ਐਕਸੀਲੈਂਸ' ਸੰਸਥਾਵਾਂ ਦੀ ਸਥਪਨਾ ਕਰਨਾ ਹੈ ਜਿਨ੍ਹਾਂ ਦਾ ਉਦੇਸ਼ ਨਵੀਨਤਮ ਤਕਨੀਕ ਦਾ ਪ੍ਰਦਰਸ਼ਨ ਅਤੇ ਕਿਸਾਨਾਂ ਤੇ ਹੋਰ ਸਬੰਧਿਤ ਅਮਲੇ ਨੂੰ ਅਗਾਂਹਵਧੂ ਕਿਸਾਨ ਸੁਸਾਇਟੀਆਂ ਨਾਲ ਜੋੜਿਆ ਜਾਣਾ ਹੈ। ਇਸ ਖੇਤੀ ਨੀਤੀ ਦਾ ਮਕਸਦ ਪਿੰਡਾਂ ਵਿਚ ਰੁਜ਼ਗਾਰ ਦੇ ਵਾਧੇ ਲਈ ਪਿੰਡ ਪੱਧਰ 'ਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਵੱਖ-ਵੱਖ ਫ਼ਸਲਾਂ ਦੇ ਉਤਪਾਦਨ, ਵਿਗਿਆਨਕ ਵਿਧੀਆਂ ਨਾਲ ਸਟੋਰੇਜ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ ਰਾਹੀਂ ਖੇਤੀ ਮੁਨਾਫ਼ੇ ਨੂੰ ਯਕੀਨੀ ਬਣਾ ਕੇ ਪੇਂਡੂ ਆਰਥਿਕਤਾ ਨੂੰ ਬਲ ਬਖ਼ਸ਼ਣਾ ਹੈ। ਇਹ ਲਾਹੇਵੰਦ ਖੇਤੀ ਕੀਮਤਾਂ ਨੂੰ ਸਥਿਰ ਰੱਖ ਕੇ ਮੰਗ ਅਤੇ ਸਪਲਾਈ ਦਾ ਸੰਤੁਲਨ ਕਾਇਮ ਰੱਖਣ ਲਈ ਅਤੇ ਵੰਨ-ਸਵੰਨੀ ਖੇਤੀ ਪੈਦਾਵਾਰ ਦੇ ਕੌਮੀ ਅਤੇ ਕੌਮਾਂਤਰੀ ਮੰਡੀਕਰਨ ਲਈ ਪੇਸ਼ੇਵਰ ਸੰਸਥਾ ਵਜੋਂ 'ਖੇਤੀ ਮੰਡੀਕਰਨ ਖੋਜ ਅਤੇ ਬੁੱਧੀਮਤ ਸੰਸਥਾ' ਵਜੋਂ ਆਪਣਾ ਰੋਲ ਨਿਭਾਵੇਗੀ। ਇਸ ਦਾ ਮਕਸਦ ਪੰਜਾਬ ਨੂੰ 'ਬੀਜ ਦੇ ਹੱਬ' ਵਜੋਂ ਵਿਕਸਤ ਕਰਨਾ ਅਤੇ ਪੰਜਾਬ ਨੂੰ ਪਾਣੀ ਦੇ ਸੰਕਟ ਵਰਗੀਆਂ ਹਾਲਤਾਂ ਦੇ ਮੱਦੇਨਜ਼ਰ, ਰਾਜ ਦੀ ਕੁੱਲ ਪਾਣੀ ਦੀ ਮੰਗ (66.12 ਬੀ.ਸੀ.ਐਮ.) ਦਾ ਘੱਟੋ-ਘੱਟ 20 ਬੀ.ਸੀ.ਐੱਮ. ਬਚਾਉਣ ਲਈ ਝੋਨੇ ਦੀਆਂ ਲੰਮੇ ਸਮੇਂ ਵਾਲੀਆਂ ਕਿਸਮਾਂ ਦੀ ਕਾਸ਼ਤ 'ਤੇ ਪੜਾਵਾਰ ਰੋਕ ਲਾਉਣਾ ਅਤੇ ਰੀਚਾਰਜ ਰੇਟ 'ਤੇ 300% ਜ਼ਿਆਦਾ ਪਾਣੀ ਕੱਢਣ ਵਾਲੇ 15 ਡਾਰਕ ਬਲਾਕਾਂ ਵਿਚ ਇਕ ਜਾਂ ਦੋ ਬਲਾਕਾਂ ਤੋਂ ਸ਼ੁਰੂ ਕਰ ਕੇ ਝੋਨੇ ਦੀ ਕਾਸ਼ਤ 'ਤੇ ਰੋਕ ਲਾਉਣਾ ਹੈ।

ਇਸ ਦੇ ਨਾਲ ਹੀ ਇਨ੍ਹਾਂ ਬਲਾਕਾਂ ਅੰਦਰ ਬਦਲਵੀਆਂ ਫ਼ਸਲਾਂ ਜਿਵੇਂ ਕਪਾਹ, ਮੱਕੀ, ਗੰਨਾ, ਸ਼ਬਜ਼ੀਆਂ ਅਤੇ ਬਾਗਾਂ ਨੂੰ ਉਤਸ਼ਾਹਿਤ ਕਰਦਿਆਂ ਝੋਨੇ ਦੀ ਕਾਸ਼ਤ ਨਾਲ ਵੱਧ ਮੁਨਾਫ਼ਾ ਯਕੀਨੀ ਬਣਾਇਆ ਜਾਵੇਗਾ। ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਸੁੱਕਾ ਕੱਦੂ ਕਰਨ ਆਦਿ ਜੋ ਪਾਣੀ ਦੀ ਬੱਚਤ ਅਤੇ ਝੋਨੇ ਧੀ ਗੁਣਵੱਤਾ ਵਿਚ ਸੁਧਾਰ ਕਰਦੇ ਹਨ, ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਵਾਤਾਵਰਣ ਪੱਖੀ ਸੂਰਜੀ ਊਰਜਾ ਦੀ ਮਦਦ ਨਾਲ ਸਾਰੇ ਏ.ਪੀ. ਟਿਊਬਵੈੱਲ ਕੁਨੈਕਸ਼ਨਾਂ ਨੂੰ ਸੋਲਰ ਪੈਨਲ ਲਗਾ ਕੇ ਗਰਿਡ ਨਾਲ ਜੋੜਿਆ ਜਾਣਾ ਚਾਹੀਦਾ ਹੈ। ਸਹਿਕਾਰੀ ਖੰਡ ਮਿੱਲਾਂ ਦੀ ਪਿੜਾਈ ਸਮਰੱਥਾ ਨੂੰ ਵਧਾ ਕੇ, ਈਥਾਨੌਲ ਜਾਂ ਸ਼ਰਾਬ ਕੋ-ਜੈਨਰੇਸ਼ਨ ਬਾਇਓ-ਸੀ.ਐਨ.ਜੀ. ਉਤਪਾਦਨ ਅਤੇ ਗਰਾਂਟ-ਇਨ ਏਡ ਨਾਲ ਮਜ਼ਬੂਤ, ਆਧੁਨਿਕ ਅਤੇ ਮੁੜ ਸੁਰਜੀਤ ਕਰਨਾ ਹੈ। ਇਸ ਨੀਤੀ ਰਾਹੀਂ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ



ਲਾਜ਼ਮੀ ਕੀਤੀ ਜਾਵੇਗੀ ਤਾਂ ਜੋ ਉਹ ਵੱਖ ਵੱਖ ਸਕੀਮਾਂ ਦਾ ਲਾਭ .ਲੈ ਸਕਣ। ਮਗਨਰੇਗਾ ਸਕੀਮ ਤਹਿਤ 100 ਦਿਨ ਦੇ ਲਾਜ਼ਮੀ ਕੰਮ ਨੂੰ 100 ਦਿਨ ਤੋਂ ਵਧਾ ਕੇ 200 ਦਿਨ ਕੀਤਾ ਜਾਵੇਗਾ। ਇਸ ਨੀਤੀ ਦਾ ਮਨੋਰਥ ਖੇਤੀ ਖ਼ਰਚਾ ਘਟਾਉਣ, ਪੈਦਾਵਾਰ ਦੀ ਕੁਆਲਿਟੀ ਬਿਹਤਰ ਬਣਾਉਣ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਲਈ ਯੋਗ ਬਣਾਉਣ ਲਈ ਖੇਤੀ ਖੋਜ ਅਤੇ ਪਾਸਾਰ ਨੂੰ ਮਜ਼ਬੂਤ ਕਰਨਾ ਹੈ।

ਇਸ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਫੰਡ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਹੈ ਅਤੇ ਇਸ ਫ਼ੰਡ ਵਿਚੋਂ ਪ੍ਰਸ਼ਾਸਕੀ ਖ਼ਰਚਿਆਂ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ 700 ਕਰੋੜ ਅਤੇ 'ਗਡਵਾਸੂ' ਨੂੰ 300 ਕਰੋੜ ਰੁਪਏ ਖੋਜ ਵਿਕਾਸ ਲਈ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਸਿਫਾਰਸ਼ਾਂ ਵਿਚ ਮੁੱਖ ਜ਼ੋਰ ਵੱਖ-ਵੱਖ ਕਿਸਮ ਦੇ ਫ਼ਸ.ਲੀ ਕੋਆਪਰੇਟਿਵ ਬਣਾਉਣ, ਜੈਵਿਕ ਖੇਤੀ ਅਪਣਾਉਣ, ਖੋਜ ਵਿਕਾਸ ਵੱਲੋਂ ਪਹਿਲਾਂ ਹੀ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਬਿਜਲੀ ਊਰਜਾ ਦੀ ਬੱਚਤ ਲਈ ਵੱਧ ਤੋਂ ਵੱਧ ਸੋਲਰ ਸਿਸਟਮ ਲਾਗੂ ਕਰਨ ਦੀ ਵਕਾਲਤ ਕੀਤੀ ਗਈ ਹੈ। ਕਮਿਸ਼ਨ ਵੱਲੋਂ ਪੰਜਾਬ ਦੀ ਖੇਤੀ ਜ਼ਮੀਨ ਨੂੰ ਦੁਨੀਆ ਭਰ ਦੀ ਖੇਤੀ ਜ਼ਮੀਨ ਦੀ ਤੁਲਨਾ 'ਚ ਸਭ ਤੋਂ ਆਲ੍ਹਾ ਜ਼ਮੀਨ ਕਿਹਾ ਗਿਆ ਹੈ ਪਰ ਪੰਜਾਬ ਲੈਂਡ ਲੌਕਡ ਰਾਜ (ਜਿਸ ਨੂੰ ਬੰਦਰਗਾਹ ਨਾ ਪੈਂਦੀ ਹੋਵੇ) ਹੋਣ ਕਰ ਕੇ ਫ਼ਸਲਾਂ ਦੇ ਲਾਹੇਵੰਦ ਭਾਅ ਲਈ ਵਾਹਗਾ ਬਾਰਡਰ ਖੋਲ੍ਹ ਕੇ ਖੇਤੀ ਵਸਤਾਂ ਦੀ ਬਰਾਮਦ ਲਈ ਟਰਾਂਸਪੋਰਟ ਸਬਸਿਡੀ ਦੀ ਸਿਫ਼ਾਰਸ਼ ਕੀਤੀ ਹੈ; ਇਹ ਸਬਸਿਡੀ ਵਿਸ਼ੇਸ਼ ਕਰਕੇ ਤਾਜ਼ਾ ਫ਼ਸਲਾਂ ਦੀ ਜਹਾਜ਼ਰਾਨੀ ਲਈ ਕੀਤੀ ਗਈ ਹੈ।

ਕੇਂਦਰ ਵਾਂਗ ਪੰਜਾਬ ਸਰਕਾਰ ਵੱਲੋਂ ਰਾਜ ਪੱਧਰ ਦਾ ਖੇਤੀ ਕਮਿਸ਼ਨ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਕਮਿਸ਼ਨ ਨੇ 2020-21 ਦੀਆਂ ਫ਼ਸਲਾਂ ਦੀਆਂ ਕੀਮਤਾਂ ਨੂੰ ਆਧਾਰ ਬਣਾਇਆ ਹੈ। 2020 ਵਿਚ ਕਣਕ ਦਾ ਭਾਅ 1925 ਰੁਪਏ ਸੀ ਪਰ ਖੇਤੀਬਾੜੀ ਕਮਿਸ਼ਨ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸਾਂ ਸੀ-2 ਪਲੱਸ 50 ਫੀਸਦੀ ਅਨੁਸਾਰ ਕਣਕ ਦਾ ਭਾਅ ਮਿੱਥਣ ਬਾਰੇ ਕਿਹਾ ਹੈ ਕਿ ਕਣਕ ਦਾ ਹੁਣ ਭਾਅ 2787 ਰੁਪਏ ਬਣਦਾ ਹੈ। ਇਸ ਤੋਂ ਇਲਾਵਾ ਖੇਤੀਬਾੜੀ ਕਮਿਸ਼ਨ ਕਿਸਾਨਾਂ ਨੂੰ ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਵਿਚ ਲੱਗੀ ਪੂੰਜੀ 'ਤੇ ਵਿਆਜ, ਕਿਸਾਨਾਂ ਦੇ ਘਰ ਤੋਂ ਮੰਡੀ ਤੱਕ ਦਾ ਖ਼ਰਚਾ, ਕਣਕ ਦੀ ਸਫ਼ਾਈ ਅਤੇ ਛਟਾਈ ਦਾ ਖ਼ਰਚਾ ਅਤੇ ਖੇਤੀ ਖ਼ਰਚੇ ਵਿਚ ਘਰ ਦੇ ਮੁੱਖ ਮੈਂਬਰ ਨੂੰ ਤਕਨੀਕੀ ਕਾਮੇ ਦੀ ਮੰਡੀ ਦਿਹਾੜੀ ਅਨੁਸਾਰ ਦੇ ਖ਼ਰਚਿਆਂ ਵਿਚ ਸ਼ਾਮਲ ਕਰਕੇ ਫ਼ਸਲ ਦੇ ਭਾਅ ਮਿਥਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਗੰਨੇ ਤੇ ਕਿੰਨੂ ਦੇ ਜੂਸ ਆਦਿ ਦੀ ਆਪਣੀ ਬਰਾਂਡਿਡ ਕਰ ਕੇ ਸਹੀ ਮੁੱਲ ਪੁਆਉਣ ਲਈ ਬਹੁ-ਮੰਤਵੀ ਕੋਆਪਰੇਟਿਵ ਸੁਸਾਇਟੀਆਂ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਭਾਰਤ ਅੰਦਰ ਕਿਸਾਨ ਜ਼ੁਬਾਨੀ-ਕਲਾਮੀ ਜ਼ਮੀਨ ਠੇਕੇ 'ਤੇ ਲੈਂਦੇ ਹਨ। ਇਸ ਕਰ ਕੇ ਕਿਸਾਨਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰ ਕੇ ਖੇਤੀ ਕਾਮੇ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਜ਼ਮੀਨ ਦਾ ਰਿਕਾਰਡ ਦਰੁਸਤ ਕਰਨਾ ਚਾਹੀਦਾ ਹੈ। ਖੇਤੀ ਕਾਮੇ ਕਮਿਸ਼ਨ ਨੇ ਖੇਤੀ ਠੇਕੇ ਦੇ ਕਾਨੂੰਨਾਂ ਵਿਚ ਸੁਧਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦੇ ਕੇ ਕਿਹਾ ਹੈ ਕਿ ਪੇਂਡੂ ਮਜ਼ਦੂਰਾਂ ਨੂੰ 1962 ਦੇ ਕਾਨੂੰਨ ਮੁਤਾਬਿਕ ਪੰਚਾਇਤੀ ਜ਼ਮੀਨ ਦੇ ਤੀਜਾ ਹਿੱਸਾ ਠੇਕੇ 'ਤੇ ਕਾਨੂੰਨੀ ਹੱਕ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੀਦਾ ਹੈ ਅਤੇ ਇਸ ਜ਼ਮੀਨ ਦੀ ਬੋਲੀ ਦਾ ਅਧਿਕਾਰ ਵੀ ਮਜ਼ਦੂਰਾਂ ਨੂੰ ਹੀ ਹੋਣਾ ਚਾਹੀਦਾ ਹੈ। ਕਮਿਸ਼ਨ ਨੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸੁਧਰੇ ਹੋਏ ਬੀਜ ਕੇਵਲ ਸਰਕਾਰੀ ਸੰਸਥਾਵਾਂ ਰਾਹੀਂ ਸਪਲਾਈ ਕਰਨ ਦੀ ਸਿਫ਼ਾਰਸ਼ ਕੀਤੀ ਹੈ।

ਕਮਿਸ਼ਨ ਦੇ ਅਧਿਐਨ ਅਨੁਸਾਰ ਭਾਰਤ ਅੰਦਰ 54 ਪ੍ਰਤੀਸ਼ਤ ਕਿਰਤ ਸ਼ਕਤੀ ਖੇਤੀ ਵਿਚ ਲੱਗੀ ਹੋਈ ਹੈ ਅਤੇ ਪੰਜਾਬ ਅੰਦਰ ਇਹ 35 ਪ੍ਰਤੀਸ਼ਤ ਹੈ। ਪੰਜਾਬ ਅੰਦਰ ਕੁੱਲ ਕਿਰਤੀ 99 ਲੱਖ ਹਨ ਅਤੇ ਇਨ੍ਹਾਂ ਵਿਚੋਂ ਲਗਪਗ 35 ਲੱਖ ਖੇਤੀ ਕਾਮੇ ਹਨ। ਕਿਸਾਨ/ਮਜ਼ਦੂਰ ਖੁਦਕੁਸ਼ੀਆਂ ਪੰਜਾਬ ਅੰਦਰ ਆਮ ਵਰਤਾਰਾ ਹੈ। ਇਸ ਕਰ ਕੇ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ/ਮਜ਼ਦੂਰਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਇਵਜ਼ਾਨਾ, 60 ਸਾਲ ਤੋਂ ਉਪਰ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਪੈਨਸ਼ਨ ਅਤੇ ਦੁਰਘਟਨਾ ਨਾਲ ਹੋਈ ਮੌਤ ਸਮੇਂ 5 ਲੱਖ ਇਵਜ਼ਾਨਾ ਅਤੇ ਖਦਕੁਸ਼ੀ ਕਰ ਚੁੱਕੇ ਕਿਸਾਨਾਂ/ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਅਤੇ ਸੰਸਥਾਈ ਕਰਜ਼ੇ ਨੂੰ ਮੁਆਫ਼ ਕਰਨਾ ਚਾਹੀਦਾ ਹੈ। ਕਮਿਸ਼ਨ ਨੇ 2016 ਵਿਚ ਕਰਜ਼ਾ ਨਿਬੇੜੂ ਐਕਟ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਦੇ ਇਰਾਦੇ ਨਾਲ ਨਿੱਜੀ ਖੇਤਰ ਨਾਲ ਸਬੰਧਿਤ ਨਿੱਜੀ ਸ਼ਾਹੂਕਾਰ ਰਜਿਸਟਰ ਕਰਨ ਦੀ ਸਿਫਾਰਸ਼ ਕੀਤੀ ਹੈ। ਫਾਇਨਾਂਸ ਕੰਪਨੀਆਂ ਦੀ ਲੁੱਟ ਖ਼ਤਮ ਕਰਨ ਲਈ ਕਾਨੂੰਨ ਬਣਾਉਣ ਅਤੇ ਸ਼ਾਹੂਕਾਰਾਂ ਵੱਲੋਂ ਬੈਂਕ ਦੇ ਵਿਆਜ ਨਾਲੋਂ ਇਕ ਪ੍ਰਤੀਸ਼ਤ ਤੋਂ ਵੱਧ ਵਿਆਜ ਦੀ ਕਾਨੂੰਨੀ ਮਨਾਹੀ ਦੀ ਸਿਫ਼ਾਰਸ਼ ਕੀਤੀ ਹੈ।

ਖੇਤੀ ਅਤੇ ਕਾਮੇ ਕਮਿਸ਼ਨ ਨੇ ਨਾਸ਼ਵਾਨ ਫਸਲਾਂ ਨੂੰ ਦੇਸ਼ ਵਿਦੇਸ਼ 'ਚ ਬਰਾਮਦ ਕਰਨ ਲਈ ਟਰਾਂਸਪੋਰਟ 'ਤੇ ਸਬਸਿਡੀ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਕੋਆਪਰੇਟਿਵ ਕਾਨੂੰਨਾਂ ਵਿਚ ਤਬਦੀਲੀ ਕਰਕੇ ਇਨ੍ਹਾਂ ਸੁਸਾਇਟੀਆਂ ਵਿਚ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਪੰਜਾਬ ਅੰਦਰ ਵਧਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਫੈਕਟਰੀਆਂ ਦੇ ਪ੍ਰਦੂਸ਼ਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਦੀ ਸਿਫਾਰਸ਼ ਕੀਤੀ ਗਈ ਹੈ ਅਤੇ ਪਰਾਲੀ ਪ੍ਰਦੂਸ਼ਣ ਰੋਕਣ ਲਈ ਸਬਸਿਡੀ 'ਤੇ ਹੋਰ ਮਸ਼ੀਨਰੀ ਦਾ ਪ੍ਰਬੰਧ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੰਜਾਬ ਅੰਦਰ ਖੇਤੀ ਫ਼ਸਲਾਂ ਦੀ ਵੰਨ-ਸਵੰਨਤਾ ਲਈ 18 ਫ਼ਸਲਾਂ ਨੂੰ ਐੱਮ.ਐੱਸ.ਪੀ. ਦੇਣ ਅਤੇ ਹਰ ਫ਼ਸਲ ਦੇ ਅਲੱਗ-ਅਲੱਗ ਕੋਆਪਰੇਟਿਵ ਅਤੇ ਪ੍ਰੋਗਰੈਸਿਵ ਫਾਰਮ ਅਸੋਸੀਏਸ਼ਨ ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਕੁੱਲ ਮਿਲਾ ਕੇ ਮੌਜੂਦਾ ਖੇਤੀ ਕਾਮੇ ਅਤੇ ਮਜ਼ਦੂਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪਹਿਲਾਂ ਵਾਲੇ ਕਿਸੇ ਵੀ ਕਮਿਸ਼ਨ ਨਾਲੋਂ ਕਿਸਾਨ/ਮਜ਼ਦੂਰ ਹਿਤੈਸ਼ੀ ਦਿਸਦੀਆਂ ਹਨ ਹੈ ਪਰ ਇਸ ਨੂੰ ਵਿਸ਼ਵ ਸੰਸਥਾ ਅਤੇ ਪੰਜਾਬ ਅੰਦਰ ਸਰਕਾਰੀ ਸਬਸਿਡੀਆਂ ਬਾਰੇ ਆਪਣੀ ਸਪਸ਼ਟ ਰਾਏ ਦੇਣੀ ਚਾਹੀਦੀ ਹੈ।

**ਅਮਰੀਕਾ ਇਜ਼ਰਾਈਲ ਗੱਠਜੋੜ ਭਾਵੇਂ ਆਪਣੇ ਧੜਵੈਲ ਫ਼ੌਜੀ-ਖ਼ੁਫ਼ੀਆ ਢਾਂਚੇ ਦੇ ਜ਼ੋਰ ਦੁਨੀਆ ਭਰ 'ਚ ਕਰੂਰ ਤੋਂ ਕਰੂਰ ਹਮਲੇ ਕਰਨ ਦੇ ਸਮਰੱਥ ਹੈ ਪਰ ਉਹ ਇਸ ਹਕੀਕਤ ਨੂੰ ਭੁੱਲਦੇ ਹਨ ਕਿ ਅਜਿੱਤ ਸਮਝੀ ਜਾਂਦੀ ਫ਼ੌਜੀ ਤਾਕਤ ਵੀ ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਉਹ ਰਜਿਸਟੈਂਸ ਗਰੁੱਪਾਂ ਦਾ ਸਫ਼ਾਇਆ ਤਾਂ ਕਰ ਸਕਦੇ ਹਨ, ਵੱਖ-ਵੱਖ ਕੌਮਾਂ ਦੇ ਲਹੂ ਦੀਆਂ ਨਦੀਆਂ ਵਹਾ ਸਕਦੇ ਹਨ ਪਰ ਉਨ੍ਹਾਂ ਦੀਆਂ ਆਰਜ਼ੀ ਫ਼ੌਜੀ ਜਿੱਤਾਂ ਆਜ਼ਾਦੀ ਦੇ ਜਜ਼ਬੇ ਦਾ ਬੀਜ ਨਾਸ ਨਹੀਂ ਕਰ ਸਕਦੀਆਂ।**

# ਆਮ ਲੋਕਾਂ ਦਾ ਕਤਲੇਆਮ ਇਜ਼ਰਾਈਲ ਦੀ ਸੋਚੀ ਸਮਝੀ ਨੀਤੀ





*ਇਜ਼ਰਾਇਲੀ ਹਮਲਿਆਂ ਕਾਰਨ ਤਬਾਹ ਹੋਏ ਗਾਜ਼ਾ ਦੀ ਤਸਵੀਰ ਅਤੇ (ਸੱਜੇ) ਲਿਬਨਾਨ ਉੱਤੇ ਕੀਤੇ ਹਮਲਿਆਂ ਦਾ ਦ੍ਰਿਸ਼।*

ਸੱਤ ਅਕਤੂਬਰ ਨੂੰ ਫ਼ਲਸਤੀਨ ਵਿਰੁੱਧ ਇਜ਼ਰਾਇਲੀ ਨਸਲਵਾਦੀ ਸਟੇਟ ਦੇ ਲਗਾਤਾਰ ਹਮਲਿਆਂ ਨੂੰ ਇਕ ਸਾਲ ਹੋ ਜਾਵੇਗਾ। ਅਮਰੀਕਾ ਅਤੇ ਇਸ ਦੇ ਜੋਟੀਦਾਰਾਂ ਦੀ ਸ਼ਹਿ ਤੇ ਮਦਦ ਨਾਲ ਕੀਤੀ ਜਾ ਰਹੀ ਨਸਲਕੁਸ਼ੀ ਵਿਚ ਹੁਣ ਤੱਕ ਗਾਜ਼ਾ ਪੱਟੀ ਵਿਚ ਲੱਗਭੱਗ 41600 ਫ਼ਲਸਤੀਨੀ ਮਾਰੇ ਜਾ ਚੁੱਕੇ ਹਨ ਅਤੇ ਇਕ ਲੱਖ ਦੇ ਕਰੀਬ ਜ਼ਖ਼ਮੀ ਹੋਏ ਹਨ। ਇਨ੍ਹਾਂ ਵਿਚ 33% ਬੱਚੇ ਅਤੇ 18.4% ਔਰਤਾਂ ਹਨ। ਲਿਬਨਾਨ ਅਤੇ ਹੋਰ ਥਾਈਂ ਕੀਤੇ ਕਤਲੇਆਮ ਇਸ ਤੋਂ ਵੱਖਰੇ ਹਨ। ਖਾਣ-ਪੀਣ ਤੇ ਦਵਾਈਆਂ ਦੀ ਸਪਲਾਈ ਉੱਪਰ ਲਾਈਆਂ ਰੋਕਾਂ ਕਾਰਨ ਭੁੱਖਮਰੀ ਨਾਲ ਅਤੇ ਬੇਇਲਾਜ ਮਰਨ ਵਾਲੇ ਫ਼ਲਸਤੀਨੀਆਂ ਦੀ ਤਾਦਾਦ ਇਸ ਤੋਂ ਵੱਖਰੀ ਹੈ। ਇਜ਼ਰਾਈਲ ਨੇ ਹੁਣ ਮੁੜ ਲਿਬਨਾਨ ਉੱਪਰ ਇਸੇ ਤਰ੍ਹਾਂ ਦੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਬੈਰੂਤ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਦੇ ਬਾਹਰਵਾਰ ਦੱਖਣੀ ਉਪ ਸ਼ਹਿਰੀ ਇਲਾਕੇ ਉੱਪਰ ਕੀਤੇ ਹਮਲੇ ਨੇ ਪੰਜ ਸੌ ਲੋਕਾਂ ਦੀ ਜਾਨ ਲੈ ਲਈ ਜਿੱਥੇ ਬੰਕਰ ਨਸ਼ਟ ਕਰਨ ਵਾਲੇ ਬੰਬਾਂ ਦਾ ਇਸਤੇਮਾਲ ਕੀਤੇ ਜਾਣ ਨਾਲ ਇਮਾਰਤਾਂ ਦੇ ਪੂਰੇ ਦੇ ਪੂਰੇ ਬਲਾਕ ਤਬਾਹ ਕਰ ਦਿੱਤੇ ਗਏ। ਇਹ ਹਾਲਾਤ ਦੇਖ ਕੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੇ ਬੁਲਾਰੇ ਨੂੰ ਵੀ ਇਹ ਚਿਤਾਵਨੀ ਦੇਣੀ ਪਈ ਹੈ ਕਿ "ਖੇਤਰ ਤਬਾਹੀ ਦੇ ਕੰਢੇ 'ਤੇ ਹੈ।"

ਨਸਲਵਾਦੀ-ਜੰਗਬਾਜ਼ ਇਜ਼ਰਾਈਲ-ਅਮਰੀਕੀ ਗੱਠਜੋੜ ਇਸ ਕਤਲੇਆਮ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਇਨ੍ਹਾਂ ਨੂੰ ਆਲਮੀ ਲੋਕ ਰਾਇ ਦੀ ਗੱਲ ਤਾਂ ਛੱਡੋ, ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਵੀ ਕੋਈ ਪ੍ਰਵਾਹ ਨਹੀਂ ਅਤੇ ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਹਮਲਿਆਂ ਨੂੰ ਵੱਧ ਤੋਂ ਵੱਧ ਲਮਕਾ ਕੇ ਫ਼ਲਸਤੀਨੀਆਂ ਨੂੰ ਕੁਚਲ ਦੇਣਾ ਚਾਹੁੰਦੇ ਹਨ। ਹਮਲਿਆਂ 'ਚ ਘਿਰੇ ਆਮ ਲੋਕਾਂ ਦੀ ਸਹਾਇਤਾ ਕਰ ਰਹੇ ਤਿੰਨ ਸੌ ਦੇ ਕਰੀਬ ਯੂ.ਐੱਨ. ਸਟਾਫ ਤੇ ਹੋਰ ਵਾਲੰਟੀਅਰਾਂ, 500 ਤੋਂ ਵੱਧ ਮੈਡੀਕਲ ਸਟਾਫ ਅਤੇ 174 ਪੱਤਰਕਾਰਾਂ ਨੂੰ ਇਜ਼ਰਾਇਲੀ ਤਾਕਤਾਂ ਵੱਲੋਂ ਜਾਣ-ਬੁੱਝ ਕੇ ਕਤਲ ਕੀਤਾ ਗਿਆ ਹੈ। ਪਿਛਲੇ ਸਾਲ ਇਜ਼ਰਾਇਲੀ ਫ਼ੌਜ ਨੇ ਅਲ-ਸ਼ਿਫ਼ਾ ਹਸਪਤਾਲ ਦੇ ਇੰਟਰਨਲ ਮੈਡੀਸਿਨ ਦੇ ਡਾਇਰੈਕਟਰ ਡਾਕਟਰ ਰਾਫਾਤ ਲੁਬਾਦ ਨੂੰ ਪੂਰੇ ਪਰਿਵਾਰ ਸਮੇਤ ਕਤਲ ਕਰ ਦਿੱਤਾ ਸੀ। ਇਸੇ ਹਸਪਤਾਲ ਦੇ ਬੱਚਾ ਵਿਭਾਗ ਦੇ ਮੁਖੀ ਡਾਕਟਰ ਅਦਨਾਨ ਅਲ-ਬੁਰਸ਼ ਅਤੇ ਇਕ ਹੋਰ ਡਾਕਟਰ ਲਿਆਦ ਅਲ-ਰਾਂਤਿਸੀ ਨੂੰ ਫਰਵਰੀ ਮਹੀਨੇ ਹਿਰਾਸਤ ਵਿਚ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ ਸੀ।

ਕਰੂਰ ਹਮਲਿਆਂ ਨਾਲ ਬਰਬਾਦ ਹੋਏ ਫ਼ਲਸਤੀਨੀਆਂ ਨੂੰ ਸਹਾਰਾ ਦੇਣ ਲਈ ਬਣਾਏ ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਕੈਂਪਾਂ ਉੱਪਰ ਹਵਾਈ ਹਮਲਿਆਂ ਵਿਚ 1100 ਤੋਂ ਵੱਧ ਆਮ ਨਾਗਰਿਕ ਮਾਰੇ ਗਏ ਹਨ। ਗਾਜ਼ਾ ਵਿਚ ਮੈਡੀਕਲ ਸੇਵਾਵਾਂ ਦੇ ਰਹੇ ਕੌਮਾਂਤਰੀ ਡਾਕਟਰਾਂ ਦਾ ਕਹਿਣਾ ਹੈ ਕਿ ਇਜ਼ਰਾਇਲੀ ਫ਼ੌਜੀ ਫ਼ਲਸਤੀਨੀ ਬੱਚਿਆਂ ਦੇ ਸਿਰ ਅਤੇ ਪੇਟ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਮਾਰ ਰਹੇ ਹਨ ਜੋ ਫ਼ਲਸਤੀਨੀਆਂ ਦੀ ਅਗਲੀ ਪੀੜ੍ਹੀ ਨੂੰ ਖ਼ਤਮ ਕਰਨ ਦੀ ਗਿਣੀ ਮਿਥੀ ਯੋਜਨਾ ਦਾ ਹਿੱਸਾ ਹੈ। ਪਿਛਲੇ ਦਿਨੀਂ ਫ਼ਲਸਤੀਨ ਵਿਚ ਮੈਡੀਕਲ ਸੇਵਾਵਾਂ ਦੇ ਕੇ ਪਰਤੀਆਂ ਦੋ ਅਮਰੀਕਨ ਡਾਕਟਰਾਂ ਨੇ ਬੜੇ ਹੌਲਨਾਕ ਅਨੁਭਵ ਸਾਂਝੇ ਕੀਤੇ ਹਨ ਕਿ ਹਮਲਿਆਂ ਦੌਰਾਨ ਅਪਾਹਜ ਹੋਏ ਜੋ ਬੱਚੇ ਇਲਾਜ ਲਈ ਆਉਂਦੇ ਹਨ, ਉਹ ਇੰਨੇ ਸਦਮੇ 'ਚ ਹਨ ਕਿ ਮੌਤ ਮੰਗ ਰਹੇ ਹਨ ਕਿਉਂਕਿ ਉਨ੍ਹਾਂ ਦੇ ਪੂਰੇ ਦੇ ਪੂਰੇ ਪਰਿਵਾਰ ਮਾਰੇ ਜਾ ਚੁੱਕੇ ਹਨ। ਇਸ ਤੋਂ ਵੱਡੀ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਇਲਾਜ ਕਰ ਕੇ ਵਾਪਸ ਭੇਜੇ ਜਾਣ ਦੀ ਸੂਰਤ ਵਿਚ ਉਹ ਦੁਬਾਰਾ ਭੁੱਖ ਅਤੇ ਅਗਲੇ ਹਮਲਿਆਂ ਨਾਲ ਮੌਤ ਦੇ ਮੂੰਹ ਵਿਚ ਧੱਕੇ ਜਾ ਰਹੇ ਹਨ।

ਜੰਗੀ ਜੁਰਮਾਂ ਬਾਰੇ ਜੈਨੇਵਾ ਕਨਵੈਨਸ਼ਨਜ਼ (ਜੰਗੀ ਹਮਲਿਆਂ ਸਮੇਂ ਨਾਗਰਿਕਾਂ, ਹਸਪਤਾਲਾਂ, ਸਕੂਲਾਂ, ਜੰਗ ਵਿਚ ਘਿਰੇ ਨਾਗਰਿਕਾਂ ਦੀ ਸਹਾਇਤਾ ਕਰ ਰਹੇ ਰੈੱਡ ਕਰਾਸ ਵਾਲੰਟੀਅਰਾਂ ਆਦਿ ਨੂੰ ਨੁਕਸਾਨ ਨਾ ਪਹੁੰਚਾਉਣਾ, ਇਹ ਮਨੁੱਖਤਾ ਨੂੰ ਦਰਪੇਸ਼ ਸਭ ਤੋਂ ਬੁਰੇ ਹਾਲਾਤ ਦੇ ਅੰਦਰ ਮਨੁੱਖਤਾ ਨੂੰ ਬਚਾਉਣ ਲਈ ਬਿਲਕੁਲ ਘੱਟੋ-ਘੱਟ ਜੰਗੀ ਨਿਯਮ ਹਨ) ਦੀਆਂ ਧੱਜੀਆਂ ਉਡਾਉਣਾ ਅਮਰੀਕਾ ਅਤੇ ਇਜ਼ਰਾਈਲ ਦੀ ਰਾਜਕੀ ਨੀਤੀ ਦਾ ਧੁਰਾ ਹੈ। ਯੂ.ਐੱਨ. ਸਦਰਮੁਕਾਮ ਵਿਖੇ ਨੇਤਨਯਾਹੂ ਦੇ ਹਾਲੀਆ ਭਾਸ਼ਣ ਵਿਚ ਇਹ ਸੁਰ ਬਿਲਕੁਲ ਸਪਸ਼ਟ ਸੁਣਾਈ ਦਿੱਤੀ ਜਿਸ ਦਾ ਸਾਰ-ਤੱਤ ਇਹ ਸੀ ਕਿ ਸਾਡੇ ਕੋਲ ਕੋਈ ਹੋਰ ਰਸਤਾ ਨਹੀਂ ਹੈ, ਇਸ ਲਈ ਅਸੀਂ ਤਾਂ ਆਪਣੀ ਮਨਮਰਜ਼ੀ ਅਨੁਸਾਰ ਚੱਲਣਾ ਹੈ। ਇਹ ਇਸ ਦੇ ਬਾਵਜੂਦ ਹੈ ਕਿ ਕੌਮਾਂਤਰੀ ਅਦਾਲਤ (ਇੰਟਰਨੈਸ਼ਨਲ ਕੋਰਟ ਆਫ ਜਸਟਿਸ) ਵੱਲੋਂ ਇਸ ਸਾਲ ਜੁਲਾਈ ਵਿਚ ਫ਼ਲਸਤੀਨੀ ਖੇਤਰ ਉੱਪਰ ਲੰਮੇ ਸਮੇਂ ਦੇ ਇਜ਼ਰਾਇਲੀ ਕਬਜ਼ੇ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਜਾ ਚੁੱਕਾ ਹੈ ਅਤੇ 'ਜਿੰਨਾ ਤੇਜ਼ੀ ਨਾਲ ਸੰਭਵ ਹੋਵੇ' ਇਸ ਕਬਜ਼ੇ ਨੂੰ ਖ਼ਤਮ ਕਰਨ ਦਾ ਹੁਕਮ ਦਿੱਤਾ ਗਿਆ ਹੈ।

18 ਸਤੰਬਰ ਨੂੰ ਯੂ.ਐੱਨ. ਦੀ ਆਮ ਸਭਾ ਨੇ ਵੀ ਅਜਿਹਾ ਮਤਾ ਪਾਸ ਕੀਤਾ ਜੋ ਮੋਟੇ ਤੌਰ 'ਤੇ ਕੌਮਾਂਤਰੀ ਅਦਾਲਤ ਦੇ ਮਤੇ 'ਤੇ ਆਧਾਰਤ ਹੈ। 124 ਮੁਲਕਾਂ ਨੇ ਮਤੇ ਦੇ ਹੱਕ ਵਿਚ ਅਤੇ ਇਜ਼ਰਾਈਲ ਤੇ ਅਮਰੀਕਾ ਸਮੇਤ 14 ਮੁਲਕਾਂ ਨੇ ਇਸ ਦੇ ਵਿਰੋਧ ਵਿਚ ਵੋਟ ਪਾਏ। 43 ਮੁਲਕਾਂ ਨੇ ਵੋਟ ਵਿਚ ਹਿੱਸਾ ਨਹੀਂ ਲਿਆ। ਮਤੇ ਉੱਪਰ ਇਕ ਸਾਲ ਦੇ ਅੰਦਰ-ਅੰਦਰ ਇਜ਼ਰਾਈਲ ਨੂੰ ਉੱਥੋਂ ਨਿਕਲ ਜਾਣ ਅਤੇ ਮੈਂਬਰ ਮੁਲਕਾਂ ਨੂੰ ਇਜ਼ਰਾਈਲ ਨੂੰ ਹਥਿਆਰ ਨਾ ਦੇਣ ਲਈ ਕਿਹਾ ਗਿਆ ਹੈ। ਸਵਾਲ ਹੈ: ਕੀ ਯੂ.ਐੱਨ. ਜਾਂ ਕੌਮਾਂਤਰੀ ਅਦਾਲਤ ਇਸ ਹੁਕਮ ਨੂੰ ਲਾਗੂ ਕਰਾਉਣਗੇ ਜਾਂ ਇਹ ਪਹਿਲਾਂ ਵਾਂਗ ਮਹਿਜ਼ ਕਾਗਜ਼ਾਂ ਵਿਚ ਮਤੇ ਹੀ ਬਣੇ ਰਹਿਣਗੇ?

ਪਿਛਲੇ ਇਕ ਸਾਲ ਤੋਂ ਹਮਾਸ ਦੇ ਖ਼ੁਫ਼ੀਆ ਅੱਡੇ ਖ਼ਤਮ ਕਰਨ ਦੇ ਨਾਂ ਹੇਠ ਜਿਵੇਂ ਗਾਜ਼ਾ ਤੇ ਹੋਰ ਫ਼ਲਸਤੀਨੀ ਇਲਾਕਿਆਂ ਦੇ ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ, ਘਰਾਂ ਤੇ ਹੋਰ ਸਿਵਲੀਅਨ ਇਮਾਰਤਾਂ ਨੂੰ ਅੰਨ੍ਹੇਵਾਹ ਬੰਬਾਰੀ ਅਤੇ ਹੋਰ ਘਾਤਕ ਜੰਗੀ ਹਥਿਆਰਾਂ ਨਾਲ ਲਗਾਤਾਰ ਤਬਾਹ ਕੀਤਾ ਜਾ ਰਿਹਾ ਹੈ, ਉਸ ਤੋਂ ਇਸ ਮਨੁੱਖਤਾ ਵਿਰੋਧੀ ਘਿਨਾਉਣੇ ਗੱਠਜੋੜ ਦੇ ਕਰੂਰ ਇਰਾਦੇ ਸਪਸ਼ਟ ਸਮਝੇ ਜਾ ਸਕਦੇ ਹਨ; ਖ਼ਾਸ ਕਰ ਕੇ ਅਮਰੀਕੀ ਸਟੇਟ ਦੀਆਂ ਚਾਲਾਂ ਨੂੰ ਆਮ ਲੋਕਾਂ ਨੂੰ ਸਮਝਾਉਣਾ ਬੇਹੱਦ ਜ਼ਰੂਰੀ ਹੈ। ਇਕ ਪਾਸੇ, ਅਮਰੀਕੀ ਹੁਕਮਰਾਨ ਪਹਿਲਾਂ ਹਮਾਸ ਅਤੇ ਇਜ਼ਰਾਈਲ ਦੀ ਜੰਗਬੰਦੀ ਕਰਾਉਣ ਦਾ ਨਾਟਕ ਕਰਦੇ ਰਹੇ, ਹੁਣ ਲਿਬਨਾਨ ਤੇ ਇਜ਼ਰਾਈਲ ਦਰਮਿਆਨ 21 ਦਿਨ ਦੀ ਯੁੱਧਬੰਦੀ ਕਰਾਉਣ ਦਾ ਨਾਟਕ ਕਰ ਰਹੇ ਹਨ। ਦੂਜੇ ਪਾਸੇ, ਜੰਗੀ ਸਾਜ਼ੋ-ਸਮਾਨ, ਧਨ ਅਤੇ ਕੂਟਨੀਤਕ ਸਮੇਤ ਹਰ ਪੱਖ ਤੋਂ ਇਜ਼ਰਾਈਲ ਦੀ ਮਦਦ ਕਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਪਿੱਛੇ ਜਿਹੇ 13 ਅਗਸਤ ਨੂੰ ਅਮਰੀਕੀ ਪ੍ਰਸ਼ਾਸਨ ਵੱਲੋਂ ਇਜ਼ਰਾਈਲ ਨੂੰ 20 ਅਰਬ ਡਾਲਰ ਦੇ ਹੋਰ ਹਥਿਆਰ ਭੇਜਣ ਨੂੰ ਦਿੱਤੀ ਮਨਜ਼ੂਰੀ ਹੈ। ਅਮਰੀਕਾ ਦੀ ਇਸ ਘਿਨਾਉਣੀ ਭੂਮਿਕਾ ਵਿਰੁੱਧ ਅਮਰੀਕਾ ਵਿਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ ਅਤੇ ਮੌਜੂਦਾ ਚੋਣ ਮੁਹਿੰਮ ਵਿਚ ਵੀ ਬਾਇਡਨ-ਹੈਰਿਸ ਲੀਡਰਸ਼ਿਪ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇੱਧਰ ਉਹ ਤਾਕਤਾਂ ਵੀ ਇਜ਼ਰਾਈਲ-ਅਮਰੀਕਾ ਗੱਠਜੋੜ ਦੇ ਵਿਸ਼ੇਸ਼ ਨਿਸ਼ਾਨੇ 'ਤੇ ਹਨ ਜੋ ਫ਼ਲਸਤੀਨੀਆਂ ਨਾਲ ਡਟ ਕੇ ਖੜ੍ਹੀਆਂ ਹਨ। ਹਿਜ਼ਬੁੱਲ੍ਹਾ ਵਰਗੇ ਹਥਿਆਰਬੰਦ ਗਰੁੱਪ ਇਜ਼ਰਾਈਲ ਨੂੰ ਸਖ਼ਤ ਟੱਕਰ ਦੇ ਰਹੇ ਹਨ। ਇਸ ਤੋਂ ਬੁਖਲਾਈ ਇਜ਼ਰਾਇਲੀ ਹਕੂਮਤ ਹੋਰ ਵੀ ਖ਼ੂੰਖ਼ਾਰ ਰੂਪ 'ਚ ਸਾਹਮਣੇ ਆ ਕੇ ਫ਼ਲਸਤੀਨੀ ਕਾਜ ਦੀਆਂ ਹਮਾਇਤੀ ਰਜਿਸਟੈਂਸ ਤਾਕਤਾਂ ਨੂੰ ਵੀ ਲਗਾਤਾਰ ਨਿਸ਼ਾਨਾ ਬਣਾ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਬੈਰੂਤ ਦੇ ਬਾਹਰਵਾਰ ਦੱਖਣੀ ਇਲਾਕੇ ਦਹੀਆ ਵਿਚ ਹਿਜ਼ਬੁੱਲ੍ਹਾ ਦੇ ਸਦਰ ਮੁਕਾਮ ਉੱਪਰ ਹਵਾਈ ਹਮਲਾ ਕਰ ਕੇ ਮੁੱਖ ਆਗੂ ਹਸਨ ਨਸਰੱਲਾ ਅਤੇ ਹੋਰ ਚੋਟੀ ਦੇ ਆਗੂਆਂ ਦੇ ਕਤਲ ਹਨ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਹੈ ਕਿ ਇਜ਼ਰਾਇਲੀ ਡਿਫੈਂਸ ਫੋਰਸਿਜ਼ ਵੱਲੋਂ ਜਾਰੀ ਵੀਡੀਓ ਕਲਿੱਪ ਵਿਚਲੀ ਤਸਵੀਰ ਤੋਂ ਸਪਸ਼ਟ ਹੈ ਕਿ ਇਸ ਹਮਲੇ ਵਿਚ 2000 ਪੌਂਡ ਤਾਕਤ ਵਾਲੇ ਅਮਰੀਕਨ ਬੰਬ (ਬੀ.ਐੱਲ.ਯੂ.-109) ਇਸਤੇਮਾਲ ਕੀਤੇ ਗਏ (ਇਹ ਰਿਪੋਰਟਾਂ ਵੀ ਹਨ ਕਿ ਅਮਰੀਕਾ ਨੇ ਇਨ੍ਹਾਂ ਬੰਬਾਂ ਦੀ ਸਪਲਾਈ ਮੁਅੱਤਲ ਕਰ ਦਿੱਤੀ ਹੈ। ਯਾਦ ਰਹੇ ਕਿ ਸਿਰਫ਼ ਇਨ੍ਹਾਂ ਦੀ ਸਪਲਾਈ ਹੀ ਮੁਅੱਤਲ ਕੀਤੀ ਗਈ ਹੈ, ਹੋਰ ਜੰਗੀ ਸਾਜ਼ੋ-ਸਮਾਨ ਭੇਜਣਾ ਉਸੇ ਤਰ੍ਹਾਂ ਜਾਰੀ ਹੈ)।

ਥੋੜ੍ਹੇ ਦਿਨ ਪਹਿਲਾਂ, ਬੈਰੂਤ ਵਿਚ ਹਜ਼ਾਰਾਂ ਪੇਜਰਾਂ ਅਤੇ ਵਾਕੀ-ਟਾਕੀ ਸੈੱਟਾਂ 'ਚ ਵਿਸਫੋਟ ਕਰਵਾ ਕੇ ਬਹੁਤ ਸਾਰੇ ਲੋਕਾਂ ਨੂੰ ਮਾਰਿਆ ਗਿਆ। ਇਸ ਬਾਰੇ ਦੋ ਥਿਊਰੀਆਂ ਹਨ: ਇਕ, ਇਜ਼ਰਾਇਲੀ ਹਕੂਮਤ ਨੇ ਕੋਈ ਜਾਅਲੀ ਕੰਪਨੀ ਖੜ੍ਹੀ ਕਰ ਕੇ ਹਿਜ਼ਬੁੱਲ੍ਹਾ ਨੂੰ ਫਾਹੁਣ ਲਈ ਜਾਲ ਵਿਛਾਇਆ ਕਿਉਂਕਿ ਉਨ੍ਹਾਂ ਨੇ ਨੁਕਸਾਨਾਂ ਨੂੰ ਦੇਖਦਿਆਂ ਸੰਚਾਰ ਲਈ ਮੋਬਾਈਲ ਫੋਨ ਵਰਤਣੇ ਬੰਦ ਕਰ ਦਿੱਤੇ ਸਨ ਅਤੇ ਇਸ ਦੀ ਜਗ੍ਹਾ ਪੇਜ਼ਰ ਤੇ ਵਾਕੀ-ਟਾਕੀ ਸੈੱਟ ਵਰਤੇ ਜਾ ਰਹੇ ਸਨ। ਉਸ ਕੰਪਨੀ ਰਾਹੀਂ ਇਨ੍ਹਾਂ ਯੰਤਰਾਂ ਦੀ ਸਪਲਾਈ ਹਿਜ਼ਬੁੱਲ੍ਹਾ ਨੂੰ ਕਰਵਾਈ ਗਈ ਜਿਸ ਵਿਚ ਵਿਸਫੋਟਕ ਫਿੱਟ ਕੀਤੇ ਹੋਏ ਸਨ। ਫਿਰ ਉਹ ਕੰਟਰੋਲ ਸਿਸਟਮ ਕਮਾਂਡ ਰਾਹੀਂ ਉਡਾ ਦਿੱਤੇ ਗਏ। ਦੂਜੀ, ਇਨ੍ਹਾਂ ਯੰਤਰਾਂ ਨੂੰ ਸਾਫਟਵੇਅਰ ਰਾਹੀਂ ਕੰਟਰੋਲ ਕਰ ਕੇ ਓਵਰਹੀਟ ਕੀਤਾ ਗਿਆ ਜਿਸ ਨਾਲ ਉਹ ਫਟ ਗਏ; ਭਾਵ, ਇਸ ਪਿੱਛੇ ਹੱਥ ਇਜ਼ਰਾਇਲੀ ਖ਼ੁਫ਼ੀਆ ਏਜੰਸੀਆਂ ਦਾ ਹੈ। ਦਰਅਸਲ, ਇਜ਼ਰਾਈਲ ਗਾਜ਼ਾ ਵਿਚ ਹਮਾਸ ਦੇ ਅਤੇ ਲਿਬਨਾਨ ਵਿਚ ਹਿਜ਼ਬੁੱਲ੍ਹਾ ਵੱਲੋਂ ਕੀਤੇ ਜਾ ਟਾਕਰੇ ਦੀ ਏਕਤਾ ਤੇ ਤਾਲਮੇਲ ਨੂੰ ਤੋੜਨਾ ਅਤੇ ਉਨ੍ਹਾਂ ਦੇ ਹਮਾਇਤੀ ਆਧਾਰ ਨੂੰ ਖ਼ਤਮ ਕਰਨਾ ਚਾਹੁੰਦਾ ਹੈ।



*ਇਜ਼ਰਾਇਲੀ ਹਮਲਿਆਂ ਕਾਰਨ ਕੁਰਲਾ ਰਹੇ ਫਲਸਤੀਨੀ ਬਾਲਕ।*

ਇਰਾਨ ਹਕੂਮਤ ਦੀ ਸਰਪ੍ਰਸਤੀ ਵਾਲਾ ਇਹ ਛਾਪਾਮਾਰ ਧੜਾ ਲਿਬਨਾਨ ਤੋਂ ਕੰਮ ਕਰ ਰਿਹਾ ਹੈ। ਆਪਣੀ ਕੱਟੜਪੰਥੀ ਵਿਚਾਰਧਾਰਾ ਦੇ ਬਾਵਜੂਦ ਜਿਵੇਂ ਇਰਾਨੀ ਹਕੂਮਤ ਅਤੇ ਹਿਜ਼ਬੁੱਲ੍ਹਾ ਇਜ਼ਰਾਈਲ ਵੱਲੋਂ ਫ਼ਲਸਤੀਨ ਉੱਪਰ ਥੋਪੀ ਨਹੱਕੀ ਜੰਗ ਵਿਰੁੱਧ ਡੱਟੇ ਹੋਏ ਹਨ, ਉਸ ਨਾਲ ਇਜ਼ਰਾਈਲ ਅਤੇ ਇਸ ਦੇ ਆਕਾ ਅਮਰੀਕਾ ਨੂੰ ਮੱਧ-ਪੂਰਬ ਵਿਚ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਵਿਚੋਂ ਉਨ੍ਹਾਂ ਦੀ ਚੋਟੀ ਦੀ ਲੀਡਰਸ਼ਿਪ ਦਾ ਸਫ਼ਾਇਆ ਕਰ ਕੇ ਰਜਿਸਟੈਂਸ ਤਾਕਤਾਂ ਦੇ ਹੌਸਲੇ ਤੋੜਨ ਲਈ ਉਸੇ ਤਰ੍ਹਾਂ ਦਾ 'ਸਦਮਾ ਅਤੇ ਖ਼ੌਫ਼' ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਅਮਰੀਕਾ ਦਾ 'ਫ਼ੌਜੀ ਮੱਤ' ਹੈ ਜਿਸ ਦੀਆਂ ਸ਼ੇਖੀਆਂ ਇਹ ਇਰਾਕ ਉੱਪਰ ਕਬਜ਼ੇ ਲਈ ਯੁੱਧ ਦੌਰਾਨ ਮਾਰਦਾ ਰਿਹਾ ਹੈ। ਇਜ਼ਰਾਈਲ ਨੇ ਪੇਜਰ-ਵਾਕੀਟਾਕੀ ਵਿਸਫੋਟਾਂ ਦੀ ਸ਼ਰੇਆਮ ਜ਼ਿੰਮੇਵਾਰੀ ਲੈਣ ਦੀ ਹਿੰਮਤ ਤਾਂ ਨਹੀਂ ਕੀਤੀ ਪਰ ਇਹ ਜੱਗ ਜ਼ਾਹਿਰ ਹੈ ਕਿ ਇਹ ਬੁਜ਼ਦਿਲ ਖ਼ੂਨੀ ਕਾਰਾ ਕਿਸ ਦਾ ਹੈ।

ਇਸੇ ਤਰ੍ਹਾਂ ਬੈਰੂਤ ਵਿਚ ਉਪਰੋਕਤ ਬੁਜ਼ਦਿਲ ਹਮਲਾ ਸਿਵਲੀਅਨ ਇਮਾਰਤਾਂ ਉੱਪਰ ਕੀਤਾ ਗਿਆ। 2006 ਵਿਚ ਵੀ ਇਜ਼ਰਾਈਲ ਨੇ ਹਵਾਈ ਹਮਲੇ ਕਰ ਕੇ ਇਲਾਕੇ ਨੂੰ ਮਲਬੇ ਦੇ ਢੇਰ ਵਿਚ ਬਦਲ ਦਿੱਤਾ ਸੀ। 2008 ਵਿਚ ਇਜ਼ਰਾਇਲੀ ਜਨਰਲ ਈਜ਼ਨਕੋਟ ਨੇ ਕਿਹਾ ਸੀ ਕਿ ਨਾਗਰਿਕ ਇਲਾਕਿਆਂ ਵਿਰੁੱਧ ਬੇਤਹਾਸ਼ਾ ਹਮਲੇ ਉਨ੍ਹਾਂ ਦੀ ਯੁੱਧਨੀਤੀ ਹੈ, ਨਾ ਕਿ ਅਣਜਾਣੇ 'ਚ ਨੁਕਸਾਨ। ਇਜ਼ਰਾਇਲੀ ਹਮਲਾਵਰਾਂ ਨੂੰ ਪਤਾ ਸੀ, ਉੱਥੇ ਬੇਸ਼ੁਮਾਰ ਆਮ ਲੋਕ ਅਤੇ ਉਨ੍ਹਾਂ ਦੇ ਪਰਿਵਾਰ ਰਹਿ ਰਹੇ ਹਨ। ਹਮਲੇ ਨੂੰ ਵਾਜਬ ਠਹਿਰਾਉਣ ਲਈ ਇਸ ਨੂੰ 'ਹਿਜ਼ਬੁੱਲ੍ਹਾ ਦਾ ਗੜ੍ਹ' ਕਿਹਾ ਗਿਆ ਹੈ; ਐਨ ਉਸੇ ਤਰ੍ਹਾਂ ਜਿਵੇਂ ਗਾਜ਼ਾ ਦੇ ਹਰ ਹਿੱਸੇ ਨੂੰ ਹਮਾਸ ਦਾ ਗੜ੍ਹ ਕਿਹਾ ਜਾ ਰਿਹਾ ਹੈ। ਪੱਛਮੀ ਨਿਊਜ਼ ਮੀਡੀਆ ਪੂਰੀ ਬੇਸ਼ਰਮੀ ਨਾਲ ਇਜ਼ਰਾਈਲ ਦੀ ਬੋਲੀ ਬੋਲ ਰਿਹਾ ਹੈ। ਇਹ ਇਜ਼ਰਾਈਲ ਬਾਰੇ ਇਸ ਤਰ੍ਹਾਂ ਰਿਪੋਰਟ ਨਹੀਂ ਕਰਦਾ ਜਿਸ ਦੀਆਂ ਫ਼ੌਜੀ ਤਾਕਤਾਂ ਦਾ ਸਦਰ ਮੁਕਾਮ ਮਨੁੱਖੀ ਢਾਲ ਦੇ ਤੌਰ 'ਤੇ ਡਾਊਨਟਾਊਨ ਤਲ ਅਵੀਵ ਦੇ ਅੰਦਰ ਬਣਾਇਆ ਹੋਇਆ ਹੈ।

ਅਮਰੀਕਾ ਇਜ਼ਰਾਈਲ ਗੱਠਜੋੜ ਭਾਵੇਂ ਆਪਣੇ ਧੜਵੈਲ ਫ਼ੌਜੀ-ਖ਼ੁਫ਼ੀਆ ਢਾਂਚੇ ਦੇ ਜ਼ੋਰ ਦੁਨੀਆ ਭਰ 'ਚ ਕਰੂਰ ਹਮਲੇ ਕਰਨ ਦੇ ਸਮਰੱਥ ਹੈ ਪਰ ਉਹ ਇਸ ਹਕੀਕਤ ਨੂੰ ਭੁੱਲਦੇ ਹਨ ਕਿ ਅਜਿੱਤ ਸਮਝੀ ਜਾਂਦੀ ਫ਼ੌਜੀ ਤਾਕਤ ਵੀ ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਉਹ ਰਜਿਸਟੈਂਸ ਗਰੁੱਪਾਂ ਦਾ ਸਫ਼ਾਇਆ ਤਾਂ ਕਰ ਸਕਦੇ ਹਨ, ਕੌਮਾਂ ਦੇ ਲਹੂ ਦੀਆਂ ਨਦੀਆਂ ਵਹਾ ਸਕਦੇ ਹਨ ਪਰ ਉਨ੍ਹਾਂ ਦੀਆਂ ਆਰਜ਼ੀ ਫ਼ੌਜੀ ਜਿੱਤਾਂ ਆਜ਼ਾਦੀ ਦੇ ਜਜ਼ਬੇ ਦਾ ਬੀਜ ਨਾਸ ਨਹੀਂ ਕਰ ਸਕਦੀਆਂ। ਵੀਅਤਨਾਮ, ਅਫ਼ਗਾਨਿਸਤਾਨ ਜਾਂ ਇਰਾਕ ਆਦਿ ਜੰਗਾਂ ਵਿਚ ਜੰਗਬਾਜ਼ ਅਮਰੀਕਾ ਦੀ ਨਮੋਸ਼ੀ ਕਿਸੇ ਤੋਂ ਗੁੱਝੀ ਨਹੀਂ ਹੈ। ਪੂਰਾ ਸਾਲ ਇੰਨੇ ਵੱਡੇ ਹਮਲਿਆਂ ਅਤੇ ਜਾਨੀ ਨੁਕਸਾਨ ਦੇ ਬਾਵਜੂਦ ਹਮਾਸ ਦੀਆਂ ਤਾਕਤਾਂ ਦਾ ਮੁੜ ਜੁੜਦੇ ਜਾਣਾ ਤੇ ਡਟੇ ਰਹਿਣਾ ਅਤੇ ਗਾਜ਼ਾ ਦੇ ਕਿਸੇ ਵੀ ਹਿੱਸੇ ਉੱਪਰ ਇਜ਼ਰਾਈਲ ਦਾ ਮੁਕੰਮਲ ਕਬਜ਼ਾ ਨਾ ਕਰ ਸਕਣਾ, ਇਸੇ ਸਦੀਵੀ ਸੱਚ ਦੀ ਪੁਸ਼ਟੀ ਕਰਦਾ ਹੈ ਕਿ ਨਹੱਕੇ ਯੁੱਧ ਥੋਪਣ ਵਾਲੇ ਜੰਗਬਾਜ਼ਾਂ ਨੂੰ ਓੜਕ ਮੂੰਹ ਦੀ ਖਾਣੀ ਪੈਂਦੀ ਹੈ। ਇਸ ਲਈ, ਦੁਨੀਆ ਭਰ ਦੀਆਂ ਸਮੂਹ ਇਨਸਾਫ਼ਪਸੰਦ ਤਾਕਤਾਂ ਦਾ ਫਰਜ਼ ਹੈ ਕਿ ਅਮਰੀਕਾ ਇਜ਼ਰਾਈਲ ਦੇ ਝੂਠ ਵਿਰੁੱਧ ਵਿਆਪਕ ਲੋਕ ਆਵਾਜ਼ ਉਸਾਰਨ ਅਤੇ ਮਜ਼ਲੂਮ ਫ਼ਲਸਤੀਨੀਆਂ ਦੀ ਹੱਕੀ ਲੜਾਈ ਦੇ ਹੱਕ ਵਿਚ ਹੋਰ ਵੀ ਧੜੱਲੇ ਨਾਲ ਡਟ ਜਾਣ।

# ਸਿਹਤ ਸੰਭਾਲ ਬਾਰੇ ਮਿੱਥਾਂ ਅਤੇ ਸਿਹਤ ਸਿੱਖਿਆ

ਡਾ. ਅਰੁਣ ਮਿੱਤਰਾ
ਫੋਨ: +91-94170-00360

ਆਲੇ-ਦੁਆਲੇ ਦੀਆਂ ਵੱਖ-ਵੱਖ ਘਟਨਾਵਾਂ ਦੇ ਕਾਰਨਾਂ ਤੋਂ ਅਣਜਾਣ, ਪ੍ਰਾਚੀਨ ਮਨੁੱਖ ਨੇ ਕਈ ਕੁਦਰਤੀ ਘਟਨਾਵਾਂ ਜਿਵੇਂ ਮੀਂਹ, ਅੱਗ, ਭੁਚਾਲ ਆਦਿ ਲਈ ਆਕਾਸ਼ੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸੇ ਤਰ੍ਹਾਂ ਉਨ੍ਹਾਂ ਨੇ ਬਿਮਾਰੀਆਂ ਨੂੰ ਕਿਸੇ ਅਲੌਕਿਕ ਸ਼ਕਤੀ ਦੇ ਕਰੋਧ ਦਾ ਨਤੀਜਾ ਸਮਝਿਆ। ਉਪਾਅ ਵੀ ਮੁੱਢਲਾ ਸੀ ਅਤੇ ਉਸ ਸ਼ਕਤੀ ਨੂੰ ਖੁਸ਼ ਕਰਨ ਲਈ ਮੱਥਾ ਟੇਕਣ 'ਤੇ ਆਧਾਰਿਤ ਸੀ। ਸਮਾਂ ਬੀਤਣ ਨਾਲ ਮਨੁੱਖ ਜਾਤੀ ਨੇ ਆਲੇ-ਦੁਆਲੇ ਦੀ ਮਾੜੀ ਸਿਹਤ ਲਈ ਜ਼ਿੰਮੇਵਾਰ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ; ਇਉਂ ਉਨ੍ਹਾਂ ਕੁਦਰਤ ਵਿਚ ਹੀ ਇਲਾਜ ਦੀ ਖੋਜ ਕੀਤੀ। ਇਸ ਨਾਲ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਵੱਖ-ਵੱਖ ਇਲਾਜ ਪ੍ਰਣਾਲੀਆਂ ਦਾ ਵਿਕਾਸ ਹੋਇਆ। ਆਧੁਨਿਕ ਚਿਕਿਤਸਾ ਪ੍ਰਣਾਲੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਤੀਬਰ ਖੋਜ ਦੁਆਰਾ ਵਿਗਿਆਨਕ ਢੰਗ ਨਾਲ ਅੱਗੇ ਵਧੀ ਅਤੇ ਇਸ ਅਨੁਸਾਰ ਹੀ ਮੈਡੀਕਲ/ਸਰਜੀਕਲ ਇਲਾਜ ਵਿਕਸਿਤ ਕੀਤਾ ਗਿਆ। ਇਸ ਨੇ ਬਿਮਾਰੀਆਂ ਬਾਰੇ ਕਈ ਪ੍ਰਚਲਿਤ ਮਿੱਥਾਂ ਅਤੇ ਵਿਸ਼ਵਾਸ ਤੋੜ ਦਿੱਤੇ।

ਉਂਝ, ਇਨ੍ਹਾਂ ਸਾਰੀਆਂ ਵਿਕਾਸ ਤੇ ਆਧੁਨਿਕ ਤਕਨੀਕੀ ਕਾਢਾਂ ਦੇ ਬਾਵਜੂਦ ਸਾਡੇ ਸਮਾਜ ਵਿਚ ਸਿਹਤ ਸੰਭਾਲ ਬਾਰੇ ਬਹੁਤ ਸਾਰੀਆਂ ਮਿੱਥਾਂ ਪ੍ਰਚਲਿਤ ਹਨ। ਇਨ੍ਹਾਂ ਵਿਚੋਂ ਕੁਝ ਤਾਂ ਸੰਗਠਿਤ ਢੰਗ ਨਾਲ ਪ੍ਰਚਾਰੀਆਂ ਜਾ ਰਹੀਆਂ ਹਨ। ਸਿਹਤ ਸੰਭਾਲ ਵਿਚ ਗੈਰ-ਵਿਗਿਆਨਕ, ਪੁਰਾਣੇ ਵਿਚਾਰਾਂ ਵਾਲਾ ਵਿਸ਼ਵਾਸ ਸਮਾਜ ਦੇ ਸਾਰੇ ਵਰਗਾਂ ਵਿਚ ਵੱਖੋ-ਵੱਖਰੇ ਪੱਧਰਾਂ 'ਤੇ ਕਾਇਮ ਹੈ ਭਾਵੇਂ ਇਹ ਵਿਚਾਰ ਸਮੇਂ ਦੀ ਅਜ਼ਮਾਇਸ਼ ਵਿਚ ਅਸਫਲ ਰਹੇ ਹਨ। ਵਿਗਿਆਨਕ ਵਿਕਾਸ ਨਾਲ ਵਿਗਿਆਨਕ ਸੁਭਾਅ ਵੀ ਵਿਕਸਿਤ ਹੋਏਗਾ, ਇਹ ਕੋਈ ਜ਼ਰੂਰੀ ਨਹੀਂ। ਲੋਕ ਆਪਣੇ ਫਾਇਦੇ ਲਈ ਵਿਗਿਆਨਕ ਕਾਢਾਂ ਦੀ ਵਰਤੋਂ ਕਰਦੇ ਹਨ ਪਰ ਗੈਰ-ਵਿਗਿਆਨਕ ਵਿਚਾਰਾਂ ਵਿਚ ਸ਼ਾਮਲ ਰਹਿੰਦੇ ਹਨ। ਵਿਗਿਆਨਕ ਸੁਭਾਅ ਦੇ ਵਿਕਾਸ ਲਈ ਲੋਕਾਂ ਨੂੰ ਸਿੱਖਿਅਤ ਕਰਨ ਲਈ ਠੋਸ ਯਤਨਾਂ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਬਚਪਨ ਤੋਂ ਹੀ ਵਿਗਿਆਨਕ ਆਧਾਰ 'ਤੇ ਸਿਹਤ ਸਿੱਖਿਆ ਦਿੱਤੀ ਜਾਵੇ ਤਾਂ ਜੋ ਬੱਚੇ ਵੱਡੇ ਹੁੰਦੇ-ਹੁੰਦੇ ਅਜਿਹੇ ਝੂਠੇ ਵਿਸ਼ਵਾਸਾਂ ਦਾ ਸ਼ਿਕਾਰ ਨਾ ਹੋਣ।

ਇਨ੍ਹਾਂ ਮਿਥਿਹਾਸ ਅਤੇ ਵਿਸ਼ਵਾਸਾਂ ਦੇ ਗੰਭੀਰ ਨਤੀਜੇ ਹੋ ਸਕਦੇ ਹਨ; ਵਿਸ਼ੇਸ਼ ਤੌਰ 'ਤੇ ਜਦੋਂ ਮਰੀਜ਼ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਮਾਮਲੇ ਵਿਚ ਵੀ ਵਿਸ਼ਵਾਸੀ ਇਲਾਜ ਕਰਨ ਵਾਲਿਆਂ ਨੂੰ ਮਿਲਦੇ ਹਨ। ਅਜਿਹੇ ਹਾਲਾਤ ਵਿਚ ਬਿਮਾਰੀ ਜਿਸ ਨੂੰ ਠੀਕ/ਕੰਟਰੋਲ ਕੀਤਾ ਜਾ ਸਕਦਾ ਸੀ ਜਾਂ ਘੱਟ ਦਰਦਨਾਕ ਬਣਾਇਆ ਜਾ ਸਕਦਾ ਸੀ, ਘਾਤਕ ਬਣ ਜਾਂਦਾ ਹੈ ਅਤੇ ਮਰੀਜ਼ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦਾ ਹੈ।



ਸਿਹਤ ਸੰਭਾਲ ਦੀਆਂ ਮਿੱਥਾਂ ਹਰ ਕਿਸਮ ਦੀਆਂ ਬਿਮਾਰੀਆਂ ਨਾਲ ਸਬੰਧਿਤ ਹਨ ਭਾਵੇਂ ਉਹ ਸੰਚਾਰੀ, ਗੈਰ-ਸੰਚਾਰੀ ਜਾਂ ਵਿਗਾੜਨਸ਼ੀਲ ਹੋਣ ਅਤੇ ਸਰੀਰ ਦੀ ਕਿਸੇ ਪ੍ਰਣਾਲੀ ਨਾਲ ਸਬੰਧਿਤ ਹੋਣ। ਕਈ ਲੋਕ ਅਜੇ ਵੀ ਮੰਨਦੇ ਹਨ ਕਿ ਮਿਰਗੀ 'ਡੈਣਾਂ' ਦੇ ਪਰਛਾਵੇਂ ਕਾਰਨ ਹੁੰਦੀ ਹੈ, ਇਸ ਲਈ ਇਲਾਜ 'ਡੈਣ' ਤੋਂ ਛੁਟਕਾਰਾ ਪਾਉਣ 'ਤੇ ਆਧਾਰਿਤ ਹੈ। ਕਈਆਂ ਦਾ ਮੰਨਣਾ ਹੈ ਕਿ ਗੰਦੀ ਜੁੱਤੀ ਦੀ ਬਦਬੂ ਦੌਰੇ ਦੇ ਮਰੀਜ਼ ਨੂੰ ਠੀਕ ਕਰ ਦੇਵੇਗੀ। ਸਿਫਿਲਿਸ ਜਿਨਸੀ ਤੌਰ 'ਤੇ ਫੈਲਣ ਵਾਲੀ ਬਿਮਾਰੀ ਹੈ ਜਿਸ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿਚ 'ਜਲੇਬੀ ਨਾਲ ਦੁੱਧ ਦਾ ਸੇਵਨ' ਕਰ ਕੇ ਹੋਣ ਵਾਲਾ ਰੋਗ ਮੰਨਿਆ ਜਾਂਦਾ ਹੈ।

ਬਹੁਤ ਸਾਰੀਆਂ ਬਿਮਾਰੀਆਂ ਕੁਦਰਤ ਵਿਚ ਸਵੈ-ਸੀਮਤ ਹੁੰਦੀਆਂ ਹਨ। ਉਨ੍ਹਾਂ ਨੂੰ ਸਹਾਇਕ ਇਲਾਜ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਕੰਨ ਪੇੜੇ ਵਰਗੀ ਵਾਇਰਲ ਬਿਮਾਰੀ ਆਮ ਤੌਰ 'ਤੇ ਇੱਕ ਹਫ਼ਤੇ ਜਾਂ ਇਸ ਤੋਂ ਥੋੜ੍ਹਾ ਵੱਧ ਸਮੇਂ ਵਿਚ ਠੀਕ ਹੋ ਜਾਂਦੀ ਹੈ। ਇਸ ਨੂੰ ਦਰਦ ਅਤੇ ਹੋਰ ਮੁਸੀਬਤ ਦੇ ਲੱਛਣਾਂ ਨੂੰ ਘਟਾਉਣ ਲਈ ਸਹਾਇਕ ਉਪਾਵਾਂ ਦੀ ਲੋੜ ਹੁੰਦੀ ਹੈ ਪਰ ਕੰਨ ਪੇੜੇ ਦੇ ਮਰੀਜ਼ ਇਸ ਵਿਸ਼ਵਾਸ ਨਾਲ ਘੁਮਾਰ (ਮਿੱਟੀ ਦੇ ਘੜੇ ਬਣਾਉਣ ਵਾਲੇ) ਕੋਲ ਜਾਂਦੇ ਹਨ ਕਿ ਉਸ ਦੇ ਮੂੰਹ ਤੋਂ ਕੁਝ ਮੰਤਰਾਂ ਅਤੇ ਗੱਲ੍ਹਾਂ 'ਤੇ ਮਿੱਟੀ ਲਗਾਉਣ ਨਾਲ ਰੋਗ ਠੀਕ ਹੋ ਜਾਵੇਗਾ। ਕੰਨ ਪੇੜੇ ਪੈਰਾਮਾਈਕਸੋ ਵਾਇਰਸ ਕਾਰਨ ਹੋਣ ਵਾਲੀ ਲਾਰ ਦੀ ਗ੍ਰੰਥੀਆਂ ਦੀ ਵਾਇਰਲ ਲਾਗ ਹੈ ਜਿੱਥੇ ਮਰੀਜ਼ ਨੂੰ ਗੱਲ੍ਹਾਂ ਦੀ ਦਰਦਨਾਕ ਜਾਂ ਜਬਾੜੇ ਦੇ ਹੇਠਾਂ ਸੋਜ ਹੁੰਦੀ ਹੈ। ਇਹ ਸਵੈ-ਸੀਮਿਤ ਵਿਕਾਰ ਹੈ ਅਤੇ ਸਮੇਂ ਨਾਲ ਤੇ ਸਹਾਇਕ ਉਪਾਵਾਂ ਨਾਲ ਠੀਕ ਹੋ ਜਾਂਦਾ ਹੈ। ਚੇਚਕ (ਚਿਕਨਪੌਕਸ) ਅਤੇ ਅਜਿਹੀਆਂ ਹੋਰ ਬਿਮਾਰੀਆਂ ਲਈ ਵੀ ਇਹੀ ਸੱਚ ਹੈ। ਮੰਨਿਆ ਜਾਂਦਾ ਹੈ ਕਿ ਚਿਕਨਪੌਕਸ ਉਦੋਂ ਹੁੰਦਾ ਹੈ ਜਦੋਂ 'ਦੇਵੀ ਮਾਤਾ' ਗੁੱਸੇ ਹੋ ਜਾਂਦੀ ਹੈ। ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿਚ ਇਸ ਬਿਮਾਰੀ ਨੂੰ 'ਛੋਟੀ ਮਾਤਾ' ਕਿਹਾ ਜਾਂਦਾ ਹੈ। ਇਸ ਲਈ ਲੋਕ ਦੇਵੀ ਨੂੰ ਪ੍ਰਸੰਨ ਕਰਨ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਉਸ ਦੀ ਪੂਜਾ ਕਰਦੇ ਹਨ।

ਇਸੇ ਤਰ੍ਹਾਂ ਬੇਲਜ਼ ਪਾਲਸੀ (ਚਿਹਰੇ ਦੇ ਇੱਕ ਪਾਸੇ ਦਾ ਅਧਰੰਗ/ਲਕਵਾ) ਨੂੰ ਅਜਿਹੇ ਮਿਥਿਆਵਾਦੀ ਅਖੌਤੀ ਡਾਕਟਰਾਂ ਦੁਆਰਾ ਵੱਖ-ਵੱਖ ਤਰੀਕਿਆਂ ਨਾਲ ਠੀਕ ਕੀਤਾ ਜਾਂਦਾ ਹੈ। ਅਜਿਹਾ ਹੀ ਇੱਕ ਤਰੀਕਾ ਹੈ 'ਕਨਵੈਕਸ ਲੈਂਸ' ਦੀ ਵਰਤੋਂ ਕਰ ਕੇ ਮਰੀਜ਼ ਦੀ ਗਰਦਨ 'ਤੇ ਸੂਰਜ ਦੀ ਰੌਸ਼ਨੀ ਫੋਕਸ ਕਰਨਾ। ਇਸ ਨਾਲ ਚਮੜੀ 'ਤੇ ਜਲਣ ਹੋ ਜਾਂਦੀ ਹੈ। ਜਿਵੇਂ-ਜਿਵੇਂ ਜਲਣ ਠੀਕ ਹੋ ਜਾਂਦੀ ਹੈ, ਚਿਹਰੇ ਦਾ ਅਧਰੰਗ ਵੀ ਠੀਕ ਹੋ ਜਾਂਦਾ ਹੈ ਕਿਉਂਕਿ ਜ਼ਿਆਦਾਤਰ ਮਾਮਲਿਆਂ ਵਿਚ ਇਹ ਸਵੈ-ਸੀਮਤ ਬਿਮਾਰੀ ਹੈ। ਮਿੱਥਾਂ ਉਦੋਂ ਮਜ਼ਬੂਤ ਹੁੰਦੀਆਂ ਜਦੋਂ ਰਾਜ ਦੇ ਮੁਖੀ ਅਜਿਹੇ ਬੇਤੁਕੇ ਵਿਚਾਰ ਕਾਇਮ ਰੱਖਦੇ ਹਨ। ਸਾਡੇ ਪ੍ਰਧਾਨ ਮੰਤਰੀ ਨੇ 2014 'ਚ ਕਿਹਾ ਕਿ ਪੁਰਾਣੇ ਸਮੇਂ ਵਿਚ ਭਾਰਤ ਵਿਚ ਸਰਜਰੀ ਇੰਨੀ ਉੱਨਤ ਸੀ ਕਿ ਅਸੀਂ ਹਾਥੀ ਦਾ ਸਿਰ ਮਨੁੱਖੀ ਸਰੀਰ ਉੱਤੇ ਸਫਲਤਾਪੂਰਵਕ ਟ੍ਰਾਂਸਪਲਾਂਟ ਕਰ ਸਕਦੇ ਸਾਂ। ਇਹ ਉਨ੍ਹਾਂ ਦਾ ਆਪਣੀ ਪਾਰਟੀ ਦੇ ਕਾਰਕੁਨਾਂ ਨੂੰ ਅਜਿਹੀਆਂ ਗੈਰ-ਪ੍ਰਮਾਣਿਤ ਚੀਜ਼ਾਂ ਫੈਲਾਉਣ ਲਈ ਅੱਗੇ ਵਧਣ ਦਾ ਸੰਕੇਤ ਸੀ। ਇਸ ਤੋਂ ਬਾਅਦ ਮਨੁੱਖੀ ਸਿਹਤ ਲਈ ਗਊ ਮੂਤਰ ਅਤੇ ਗੋਬਰ ਦੀ ਉਪਯੋਗਤਾ ਵਰਗੇ ਪੁਰਾਣੇ ਗੈਰ-ਵਿਗਿਆਨਕ ਵਿਚਾਰਾਂ ਨੂੰ ਜ਼ੋਰ-ਸ਼ੋਰ ਨਾਲ ਉਜਾਗਰ ਕੀਤਾ ਜਾ ਰਿਹਾ ਹੈ ਹਾਲਾਂਕਿ ਇਸ ਦੇ ਪੱਖ ਵਿਚ ਕੋਈ ਵਿਗਿਆਨਕ ਸਬੂਤ ਨਹੀਂ ਹਨ। ਡਾਕਟਰੀ ਇਲਾਜ ਦੇ ਮੁੱਦਿਆਂ 'ਤੇ ਰਾਏ ਦੇਣ ਲਈ ਹਸਪਤਾਲਾਂ ਵਿਚ ਜੋਤਸ਼ੀ ਨਿਯੁਕਤ ਕਰਨ ਦੀਆਂ ਵੀ ਗੱਲਾਂ ਕੀਤੀਆਂ ਜਾ ਰਹੀਆਂ ਹਨ। ਗੁਜਰਾਤ ਸਰਕਾਰ ਦੇ ਕੁਝ ਮੰਤਰੀਆਂ ਵੱਲੋਂ 'ਤਾਂਤਰਿਕਾਂ' ਦੇ ਸੰਮੇਲਨ ਵਿਚ ਹਿੱਸਾ ਲੈ ਕੇ ਉਨ੍ਹਾਂ ਦਾ ਸਨਮਾਨ ਕਰਨ ਦੀ ਵੀ ਖ਼ਬਰ ਹੈ। ਅਰੋਗਿਆ ਭਾਰਤੀ ਦੁਆਰਾ 'ਗਰਭ ਵਿਗਿਆਨ ਸੰਸਕਾਰ' ਇੱਕ ਹੋਰ ਵਿਚਾਰਨ ਵਾਲਾ ਮਾਮਲਾ ਹੈ। ਉਹ ਪਤੀ ਪਤਨੀ ਦੇ ਮੇਲਣ ਦੇ ਸਮੇਂ ਜੋੜਿਆਂ ਨੂੰ ਸ਼ਲੋਕਾਂ ਦਾ ਪਾਠ ਕਰਵਾਉਣ ਲਈ ਪ੍ਰਚਾਰ ਕਰਨ ਹਿਤ ਵਰਕਸ਼ਾਪਾਂ ਲਾਉਂਦੇ ਹਨ ਤਾਂ ਜੋ ਉਨ੍ਹਾਂ ਦੀ ਪਸੰਦ ਦੇ ਬੱਚੇ (ਉਤਮ ਸੰਤਤੀ) ਪੈਦਾ ਕੀਤੇ ਜਾ ਸਕਣ। ਉਹ ਦਾਅਵਾ ਕਰਦੇ ਹਨ ਕਿ ਜੋੜੇ ਦੀ ਪਸੰਦ ਦੇ ਬੱਚੇ ਹੋ ਸਕਦੇ ਹਨ ਅਤੇ ਇਸ ਨਾਲ ਸ਼ੁੱਧ ਤੇ ਸ਼ਕਤੀਸ਼ਾਲੀ ਪੀੜ੍ਹੀ ਦਾ ਵਿਕਾਸ ਹੋਵੇਗਾ। ਕੁਝ ਸਮਾਂ ਪਹਿਲਾਂ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਨਾਗੇਸ਼ਵਰ ਰਾਓ ਨੇ ਜਲੰਧਰ ਵਿਚ ਇੰਡੀਅਨ ਸਾਇੰਸ ਕਾਂਗਰਸ ਦੌਰਾਨ ਕਿਹਾ ਸੀ ਕਿ ਪੁਰਾਣੇ ਸਮੇਂ ਵਿਚ ਸਾਡੇ ਕੋਲ ਸਟੈੱਮ ਸੈੱਲ ਤਕਨੀਕ ਇੰਨੀ ਉੱਨਤ ਸੀ ਜੋ ਕਲੋਨਿੰਗ ਵਿਚ ਵਰਤੀ ਜਾਂਦੀ ਸੀ; ਕਰਨ ਅਤੇ 100 ਕੌਰਵਾਂ ਦਾ ਜਨਮ ਇਸ ਤਕਨੀਕ ਨਾਲ ਹੋਇਆ ਸੀ। ਇਹ ਵਿਗਿਆਨਕ ਸਬੂਤ 'ਤੇ ਆਧਾਰਿਤ ਨਹੀਂ; ਇਹ ਕੇਵਲ ਮਿਥਿਹਾਸ ਅਤੇ ਅਸਪੱਸ਼ਟਤਾ ਕਾਇਮ ਰੱਖਣ ਲਈ ਹਨ। ਹਾਲ ਹੀ ਵਿਚ ਆਈਆਈਟੀ ਮੰਡੀ ਦੇ ਡਾਇਰੈਕਟਰ ਲਕਸ਼ਮੀਧਰ ਬਿਹੜਾ ਨੇ ਕਿਹਾ ਹੈ ਕਿ ਦਿਲ ਉਦੋਂ ਧੜਕਣਾਂ ਬੰਦ ਕਰ ਦਿੰਦਾ ਹੈ ਜਦੋਂ ਦਿਲ ਵਿਚ ਰਹਿੰਦੀ ਰੂਹ ਉਸ ਨੂੰ ਛੱਡ ਦਿੰਦੀ ਹੈ। ਦਿਲ ਦੇ ਦੌਰੇ ਬਾਰੇ ਡਾਕਟਰਾਂ ਦੀ ਥਿਊਰੀ ਉਨ੍ਹਾਂ ਅਨੁਸਾਰ ਬੇਤੁਕੀ ਹੈ। ਮਹੇਸ਼ ਚੰਦ ਸ਼ਰਮਾ ਜੋ ਹੁਣ ਰਾਜਸਥਾਨ ਹਾਈ ਕੋਰਟ ਦੇ ਸੇਵਾਮੁਕਤ ਜੱਜ ਹਨ, ਕਹਿੰਦੇ ਹਨ ਕਿ ਮਾਦਾ ਮੋਰ ਮਿਲਣ ਕਰ ਕੇ ਨਹੀਂ ਸਗੋਂ ਮੋਰ ਦੀਆਂ ਅੱਖਾਂ ਵਿਚੋਂ ਵਗਣ ਵਾਲੇ ਹੰਝੂ ਚੱਟਣ ਕਾਰਨ ਆਂਡੇ ਦਿੰਦੀ ਹੈ।

ਇਸੇ ਲੜੀ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਦੇ ਬਿਆਨ ਦਾ ਜ਼ਿਕਰ ਵਾਜਬ ਹੈ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਸਿੱਧੇ ਤੌਰ 'ਤੇ ਇਸ ਧਰਤੀ 'ਤੇ ਭੇਜਿਆ ਹੈ; ਭਾਵ ਉਹ ਮਾਂ ਦੀ ਕੁੱਖ ਤੋਂ ਨਹੀਂ ਪੈਦਾ ਹੋਇਆ। ਇਹ ਸਮਾਜ ਨੂੰ ਪਛੜੇਪਣ ਵਿਚ ਰੱਖਣ ਦੀ ਚਾਲ ਹੈ ਤੇ ਆਪਣੇ ਆਪ ਨੂੰ ਆਮ ਪੁਰਖਾਂ ਨਾਲੋਂ ਉੱਤਮ ਦੱਸਣ ਦੀ ਹੋਛੀ ਗੱਲ ਹੈ। ਅੱਜ ਡਾਕਟਰੀ ਸੰਸਥਾਵਾਂ, ਤਰਕਸ਼ੀਲ ਸਮਾਜਾਂ ਅਤੇ ਵਿਗਿਆਨਕ ਨਜ਼ਰੀਏ ਵਾਲੇ ਸਹੀ ਸੋਚ ਵਾਲੇ ਲੋਕਾਂ ਲਈ ਚੁਣੌਤੀ ਵਾਲਾ ਸਮਾਂ ਹੈ। ਮੱਧਕਾਲੀ ਵਿਚਾਰਾਂ ਰਾਹੀਂ ਆਧੁਨਿਕਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸਾਡੇ ਲੋਕਾਂ ਦੀ ਸਿਹਤ, ਖਾਸ ਕਰ ਕੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਨੂੰ ਤਰਕਹੀਣ ਵਿਚਾਰਾਂ ਵਾਲੇ ਲੋਕਾਂ ਦੁਆਰਾ ਸ਼ੋਸ਼ਣ ਲਈ ਨਹੀਂ ਛੱਡਿਆ ਜਾ ਸਕਦਾ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਵੇਂ ਔਰਤਾਂ ਨੂੰ ਪਾਗਲਪਨ ਦੇ ਬਹਾਨੇ ਜਾਦੂ ਕਿਸਮ ਦੇ ਅਖੌਤੀ ਇਲਾਜਾਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ; ਇਨ੍ਹਾਂ ਰੋਗਾਂ ਦਾ ਇਲਾਜ ਮਨੋਵਿਗਿਆਨਕ ਇਲਾਜ ਅਤੇ ਕੌਂਸਲਿੰਗ ਦੁਆਰਾ ਕੀਤਾ ਜਾ ਸਕਦਾ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਿਹਤਮੰਦ ਭਾਰਤ ਦੇ ਵਿਕਾਸ ਲਈ ਠੋਸ ਯਤਨ ਕਰਨੇ ਪੈਣਗੇ; ਨਹੀਂ ਤਾਂ ਸਿਹਤ ਸੰਭਾਲ 'ਚ ਝੂਠੀਆਂ ਧਾਰਨਾਵਾਂ ਤੇ ਮਿੱਥਾਂ ਰਾਹੀਂ ਸਾਡੀ ਬਹੁਤੀ ਗਰੀਬ ਆਬਾਦੀ ਦੀ ਸਿਹਤ ਦਾ ਸ਼ੋਸ਼ਣ ਹੁੰਦਾ ਰਹੇਗਾ। ਕੋਈ ਸਮਾਂ ਸੀ ਜਦੋਂ ਅਜਿਹੇ ਅਸਪੱਸ਼ਟ ਵਿਚਾਰ ਪੂਰੀ ਦੁਨੀਆ 'ਚ ਪ੍ਰਚਲਿਤ ਸਨ। ਅਨੇਕ ਦੇਸ਼ ਅਜਿਹੇ ਰੂੜੀਵਾਦੀ ਵਿਚਾਰ ਤਜ ਕੇ ਅੱਗੇ ਵਧੇ ਗਏ ਹਨ। ਸਾਡੇ ਦੇਸ਼ ਦੇ ਕੁਝ ਆਗੂ ਲੋਕਾਂ ਨੂੰ ਪੁਰਾਣੀ ਸੋਚ ਵਿਚ ਰੱਖਣਾ ਚਾਹੁੰਦੇ ਹਨ।

# ਹਰਿਆਣਾ 'ਚ ਨੀਵੇਂ ਪੱਧਰ ਦਾ ਪ੍ਰਚਾਰ

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਹਰਿਆਣਾ ਵਿਚ 5 ਅਕਤੂਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮਾਹੌਲ ਪੂਰੀ ਤਰ੍ਹਾਂ ਭਖਿਆ ਹੋਇਆ ਹੈ। 90 ਵਿਧਾਨ ਸਭਾ ਸੀਟਾਂ ਵਾਲੇ ਇਸ ਸੂਬੇ ਵਿਚ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਵਿਚ ਨਜ਼ਰ ਆ ਰਿਹਾ ਹੈ ਹਾਲਾਂਕਿ ਚੋਣ ਮੈਦਾਨ ਵਿਚ ਇਹਨਾਂ ਦੋਵਾਂ ਪਾਰਟੀਆਂ ਤੋਂ ਇਲਾਵਾਂ ਆਮ ਆਦਮੀ ਪਾਰਟੀ, ਜਨਨਾਇਕ ਜਨਤਾ ਪਾਰਟੀ, ਇੰਡੀਅਨ ਨੈਸ਼ਨਲ ਲੋਕ ਦਲ ਵਰਗੀਆਂ ਖੇਤਰੀ ਪਾਰਟੀਆਂ ਵੀ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਸਾਡੇ ਲਈ ਇਹ ਜਾਨਣਾ ਬਹੁਤ ਮਹੱਤਵਪੂਰਨ ਹੈ ਕਿ ਇਸ ਚੋਣ ਪ੍ਰਚਾਰ ਦੌਰਾਨ ਲੋਕਾਂ ਦੀ ਰੋਜ਼ਮੱਰਾ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਦੀ ਚਰਚਾ ਹੋ ਰਹੀ ਹੈ।

ਜਦ ਅਸੀਂ ਸਾਰੀਆਂ ਪ੍ਰਮੁੱਖ ਪਾਰਟੀਆਂ ਦੇ ਚੋਣ ਮੈਨੀਫੈਸਟੋ ਦੇਖਦੇ ਹਾਂ ਜਾਂ ਪ੍ਰਮੁੱਖ ਰਾਜਨੀਤਕ ਆਗੂਆਂ ਦੇ ਭਾਸ਼ਣ ਸੁਣਦੇ ਹਾਂ ਤਾਂ ਇਹ ਸਮਝ ਪੈਂਦਾ ਹੈ ਕਿ ਇਹ ਪਾਰਟੀਆਂ ਲੋਕਾਂ ਨੂੰ ਆਤਮ-ਨਿਰਭਰ ਬਣਾਉਣ ਵੱਲ ਸੋਚਣ ਦੀ ਬਜਾਇ ਮੁਫਤ ਵਾਲੀ ਲਾਈਨ ਵਿਚ ਹੀ ਰੱਖਣਾ ਚਾਹੁੰਦੀਆਂ ਹਨ। ਮਹਿੰਗਾਈ ਦੇ ਮੌਜੂਦਾ ਦੌਰ ਵਿਚ ਲੋਕਾਂ ਦਾ ਵੱਡਾ ਹਿੱਸਾ ਆਰਥਿਕ ਰੂਪ ਵਿਚ ਪਛੜ ਰਿਹਾ ਹੈ ਪਰ ਚੋਣ ਲੜ ਰਹੀ ਕਿਸੇ ਵੀ ਪਾਰਟੀ ਕੋਲ ਲੋਕਾਂ ਦੀ ਭਲਾਈ ਦਾ ਕੋਈ ਵੀ 'ਰੋਡ ਮੈਪ' ਨਹੀਂ ਹੈ। ਹਰਿਆਣਾ ਦੀ ਜ਼ਮੀਨੀ ਹਕੀਕਤ ਬਿਆਨ ਕਰ ਰਹੀ ਹੈ ਕਿ ਭਾਜਪਾ ਤੋਂ ਅੱਕੇ ਲੋਕ ਕਾਂਗਰਸ ਨੂੰ ਇਕ ਬਦਲ ਵਜੋਂ ਵੇਖ ਰਹੇ ਹਨ। ਲੋਕਾਂ ਨੂੰ ਧਰਮ, ਜਾਤ ਦੇ ਨਾਮ ਹੇਠ ਵੰਡੀਆਂ ਪਾ ਕੇ ਸੱਤਾ ਹਾਸਲ ਕਰਨ ਵਾਲੀ ਭਾਜਪਾ ਵਰਗੀ ਫਿਰਕੂ ਪਾਰਟੀ ਦਾ ਹਾਰਨਾ ਚੰਗੀ ਗੱਲ ਹੋਵੇਗੀ ਪਰ ਦੂਜੇ ਪਾਸੇ ਕਾਂਗਰਸ ਕੋਲ ਵੀ ਕੋਈ ਅਜਿਹਾ ਮਾਡਲ ਨਜ਼ਰ ਨਹੀਂ ਆ ਰਿਹਾ ਹੈ ਜਿਸ ਨਾਲ ਲੋਕਾਂ ਦੇ ਦੁੱਖ-ਤਕਲੀਫਾਂ ਦੂਰ ਹੋ ਸਕਦੇ।

ਕਾਂਗਰਸ ਨੇ 'ਸੱਤ ਵਾਅਦੇ, ਪੱਕੇ ਇਰਾਦੇ' ਦੇ ਨਾਮ ਹੇਠ 7 ਗਾਰੰਟੀਆਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਜੇਕਰ ਸਰਕਾਰ ਬਣੀ ਤਾਂ ਉਹ ਔਰਤਾਂ ਨੂੰ 500 ਰੁਪਏ 'ਚ ਗੈਸ ਸਿਲੰਡਰ ਅਤੇ 2-2 ਹਜ਼ਾਰ ਰੁਪਏ ਹਰ ਮਹੀਨਾ ਦੇਵੇਗੀ। ਕਾਂਗਰਸ ਨੇ ਬਜ਼ੁਰਗਾਂ, ਦਿਵਿਆਂਗਾਂ ਅਤੇ ਵਿਧਵਾਵਾਂ ਨੂੰ 6-6 ਹਜ਼ਾਰ ਰੁਪਏ ਹਰ ਮਹੀਨੇ ਦੇਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਪੁਰਾਣੀ ਪੈਨਸ਼ਨ ਯੋਜਨਾ ਵੀ ਬਹਾਲ ਕਰਨ ਦਾ ਵਾਅਦਾ ਕੀਤਾ ਹੈ। ਪਾਰਟੀ ਨੇ 300 ਯੂਨਿਟ ਬਿਜਲੀ ਮੁਫ਼ਤ ਦੇਣ ਅਤੇ 25 ਲੱਖ ਰੁਪਏ ਤੱਕ ਦਾ ਇਲਾਜ ਮੁਫ਼ਤ ਕਰਨ ਦਾ ਵੀ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ ਸੱਤਵੀ ਗਾਰੰਟੀ ਵਜੋਂ ਕਿਸਾਨਾਂ ਨਾਲ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਲਈ ਕਾਨੂੰਨੀ ਗਾਰੰਟੀ ਦਾ ਵਾਅਦਾ ਕੀਤਾ ਹੈ। ਕਾਂਗਰਸ ਦੇ ਜ਼ਿਆਦਾਤਰ ਵਾਅਦੇ/ਗਾਰੰਟੀਆਂ ਅਸਲ ਵਿਚ ਅਜਿਹੀ ਸਿਆਸੀ ਡਰਾਮੇਬਾਜ਼ੀ ਹਨ ਜੋ ਲੋਕਾਂ ਨੂੰ ਕੁਝ ਰਿਆਇਤਾਂ ਦੇ ਕੇ ਮੁਫਤ ਦੀ ਲਾਈਨ ਵਿਚ ਲਾਉਣ ਵਾਲੇ ਹਨ। ਹਰਿਆਣਾ ਸਮੇਤ ਪੂਰਾ ਦੇਸ਼ ਬੇਰੁਜ਼ਗਾਰੀ ਨਾਲ ਜੂਝ ਰਿਹਾ ਹੈ। ਬੇਰੁਜ਼ਗਾਰੀ ਦੀ ਦਲਦਲ ਵਿਚ ਫਸੇ ਨੌਜਵਾਨਾਂ ਦਾ ਇਕ ਹਿੱਸਾ ਨਸ਼ਿਆਂ, ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ। ਇਕ ਹਿੱਸਾ ਜਾਇਜ਼/ਨਜਾਇਜ਼ ਢੰਗ ਨਾਲ ਵਿਦੇਸ਼ ਜਾ ਰਿਹਾ ਹੈ। ਅਜਿਹੇ ਵਿਚ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਠੋਸ ਨੀਤੀ ਰੱਖਣ ਦੀ ਲੋੜ ਹੈ ਪਰ ਉਸ ਦਾ ਕਿਧਰੇ ਵੀ ਜ਼ਿਕਰ ਨਹੀਂ ਮਿਲ ਰਿਹਾ ਹੈ। ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਸਨਮਾਨਯੋਗ ਬੇਰੁਜ਼ਗਾਰੀ ਭੱਤਾ ਨੌਜਵਾਨਾਂ ਦਾ ਹੱਕ ਹੈ ਪਰ ਬੇਰੁਜ਼ਗਾਰੀ ਭੱਤਾ ਦੇਣ ਦੀ ਕੋਈ ਗਾਰੰਟੀ ਨਹੀਂ ਹੈ। ਮਿਆਰੀ ਸਿਹਤ ਤੇ ਸਿੱਖਿਆ ਸਹੂਲਤਾਂ ਕਿਸੇ ਵੀ ਪਾਰਟੀ ਦੇ ਏਜੰਡੇ ਉੱਪਰ ਨਹੀਂ ਹਨ।

ਸਥਿਤੀ ਇਹ ਹੈ ਕਿ ਪਿਛਲੇ 10 ਸਾਲਾਂ ਤੋਂ ਸੂਬੇ ਦੀ ਸੱਤਾ 'ਤੇ ਕਾਬਜ਼ ਭਾਜਪਾ ਆਪਣੇ ਦਹਾਕੇ ਭਰ ਦੀਆਂ ਪ੍ਰਾਪਤੀਆਂ ਦੇ ਨਾਮ 'ਤੇ ਵੋਟਾਂ ਮੰਗਣ ਦੀ ਬਜਾਇ ਨਵੇਂ ਜੁਮਲੇ ਦਿਖਾ ਕੇ ਵੋਟਾਂ ਲੈਣ ਦੀ ਦੌੜ ਵਿਚ ਹੈ। ਸਵਾਲ ਉੱਠਦਾ ਹੈ ਕਿ ਜੇਕਰ ਦਹਾਕਾ ਭਰ ਸੱਤਾ ਵਿਚ ਰਹਿਣ ਵਾਲੀ ਪਾਰਟੀ ਆਪਣੀਆਂ ਪਿਛਲੀਆਂ ਪ੍ਰਾਪਤੀਆਂ ਗਿਣਾਉਣ ਵਿਚ ਨਾਕਾਮ ਹੈ ਤਾਂ ਉਸ ਤੋਂ ਅੱਗੇ ਕੀ ਉਮੀਦ ਕੀਤੀ ਜਾ ਸਕਦੀ ਹੈ। ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਰਾਹੀਂ ਹਰਿਆਣਾ ਵਿਚ 10 ਸਨਅਤੀ ਸ਼ਹਿਰ ਕਾਇਮ ਕਰਨ, 2 ਲੱਖ ਸਰਕਾਰੀ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ। ਪਿਛਲੇ 10 ਸਾਲ ਤੋਂ 'ਡਬਲ ਇੰਜਣ' ਵਾਲੀ ਇਸ ਸਰਕਾਰ ਨੂੰ ਨੌਕਰੀਆਂ ਦੇਣ ਤੋਂ ਕਿਸ ਨੇ ਰੋਕਿਆ ਸੀ? ਜਿਹੜੀ ਪਾਰਟੀ 10 ਸਾਲ ਵਿਚ ਨੌਕਰੀਆਂ ਨਹੀਂ ਦੇ ਸਕੀ ਉਸ 'ਤੇ ਹੁਣ ਕਿਵੇਂ ਭਰੋਸਾ ਕੀਤਾ ਜਾ ਸਕਦਾ ਹੈ ਕਿ ਜੇਕਰ ਉਹ ਤੀਜੀ ਵਾਰ ਸੱਤਾ ਆਈ ਤਾਂ 2 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਵੇਗੀ।

ਹਰਿਆਣਾ ਦਾ ਚੋਣ ਦੰਗਲ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਜਿਵੇਂ ਕਾਂਗਰਸ ਅਤੇ ਭਾਜਪਾ ਵਿਚ ਡਰਾਮੇਬਾਜ਼ੀ ਕਰਨ ਦਾ ਵੀ ਮੁਕਾਬਲਾ ਚੱਲ ਰਿਹਾ ਹੋਵੇ; ਕਾਂਗਰਸ ਨੇ ਐਲਾਨ ਕੀਤਾ ਕਿ ਸੱਤਾ ਵਿਚ ਆਉਣ 'ਤੇ ਉਹ ਔਰਤਾਂ ਨੂੰ 2 ਹਜ਼ਾਰ ਰੁਪਏ ਮਹੀਨਾ ਦੇਵੇਗੀ ਤਾਂ ਅਗਲੇ ਦਿਨ ਭਾਜਪਾ ਨੇ 100 ਰੁਪਿਆ ਵਧਾ ਕੇ ਔਰਤਾਂ ਨੂੰ 2100 ਰੁਪਏ ਮਾਸਿਕ ਭੱਤਾ ਦੇਣ ਦਾ ਵਾਅਦਾ ਕਰ ਦਿੱਤਾ। ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਇਸ ਤਰ੍ਹਾਂ ਦਾ ਝਲਕਾਰਾ ਪੈਂਦਾ ਹੈ ਜਿਵੇਂ ਉਹ ਤੀਜੀ ਵਾਰ ਸਰਕਾਰ ਬਨਾਉਣ 'ਤੇ ਸੂਬੇ ਦਾ ਬਹੁਤ ਜਿਆਦਾ ਸਨਅਤੀ ਵਿਕਾਸ ਕਰ ਦੇਵੇਗੀ; ਹਕੀਕਤ ਇਹ ਹੈ ਕਿ ਪੰਜਾਬ ਵਾਂਗ ਹਰਿਆਣਾ ਦੀ ਧਰਤੀ ਖੇਤੀਬਾੜੀ ਲਈ ਬਹੁਤ ਉਪਯੋਗੀ ਹੈ, ਅਜਿਹੇ ਵਿਚ ਖੇਤੀ ਆਧਾਰਿਤ ਸਨਅਤਾਂ ਤੋਂ ਬਗੈਰ ਸਨਅਤੀ ਵਿਕਾਸ ਦੀ ਗੱਲ ਕਰਨਾ ਸੂਬੇ ਨਾਲ ਬੇਇਨਸਾਫੀ ਹੈ। ਉਂਝ ਵੀ ਭਾਜਪਾ ਦੇ ਦਾਅਵੇ ਜ਼ਮੀਨੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ ਹਨ।

ਤੀਜੀ ਧਿਰ ਵਜੋਂ ਹਰਿਆਣਾ ਚੋਣਾਂ ਵਿਚ ਉੱਤਰੀ 'ਆਪ' ਨੇ ਪੰਜਾਬ ਦੇ ਕੈਬਨਿਟ ਮੰਤਰੀਆਂ ਸਮੇਤ ਸਾਰੀ ਲੀਡਰਸ਼ਿਪ ਹਰਿਆਣਾ ਚੋਣਾਂ ਵਿਚ ਝੋਕ ਦਿੱਤੀ ਹੈ। ਦਿੱਲੀ ਦੇ ਮੁੱਖ ਮੰਤਰੀ ਦਾ ਆਹੁਦਾ ਛੱਡਣ ਤੋਂ ਬਾਅਦ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪਾਰਟੀ ਹਰਿਆਣਾ ਦੀਆਂ 90 ਸੀਟਾਂ 'ਤੇ ਹੀ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੀ ਹੈ। ਆਮ ਆਦਮੀ ਪਾਰਟੀ ਹਰਿਆਣਾ ਵਿਚ ਕੋਈ ਬਹੁਤੀਆਂ ਸੀਟਾਂ ਜਿੱਤਣ ਦੀ ਸਥਿਤੀ ਵਿਚ ਨਹੀਂ ਹੈ ਪਰ ਉਸ ਦੇ ਚੋਣ ਲੜਨ ਨਾਲ ਕਈ ਸੀਟਾਂ ਉੱਪਰ 'ਸੱਤਾ' ਵਿਰੋਧੀ ਵੋਟ ਦੋ ਹਿੱਸਿਆ ਵਿਚ ਵੰਡੇ ਜਾਣ ਦੀ ਨੌਬਤ ਬਨਣ ਨਾਲ ਭਾਜਪਾ ਨੂੰ ਫਾਇਦਾ ਹੋ ਸਕਦਾ ਹੈ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ 'ਆਪ' ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਦਰਜਨ ਦੇ ਕਰੀਬ ਸੀਟਾਂ 'ਤੇ ਭਾਜਪਾ ਵਿਰੋਧੀ ਵੋਟ ਨੂੰ ਵੰਡ ਕੇ ਕਾਂਗਰਸ ਨੂੰ ਕਮਜ਼ੋਰ ਕਰਨ ਦਾ ਜ਼ਰੀਆ ਬਣ ਸਕਦਾ ਹੈ।

ਚੌਟਾਲਿਆਂ ਦੀ ਅਗਵਾਈ ਵਾਲੇ ਇੰਡੀਅਨ ਨੈਸ਼ਨਲ ਲੋਕ ਦਲ ਵੱਲੋਂ ਬਸਪਾ ਨਾਲ ਗੱਠਜੋੜ ਕਰ ਕੇ ਸੂਬੇ ਵਿਚ ਖੁਦ ਨੂੰ ਤੀਜੀ ਧਿਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਪਰ ਕਿਸੇ ਸਮੇਂ ਜਾਟ ਭਾਈਚਾਰੇ ਵਿਚ ਚੰਗਾ ਪ੍ਰਭਾਵ ਰੱਖਣ ਵਾਲੀ ਇਸ ਪਾਰਟੀ ਵੱਲੋਂ ਸੱਤਾ ਵਿਚ ਰਹਿੰਦਿਆਂ ਅਪਣਾਈਆਂ ਨੀਤੀਆਂ ਨੇ ਇਸ ਪਾਰਟੀ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਅਸਲੀਅਤ ਇਹ ਹੈ ਕਿ ਇਹ ਪਾਰਟੀ ਤਾਂ ਚੋਣਾਂ ਵਿਚ ਆਪਣੀ ਹੋਂਦ ਦੀ ਲੜਾਈ ਹੀ ਲੜ ਰਹੀ ਹੈ।

ਹਰਿਆਣਾ ਦੇ ਸਾਬਕਾ ਉਪ ਮੁੱਖ ਮੰਤਰੀ ਦੁਸ਼ਅੰਤ ਚੌਟਾਲਾ ਦੀ ਜਨਨਾਇਕ ਜਨਤਾ ਪਾਰਟੀ (ਜਜਪਾ) ਭਾਵੇਂ ਆਜ਼ਾਦ ਸਮਾਜ ਪਾਰਟੀ (ਕਾਂਸ਼ੀਰਾਮ) ਨਾਲ ਗੱਠਜੋੜ ਤਹਿਤ ਚੋਣਾਂ ਲੜ ਰਹੀ ਹੈ ਪਰ ਉਸ ਦਾ ਵੀ ਕੋਈ ਬਹੁਤਾ ਪ੍ਰਭਾਵ ਨਹੀਂ ਦਿਸ ਰਿਹਾ ਹੈ।

ਹਰਿਆਣਾ ਵਿਚ ਚੋਣਾਂ ਦੇ ਬਿਗੁਲ ਵੱਜਣ ਤੋਂ ਐਨ ਪਹਿਲਾਂ ਅਗਸਤ ਮਹੀਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 21 ਦਿਨ ਦੀ ਫਰਲੋ ਦਿੱਤੀ ਗਈ ਸੀ। ਹੁਣ ਫਿਰ ਚੋਣ ਅਮਲ ਦਰਮਿਆਨ ਡੇਰਾ ਸਿਰਸਾ ਮੁਖੀ ਨੂੰ ਹੋਰ ਪੈਰੋਲ ਮਿਲ ਗਈ ਹੈ। ਹਰਿਆਣਾ ਚੋਣਾਂ ਦਰਮਿਆਨ ਡੇਰਾ ਮੁਖੀ ਦੀ ਇਹ ਫਰਲੋ ਜ਼ਾਹਿਰ ਕਰਦੀ ਹੈ ਕਿ ਭਾਜਪਾ ਡੇਰਾ ਸਿਰਸਾ ਦਾ ਵੋਟ ਬੈਂਕ ਆਪਣੇ ਹੱਕ ਵਿਚ ਭਗਤਾਉਣ ਦੀ ਤਾਕ 'ਚ ਹੈ। ਬਲਾਤਕਾਰ ਦੇ ਦੋਸ਼ਾਂ ਹੇਠ ਜੇਲ੍ਹ ਵਿਚ ਬੰਦ ਡੇਰਾ ਮੁਖੀ ਨੂੰ ਵਾਰ-ਵਾਰ ਦਿੱਤੀ ਜਾ ਰਹੀ ਪੈਰੋਲ ਤੋਂ ਭਾਜਪਾ ਦਾ ਏਜੰਡਾ ਸਾਫ ਜ਼ਾਹਿਰ ਹੁੰਦਾ ਹੈ।


ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਅਤੇ ਸ਼ੰਭੂ, ਖਨੌਰੀ ਬਾਰਡਰਾਂ 'ਤੇ ਚੱਲ ਰਹੇ ਮੌਜੂਦਾ ਸੰਘਰਸ਼ ਦਾ ਪ੍ਰਭਾਵ ਹਰਿਆਣਾ ਦੀਆਂ ਚੋਣਾਂ ਵਿਚ ਸਾਫ-ਸਾਫ ਦੇਖਿਆ ਜਾ ਸਕਦਾ ਹੈ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਆਏ ਦਿਨ ਕਿਸਾਨ ਆਗੂਆਂ ਅਤੇ ਕਿਸਾਨ ਸੰਘਰਸ਼ ਖਿਲਾਫ ਦਿੱਤੇ ਜਾ ਰਹੇ ਬਿਆਨ ਭਾਜਪਾ ਆਗੂਆਂ ਦੀ ਬੁਖਲਾਹਟ ਨੂੰ ਬਿਆਨ ਕਰ ਰਹੇ ਹਨ। ਭਾਜਪਾ, ਜਜਪਾ ਉਮੀਦਵਾਰਾਂ ਨੂੰ ਘੇਰ-ਘੇਰ ਪੁੱਛੇ ਜਾ ਰਹੇ ਸਵਾਲ ਕਿਸਾਨ ਸੰਘਰਸ਼ ਦਾ ਪ੍ਰਭਾਵ ਬਿਆਨ ਕਰਦੇ ਹਨ।

ਇਹ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਵਿਚ ਚੋਣ ਲੜ ਰਹੀਆਂ ਪਾਰਟੀਆਂ ਕੋਲ ਲੋਕ ਭਲਾਈ ਦਾ ਕੋਈ ਏਜੰਡਾ ਨਹੀਂ ਹੈ। ਸਾਰੀਆਂ ਹੀ ਪਾਰਟੀਆਂ ਸੱਤਾ ਹਾਸਲ ਕਰਨ ਲਈ ਤਰਲੋਮੱਛੀ ਹੋ ਰਹੀਆਂ ਹਨ।

*ਮਿਲਣ ਹੋਵੇ ਤਾਂ ਮਹਿਕਾਂ ਦੀ ਰੁੱਤ ਆਉਂਦੀ ਹੈ।*
*ਕਾਇਨਾਤ ਸਾਰੀ ਹੀ ਜਿਓਂ ਨਸ਼ਿਆਉਂਦੀ ਹੈ।*

## ਅਰਮਾਨ ਤੇ ਸਿੰਮੀ ਨੂੰ ਜ਼ਿੰਦਗੀ ਦਾ ਨਵਾਂ ਸਫਰ ਸ਼ੁਰੂ ਕਰਨ ’ਤੇ

# ਵਧਾਈਆਂ ਜੀ ਵਧਾਈਆਂ



ਸ. ਕਾਬਲ ਸਿੰਘ ਧਾਮੀ ਅਤੇ ਸਰਦਾਰਨੀ ਪ੍ਰੀਤਮ ਕੌਰ ਧਾਮੀ (ਮਰਹੂਮ) ਦੀ ਪੋਤਰੀ ਅਤੇ ਸ. ਜਸਵਿੰਦਰ ਸਿੰਘ ਧਾਮੀ (ਮਰਹੂਮ) ਅਤੇ ਸਰਦਾਰਨੀ ਜੀਵਨ ਧਾਮੀ ਦੀ ਸਪੁੱਤਰੀ ਅਤੇ ਸ. ਅੰਮ੍ਰਿਤਪਾਲ ਸਿੰਘ ਸੰਘਾ ਅਤੇ ਪੰਮੀ ਸੰਘਾ ਦੀ ਭਤੀਜੀ ਸਿੰਮੀ ਧਾਮੀ ਅਤੇ ਨਾਮੀ ਸ਼ਾਇਰ ਸ. ਸੁਹਿੰਦਰ ਬੀਰ ਸਿੰਘ ਅਤੇ ਸਰਦਾਰਨੀ ਹਰਚਰਨ ਕੌਰ ਵਿਰਦੀ (ਮਰਹੂਮ) ਦੇ ਸਪੁੱਤਰ ਅਰਮਾਨ ਦੇਵਗਨ ਦੀ ਮੰਗਣੀ ’ਤੇ ਦੋਵਾਂ ਪਰਿਵਾਰਾਂ ਨੂੰ ਬਹੁਤ-ਬਹੁਤ ਵਧਾਈਆਂ ਅਤੇ ਜੋੜੇ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ’ਤੇ ਸ਼ੁਭ ਕਾਮਨਾਵਾਂ।



*ਧਾਮੀ, ਸੰਘਾ ਅਤੇ ਦੇਵਗਨ ਪਰਿਵਾਰ ਖੁਸ਼ੀ ਦੇ ਪਲ ਸਾਂਝੇ ਕਰਦੇ ਹੋਏ।*

# ਲੋਕਾਂ ਨੂੰ ਹਕੀਕਤ ਸਮਝਣੀ ਪਵੇਗੀ: ਅਰੁੰਧਤੀ ਰਾਏ

**ਪ੍ਰਸਿੱਧ ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਚਿੰਤਾ ਪਬਲਿਸ਼ਰਜ਼ ਦੇ ਮੁੱਖ ਸੰਪਾਦਕ ਕੇ.ਐੱਸ. ਰੰਜੀਤ ਨਾਲ ਗੱਲਬਾਤ ਦੌਰਾਨ ਕਈ ਮੁੱਦਿਆਂ ਉਪਰ ਚਰਚਾ ਕੀਤੀ ਜਿਨ੍ਹਾਂ ਵਿਚ ਆਪਣੀਆਂ ਮਲਿਆਲੀ ਜੜ੍ਹਾਂ ਅਤੇ ਮਰਦਾਵੀਂ ਸੱਤਾ ਤੋਂ ਲੈ ਕੇ ਕੇਰਲ ਦੀ ਰਾਜਨੀਤੀ, ਹਿੰਦੂਤਵ, ਜਾਤੀ, ਕਾਰਪੋਰੇਟ ਲਾਲਚ, ਯੂਟਿਊਬਰਾਂ ਅਤੇ ਨੌਜਵਾਨ ਪੀੜ੍ਹੀ ਦੀ ਅੰਦਰੂਨੀ ਦੁਨੀਆ ਵਰਗੇ ਬਹੁਤ ਮਹੱਤਵਪੂਰਨ ਮੁੱਦੇ ਮੁੱਖ ਹਨ। ਇਹ ਮੁਲਾਕਾਤ ਹਫ਼ਤਾਵਾਰ 'ਦੇਸ਼ਅਭਿਮਾਨੀ' ਦੇ ਓਣਮ ਵਿਸ਼ੇਸ਼ ਅੰਕ 'ਚ ਛਪੀ। ਇਸ ਮੁਲਾਕਾਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਲੰਮੀ ਮੁਲਾਕਾਤ ਦਾ ਦੂਜਾ ਤੇ ਆਖਰੀ ਹਿੱਸਾ ਪੇਸ਼ ਹੈ।**

## ਮੁਲਾਕਾਤ-2



ਅਰੁੰਧਤੀ ਰਾਏ

ਸਵਾਲ: ਪਿਛਲੇ ਦਹਾਕੇ 'ਚ ਭਾਰਤ ਆਪਣੇ ਲੰਮੇ ਲੋਕਤੰਤਰੀ ਇਤਿਹਾਸ ਦੀ ਤੁਲਨਾ 'ਚ ਬਿਲਕੁਲ ਵੱਖਰੀ ਰਾਜਨੀਤਕ ਸਥਿਤੀ 'ਚੋਂ ਗੁਜ਼ਰ ਰਿਹਾ ਹੈ। ਜਿਸ ਵਿਚਾਰਧਾਰਕ ਬੁਨਿਆਦ ਉਪਰ ਇਹ ਮੁਲਕ ਖੜ੍ਹਾ ਹੈ, ਉਹ ਖ਼ਤਰੇ 'ਚ ਹੈ। ਇੱਥੋਂ ਤੱਕ ਕਿ ਸੰਵਿਧਾਨ ਨੂੰ ਮੁੜ ਲਿਖਣ ਦਾ ਪ੍ਰਚਾਰ ਵੀ ਚੋਣ ਪ੍ਰਚਾਰ 'ਚ ਜਨਤਕ ਤੌਰ 'ਤੇ ਕੀਤਾ ਗਿਆ ਪਰ ਨਤੀਜਿਆਂ ਨੇ ਘੱਟੋ-ਘੱਟ ਹਾਲ ਦੀ ਘੜੀ ਤਾਂ ਇਸ ਉਪਰ ਰੋਕ ਲਾ ਦਿੱਤੀ ਹੈ। ਕੀ ਤੁਹਾਨੂੰ ਵੀ ਇੰਵ ਹੀ ਲੱਗਦਾ ਹੈ?

ਜਵਾਬ: ਇਹ ਤੱਥ ਕਿ ਭਾਜਪਾ ਕੋਲ ਆਪਣਾ ਬਹੁਮੱਤ ਨਹੀਂ ਹੈ, ਵੱਡੀ ਰਾਹਤ ਹੈ ਪਰ ਸੱਤਾ ਦੀ ਕਮਾਨ ਅਜੇ ਵੀ ਉਸਦੇ ਹੱਥ 'ਚ ਹੈ। ਇਹ ਅਜੇ ਵੀ ਸੰਸਥਾਵਾਂ ਨੂੰ ਕੰਟਰੋਲ ਕਰਦੀ ਹੈ। 2002 'ਚ ਗੁਜਰਾਤ ਦਾ ਮੁੱਖ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਮੋਦੀ ਨੂੰ ਅਸਲੀ ਵਿਰੋਧੀ-ਧਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਸਿੱਧੇ ਮੱਥੇ ਚੁਣੌਤੀ ਦਿੱਤੀ ਜਾ ਰਹੀ ਹੈ। ਉਸ ਦਾ ਉਹ ਅਕਸ ਖੋਹ ਲਿਆ ਗਿਆ ਹੈ ਜਿਸ ਨੂੰ ਸਿਰਜਣ 'ਚ ਉਸ ਨੇ 20 ਸਾਲ ਲਗਾਏ ਸਨ। ਉਹ ਅਕਸ ਖ਼ਤਮ ਹੋ ਗਿਆ ਹੈ ਪਰ ਮੈਂ ਬਹੁਤ ਫ਼ਿਕਰਮੰਦ ਹਾਂ। ਕਿਉਂਕਿ ਕਿਸੇ ਵੀ ਤਰ੍ਹਾਂ ਦੀ ਰਾਜਨੀਤਕ ਹਾਰ ਲਈ ਉਸ ਦਾ ਇੱਕੋ-ਇਕ ਪ੍ਰਤੀਕਰਮ ਨਫ਼ਰਤ ਦੇ ਬਟਨ ਦਬਾਉਣਾ ਹੁੰਦਾ ਹੈ। ਤੁਹਾਨੂੰ ਚੇਤੇ ਹੋਵੇਗਾ ਕਿ 2002 ਦਾ ਗੁਜਰਾਤ ਕਤਲੇਆਮ ਸਥਾਨਕ ਚੋਣਾਂ ਦੀ ਹਾਰ ਤੋਂ ਬਾਅਦ ਹੋਇਆ ਸੀ। ਪਹਿਲਾਂ ਹੀ ਮੁਸਲਮਾਨਾਂ ਦੇ ਹਜੂਮੀ ਕਤਲਾਂ 'ਚ ਵਾਧਾ ਹੋ ਰਿਹਾ ਹੈ। ਨਵੇਂ ਫ਼ੌਜਦਾਰੀ ਕਾਨੂੰਨਾਂ ਨੇ ਉਸ ਲਈ ਮੁਸਲਮਾਨਾਂ ਅਤੇ ਵਿਰੋਧੀ ਧਿਰ ਨੂੰ ਵੀ ਨਿਸ਼ਾਨਾ ਬਣਾਉਣਾ ਸੌਖਾ ਬਣਾ ਦਿੱਤਾ ਹੈ। ਉਹ ਪਾਲਾਬੰਦੀ ਕਰ ਕੇ ਅਤੇ ਵਧੇਰੇ ਖ਼ੂਨ-ਖਰਾਬੇ ਦੀ ਮਦਦ ਨਾਲ ਸੱਤਾ 'ਚ ਮੁੜ ਆਉਣ ਦਾ ਯਤਨ ਕਰਨਗੇ... ਮੈਨੂੰ ਆਸ ਹੈ ਕਿ ਭਾਰਤੀ ਲੋਕਾਂ ਨੇ ਇਹ ਸਭ ਸਮਝ ਲਿਆ ਹੈ।

ਸਵਾਲ: ਹਿੰਦੂਤਵ ਦੀ ਧਾਰਮਿਕ ਰਾਜਨੀਤੀ ਮਹਿਜ਼ ਕਾਰਪੋਰੇਟ ਹਿਤਾਂ ਅਤੇ ਨਵਉਦਾਰਵਾਦੀ ਪ੍ਰੋਜੈਕਟ ਨੂੰ ਲੁਕੋਣ ਦਾ ਮੁਖੌਟਾ ਹੈ। ਕੀ ਤੁਸੀਂ ਇਸ ਨਾਲ ਸਹਿਮਤ ਹੋ?


ਜਵਾਬ: ਬਿਲਕੁਲ ਨਹੀਂ। ਮੈਂ ਪੂਰੀ ਤਰ੍ਹਾਂ ਅਸਹਿਮਤ ਹਾਂ। ਨਿਰੋਲ, ਮਿਲਾਵਟਹੀਣ, ਜਾਤੀਵਾਦੀ, ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦ ਦੇ ਖ਼ਤਰੇ ਨੂੰ ਘਟਾ ਕੇ ਦੇਖਣਾ ਖ਼ਤਰਨਾਕ ਹੈ। ਇਹ ਆਪਣੇ ਆਪ 'ਚ ਮੁੱਖ ਚੀਜ਼ ਹੈ। ਇਹ ਮੁੱਖ ਚੀਜ਼ ਹੈ। ਕਾਰਪੋਰੇਟ ਇਸ ਨਾਲ ਗੱਠਜੋੜ ਕਰ ਰਹੇ ਹਨ ਕਿਉਂਕਿ ਉਹ ਤਾਕਤਵਰ ਰਾਜ ਦੇ ਵਿਰੋਧ ਨੂੰ ਹਰਾਉਣ ਅਤੇ ਲਾਲਫੀਤਾਸ਼ਾਹੀ ਨੂੰ ਖ਼ਤਮ ਕਰਕੇ ਉਨ੍ਹਾਂ ਉਦਯੋਗਪਤੀਆਂ ਨੂੰ ਨਿਵਾਜਣ ਦੀ ਸਮਰੱਥਾ ਨਾਲ ਖ਼ੁਸ਼ ਹਨ ਜੋ ਸਭ ਤੋਂ ਵਫ਼ਾਦਾਰ ਹਨ। ਆਪਣੇ ਹਿਤਾਂ ਨੂੰ ਅੱਗੇ ਵਧਾਉਣ ਦੀ ਖ਼ਾਤਰ ਕਾਰਪੋਰੇਟ ਸੱਤਾ 'ਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨਾਲ ਗੱਠਜੋੜ ਕਰਨਗੇ। ਡਾ. ਮਨਮੋਹਣ ਸਿੰਘ ਦੀ ਅਗਵਾਈ ਵਾਲੀ ਧਰਮਨਿਰਪੱਖ ਹਕੂਮਤ ਵੀ ਕਾਰਪੋਰੇਸ਼ਨਾਂ ਲਈ ਘੱਟ ਦੋਸਤਾਨਾ ਨਹੀਂ ਸੀ। ਇਹ ਸਿੱਖਿਆ ਤੇ ਸਿਹਤ ਅਤੇ ਬੁਨਿਆਦੀ ਢਾਂਚੇ ਦੇ ਨਿੱਜੀਕਰਨ ਦੇ ਲਈ ਘੱਟ ਅਨੁਕੂਲ ਨਹੀਂ ਸੀ...ਇਹ ਸਭ ਬਹੁਤ ਵਿਨਾਸ਼ਕਾਰੀ ਹੈ। ਨਿਰਸੰਦੇਹ, ਰਾਹੁਲ ਗਾਂਧੀ ਅਤੇ ਨਵੀਂ ਕਾਂਗਰਸ ਦੀ ਬਿਆਨਬਾਜ਼ੀ ਵੱਖਰੀ ਚੀਜ਼ ਹੈ। ਇਹ ਰਾਹਤ ਦੀ ਗੱਲ ਹੈ।

ਸਵਾਲ: ਅਜਿਹੇ ਬਹੁਤ ਘੱਟ ਲੋਕ ਹਨ ਜੋ ਤੁਹਾਡੇ ਵੱਲੋਂ ਦਿਖਾਈ ਸ਼ਿੱਦਤ ਅਤੇ ਰਚਨਾਤਮਕਤਾ ਨਾਲ ਰਾਜਨੀਤਕ ਲੇਖ ਲਿਖਦੇ ਹਨ। ਤੁਹਾਡੀ ਲੇਖਣੀ ਆਮ ਰਾਜਨੀਤਕ ਲੇਖਣੀ ਤੋਂ ਵੱਖਰੀ ਹੈ। ਇਸ ਜਾਨਦਾਰ ਲੇਖਣੀ ਦੇ ਪਿੱਛੇ ਐਕਸ ਫੈਕਟਰ (ਖ਼ਾਸ ਖ਼ੂਬੀ) ਕੀ ਹੈ?

ਜਵਾਬ: ਮੈਂ ਕਹਾਂਗੀ ਕਿ ਇਹ ਲਿਖਣ ਦੀ ਕਲਾ ਅਤੇ ਸ਼ਿਲਪ ਪ੍ਰਤੀ ਵਚਨਬੱਧਤਾ ਅਤੇ ਸਤਿਕਾਰ ਹੈ। ਮੈਂ ਤਾਕਤ ਅਤੇ ਨਿਤਾਣੇਪਣ, ਡੈਮ, ਸਿੰਜਾਈ, ਖਣਨ, ਯੁੱਧ ਬਾਰੇ ਉਸੇ ਤਰ੍ਹਾਂ ਲਿਖਣਾ ਚਾਹੁੰਦੀ ਹਾਂ ਜਿਵੇਂ ਮੈਂ ਬਚਪਨ, ਪਿਆਰ ਅਤੇ ਦਿਲ ਟੁੱਟਣ ਬਾਰੇ ਲਿਖਦੀ ਸੀ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਬਣਾਂ, ਮੈਂ ਲੇਖਿਕਾ ਹਾਂ। ਦਿਲ ਦੀ ਗਹਿਰਾਈ ਤੱਕ ਲੇਖਕਾ। ਲਿਖਣਾ ਮੇਰੇ ਲਈ ਇਬਾਦਤ ਹੈ।

ਸਵਾਲ: ਕਥਾ ਸਾਹਿਤ ਤੇ ਰਚਨਾਤਮਕਤਾ ਅਤੇ ਅਕਥਾ ਸਾਹਿਤ ਲਿਖਣ ਵਾਲੇ ਵਿਅਕਤੀ ਲਈ ਲੇਖਣੀ ਦੀਆਂ ਇਨ੍ਹਾਂ ਦੋ ਵਿਧਾਵਾਂ ਦਰਮਿਆਨ ਨਿਖੇੜੇ ਦੀ ਲਕੀਰ ਕੀ ਹੈ?

ਜਵਾਬ: ਜਿੰਨਾ ਜ਼ਿਆਦਾ ਮੈਂ ਇਸ ਬਾਰੇ ਸੋਚਦੀ ਹਾਂ, ਓਨਾ ਹੀ ਘੱਟ ਮੈਂ ਫ਼ਰਕ ਨੂੰ ਸਮਝ ਪਾਉਂਦੀ ਹਾਂ। ਦੋਹਾਂ ਦੇ ਲਈ ਵੱਖੋ-ਵੱਖਰੀ ਤਰ੍ਹਾਂ ਦੇ ਅਨੁਸ਼ਾਸਨ ਦੀ ਜ਼ਰੂਰਤ ਹੁੰਦੀ ਹੈ ਪਰ ਦੋਵੇਂ ਹੀ ਇਬਾਦਤ ਵਾਂਗ ਹਨ।





*ਸੰਸਾਰ ਸਿਆਸਤ ਵਿਚ ਵੱਢ ਮਾਰਨ ਵਾਲਾ ਚਿੰਤਕ ਕਾਰਲ ਮਾਰਕਸ, ਭਾਰਤ ਦੀ ਸਿਆਸਤ 'ਤੇ ਗਹਿਰਾ ਅਸਰ ਛੱਡਣ ਵਾਲੀ ਸ਼ਖਸੀਅਤ ਐੱਮ.ਕੇ. ਗਾਂਧੀ ਅਤੇ ਬ੍ਰਾਹਮਣਵਾਦ ਨੂੰ ਵੰਗਾਰਨ ਵਾਲਾ ਵਿਦਵਾਨ ਬੀ.ਆਰ. ਅੰਬੇਡਕਰ।*

ਸਵਾਲ: ਮਾਰਕਸ ਦੀ ਭਾਸ਼ਾ ਅਤਿਅੰਤ ਤੀਬਰ ਅਤੇ ਰਚਨਾਤਮਕ ਸੀ। ਰਾਜਨੀਤਕ ਅਰਥ ਸ਼ਾਸਤਰ ਵਰਗੇ ਖ਼ੁਸ਼ਕ ਵਿਸ਼ੇ ਉਪਰ ਲਿਖਦੇ ਹੋਏ ਵੀ ਉਨ੍ਹਾਂ ਦੀ ਭਾਸ਼ਾ ਵੱਖਰੀ ਧਰਾਤਲ ਉਪਰ ਖੜ੍ਹੀ ਹੈ। ਇੰਵ ਲੱਗਦਾ ਹੈ ਕਿ ਜਦ ਭਾਸ਼ਾ ਹਕੀਕਤ ਅੰਦਰ ਡੂੰਘੀ ਉਤਰਦੀ ਹੈ ਤਾਂ ਉਹ ਜਾਨਦਾਰ ਅਤੇ ਰਚਨਾਤਮਕ ਹੋ ਜਾਂਦੀ ਹੈ।

ਜਵਾਬ: ਭਾਸ਼ਾ ਅਜਿਹੀ ਚੀਜ਼ ਹੈ ਜੋ ਲੇਖਕ ਨੇ ਆਪਣੇ ਤੋਂ ਬਾਹਰ ਖੋਜਣੀ ਹੁੰਦੀ ਹੈ। ਕੋਈ ਵੀ ਸਾਨੂੰ ਇਹ ਤੋਹਫ਼ੇ 'ਚ ਨਹੀਂ ਦਿੰਦਾ; ਅਤੇ ਇਹ ਸਾਡੇ ਨਾਲ ਹੀ ਜੁੜੀ ਹੁੰਦੀ ਹੈ। ਇਹ ਕੋਈ ਕੋਟ ਜਾਂ ਪੁਸ਼ਾਕ ਨਹੀਂ ਹੈ ਜਿਸ ਨੂੰ ਤੁਸੀਂ ਬਾਹਰ ਜਾਂਦੇ ਵਕਤ ਪਾ ਲਓਗੇ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਭਾਸ਼ਾ ਮੇਰੇ ਵਿਚਾਰਾਂ ਦੀ ਖੱਲ ਹੈ।

ਸਵਾਲ: ਅਰੁੰਧਤੀ ਰਾਏ ਦੇ ਰਾਜਨੀਤਕ ਨਿਬੰਧ ਸਾਮਰਾਜਵਾਦੀ ਦਖ਼ਲਅੰਦਾਜ਼ੀ ਅਤੇ ਵਿਤੀ ਸਰਮਾਏਦਾਰੀ ਦੇ ਤਿੱਖੇ ਆਲੋਚਕ ਰਹੇ ਹਨ। ਤੁਹਾਡੀ ਲੇਖਣੀ ਵਾਂਝੇ ਗ਼ਰੀਬ ਹਿੱਸਿਆਂ ਅਤੇ ਵਿਕਾਸਵਾਦ ਦੇ ਪੀੜਤਾਂ ਨਾਲ ਖੜ੍ਹੀ ਹੈ। ਤੁਸੀਂ ਇਸ ਵਿਚਾਰਧਾਰਾ 'ਚ ਕਿਵੇਂ ਸ਼ਾਮਿਲ ਹੋਏ? ਕੀ ਇਸ ਦੀਆਂ ਜੜ੍ਹਾਂ ਮਨੁੱਖੀ ਵਿਚਾਰਾਂ ਨਾਲ ਤੁਹਾਡੇ ਬੌਧਿਕ ਵਾਹ 'ਚ ਪਈਆਂ ਹਨ ਜਾਂ ਇਹ ਤੁਹਾਡੀਆਂ ਪ੍ਰਯੋਗਵਾਦੀ ਨਿਰਖਾਂ ਤੋਂ ਨਿਕਲਦੀਆਂ ਹਨ?

ਜਵਾਬ: ਇਹ ਨਿਆਂ ਦੀ ਭਾਵਨਾ ਤੋਂ ਆਉਂਦੀਆਂ ਹਨ। ਨਿਆਂ ਆਪਣੇ ਕੁਲ ਵੇਰਵੇ ਅਤੇ ਜਟਿਲ ਮਹਿਮਾ ਵਿਚ। ਇਹ ਏਨਾ ਕੁ ਸਰਲ ਹੈ। ਅਤੇ ਜਦ ਮੈਂ ਨਿਆਂ ਕਹਿੰਦੀ ਹਾਂ ਤਾਂ ਮੇਰੀ ਮੁਰਾਦ ਸਿਰਫ਼ 'ਮਨੁੱਖੀ ਹੱਕ' ਨਹੀਂ ਹੈ। ਨਵਉਦਾਰਵਾਦੀ ਚਾਹੁੰਦੇ ਹਨ ਕਿ ਅਸੀਂ ਦੋਹਾਂ ਨੂੰ ਮਿਲਾ ਦੇਈਏ। ਪਰ ਸਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਮਨੁੱਖੀ ਹੱਕ ਮਹੱਤਵਪੂਰਨ ਹਨ ਪਰ ਇਹ ਨਿਆਂ ਦੇ ਵਿਚਾਰ ਨਾਲੋਂ ਕਿਤੇ ਵਧੇਰੇ ਸੰਕੀਰਨ ਧਾਰਨਾ ਹੈ ਪਰ ਨਿਆਂ ਲਈ ਬੋਲਣ ਨਾਲ ਤੁਹਾਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਤੁਹਾਨੂੰ ਕਿਸੇ ਦੇ 'ਵਲੋਂ' ਬੋਲਣ ਦਾ ਹੱਕ ਹੈ। ਇਕ ਅਜਿਹੀ ਧਾਰਨਾ ਜਿਸ ਨੂੰ ਮੈਂ ਸਭ ਤੋਂ ਵੱਧ ਨਫ਼ਰਤ ਕਰਦੀ ਹਾਂ, ਉਹ ਹੈ 'ਬੇਜ਼ਬਾਨਾਂ ਦੀ ਆਵਾਜ਼'। ਸ਼ਾਇਦ ਮੇਰੀ ਸਭ ਤੋਂ ਵੱਧ ਦੁਹਰਾਈ ਜਾਣ ਵਾਲੀ ਟੂਕ - ਜਿਸ ਉਪਰ ਮੈਂ ਗਹਿਰਾਈ 'ਚ ਵਿਸ਼ਵਾਸ ਕਰਦੀ ਹਾਂ, ਇਹ ਹੈ: 'ਬੇਜ਼ਬਾਨ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਜਾਣ-ਬੁੱਝ ਕੇ ਚੁੱਪ ਕਰਾ ਦਿੱਤਾ ਗਿਆ ਹੈ ਜਾਂ ਉਨ੍ਹਾਂ ਨੂੰ ਅਣਸੁਣਿਆ ਕਰ ਦਿੱਤਾ ਜਾਂਦਾ ਹੈ।'

ਸਵਾਲ: ਤੁਸੀਂ ਅੰਬੇਡਕਰ ਦੇ ਵਿਚਾਰਾਂ ਦੀ ਜ਼ੋਰਦਾਰ ਹਮਾਇਤ ਕਰਦੇ ਹੋ। ਅਤੇ ਤੁਸੀਂ ਅੰਬੇਡਕਰ ਦੇ ਵਿਚਾਰਾਂ ਅਤੇ ਕੰਮਾਂ ਦਾ ਮੁਲਾਂਕਣ ਗਾਂਧੀ ਦੇ ਵਿਚਾਰਾਂ ਅਤੇ ਕੰਮਾਂ ਨਾਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੀ ਤੁਸੀਂ ਭਾਰਤ ਦੇ ਮੌਜੂਦਾ ਹਾਲਾਤ 'ਚ ਇਸ ਤਰਕ ਉਪਰ ਮੁੜ ਵਿਚਾਰ ਕਰਨਾ ਚਾਹੋਗੇ?

ਜਵਾਬ: ਹਾਂ, ਮੈਂ ਇਸ ਬਾਰੇ ਕਿਤਾਬ ਲਿਖੀ ਹੈ। ਸਿਰਫ਼ ਅੰਬੇਡਕਰ-ਗਾਂਧੀ ਬਹਿਸ ਹੀ ਨਹੀਂ, ਸਗੋਂ ਇਸ ਬਾਰੇ ਵੀ ਕਿ ਕਿਵੇਂ ਜਾਤੀ ਅਤੇ ਸਰਮਾਏਦਾਰੀ ਨੇ ਮਿਲ ਕੇ ਇਕ ਅਨੋਖਾ ਭਾਰਤੀ ਮਿਸ਼ਰਨ ਤਿਆਰ ਕੀਤਾ ਹੈ। ਉਸ ਕਿਤਾਬ 'ਦਿ ਡਾਕਟਰ ਐਂਡ ਦ ਸੇਂਟ' ਦੇ ਆਖ਼ਰੀ ਪੈਰੇ 'ਚ ਮੈਂ ਕਿਹਾ ਹੈ ਕਿ ਜਦ ਤੱਕ ਖ਼ੁਦ ਨੂੰ ਇਨਕਲਾਬੀ ਕਹਾਉਣ ਵਾਲੇ ਲੋਕ ਬ੍ਰਾਹਮਣਵਾਦ (ਜੋ ਹਿੰਦੂ ਧਰਮ ਦੇ ਜਾਤੀ ਵਿਰੋਧੀ ਅੰਦੋਲਨ ਦਾ ਰਵਾਇਤੀ ਸ਼ਬਦ ਹੈ) ਦੀ ਤਿੱਖੀ ਆਲੋਚਨਾ ਨਹੀਂ ਕਰਦੇ ਅਤੇ ਜਦ ਤੱਕ ਬ੍ਰਾਹਮਣਵਾਦ ਨੂੰ ਸਮਝਣ ਵਾਲੇ ਲੋਕ ਸਰਮਾਏਦਾਰੀ ਦੀ ਆਲੋਚਨਾ ਅਤੇ ਸਮਝ ਨੂੰ ਸਾਣ 'ਤੇ ਨਹੀਂ ਲਾਉਂਦੇ, ਉਦੋਂ ਤੱਕ ਸਾਡੇ ਮੁਲਕ ਦਾ ਕੁਝ ਨਹੀਂ ਬਣ ਸਕਦਾ।

**ਸਾਨੂੰ ਜੇਲ੍ਹ ਤੋੜਨੀ ਪਵੇਗੀ! ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖਧਾਰਾ ਦਾ ਟੀ.ਵੀ. ਦੇਖਣਾ ਬੰਦ ਕਰਨਾ ਹੋਵੇਗਾ। ਇਸ ਵਿਚ ਮਨੋਰੰਜਨ ਚੈਨਲ ਵੀ ਸ਼ਾਮਲ ਹਨ। ਉਸ ਖ਼ੂਬਸੂਰਤ ਸ਼ਾਂਤੀ 'ਚ ਸਾਡਾ ਦਿਮਾਗ ਸਾਡੇ ਕੋਲ ਮੁੜ ਪਰਤ ਆਵੇਗਾ। ਸਾਡਾ ਆਈ.ਕਿਊ. ਪੱਧਰ ਵਧ ਜਾਵੇਗਾ।**

ਸਵਾਲ: ਇਸੇ ਤਰ੍ਹਾਂ ਆਨੰਦ ਤੇਲਤੁੰਬੜੇ ਵਰਗੇ ਵਿਚਾਰਕ ਅੰਬੇਡਕਰ ਅਤੇ ਮਾਰਕਸ ਦੇ ਵਿਚਾਰਾਂ ਨੂੰ ਸਮਾਂਤਰ ਰੂਪ 'ਚ ਅੱਗੇ ਵਧਾ ਰਹੇ ਹਨ। ਤੁਸੀਂ ਰਾਜਨੀਤੀ 'ਚ ਜਮਾਤੀ ਅਤੇ ਜਾਤੀਗਤ ਰੁਝਾਨਾਂ ਨੂੰ ਕਿਵੇਂ ਦੇਖਦੇ ਹੋ?

ਜਵਾਬ: ਇਹ ਅਜਿਹੀ ਚੀਜ਼ ਹੈ ਜਿਸ ਉਪਰ ਮੈਂ ਉਦੋਂ ਤੋਂ ਵਿਚਾਰ ਕਰ ਰਹੀ ਹਾਂ ਜਦੋਂ ਤੋਂ ਮੈਂ 'ਦਿ ਗੌਡ ਆਫ ਸਮਾਲ ਥਿੰਗਜ਼' ਲਿਖਿਆ ਹੈ। ਭਾਰਤ ਵਿਚ ਖੱਬੀ ਧਿਰ ਗੰਭੀਰ ਰੂਪ 'ਚ ਬਹੁਤਾ ਪ੍ਰਭਾਵ ਨਹੀਂ ਪਾ ਸਕਿਆ ਕਿਉਂਕਿ ਇਹ ਜਾਤੀ ਨੂੰ ਸੰਬੋਧਿਤ ਹੋਣ 'ਚ ਨਾਕਾਮ ਰਹੀ ਹੈ ਅਤੇ ਇਸ ਨੇ ਇਹ ਕਹਿ ਕੇ ਆਪਣੇ ਆਪ ਨੂੰ ਤਸੱਲੀ ਦੇ ਲਈ ਕਿ 'ਜਾਤੀ ਜਮਾਤ ਹੈ।' ਅੰਬੇਡਕਰ ਨੂੰ ਪੜ੍ਹੋ ਅਤੇ ਫਿਰ ਤੁਸੀਂ ਅਜਿਹਾ ਕਦੇ ਨਹੀਂ ਕਹੋਗੇ। ਆਨੰਦ ਤੇਲਤੁੰਬੜੇ ਨੂੰ ਮੈਂ ਸਦਾ ਹੀ ਸਾਡੇ ਮੁਲਕ ਦੇ ਸਭ ਤੋਂ ਮਹੱਤਵਪੂਰਨ ਬੁੱਧੀਜੀਵੀਆਂ 'ਚੋਂ ਇਕ ਮੰਨਦੀ ਰਹੀ ਹਾਂ। ਉਨ੍ਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਦੀ ਗੱਲ ਸੁਣੀ ਜਾਣੀ ਚਾਹੀਦੀ ਹੈ। ਇਸਦੀ ਬਜਾਏ, ਉਨ੍ਹਾਂ ਨੂੰ ਜੇਲ੍ਹ 'ਚ ਡੱਕ ਦਿੱਤਾ ਗਿਆ ਅਤੇ ਜ਼ਲੀਲ ਕੀਤਾ ਗਿਆ।

ਸਵਾਲ: ਮਲਿਆਲਮ ਵਿਚ ਪਿੱਛੇ ਜਹੇ ਬਣੀਆਂ ਕਈ ਹਰਮਨਪਿਆਰੀਆਂ ਫਿਲਮਾਂ ਅਤੇ ਨਾਵਲ ਨੌਜਵਾਨਾਂ ਦੀ ਭਾਵਨਾਤਮਕ ਅਤੇ ਅੰਦਰੂਨੀ ਦੁਨੀਆ ਉਪਰ ਕੇਂਦਰਤ ਹਨ। ਸ਼ਿਲਪ ਦੇ ਲਿਹਾਜ਼ ਨਾਲ ਉਨ੍ਹਾਂ 'ਚੋਂ ਜ਼ਿਆਦਾਤਰ ਫਿਲਮਾਂ ਔਸਤ ਨਾਲੋਂ ਹੇਠਲੇ ਪੱਧਰ ਦੀਆਂ ਹਨ। ਪਰ ਉਹ ਨੌਜਵਾਨਾਂ ਨਾਲ ਕਾਫ਼ੀ ਕਾਮਯਾਬੀ ਨਾਲ ਸੰਵਾਦ ਰਚਾ ਰਹੀਆਂ ਹਨ। ਇਸ ਨੂੰ ਤੁਸੀਂ ਕਿਵੇਂ ਦੇਖਦੇ ਹੋ?

ਜਵਾਬ: ਈਮਾਨਦਾਰੀ ਨਾਲ ਕਹਾਂ, ਜੋ ਅੰਦਰੂਨੀ ਦੁਨੀਆ ਖ਼ੁਦ ਨੂੰ ਬਾਹਰੀ ਦੁਨੀਆ ਦੇ ਪ੍ਰਸੰਗ 'ਚ ਨਹੀਂ ਰੱਖਦੀ, ਉਹ ਮੇਰੇ ਲਈ ਬਹੁਤ ਘੱਟ ਜਾਂ ਬਿਲਕੁਲ ਵੀ ਦਿਲਚਸਪੀ ਵਾਲੀ ਨਹੀਂ ਹੈ। ਇਹ ਮੈਨੂੰ ਜ਼ਿਆਦਾਤਰ ਬੋਰ ਹੀ ਕਰਦੀ ਹੈ। ਮੈਂ ਇਹ ਨਹੀਂ ਕਹਿਣਾ ਚਾਹੁੰਦੀ ਕਿ ਹਰ ਚੀਜ਼ ਐਲਾਨਨਾਮਾ ਹੋਣਾ ਚਾਹੀਦੀ ਹੈ। ਮੈਂ ਸਿਰਫ਼ ਕੁਝ ਬੁਨਿਆਦੀ ਬੁੱਧੀਮਾਨੀ ਦੀ ਵਕਾਲਤ ਕਰ ਰਹੀ ਹਾਂ। ਅਤੇ ਸਾਡੀ ਬਾਹਰਲੀ ਦੁਨੀਆ ਦੀ ਹਾਲਤ ਨੂੰ ਦੇਖਦਿਆਂ ਥੋੜ੍ਹੀ ਸੁਸ਼ੀਲਤਾ ਵੀ ਹੋਣੀ ਚਾਹੀਦੀ ਹੈ। ਇਸ ਨੂੰ ਪੂਰੀ ਤਰ੍ਹਾਂ ਛੱਡ ਦੇਣਾ ਵੀ ਇਕ ਤਰ੍ਹਾਂ ਦੀ ਰਾਜਨੀਤੀ ਹੈ। ਇਸੇ ਤਰ੍ਹਾਂ ਜੋ ਸਾਹਿਤ ਅਤੇ ਸਿਨੇਮਾ ਮਹਿਜ਼ ਲੁਕਵਾਂ ਐਲਾਨਨਾਮਾ ਹੈ, ਉਸ ਵਿਚ ਵੀ ਮੇਰੀ ਕੋਈ ਰੁਚੀ ਨਹੀਂ ਹੈ।

ਸਵਾਲ: ਹੁਣ ਅਸੀਂ ਨਵਉਦਾਰਵਾਦੀ ਨਿਜ਼ਾਮ 'ਚ ਰਹਿ ਰਹੇ ਹਾਂ। ਇਸ ਦੇ ਵਿਚਾਰਾਂ ਦੇ ਜਾਲ 'ਚੋਂ ਬਾਹਰ ਨਿੱਕਲਣਾ ਜ਼ਿਆਦਾ ਤੋਂ ਜ਼ਿਆਦਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਹ ਸਥਿਤੀ ਪਲੇਟੋ ਦੇ ਗੁਫ਼ਾ 'ਚ ਫਸੇ ਬੰਦੇ ਵਰਗੀ ਹੈ। ਅਸੀਂ ਇਸ ਭਾਰੂ ਬਿਰਤਾਂਤ ਉਪਰ ਕਾਬੂ ਕਿਵੇਂ ਪਾ ਸਕਦੇ ਹਾਂ।

ਜਵਾਬ: ਸਾਨੂੰ ਜੇਲ੍ਹ ਤੋੜਨੀ ਪਵੇਗੀ! ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਮੁੱਖਧਾਰਾ ਦਾ ਟੀ.ਵੀ. ਦੇਖਣਾ ਬੰਦ ਕਰਨਾ ਹੋਵੇਗਾ। ਇਸ ਵਿਚ ਮਨੋਰੰਜਨ ਚੈਨਲ ਵੀ ਸ਼ਾਮਲ ਹਨ। ਉਸ ਖ਼ੂਬਸੂਰਤ ਸ਼ਾਂਤੀ 'ਚ ਸਾਡਾ ਦਿਮਾਗ ਸਾਡੇ ਕੋਲ ਮੁੜ ਪਰਤ ਆਵੇਗਾ। ਸਾਡਾ ਆਈ.ਕਿਊ. ਪੱਧਰ ਵਧ ਜਾਵੇਗਾ।


ਸਵਾਲ: ਆਧੁਨਿਕ ਮਨੁੱਖੀ ਇਤਿਹਾਸ ਵਿਚ ਰਾਸ਼ਟਰਵਾਦ ਹਮੇਸ਼ਾ ਹੀ ਇਕ ਬਹੁਤ ਹੀ ਗੰਭੀਰ ਰਾਜਨੀਤਕ ਪ੍ਰੋਜੈਕਟ ਰਿਹਾ ਹੈ। ਬਸਤੀਵਾਦ ਵਿਰੋਧੀ ਅੰਦੋਲਨਾਂ ਦੇ ਦੌਰ ਵਿਚ ਰਾਸ਼ਟਰਵਾਦ ਇਨਕਲਾਬੀ ਅਤੇ ਅਗਾਂਹਵਧੂ ਵਿਚਾਰ ਸੀ। ਪਰ ਉਸੇ ਦੌਰ 'ਚ ਇਸ ਦੀ ਵਰਤੋਂ ਫਾਸ਼ੀਵਾਦੀ ਅਤੇ ਸੱਤਾਵਾਦੀ ਨਿਜ਼ਾਮ ਨੂੰ ਕਾਨੂੰਨੀ ਬਣਾਉਣ ਤੇ ਲਾਗੂ ਕਰਨ ਅਤੇ ਲੋਕਾਂ ਨੂੰ ਨਸਲੀ ਰੂਪ 'ਚ ਕੁਚਲਣ ਲਈ ਕੀਤੀ ਗਈ। ਅਸੀਂ ਖ਼ੁਦ ਵੀ ਹੁਣ ਫਿਰਕੂ ਰਾਸ਼ਟਰਵਾਦ ਦੇ ਅਜਿਹੇ ਹੀ ਯਤਨ ਦੇਖ ਰਹੇ ਹਾਂ। ਇਹ ਦੋਧਾਰੀ ਤਲਵਾਰ ਹੈ। ਤੁਸੀਂ ਇਸ ਵਰਤਾਰੇ ਨੂੰ ਕਿਵੇਂ ਦੇਖਦੇ ਹੋ?

ਜਵਾਬ: ਰਾਸ਼ਟਰਵਾਦ ਮੂਰਖ਼ਾਂ ਲਈ ਹੈ। ਜਾਂ, ਵੱਧ ਤੋਂ ਵੱਧ ਖੇਡਾਂ ਦੇ ਮਾਮਲੇ 'ਚ ਚੰਗਾ ਹੈ। ਕੁਝ ਚੰਗਾ ਦਿਲਪ੍ਰਚਾਵਾ। ਬਾਕੀ ਦੇ ਬਾਰੇ 'ਚ - ਅਸੀਂ ਇਕ ਅਜਿਹੇ ਸਮਾਜ ਵਿਚ ਰਹਿਣ ਦੀ ਕੋਸ਼ਿਸ਼ ਕਰਦੇ ਅਤੇ ਰਹਿੰਦੇ ਹਾਂ ਜਿਸ ਵਿਚ ਇਸ ਨੂੰ ਲੈ ਕੇ ਸਲਾਹੁਣਯੋਗ ਅਤੇ ਭਿਆਨਕ ਚੀਜ਼ਾਂ ਹਨ; ਅਸੀਂ ਸਲਾਹੁਣਯੋਗ ਚੀਜ਼ਾਂ ਦਾ ਜਸ਼ਨ ਮਨਾਉਂਦੇ ਹਾਂ, ਭਿਆਨਕ ਚੀਜ਼ਾਂ ਨਾਲ ਲੜਦੇ ਹਾਂ। ਅਸੀਂ ਗੱਲਬਾਤ ਜਾਰੀ ਰੱਖਦੇ ਹਾਂ। ਮੇਰੇ ਲਈ ਸਾਰੀ ਲੜਾਈ ਮਹਾਨ ਪ੍ਰੇਮ ਤੋਂ ਪੈਦਾ ਹੁੰਦੀ ਹੈ। ਜਦ ਦਿੱਲੀ ਏਅਰਪੋਰਟ ਉਪਰ ਮਲਿਆਲੀ ਸੁਰੱਖਿਆ ਗਾਰਡ ਨੇ ਮੇਰੀ ਆਈਡੀ ਚੈੱਕ ਕਰਦੇ ਹੋਏ ਕਿਹਾ, "ਸਾਡੇ ਕੇਰਲ 'ਚ ਵੀ ਇਕ ਅਰੁੰਧਤੀ ਰਾਏ ਹੈ। ਹਮੇਸ਼ਾ ਪ੍ਰੇਸ਼ਾਨੀ 'ਚ ਰਹਿੰਦੀ ਹੈ" ਤਾਂ ਮੈਨੂੰ ਬਹੁਤ ਹਾਸਾ ਆਇਆ। ਉਸ ਨੂੰ ਪਤਾ ਨਹੀਂ ਲੱਗਿਆ ਕਿ ਉਹ ਮੈਂ ਹੀ ਹਾਂ। ਇਕ ਲੇਖਕ ਦੇ ਰੂਪ 'ਚ, ਮਨੁੱਖ ਹੀ ਇੱਕੋ-ਇਕ ਅਜਿਹੀ ਚੀਜ਼ ਨਹੀਂ ਹੈ ਜਿਸ ਦੀ ਮੈਨੂੰ ਪ੍ਰਵਾਹ ਹੈ। ਮੇਰੀਆਂ ਕਿਤਾਬਾਂ ਜਾਨਵਰਾਂ, ਕੀੜਿਆਂ, ਨਦੀਆਂ, ਆਕਾਸ਼ ਅਤੇ ਪਹਾੜਾਂ ਨਾਲ ਭਰੀਆਂ ਪਈਆਂ ਹਨ। ਇਕ ਰਾਸ਼ਟਰਵਾਦੀ ਕੀੜੇ-ਮਕੌੜੇ ਜਾਂ ਝੰਡਾ ਲਹਿਰਾਉਂਦੇ ਬਘਿਆੜ ਦੀ ਕਲਪਨਾ ਕਰੋ। ਸਾਨੂੰ ਆਪਣੀ ਜ਼ਮੀਨ, ਆਪਣੀਆਂ ਨਦੀਆਂ ਅਤੇ ਪਹਾੜਾਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ... ਪਰ ਅਸੀਂ ਉਨ੍ਹਾਂ ਨੂੰ ਰਾਸ਼ਟਰਵਾਦ ਦੇ ਨਾਂ 'ਤੇ ਨਸ਼ਟ ਕਰ ਰਹੇ ਹਾਂ। ਝੰਡੇ ਕੱਪੜੇ ਦੇ ਟੋਟੇ ਹਨ ਜਿਨ੍ਹਾਂ ਦੀ ਵਰਤੋਂ ਉਹ ਸਾਡੇ ਦਿਮਾਗ ਨੂੰ ਸੁੰਗੇੜਨ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਸਾਂਭਣ ਦਾ ਵੇਲਾ

***ਪੰਜਾਬ ਦੀ ਸੱਭਿਆਚਾਰਕ ਵਿਰਾਸਤ ਐਨੀ ਅਮੀਰ ਹੈ ਕਿ ਇਸ ਦੇ ਬਹੁਤ ਸਾਰੇ ਹੀਰਿਆਂ ਨੂੰ ਅਜੇ ਤੱਕ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਪਰਖਿਆ ਨਹੀਂ ਹੈ। ਸੂਬੇ ਦੇ ਬਹੁਤ ਸਾਰੇ ਵਿਰਾਸਤੀ ਭਵਨਾਂ ਦੀ ਖ਼ਸਤਾ ਹਾਲਤ ਹੈ। ਜੇ ਇਨ੍ਹਾਂ ਨੂੰ ਸੰਭਾਲਣ ਜਾਂ ਸੁਰਜੀਤ ਕਰਨ ਲਈ ਫੌਰੀ ਤੌਰ 'ਤੇ ਚਾਰਾਜੋਈ ਨਾ ਕੀਤੀ ਗਈ ਤਾਂ ਇਹ ਸਦਾ ਲਈ ਸਾਥੋਂ ਖੁੱਸ ਜਾਣਗੇ। ਤੇਜ਼ ਤਕਨੀਕੀ ਤਰੱਕੀ ਅਤੇ ਸੰਸਾਰੀਕਰਨ ਦੇ ਇਸ ਯੁੱਗ ਅੰਦਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੋਰ ਜ਼ਿਆਦਾ ਚੁਣੌਤੀਪੂਰਨ ਅਤੇ ਅਹਿਮ ਹੋ ਗਿਆ ਹੈ। ਸਭਿਆਚਾਰਕ ਵਿਰਾਸਤ ਸਾਨੂੰ ਆਪਣੇ ਅਤੀਤ ਨਾਲ ਜੋੜਦੀ ਹੈ, ਸਾਡੇ ਵਰਤਮਾਨ ਨੂੰ ਅਮੀਰ ਬਣਾਉਂਦੀ ਹੈ ਅਤੇ ਸਾਡੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਵਿਰਾਸਤ ਨੂੰ ਸੰਭਾਲਣ ਲਈ ਸਮਕਾਲੀ ਖੋਜਾਂ ਨੂੰ ਅਪਣਾਉਣਾ ਜ਼ਰੂਰੀ ਹੁੰਦਾ ਹੈ।***



*ਬਾਬਾ ਬਿਸ਼ਨ ਸਿੰਘ ਦਾ 19ਵੇਂ ਸਦੀ ਦੇ ਸਿੱਖ ਰਾਜ ਦੌਰਾਨ ਅੰਮ੍ਰਿਤਸਰ ਦਾ ਬਣਾਇਆ ਚਿੱਤਰ।*

ਪੰਜਾਬ ਇਸ ਗੱਲ ਦੇ ਯੋਗ ਕਿਉਂ ਨਹੀਂ ਹੋ ਸਕਿਆ ਕਿ ਇਹ ਆਪਣੀ ਸੱਭਿਆਚਾਰਕ ਵਿਰਾਸਤ ਦੀ ਵਰਤੋਂ ਕਰ ਕੇ ਆਪਣੇ ਅਰਥਚਾਰੇ ਨੂੰ ਹੁਲਾਰਾ ਦੇ ਸਕੇ? ਕੀ ਇਸ ਦਾ ਕਾਰਨ ਇਹ ਹੈ ਕਿ ਸਾਡਾ ਆਪਣੀ ਵਿਰਾਸਤ ਨਾਲ ਕੋਈ ਰਿਸ਼ਤਾ ਹੀ ਨਹੀਂ ਰਹਿ ਗਿਆ ਜਾਂ ਸਮੇਂ ਸਮੇਂ 'ਤੇ ਆਈਆਂ ਸਰਕਾਰਾਂ ਕੋਲ ਸੰਕਲਪ ਦੀ ਘਾਟ ਰਹੀ ਹੈ? ਜੇ ਸਹੀ ਸਮੇਂ 'ਤੇ ਸਹੀ ਕਦਮ ਪੁੱਟੇ ਜਾਣ ਤਾਂ ਪੰਜਾਬ ਦੀ ਵਿਰਾਸਤ ਦੁਨੀਆ ਭਰ ਦੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਸਕਦੀ ਹੈ। ਹਿੰਦੋਸਤਾਨ ਤੱਕ ਪਹੁੰਚਣ ਲਈ ਹਮਲਾਵਰ ਪੰਜਾਬ 'ਚੋਂ ਹੋ ਕੇ ਲੰਘੇ ਸਨ ਅਤੇ ਇਸ ਧਰਤੀ 'ਤੇ ਕਈ ਲੜਾਈਆਂ ਲੜੀਆਂ ਗਈਆਂ ਸਨ। ਇਹ ਸਿੱਖ ਗੁਰੂਆਂ ਦੀ ਧਰਤੀ ਹੈ ਜਿਨ੍ਹਾਂ ਨੇ ਇਨਸਾਨੀਅਤ ਦੀ ਖਾਤਰ ਅਥਾਹ ਕੁਰਬਾਨੀਆਂ ਕੀਤੀਆਂ ਸਨ। ਪੰਜਾਬ ਨੂੰ ਭਾਰਤ ਦਾ ਅਨਾਜ ਦੇ ਕਟੋਰੇ ਦੀ ਤਸ਼ਬੀਹ ਦਿੱਤੀ ਜਾਂਦੀ ਰਹੀ ਹੈ। ਇਸ ਨੇ ਆਜ਼ਾਦੀ ਦੀ ਲੜਾਈ ਵਿੱਚ ਵੱਡਾ ਯੋਗਦਾਨ

**ਮੇਜਰ ਜਨਰਲ ਬਲਵਿੰਦਰ ਸਿੰਘ (ਸੇਵਾਮੁਕਤ)**

ਪਾਇਆ ਸੀ ਅਤੇ ਫਿਰ ਵੰਡ ਵੇਲੇ ਅਕਹਿ ਸੰਤਾਪ ਵੀ ਹੰਢਾਇਆ ਸੀ।

ਪੰਜਾਬ ਦੀ ਸੱਭਿਆਚਾਰਕ ਵਿਰਾਸਤ ਐਨੀ ਅਮੀਰ ਹੈ ਕਿ ਇਸ ਦੇ ਬਹੁਤ ਸਾਰੇ ਹੀਰਿਆਂ ਨੂੰ ਅਜੇ ਤੱਕ ਵਿਦਵਾਨਾਂ ਅਤੇ ਇਤਿਹਾਸਕਾਰਾਂ ਵੱਲੋਂ ਪਰਖਿਆ ਹੀ ਨਹੀਂ ਗਿਆ। ਮੰਦੇ ਭਾਗੀਂ ਸੂਬੇ ਦੇ ਬਹੁਤ ਸਾਰੇ ਵਿਰਾਸਤੀ ਭਵਨਾਂ ਦੀ ਖ਼ਸਤਾ ਹਾਲਤ ਬਣੀ ਹੋਈ ਹੈ ਅਤੇ ਜੇ ਇਨ੍ਹਾਂ ਨੂੰ ਸੰਭਾਲਣ ਜਾਂ ਸੁਰਜੀਤ ਕਰਨ ਲਈ ਫੌਰੀ ਤੌਰ 'ਤੇ ਚਾਰਾਜੋਈ ਨਾ ਕੀਤੀ ਗਈ ਤਾਂ ਇਹ ਸਦਾ ਲਈ ਸਾਥੋਂ ਖੁੱਸ ਜਾਣਗੇ। ਤੇਜ਼-ਤਰਾਰ ਤਕਨੀਕੀ ਤਰੱਕੀ ਅਤੇ ਸੰਸਾਰੀਕਰਨ ਦੇ ਇਸ ਯੁੱਗ ਅੰਦਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੋਰ ਜ਼ਿਆਦਾ ਚੁਣੌਤੀਪੂਰਨ ਅਤੇ ਅਹਿਮ ਹੋ ਗਿਆ ਹੈ। ਸੱਭਿਆਚਾਰਕ ਵਿਰਾਸਤ ਵਿੱਚ ਹੱਥ ਲਿਖਤਾਂ, ਕਲਾਕਿਰਤਾਂ ਅਤੇ ਭਵਨਾਂ ਜਿਹੀਆਂ ਸਥੂਲ ਅਤੇ ਰਵਾਇਤਾਂ ਅਤੇ ਭਾਸ਼ਾਵਾਂ ਜਿਹੀਆਂ ਅਸਥੂਲ ਚੀਜ਼ਾਂ ਤੋਂ ਮਿਲ ਕੇ ਸਾਡੀ ਸਮੂਹਕ ਪਛਾਣ ਦਾ ਆਧਾਰ ਬਣਦੀ ਹੈ। ਇਹ ਸਾਨੂੰ ਆਪਣੇ ਅਤੀਤ ਨਾਲ ਜੋੜਦੀ ਹੈ, ਸਾਡੇ ਵਰਤਮਾਨ ਨੂੰ ਅਮੀਰ ਬਣਾਉਂਦੀ ਹੈ ਅਤੇ ਸਾਡੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਵਿਰਾਸਤ ਨੂੰ ਸੰਭਾਲਣ ਲਈ ਸਮਕਾਲੀ ਖੋਜਾਂ ਨੂੰ ਅਪਣਾਉਣਾ ਜ਼ਰੂਰੀ ਹੁੰਦਾ ਹੈ।

ਸੱਭਿਆਚਾਰਕ ਵਿਰਾਸਤ ਨਾ ਕੇਵਲ ਇਤਿਹਾਸ ਦਾ ਭੰਡਾਰ ਹੁੰਦੀ ਹੈ ਸਗੋਂ ਇਹ ਕਿਸੇ ਭਾਈਚਾਰੇ ਦੀਆਂ ਕਦਰਾਂ ਕੀਮਤਾਂ, ਵਿਸ਼ਵਾਸਾਂ ਅਤੇ ਅਨੁਭਵਾਂ ਦੀ ਜਿਉਂਦੀ ਜਾਗਦੀ ਮੂਰਤ ਵੀ ਹੁੰਦੀ ਹੈ। ਇਹ ਅਪਣੱਤ ਦੇ ਬੋਧ ਦਾ ਸੰਚਾਰ ਕਰਦੀ ਹੈ ਅਤੇ ਪ੍ਰੇਰਨਾ ਦੇ ਸਰੋਤ ਦਾ ਕੰਮ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸੈਰ ਸਪਾਟੇ ਅਤੇ ਜਨ ਸੰਚਾਰ ਮਾਧਿਅਮਾਂ ਰਾਹੀਂ ਆਰਥਿਕ ਵਿਕਾਸ ਵਿੱਚ ਚੋਖਾ ਯੋਗਦਾਨ ਪਾਉਂਦੀ ਹੈ ਅਤੇ ਸਮਾਜਿਕ ਇਕਸੁਰਤਾ ਅਤੇ ਅੰਤਰ ਸੱਭਿਆਚਾਰਕ ਸੰਵਾਦ ਨੂੰ ਹੁਲਾਰਾ ਦਿੰਦੀ ਹੈ।

ਸਭਿਆਚਾਰਕ ਵਿਰਾਸਤ ਵਿੱਚ ਸਮਕਾਲੀ ਖੋਜਾਂ ਦੇ ਏਕੀਕਰਨ ਦਾ ਭਾਵ ਸਿਰਫ਼ ਨਵੀਆਂ ਤਕਨੀਕਾਂ ਅਪਣਾਉਣ ਤਕ ਸੀਮਤ ਨਹੀਂ ਹੈ ਸਗੋਂ ਅੰਤਰ ਵਿਸ਼ਾਗਤ ਸਾਂਝ ਭਿਆਲੀ ਅਤੇ ਸਮਾਵੇਸ਼ੀ ਵਿਧੀਆਂ ਨੂੰ ਹੱਲਾਸ਼ੇਰੀ ਦੇਣਾ ਵੀ ਹੈ। ਪੁਰਾਲੇਖ, ਪਦਾਰਥਕ ਵਿਗਿਆਨ ਅਤੇ ਡਿਜੀਟਲ ਤਕਨਾਲੋਜੀ ਜਿਹੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੂੰ ਇੱਕ ਥਾਂ ਲਿਆ ਕੇ ਅਸੀਂ ਸੱਭਿਆਚਾਰਕ ਵਿਰਾਸਤ ਦੀ ਸਾਂਭ ਸੰਭਾਲ ਦੀ ਸਰਬਪੱਖੀ ਪਹੁੰਚ ਵਿਕਸਤ ਕਰ ਸਕਦੇ ਹਾਂ। ਇਸ ਤੋਂ ਇਲਾਵਾ ਇਨ੍ਹਾਂ ਇਖ਼ਲਾਕੀ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦਿਆਂ ਇਹ ਯਕੀਨੀ ਬਣਾਇਆ ਜਾਵੇ ਕਿ ਤਕਨੀਕੀ ਮੁਦਾਖ਼ਲਤਾਂ ਸੱਭਿਆਚਾਰਕ ਵਿਰਾਸਤ ਦੀ ਪ੍ਰਮਾਣਿਕਤਾ ਅਤੇ ਮਹੱਤਵ ਦਾ ਸਤਿਕਾਰ ਕਰਨ। ਨਵੀਨਤਾ ਦਾ ਰਵਾਇਤਾਂ ਨਾਲ ਸਮਤੋਲ ਬਿਠਾ ਕੇ ਅਸੀਂ ਅਜਿਹੀਆਂ ਪਾਏਦਾਰ ਰਣਨੀਤੀਆਂ ਵਿਕਸਤ ਕਰ ਸਕਦੇ ਹਾਂ ਜੋ ਸਾਡੇ ਅਤੀਤ ਦਾ ਸਤਿਕਾਰ ਵੀ ਕਰਨ ਅਤੇ ਭਵਿੱਖ ਨਾਲ ਬਗਲਗੀਰ ਵੀ ਹੋ ਸਕਣ।

ਆਧੁਨਿਕ ਤੱਤਾਂ ਨੂੰ ਸੋਚਮਈ ਢੰਗ ਨਾਲ ਰਵਾਇਤੀ ਸੈਟਿੰਗਾਂ ਨਾਲ ਇਕਮਿਕ ਕਰਨਾ ਸਮੇਂ ਦੀ ਲੋੜ ਹੈ। ਇਤਿਹਾਸਕ ਵਿਰਾਸਤ ਦੀ ਪੂਰਨਤਾ ਲਈ ਆਧੁਨਿਕ ਆਰਕੀਟੈਕਚਰ ਦਾ ਇਸ ਢੰਗ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਦੀ ਆਭਾ ਨੂੰ ਆਂਚ ਨਾ ਆਵੇ। ਇਤਿਹਾਸਕ ਥਾਵਾਂ ਦੀ ਮੂਲ ਇਮਾਰਤਸਾਜ਼ੀ ਅਤੇ ਆਲੇ ਦੁਆਲੇ ਦੇ ਮਿਜ਼ਾਜ 'ਤੇ ਢੁਕਵੀਆਂ ਆਧੁਨਿਕ ਸਹੂਲਤਾਂ ਅਤੇ ਸਹਾਇਕ ਢਾਂਚੇ ਨੂੰ ਅਪਣਾਉਣਾ ਚਾਹੀਦਾ ਹੈ। ਇਹ ਸਭ ਕਿਸੇ ਨਵੀਂ ਉਸਾਰੀ ਵਿਚ ਰਵਾਇਤੀ ਇਮਾਰਤੀ ਸਮੱਗਰੀ ਜਾਂ ਡਿਜ਼ਾਈਨਾਂ ਦਾ ਇਸਤੇਮਾਲ ਕਰ ਕੇ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਾਨੂੰ ਉੱਤਰ ਭਾਰਤ ਦੇ ਮੈਦਾਨੀ ਇਲਾਕਿਆਂ ਦੀ ਗਰਮੀ ਦੀ ਮਾਰ ਤੋਂ ਬਚਾਉਣ ਵਾਲੀ ਕੁਦਰਤੀ ਠੰਢਕ ਪਹੁੰਚਾਉਣ ਵਾਲੀਆਂ ਸਾਡੀਆਂ ਪੁਰਾਣੀਆਂ ਇਮਾਰਤਾਂ ਨੂੰ ਸਾਂਭਣ ਅਤੇ ਸੁਰਜੀਤ ਕਰਨ ਦੀ ਲੋੜ ਹੈ।

ਅਜਿਹੀਆਂ ਇਤਿਹਾਸਕ ਥਾਵਾਂ ਦੀ ਨਿਸ਼ਾਨਦੇਹੀ ਕਰਨੀ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਜ਼ਰੂਰੀ ਹੈ ਜੋ ਸਾਡੇ ਅਤੀਤ ਦੀ ਵਿਰਾਸਤ ਦੀ ਤਰਜਮਾਨੀ ਕਰਦੀਆਂ ਹੋਣ। ਉਨ੍ਹਾਂ ਨੂੰ ਆਧੁਨਿਕ ਤਕਨੀਕਾਂ ਦੀ ਵਰਤੋਂ ਕਰ ਕੇ ਸੁਰਜੀਤ ਕਰਨ ਅਤੇ ਸੰਭਾਲ ਕੇ ਰੱਖਣ ਦੀ ਲੋੜ ਹੈ। ਇਸ ਤੋਂ ਇਲਾਵਾ ਅਜਾਇਬਘਰਾਂ, ਸਭਿਆਚਾਰਕ ਕੇਂਦਰਾਂ ਅਤੇ ਹੋਟਲਾਂ ਜਿਹੇ ਸਮਕਾਲੀ ਮੰਤਵਾਂ ਲਈ ਵਿਰਾਸਤੀ ਇਮਾਰਤਾਂ ਦੀ ਪੁਨਰ ਵਰਤੋਂ ਕਰਨ ਬਾਰੇ ਵੀ ਸੋਚਣਾ ਚਾਹੀਦਾ ਹੈ। ਇਸ ਨਾਲ ਇਤਿਹਾਸਕ ਭਵਨਾਂ ਦੀ ਵਿਰਾਸਤੀ ਕਦਰ ਦੀ ਰਾਖੀ ਕਰਦੇ ਹੋਏ ਇਨ੍ਹਾਂ ਨੂੰ ਨਵਾਂ ਜੀਵਨ ਦਾਨ ਮਿਲ ਸਕੇਗਾ। ਸਾਨੂੰ ਆਪਣੇ ਸੱਭਿਆਚਾਰ ਅਤੇ ਵਿਰਾਸਤ 'ਤੇ ਮਾਣ ਹੋਣਾ ਚਾਹੀਦਾ ਹੈ ਅਤੇ ਸਾਨੂੰ ਆਪਣੀ ਸੱਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਲ ਦੀ ਰਾਖੀ ਦੇ ਮਹੱਤਵ ਨੂੰ ਵੀ ਪ੍ਰਵਾਨ ਕਰਨਾ ਪਵੇਗਾ। ਆਮ ਤੌਰ 'ਤੇ ਰਸਮਾਂ, ਰਵਾਇਤਾਂ, ਭਾਸ਼ਾਵਾਂ ਅਤੇ ਇਤਿਹਾਸਕ ਥਾਵਾਂ ਹੀ ਕਿਸੇ ਭਾਈਚਾਰੇ ਜਾਂ ਸਮਾਜ ਦੀ ਪਛਾਣ ਅਤੇ ਕਦਰਾਂ ਕੀਮਤਾਂ ਦੀ ਲਖਾਇਕ ਹੁੰਦੀਆਂ ਹਨ। ਪੰਜਾਬ ਕੋਲ ਹਰ ਕਿਸਮ ਦੀਆਂ ਚੁਣੌਤੀਆਂ 'ਤੇ ਪਾਰ ਪਾਉਣ ਅਤੇ ਹਾਂਦਰੂ ਤਬਦੀਲੀ ਲਿਆਉਣ ਦਾ ਜਜ਼ਬਾ ਹੈ।

ਸਮਾਜ ਬਦਲਦਾ ਹੈ ਤੇ ਆਧੁਨਿਕੀਕਰਨ ਅਕਸਰ ਤਕਨੀਕ, ਬੁਨਿਆਦੀ ਢਾਂਚੇ, ਸਿਹਤ ਸੰਭਾਲ ਤੇ ਵਿਦਿਅਕ ਸਹੂਲਤਾਂ ਦੇ ਪੱਖ ਤੋਂ ਵਿਕਾਸ ਲੈ ਕੇ ਆਉਂਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਤਬਦੀਲੀਆਂ ਨੂੰ ਅਪਣਾਈਏ ਤੇ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਜੀਵਨ ਪੱਧਰ 'ਚ ਸੁਧਾਰ ਕਰੀਏ। ਅਜਿਹੀਆਂ ਨੀਤੀਆਂ ਬਣਨ ਜੋ ਵਿਕਾਸ ਦੇ ਟੀਚਿਆਂ ਦਾ ਵਿਰਾਸਤੀ ਸਾਂਭ-ਸੰਭਾਲ ਨਾਲ ਸੰਤੁਲਨ ਬਿਠਾਉਣ। ਇਹ ਸ਼ਾਇਦ ਖੇਤਰੀਕਰਨ ਕਾਨੂੰਨਾਂ, ਵਿਰਾਸਤੀ ਸਾਂਭ-ਸੰਭਾਲ ਦੇ ਨੇਮਾਂ ਅਤੇ ਇਤਿਹਾਸਕ ਇਮਾਰਤਾਂ ਦੀ ਮੁੜ ਵਰਤੋਂ ਲਈ ਰਿਆਇਤਾਂ ਦੇ ਰੂਪ ਵਿੱਚ ਹੋ ਸਕਦਾ ਹੈ। ਅਜਿਹੇ ਆਧੁਨਿਕੀਕਰਨ ਪ੍ਰੋਜੈਕਟ ਲਾਗੂ ਕੀਤੇ ਜਾਣ ਜੋ ਟਿਕਾਊ ਤੇ ਵਾਤਾਵਰਨ ਪੱਖੀ ਹੋਣ ਅਤੇ ਵਿਰਾਸਤੀ ਸਥਾਨਾਂ ਤੇ ਇਨ੍ਹਾਂ ਦੇ ਚੌਗਿਰਦੇ ਉੱਤੇ ਪੈਂਦੇ ਅਸਰਾਂ ਨੂੰ ਘਟਾਉਣ ਲਈ ਪ੍ਰਦੂਸ਼ਣ ਰਹਿਤ ਤਕਨੀਕਾਂ ਤੇ ਪ੍ਰਕਿਰਿਆਵਾਂ ਦੀ ਵਰਤੋਂ ਕੀਤੀ ਜਾਵੇ।

ਇਨ੍ਹਾਂ ਸਥਾਨਾਂ ਦੇ ਵਿਕਾਸ ਨਾਲ ਸਬੰਧਿਤ ਫ਼ੈਸਲਿਆਂ 'ਚ ਮੁਕਾਮੀ ਭਾਈਚਾਰਿਆਂ ਦੀ ਰਾਇ ਲੈਣੀ ਸਹੀ ਦਿਸ਼ਾ ਵਿੱਚ ਚੁੱਕਿਆ ਕਦਮ ਹੋਵੇਗਾ। ਉਨ੍ਹਾਂ ਦੇ ਮਸ਼ਵਰੇ ਯਕੀਨੀ ਬਣਾ ਸਕਦੇ ਹਨ ਕਿ ਆਧੁਨਿਕੀਕਰਨ ਦੀਆਂ ਕੋਸ਼ਿਸ਼ਾਂ ਸਾਡੀਆਂ ਵਿਰਾਸਤੀ ਕਦਰਾਂ-ਕੀਮਤਾਂ ਤੇ ਰਵਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਜਾਣ। ਵਿਰਾਸਤੀ ਸਥਾਨਾਂ ਤੇ ਰਵਾਇਤਾਂ ਉੱਤੇ ਆਧੁਨਿਕੀਕਰਨ ਦੇ ਅਸਰਾਂ ਦਾ ਨਿਯਮਿਤ ਤੌਰ 'ਤੇ ਮੁਲਾਂਕਣ ਕਰਨਾ ਪਵੇਗਾ। ਨੀਤੀਆਂ ਤੇ ਰੀਤੀ-ਰਿਵਾਜਾਂ ਨੂੰ ਇਸ ਤਰ੍ਹਾਂ ਰੱਖਣਾ ਪਵੇਗਾ ਕਿ ਸੰਤੁਲਨ ਬਣਿਆ ਰਹੇ। ਇਸ ਨਾਲ ਸਮਾਜ ਦੀ ਇਹ ਯਕੀਨੀ ਬਣਾਉਣ ਵਿੱਚ ਮਦਦ ਹੋ ਸਕਦੀ ਹੈ ਕਿ ਆਧੁਨਿਕੀਕਰਨ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਹੇਠਾਂ ਲਿਜਾਣ ਦੀ ਥਾਂ ਇਸ ਵਿੱਚ ਵਾਧਾ ਕਰੇ। ਕਾਬਿਲੇਗੌਰ ਹੈ ਕਿ ਤਿੰਨ ਸਾਲ ਪਹਿਲਾਂ ਜੱਲ੍ਹਿਆਂਵਾਲਾ ਬਾਗ਼ ਯਾਦਗਾਰ ਦੀ ਮੁਰੰਮਤ ਦੌਰਾਨ ਕੁਝ ਹੱਦ ਤੱਕ ਇਸ ਦੀ ਮੌਲਿਕ ਦਿੱਖ ਦਾ ਨੁਕਸਾਨ ਕੀਤਾ ਗਿਆ ਸੀ।

ਸਰਕਾਰ ਨੂੰ ਜਾਗਰੂਕਤਾ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ ਜੋ ਖ਼ਾਸ ਤੌਰ 'ਤੇ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਹੋਵੇ। ਵਿਦਿਅਕ ਸੰਸਥਾਵਾਂ 'ਚ ਸਥਾਨਕ ਰਵਾਇਤਾਂ ਤੇ ਸੱਭਿਆਚਾਰ ਦਾ ਜਸ਼ਨ ਮਨਾਉਣ ਵਾਲੇ ਸਮਾਗਮ ਕਰਾਉਣ ਨਾਲ ਨਾ ਕੇਵਲ ਵਿਰਾਸਤਾਂ ਦੀ ਸਾਂਭ-ਸੰਭਾਲ ਵਿੱਚ ਮਦਦ ਮਿਲੇਗੀ ਬਲਕਿ ਸੈਰ-ਸਪਾਟੇ ਤੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਇਸ ਤਰ੍ਹਾਂ ਦੇ ਕਦਮ ਚੁੱਕ ਕੇ ਸਮਾਜ, ਵਿਰਾਸਤ ਤੇ ਆਧੁਨਿਕੀਕਰਨ ਦੀ ਆਪਸੀ ਗੁੰਝਲਦਾਰ ਪ੍ਰਕਿਰਿਆ ਵਿੱਚੋਂ ਪਾਰ ਲੰਘ ਸਕਦਾ ਹੈ ਤਾਂ ਕਿ ਦੋਵੇਂ ਪੱਖ ਇੱਕ ਜੀਵੰਤ ਤੇ ਟਿਕਾਊ ਭਵਿੱਖ ਲਈ ਹਿੱਸਾ ਪਾ ਸਕਣ। ਸਮੇਂ ਦੇ ਨਾਲ ਅੱਗੇ ਵਧਦਿਆਂ ਸੱਭਿਆਚਾਰਕ ਪਛਾਣ ਨੂੰ ਸੰਭਾਲਣ ਲਈ ਸੰਤੁਲਨ ਕਾਇਮ ਰੱਖਣਾ ਜ਼ਰੂਰੀ ਹੈ। ਸੂਬਾਈ ਅਤੇ ਜ਼ਿਲ੍ਹਾ ਪੱਧਰ ਉੱਤੇ ਕੰਮ ਕਰ ਰਹੇ 'ਇਨਟੈਕ' ਦੇ ਵਾਲੰਟੀਅਰ, ਸਾਂਭ-ਸੰਭਾਲ ਵਿੱਚ ਮੁਹਾਰਤ ਰੱਖਦੇ ਹਨ। ਸਰਕਾਰ ਨੂੰ ਇਸ ਦਾ ਪੂਰਾ ਲਾਹਾ ਲੈਣਾ ਚਾਹੀਦਾ ਹੈ।

ਆਧੁਨਿਕ ਚੁਣੌਤੀਆਂ ਸਾਹਮਣੇ ਆਪਣੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਲਈ ਅਗਾਂਹਵਧੂ ਪਹੁੰਚ ਲੋੜੀਂਦੀ ਹੈ ਜੋ ਸਮਕਾਲੀ ਪ੍ਰਗਤੀ ਨੂੰ ਪੂਰੀ ਤਰ੍ਹਾਂ ਵਰਤੋਂ 'ਚ ਲਿਆਏ। ਡਿਜੀਟਲ ਤਕਨੀਕਾਂ, ਡੇਟਾ ਵਿਸ਼ਲੇਸ਼ਣ, ਮਟੀਰੀਅਲ ਸਾਇੰਸ ਤੇ ਸਮਾਜਿਕ ਹਿੱਸੇਦਾਰੀ ਰਾਹੀਂ ਅਸੀਂ ਆਪਣੀ ਸਾਂਝੀ ਵਿਰਾਸਤ ਨੂੰ ਬਚਾ ਸਕਦੇ ਹਾਂ। ਉਨ੍ਹਾਂ ਸੱਭਿਆਚਾਰਕ ਭੰਡਾਰਾਂ ਨੂੰ ਬਚਾਉਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਜੋ ਸਾਨੂੰ ਪਰਿਭਾਸ਼ਿਤ ਕਰਦੇ ਹਨ।

---

# ਲੋਕਾਂ ਨੂੰ ਹਕੀਕਤ ਸਮਝਣੀ ਪਵੇਗੀ

*(ਪਿਛਲੇ ਸਫੇ ਦੀ ਬਾਕੀ)*

ਲਈ ਕਰਦੇ ਹਨ ਅਤੇ ਜਦ ਅਸੀਂ ਮਰ ਜਾਂਦੇ ਹਾਂ ਤਾਂ ਸਾਨੂੰ ਦਫ਼ਨਾਉਣ ਲਈ ਕਫ਼ਨ ਦੇ ਰੂਪ 'ਚ ਵਰਤਦੇ ਹਨ।

ਸਵਾਲ: ਮੁੱਖਧਾਰਾ ਦਾ ਮੀਡੀਆ ਪੂਰੀ ਤਰ੍ਹਾਂ ਸਮਾਜ ਦੇ ਉਚ ਤਬਕੇ ਦੀ ਜ਼ਿੰਦਗੀ ਉਪਰ ਧਿਆਨ ਕੇਂਦਰਤ ਕਰ ਰਿਹਾ ਹੈ। ਬਹੁਗਿਣਤੀ ਲੋਕਾਂ ਦੀਆਂ ਜ਼ਿੰਦਗੀਆਂ, ਪੇਂਡੂ ਭਾਰਤ ਦੀਆਂ ਕਹਾਣੀਆਂ ਮੁੱਖਧਾਰਾ ਦੇ ਮੀਡੀਆ ਵਿਚ ਕਦੇ ਵੀ ਨਜ਼ਰ ਨਹੀਂ ਆਉਂਦੀਆਂ। ਇਹ ਅਜਿਹੀ ਦੁਨੀਆ ਹੈ ਜਿੱਥੇ ਕਾਰਪੋਰੇਟ ਮੀਡੀਆ ਘਰਾਣਿਆਂ ਦੇ ਬਣਾਏ ਬਿਰਤਾਂਤ ਦਾ ਬੋਲਬਾਲਾ ਹੈ। ਇਸ ਉਪਰ ਕਾਬੂ ਪਾਉਣ ਲਈ ਤੁਹਾਡਾ ਕੋਈ ਵਿਹਾਰਕ ਸੁਝਾਅ?

ਜਵਾਬ: ਮੁੱਖਧਾਰਾ ਮੀਡੀਆ ਦੀ ਏਨੀ ਆਲੋਚਨਾ ਹੋ ਚੁੱਕੀ ਹੈ ਕਿ ਉਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ। ਭਾਰਤ ਵਿਚ ਸਾਡੇ ਬਹੁਤ ਸਾਰੇ ਮੁੱਖਧਾਰਾ ਚੈਨਲ - ਜਿਨ੍ਹਾਂ ਦੀ ਭੂਮਿਕਾ ਉਸ ਮੁਲਕ (ਰਵਾਂਡਾ) 'ਚ ਹੋਏ ਕਤਲੇਆਮ ਤੋਂ ਪਹਿਲਾਂ ਰਵਾਂਡਾ ਰੇਡੀਓ ਵੱਲੋਂ ਨਿਭਾਈ ਭੂਮਿਕਾ ਦੇ ਤੁਲ ਹੈ - ਨੇ ਸਿਰਫ਼ ਭਾਰਤ ਵਿਚ ਫਾਸ਼ੀਵਾਦ ਦੀ ਆਮਦ 'ਚ ਹੀ ਮੱਦਦ ਨਹੀਂ ਕੀਤੀ ਸਗੋਂ ਉਹ ਫਾਸ਼ੀਵਾਦੀ ਪ੍ਰੋਜੈਕਟ ਦਾ ਬੁਨਿਆਦੀ ਹਿੱਸਾ ਹਨ। ਕਿਸੇ ਨੂੰ ਉਨ੍ਹਾਂ ਨੂੰ ਸੈਂਸਰ ਕਰਨ ਦੀ ਲੋੜ ਨਹੀਂ ਸੀ, ਉਹ ਸਾਰੇ ਗੁੱਝੇ ਸੰਦੇਸ਼ਾਂ 'ਚ ਭਾਈਵਾਲ ਸਨ। ਕੁਝ ਐਂਕਰ ਕਪਤਾਨਾਂ ਵਾਂਗ ਹਨ ਜੋ ਮੁਸਲਮਾਨਾਂ ਦੇ ਕਤਲ ਕਰਨ ਵਾਲੇ ਹਜੂਮ ਦਾ ਸੱਚਮੁੱਚ ਨਿਰਦੇਸ਼ਨ ਕਰ ਰਹੇ ਹਨ। ਇਹ ਮੁੱਖ ਤੌਰ 'ਤੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਝੂਠ ਦੀ ਵਜ੍ਹਾ ਕਰਕੇ ਹੈ ਕਿ ਉਮਰ ਖ਼ਾਲਿਦ, ਖ਼ਾਲਿਦ ਸੈਫ਼ੀ, ਗੁਲਫ਼ਿਸ਼ਾਂ ਵਰਗੇ ਲੋਕ ਸਾਲਾਂ ਤੋਂ ਜੇਲ੍ਹਾਂ 'ਚ ਬੰਦ ਹਨ। ਇਹ ਸਭ ਅਸੀਂ ਜਾਣਦੇ ਹਾਂ। ਪਰ ਇਸ ਬਾਰੇ ਕੀ ਕੀਤਾ ਜਾਵੇ? ਜਿਵੇਂ ਮੈਂ ਕਿਹਾ ਹੈ ਕਿ ਇੱਥੇ ਢਾਂਚਾਗਤ ਸਮੱਸਿਆ ਹੈ, ਉਹ ਹੈ ਇਨ੍ਹਾਂ ਚੈਨਲਾਂ ਅਤੇ ਅਖ਼ਬਾਰਾਂ ਦੇ ਆਰਥਕ ਮਾਡਲ ਵਿਚ ਹਿਤਾਂ ਦਾ ਟਕਰਾਅ। ਉਨ੍ਹਾਂ 'ਚੋਂ ਕੁਝ ਦੀ ਮਾਲਕੀ ਸਿੱਧੇ ਰੂਪ 'ਚ ਅਡਾਨੀ ਅਤੇ ਰਿਲਾਇੰਸ ਵਰਗੀਆਂ ਕੰਪਨੀਆਂ ਕੋਲ ਹੈ, ਜਦਕਿ ਬਾਕੀਆਂ ਨੂੰ ਸਾਰਾ ਧਨ ਸਰਕਾਰੀ ਅਤੇ ਕਾਰਪੋਰੇਟ ਇਸ਼ਤਿਹਾਰਾਂ ਤੋਂ ਮਿਲਦਾ ਹੈ। ਇਹ ਸੈਂਕੜੇ ਹਜ਼ਾਰਾਂ ਕਰੋੜ ਰੁਪਏ ਨੂੰ ਪਹੁੰਚ ਜਾਂਦਾ ਹੈ। ਤਾਂ ਫਿਰ ਇਨ੍ਹਾਂ ਤੋਂ ਕੋਈ ਵੀ ਆਸ ਕਿਉਂ ਕੀਤੀ ਜਾਵੇ? ਸਮੱਸਿਆ ਇਹ ਹੈ ਕਿ ਇਨ੍ਹਾਂ ਦਾ ਢਾਂਚਾ ਕਿਵੇਂ ਬਣਾਇਆ ਗਿਆ ਹੈ ਅਤੇ ਇਨ੍ਹਾਂ 'ਚ ਸਰਮਾਇਆ ਕਿਵੇਂ ਲਾਇਆ ਜਾਂਦਾ ਹੈ। ਸਾਨੂੰ ਕੁਝ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਲਈ ਅਜਿਹਾ ਮਾਡਲ ਬਣਾਉਣ ਦੀ ਜ਼ਰੂਰਤ ਹੈ ਜਿੱਥੇ ਉਨ੍ਹਾਂ 'ਚ ਧਨ ਜਨਤਕ ਟਰੱਸਟ ਲਗਾਏ ਅਤੇ ਉਹ ਸੰਪਾਦਕੀ ਤੌਰ 'ਤੇ ਪੂਰੀ ਤਰ੍ਹਾਂ ਆਜ਼ਾਦ ਹੋਣ। ਉਹ ਰਾਜਨੀਤਕ ਪਾਰਟੀਆਂ ਅਤੇ ਕਾਰਪੋਰੇਸ਼ਨਾਂ ਦੇ ਪ੍ਰਭਾਵ ਹੇਠ ਆਉਣ ਵਾਲੇ ਨਾ ਹੋਣ।

ਸਵਾਲ: ਅੰਤ 'ਚ, ਜਨਤਕ ਤੌਰ 'ਤੇ ਇਹ ਕਹਿਣ ਲਈ ਧਰੁਵ ਰਾਠੀ ਦੀ ਜ਼ਰੂਰਤ ਹੈ ਕਿ ਰਾਜਾ ਨੰਗਾ ਹੈ ਅਤੇ ਉਸ ਨੇ ਜੋ ਪ੍ਰਭਾਵ ਪੈਦਾ ਕੀਤਾ ਹੈ, ਉਹ ਬਹੁਤ ਵੱਡਾ ਹੈ। ਕੀ ਇਹ ਨਵੇਂ ਮੀਡੀਆ ਦੀ ਸੰਭਾਵਨਾ ਦਾ ਸੰਕੇਤ ਹੈ? ਕੀ ਤੁਹਾਨੂੰ ਨਵੀਂ ਪੀੜ੍ਹੀ ਦੇ ਸੋਸ਼ਲ ਮੀਡੀਆ ਕਾਰਕੁਨਾਂ 'ਚ ਆਸ ਦੀ ਨਵੀਂ ਕਿਰਨ ਨਜ਼ਰ ਆਉਂਦੀ ਹੈ?

ਜਵਾਬ: ਧਰੁਵ ਰਾਠੀ ਬਹੁਤ ਹੀ ਸ਼ਾਨਦਾਰ ਹੈ। ਹਿੰਦੀ ਭਾਸ਼ਾ ਦੇ ਹੋਰ ਯੂਟਿਊਬਰ ਵੀ ਹਨ ਜੋ ਬਹੁਤ ਪ੍ਰੇਰਨਾਦਾਇਕ ਹਨ। ਉਹ ਸਪਸ਼ਟਵਾਦੀ, ਪੇਸ਼ੇਵਰ ਅਤੇ ਬਿਲਕੁਲ ਨਿਧੜਕ ਹਨ - ਬੇਸ਼ੱਕ ਰਵੀਸ਼ ਕੁਮਾਰ ਵੀ ਇਨ੍ਹਾਂ ਵਿਚ ਵੱਡਾ ਨਾਂ ਹੈ ਪਰ ਨਾਲ ਹੀ, ਪੁੰਨ ਪ੍ਰਸੂਨ ਬਾਜਪਾਈ, ਦੀਪਕ ਸ਼ਰਮਾ, ਨਵੀਨ ਕੁਮਾਰ, ਸੰਜੇ ਸ਼ਰਮਾ, 4ਪੀ.ਐੱਮ. ਨਿਊਜ਼, ਸੱਤਿਆ ਹਿੰਦੀ ਨਿਊਜ਼ ਅਤੇ ਇਸ ਦੇ ਬਹੁਤ ਸਾਰੇ ਐਂਕਰ, ਅਜਿਹੇ ਬਹੁਤ ਸਾਰੇ ਲੋਕ ਹਨ। ਇਨ੍ਹਾਂ ਵੱਲੋਂ ਆਪਣੇ ਸ਼ੋਅ ਅੱਪਲੋਡ ਕਰਨ 'ਤੇ ਉਨ੍ਹਾਂ ਦੇ ਦਰਸ਼ਕਾਂ ਦੀ ਗਿਣਤੀ ਕੁਝ ਮਿੰਟਾਂ 'ਚ ਹੀ ਸੈਂਕੜੇ ਹਜ਼ਾਰ ਅਤੇ ਕੁਝ ਘੰਟਿਆਂ 'ਚ ਹੀ ਲੱਖਾਂ ਨੂੰ ਪਹੁੰਚ ਜਾਂਦੀ ਹੈ। ਉਨ੍ਹਾਂ 'ਚੋਂ ਹਰੇਕ ਦਾ ਚੀਜ਼ਾਂ ਬਾਰੇ ਵੱਖਰਾ ਨਜ਼ਰੀਆ ਹੈ। ਉਹ ਦਰਅਸਲ ਵਰਤਾਰਾ ਹਨ। ਦੁਨੀਆ 'ਚ ਨਵਾਂ। ਮੈਂ ਉਨ੍ਹਾਂ ਨੂੰ ਨੇੜਿਓਂ ਫਾਲੋ ਕਰਦੀ ਹਾਂ। ਅਸੀਂ ਉਨ੍ਹਾਂ ਦੇ ਬਹੁਤ ਰਿਣੀ ਹਾਂ। ਮੈਨੂੰ ਉਨ੍ਹਾਂ 'ਤੇ ਵਾਕਈ ਮਾਣ ਹੈ। ***(ਸਮਾਪਤ)***

# ਝੁੰਪਾ ਲਾਹਿੜੀ: ਮਜ਼ਲੂਮਾਂ ਦੇ ਹੱਕ ’ਚ ਉਠਦੀ ਆਵਾਜ਼




*ਕੁਈਨਜ਼ (ਅਮਰੀਕਾ) ਦੇ ਨੋਗੁਚੀ ਮਿਊਜ਼ੀਅਮ ਵਿਚ ਕਾਫੀਯੇਹ ਪਹਿਨਣ ਵਾਲੇ ਤਿੰਨ ਮੁਲਾਜ਼ਮਾਂ ਨੂੰ ਕੱਢਣ ਖਿਲਾਫ ਰੋਸ ਵਿਖਾਵੇ ਦਾ ਮੰਜ਼ਰ ਅਤੇ (ਸੱਜੇ) ਕਾਫੀਯੇਹ ‘ਤੇ ਪਾਬੰਦੀ ਖਿਲਾਫ ਰੋਸ ਪ੍ਰਗਟ ਕਰਨ ਲਈ ਇਨਾਮ ਮੋੜਨ ਵਾਲੀ ਮਸ਼ਹੂਰ ਲਿਖਾਰੀ ਝੁੰਪਾ ਲਾਹਿੜੀ।*

**ਕਲਾ ਪਰਿਕਰਮਾ**

**ਕੁਦਰਤ ਕੌਰ**

ਪੁਲਿਤਜ਼ਰ ਪੁਰਸਕਾਰ ਜੇਤੂ ਭਾਰਤੀ ਮੂਲ ਦੀ ਲੇਖਕਾ ਝੁੰਪਾ ਲਹਿੜੀ ਨੇ ਗਾਜ਼ਾ ’ਚ ਫਲਸਤੀਨੀਆਂ ਪ੍ਰਤੀ ਇਕਜੁੱਟਤਾ ਦਿਖਾਉਂਦਿਆਂ ‘ਕਾਫ਼ੀਯੇਹ’ ਪਹਿਨਣ ਵਾਲੇ ਤਿੰਨ ਮੁਲਾਜ਼ਮਾਂ ਨੂੰ ਕੱਢੇ ਜਾਣ ਦੇ ਵਿਰੋਧ ’ਚ ਅਮਰੀਕਾ ਦੇ ਕੁਈਨਸ ਸਥਿਤ ਨੋਗੁਚੀ ਮਿਊਜ਼ੀਅਮ ਤੋਂ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ‘ਕਾਫ਼ੀਯੇਹ’ ਸਿਰ ’ਤੇ ਬੰਨ੍ਹਿਆ ਜਾਣ ਵਾਲਾ ਕੱਪੜਾ ਹੈ ਜੋ ਜ਼ਿਆਦਾਤਰ ਫਲਸਤੀਨੀ ਪਹਿਨਦੇ ਹਨ।


ਨੋਗੁਚੀ ਮਿਊਜ਼ੀਅਮ ਨੇ ਇਸ ਸਬੰਧੀ ਜਾਰੀ ਕੀਤੇ ਆਪਣੇ ਬਿਆਨ ’ਚ ਕਿਹਾ ਹੈ, ‘ਝੁੰਪਾ ਲਹਿੜੀ ਨੇ ਸਾਡੀ ਨਵੀਂ ਪੋਸ਼ਾਕ ਕੋਡ ਨੀਤੀ ਦੇ ਵਿਰੋਧ ਵਿਚ 2024 ਦੇ ਇਸਾਮੂ ਨੋਗੁਚੀ ਪੁਰਸਕਾਰ ਲਈ ਆਪਣੀ ਮਨਜ਼ੂਰੀ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਅਸੀਂ ਉਨ੍ਹਾਂ ਦੇ ਨਜ਼ਰੀਏ ਦਾ ਸਨਮਾਨ ਕਰਦੇ ਹਾਂ ਅਤੇ ਸਮਝਦੇ ਹਾਂ ਕਿ ਇਹ ਨੀਤੀ ਹਰ ਕਿਸੇ ਦੇ ਵਿਚਾਰਾਂ ਨਾਲ ਮੇਲ ਵੀ ਖਾ ਸਕਦੀ ਹੈ ਅਤੇ ਨਹੀਂ ਵੀ।’


ਯਾਦ ਰਹੇ ਕਿ ਨਿਊ ਯਾਰਕ ਸਥਿਤ ਮਿਊਜ਼ੀਅਮ ਦੀ ਸਥਾਪਨਾ ਕਰੀਬ 40 ਸਾਲ ਪਹਿਲਾਂ ਜਪਾਨੀ-ਅਮਰੀਕੀ ਡਿਜ਼ਾਈਨਰ ਅਤੇ ਮੂਰਤੀਕਾਰ ਨੋਗੁਚੀ ਨੇ ਕੀਤੀ ਸੀ। ਮਿਊਜ਼ੀਅਮ ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ ਮੁਲਾਜ਼ਮ ਆਪਣੇ ਕੰਮ ਦੇ ਘੰਟਿਆਂ ਦੌਰਾਨ ‘ਸਿਆਸੀ ਸੁਨੇਹਿਆਂ, ਨਾਅਰੇ ਜਾਂ ਪ੍ਰਤੀਕ’ ਜ਼ਾਹਿਰ ਕਰਨ ਵਾਲੇ ਕੱਪੜੇ ਜਾਂ ਕੋਈ ਹੋਰ ਸਮੱਗਰੀ ਨਹੀਂ ਪਹਿਨ ਸਕਦੇ। ਮਿਊਜ਼ੀਅਮ ਦੇ ਕਈ ਮੁਲਾਜ਼ਮਾਂ ਵੱਲੋਂ ਫਲਸਤੀਨੀਆਂ ਦੀ ਹਮਾਇਤ ’ਚ ‘ਕਾਫ਼ੀਯੇਹ’ ਪਹਿਨੇ ਜਾਣ ਮਗਰੋਂ ਇਹ ਨੀਤੀ ਲਾਗੂ ਕੀਤੀ ਗਈ ਸੀ।

ਨੋਗੁਚੀ ਮਿਊਜ਼ੀਅਮ ਨੇ ਅਗਲੇ ਮਹੀਨੇ ਝੁੰਪਾ ਲਾਹਿੜੀ ਅਤੇ ਕੋਰੀਆ ਦੇ ਜੰਮਪਲ ਪੇਂਟਰ, ਕਵੀ ਤੇ ਬੁੱਤਸਾਜ਼ ਲੀ ਉਫਾਨ ਨੂੰ ਇਸਾਮੂ ਨੋਗੁਚੀ ਇਨਾਮ ਨਾਲ ਨਵਾਜਣਾ ਸੀ। ਦੱਸਣਾ ਬਣਦਾ ਹੈ ਕਿ ਝੁੰਪਾ ਲਾਹਿੜੀ ਉਨ੍ਹਾਂ ਹਜ਼ਾਰਾਂ ਲੇਖਕਾਂ ਅਤੇ ਵਿਦਵਾਨਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਇਜ਼ਰਾਈਲ ਵੱਲੋਂ ਗਾਜ਼ਾ ਵਿਚ ਮਚਾਏ ਕਤਲੇਆਮ ਖਿਲਾਫ ਰੋਸ ਪ੍ਰਗਟ ਕਰਨ ਲਈ ਜਾਰੀ ਕੀਤੇ ਖਤ ਉਤੇ ਦਸਤਖਤ ਕੀਤੇ ਸਨ। ਉਸ ਦਾ ਆਖਣਾ ਹੈ ਕਿ ਇਜ਼ਰਾਈਲ ਫਲਸਤੀਨੀਆਂ ਦੇ ਮਨੁੱਖੀ ਹੱਕਾਂ ਨੂੰ ਬਹੁਤ ਬੁਰੀ ਤਰ੍ਹਾਂ ਮਸਲ ਰਿਹਾ ਹੈ। ਇਸ ਵਧੀਕੀ ਖਿਲਾਫ ਆਵਾਜ਼ ਬੁਲੰਦ ਕਰਨੀ ਸਭ ਦਾ ਫਰਜ਼ ਹੈ। ਦੁਨੀਆ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਫਲਸਤੀਨੀਆਂ ਨਾਲ ਕਿੰਨਾ ਮਾੜਾ ਵਿਹਾਰ ਕੀਤਾ ਜਾ ਰਿਹਾ ਹੈ। ਇਹ ਮਨੁੱਖਤਾ ਦੇ ਮੱਥੇ ਉਤੇ ਕਲੰਕ ਹੈ ਅਤੇ ਇਸ ਦਾ ਹਰ ਪੱਧਰ ‘ਤੇ ਵਿਰੋਧ ਹੋਣਾ ਚਾਹੀਦਾ ਹੈ।

ਝੁੰਪਾ ਲਾਹਿੜੀ ਦਾ ਜਨਮ 11 ਜੁਲਾਈ 1967 ਨੂੰ ਲੰਡਨ (ਇੰਗਲੈਂਡ) ਵਿਚ ਹੋਇਆ ਸੀ। ਉਸ ਦਾ ਪੂਰਾ ਨਾਂ ਨਿਲੰਜਨਾ ਸੁਦੇਸ਼ਨਾ ਲਾਹਿੜੀ ਹੈ। ਉਸ ਨੇ ਕਹਾਣੀਆਂ, ਨਾਵਲ ਅਤੇ ਲੇਖ ਲਿਖੇ ਹਨ। ਉਸ ਦਾ ਇਤਾਲਵੀ ਭਾਸ਼ਾ ਵਿਚ ਨਾਵਲ ‘ਦੋਵ ਮੀ ਤਰੋਵੋ’ ਵੀ ਪ੍ਰਕਾਸ਼ਿਤ ਹੋਇਆ ਹੈ। 1999 ਵਿਚ ਛਪੀ ਉਸ ਦੀ ਕਹਾਣੀਆਂ ਦੀ ਕਿਤਾਬ ‘ਇੰਟਰਪ੍ਰੇਟਰ ਆਫ ਮੈਲਡੀਜ਼’ ਨੂੰ ਪੁਲਿਤਜ਼ਰ ਇਨਾਮ ਮਿਲਿਆ ਸੀ। ਉਸ ਦੇ ਨਾਵਲ ‘ਦਿ ਨੇਮਸੇਕ’ (2003) ਨੂੰ ਪੀ.ਈ.ਐੱਨ./ਹੈਮਿੰਗਵੇ ਇਨਾਮ ਹਾਸਿਲ ਹੋਇਆ ਸੀ। ਉਸ ਦੇ ਇਸ ਨਾਵਲ ‘ਤੇ ਫਿਲਮ ਵੀ ਬਣ ਚੁੱਕੀ ਹੈ। ਇਸ ਤੋਂ ਇਲਾਵਾ ਉਸ ਨੂੰ ਹੋਰ ਵੀ ਕਈ ਇਨਾਮ ਹਾਸਿਲ ਹੋ ਚੁੱਕੇ ਹਨ।

ਝੁੰਪਾ ਲਾਹਿੜੀ ਉਦੋਂ 3 ਸਾਲਾਂ ਦੀ ਸੀ ਜਦੋਂ ਉਸ ਦੇ ਮਾਪੇ ਇੰਗਲੈਂਡ ਤੋਂ ਅਮਰੀਕਾ ਚਲੇ ਗਏ ਸਨ। 2012 ਵਿਚ ਝੁੰਪਾ ਲਾਹਿੜੀ ਰੋਮ (ਇਟਲੀ) ਚਲੀ ਗਈ ਸੀ ਅਤੇ ਉਸ ਤੋਂ ਬਾਅਦ ਉਸ ਨੇ ਆਪਣੀਆਂ ਕਿਤਾਬਾਂ ਇਤਾਲਵੀ ਵਿਚ ਛਪਵਾਈਆਂ। ਉਸ ਦਾ ਇਤਾਲਵੀ ਨਾਵਲ ‘ਦੋਵ ਮੀ ਤਰੋਵੋ’ 2018 ਵਿਚ ਛਪਿਆ ਸੀ ਅਤੇ ਇਤਾਲਵੀ ਕਹਾਣੀਆਂ ਦੀ ਕਿਤਾਬ ‘‘ਰੋਮ ਸਟੋਰੀਜ਼’ ਪਿਛਲੇ ਸਾਲ 2023 ਵਿਚ ਛਾਪੀ ਗਈ। ਉਸ ਨੇ ਇਤਾਲਵੀ ਕਹਾਣੀਆਂ ਦੀ ਕਿਤਾਬ ‘ਪੈਂਗੁਇਨ ਬੁੱਕ ਆਫ ਇਟੈਲੀਅਨ ਸ਼ਾਰਟ ਸਟੋਰੀਜ਼’ ਦਾ ਸੰਪਾਦਨ ਵੀ ਕੀਤਾ ਹੈ।








*ਖੱਬਿਓਂ: ਸੰਸਾਰ ਪ੍ਰਸਿੱਧ ਨਾਵਲਕਾਰ ਝੁੰਪਾ ਲਾਹਿੜੀ ਦੇ ਪਲੇਠੇ ਨਾਵਲ ‘ਦਿ ਨੇਮਸੇਕ’, ਦੂਜੇ ਨਾਵਲ ‘ਦਿ ਲੋਅਲੈਂਡ’ ਅਤੇ ਤੀਜੇ ਨਾਵਲ ‘ਦੋਵ ਮੀ ਤਰੋਵੋ’ ਦੇ ਸਰਵਰਕ। ਨਾਵਲ ‘ਦੋਵ ਮੀ ਤਰੋਵੋ’ ਪਹਿਲਾਂ ਇਤਾਲਵੀ ਵਿਚ ਛਪਿਆ ਅਤੇ ਇਸ ਦਾ ਅੰਗਰੇਜ਼ੀ ਤਰਜਮਾ ‘ਵੇਅਰਅਬਾਊਟਸ’ ਦੇ ਨਾਂ ਹੇਠ ਛਪਿਆ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਅਕਤੂਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-659



*ਸੈਲਫ਼ੀ ਦਾ ਯੁੱਗ ਐਸਾ ਆਇਆ, ਕੀ ਬੱਚੇ-ਬੁੱਢੇ ਕੀ ਜਵਾਨ,*
*ਹਰ ਇੱਕ ਦਾ ਦਿਲ ਕਰ ਆਉਂਦੈ, ਹੱਥ ਫੜ ਕੇ ਫ਼ੋਨ ਭਗਵਾਨ।*
*ਬੱਚਿਆਂ ਦਾ ਭੀ ਜੀਅ ਲਲਚਾਏ, ਸੈਲਫ਼ੀ ਦਾ ਪੋਜ਼ ਬਣਾਈਏ,*
*ਚੇਹਰਿਆਂ ‘ਤੇ ਮੁਸਕਾਨ ਲਿਆ ਕੇ, ਦੁੱਖ ਗਰੀਬੀ ਦੇ ਭੁਲਾਈਏ।*

### ਕੈਪਸ਼ਨ ਮੁਕਾਬਲਾ-657



ਧੀਆਂ ਦੇ ਦੁਖ ਮਾਂ ਬਿਨਾਂ
ਕੋਈ ਸਮਝ ਨ੍ਹੀਂ ਸਕਦਾ।
ਟੱਬਰ ਦੀ ਰੋਟੀ ਲੈ ਕੇ ਜਾਵੇ ਖੇਤ ਨੂੰ
ਪੂਰਾ ਪਰਿਵਾਰ ਅਨੰਦ ਨਾਲ ਛਕਦਾ।
ਹਵਸ ਨੇ ਪੱਟਤੀ ਦੁਨੀਆਂ
ਕੁੜੀਆਂ ਆਪਣਾ ਆਪ ਬਚਾਉਣ।
ਵਰ ਜੋਗ ਮੁੰਡੇ ਨ੍ਹੀਂ ਲੱਭਦੇ
ਜਿਹੜੇ ਸਮਝਦਾਰ ਕਹਾਉਣ।
ਨਸ਼ਿਆਂ ਨੇ ਖਰਾਬ ਕਰਤੀ ਮੁੰਡੀਰ
ਮੁੰਡੇ ਕੁੜੀਆਂ ਰਲ ਖੌਰੂ ਪਾਉਣ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***

---

ਖੇਡਣ ਦੇ ਦਿਨ ਬੱਚੀਏ ਤੇਰੇ,
ਤੂੰ ਟੋਕਰੀ ਸਿਰ ‘ਤੇ ਚਾਈ।
ਫੁੱਲ ਮਲੂਕ ਜਿਹਾ ਮੁਖੜਾ ਤੇਰਾ,
ਅੱਖੀਂ ਉਦਾਸੀ ਛਾਈ।
ਵੇਖ ਕਲੇਜਾ ਮੂੰਹ ਨੂੰ ਆਵੇ,
ਮਿਰੇ ਦਿਲੋਂ ਰੁਬਾਈ ਆਈ।
ਮਾਪਿਆਂ ਵੀ ਦਿਲੇ ਪੱਥਰ ਰੱਖ ਕੇ,
ਰੋਟੀ ਧੁੱਪੇ ਮੰਗਾਈ।
***-ਗੁਰਬਖਸ਼ ਸਿੰਘ ‘ਨਾਕਾਮ’***
***+1 864 318 5500***

---

ਨਿੱਕੇ-ਨਿੱਕੇ, ਨੰਗੇ ਪੈਰੀਂ
ਸੰਭਲ ਕੇ ਨਿੱਕੀ ਤੁਰਦੀ ਜਾਵੇ।
ਨਿੱਕੇ-ਨਿੱਕੇ ਹੱਥਾਂ ਦੇ ਨਾਲ
ਵੱਡੀ ਟੋਕਰੀ ਸਿਰ ਉਠਾਵੇ।
ਮੂੰਹ ‘ਨੇਰੇ ਜੋ ਖੇਤ ਤੁਰ ਗਿਆ
ਭੁੱਖੇ ਪਿਉ ਦਾ ਫ਼ਿਕਰ ਸਤਾਵੇ।
***-ਜਗਮੀਤ ਸਿੰਘ ਪੰਧੇਰ***

---

ਖੇਤੀ ਧੰਦਾ ਸਾਰਾ ਟੱਬਰ ਹੱਥ ਵਟਾਵੇ
ਫਿਕਰ ਧੁੱਪ ਚੜ੍ਹ ਆਉਣੀ
ਮਾਰੀ ਹਾਕ, ਨਿੱਕੀ ਬੱਚੀ
ਅੱਖਾਂ ਮਲਦੀ ਉੱਠੀ
ਕੁੜੇ ਮੇਰੀਏ ਧਇਏ
ਸ਼ਾਹ ਵੇਲਾ ਲੈ ਆਵੀਂ ਖੇਤੀਂ
ਅਸੀਂ ਜੋੜਦੇ ਜਾ ਕੇ ਹਲ ਪੰਜਾਲੀ
ਨਾ ਢਿੱਡ ਝੁਲਕਾ
ਨਾ ਪਾਣੀ ਧਾਣੀ
ਸਾਜਰੇ ਸਾਜਰੇ ਭੱਜ ਤੁਰੇ ਮਾਪੇ
ਚੁੱਕ ਛਾਬਾ ਸਿਰ ‘ਤੇ ਭੱਜੀ ਜਾਵੇ
ਪੈਰ ਵੀ ਨੰਗੇ
ਧਿਆਨ ਹੀ ਨਹੀਂ
ਸਿਰਫ਼ ਫ਼ਿਕਰ ਕਿਹੜੀ ਘੜੀ
ਲੈ ਸ਼ਾਹ ਵੇਲਾ ਪੁੱਜ ਜਾਵੇ।
ਬੱਚੇ ਹਮੇਸ਼ਾ ਪਿਆਰ ਦੇ ਭੁੱਖੇ
ਕੇ ਖੁਸ਼ ਮਾਪਿਆਂ ਨੂੰ
ਫੁੱਲੇ ਨਾ ਸਮਾਉਂਦੇ।
***-ਦਰਸ਼ਨ ਪਾਲ ਦੋਸਾਂਝ***

# ਇਸ ਵਾਰ ਕਸ਼ਮੀਰ ਭਲਾ ਕੀ ਕਹਿੰਦੈ...

**ਜਯੋਤੀ ਮਲਹੋਤਰਾ**

ਕਈ ਸਾਲਾਂ ਦੀ ਅਸ਼ਾਂਤੀ ਤੋਂ ਬਾਅਦ ਸ੍ਰੀਨਗਰ ਵਿਚ ਹੁਣ ਠੰਢ-ਠੰਢੌਰਾ ਹੈ। ਬੱਚੇ ਪਾਰਕਾਂ ਵਿਚ ਫੁਟਬਾਲ ਖੇਡਦੇ ਹਨ ਤੇ ਆਸੇ-ਪਾਸੇ ਬੈਠ ਕੇ ਮਾਪੇ ਗੱਪ-ਸ਼ੱਪ ਕਰਦੇ ਰਹਿੰਦੇ ਹਨ। ਲਾਲ ਚੌਕ ਸਾਫ਼ ਸੁਥਰਾ ਹੈ ਅਤੇ ਇੱਥੇ ਪ੍ਰੈਗਨੈਂਸੀ ਟੈਸਟ ਕਿੱਟ ਦਾ ਵੱਡਾ ਸਾਰਾ ਇਸ਼ਤਿਹਾਰ ਹੋਰਡਿੰਗ ਲੱਗਿਆ ਹੋਇਆ ਹੈ। ਮਾਲ ਦੇ ਬੰਨ੍ਹ ਉੱਪਰ ਸਟਾਰਬੱਕਸ ਰੈਸਤਰਾਂ ਖੁੱਲ੍ਹ ਗਿਆ ਹੈ ਜਿਸ ਦੇ ਸਾਹਮਣੇ ਚਿਨਾਰ ਦੇ ਵੱਡੇ-ਵੱਡੇ ਦਰੱਖ਼ਤਾਂ ਦੀ ਪਾਲ਼ ਲਹਿਲਹਾਉਂਦੀ ਹੈ। ਆਟੋ ਅਤੇ ਊਬਰ ਵਾਲੇ (ਜੋ ਹਾਲੇ ਵੀ ਸ਼ਾਮ ਨੂੰ ਪੈਂਥਾ ਚੌਕ ਤੱਕ ਨਹੀਂ ਜਾਂਦੇ) ਅਤੇ ਦੁਕਾਨਦਾਰ ਕਸ਼ਮੀਰ ਵਾਦੀ ਵਿਚ ਭਾਰਤੀ ਸੈਲਾਨੀਆਂ ਦੀ ਵਾਪਸੀ ਦਾ ਜਸ਼ਨ ਮਨਾਉਂਦੇ ਹਨ। ਸਕੂਲਾਂ ਵਿਚ ਭਰਵੇਂ ਦਾਖ਼ਲੇ ਹੋ ਰਹੇ ਹਨ ਅਤੇ ਇਹ ਸਾਰਾ ਸਾਲ ਖੁੱਲ੍ਹੇ ਰਹਿੰਦੇ ਹਨ। ਪ੍ਰੈਜ਼ੇਂਟੇਸ਼ਨ ਕਾਨਵੈਂਟ ਦੇ ਬਾਹਰ ਇਲੈਕਟ੍ਰਾਨਿਕ ਬੋਰਡ 'ਤੇ ਸੰਦੇਸ਼ ਲਿਖਿਆ ਹੈ: "ਚੰਗਾ ਵਿਦਿਆਰਥੀ ਉਹ ਹੁੰਦਾ ਹੈ ਜੋ ਗਿਆਨ ਦੇ ਖੂਹ 'ਚ ਗਹਿਰਾ ਉੱਤਰ ਕੇ ਆਪਣੀ ਪਿਆਸ ਬੁਝਾਉਂਦਾ ਹੈ।" ਫਿਰ ਵੀ ਜਿਹਲਮ ਦੇ ਬੰਨ੍ਹ 'ਤੇ ਖਲੋ ਕੇ ਗਹਿਰਾ ਸਾਹ ਲਓ ਤਾਂ ਇਹ ਸੋਚ ਕੇ ਹੈਰਤ ਹੁੰਦੀ ਹੈ ਕਿ ਕੀ ਇਹ ਤੂਫ਼ਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਹੈ? ਪਹਿਲੀ ਅਕਤੂਬਰ ਨੂੰ ਜਦੋਂ ਅਸੈਂਬਲੀ ਚੋਣਾਂ ਹੋ ਹਟਣਗੀਆਂ ਅਤੇ ਲੋਕਾਂ ਨੂੰ ਪਤਾ ਲੱਗੇਗਾ ਕਿ ਜੰਮੂ ਕਸ਼ਮੀਰ ਵਿਚ ਸੱਤਾ ਦਾ ਖੋਖਲਾ 'ਦਿੱਲੀ ਮਾਡਲ' ਲਾਗੂ ਕੀਤਾ ਗਿਆ ਹੈ ਤਾਂ ਕੀ ਹੋਵੇਗਾ? ਇਹ ਕਿ ਮੁਕੰਮਲ ਰਾਜ ਦੇ ਦਰਜੇ ਦੀ ਵਾਪਸੀ ਐਨੀ ਸੌਖੀ ਨਹੀਂ ਹੈ, ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸੇ ਹਫ਼ਤੇ ਚੋਣ ਰੈਲੀ ਵਿਚ ਇਸ ਦਾ ਵਾਅਦਾ ਕੀਤਾ ਹੈ। ਇਹ ਕਿ ਸੱਤਾ ਦੀ ਕਮਾਂਡ ਮੋਦੀ ਦੇ ਖ਼ਾਸਮਖ਼ਾਸ ਉਪ ਰਾਜਪਾਲ ਦੇ ਹੱਥਾਂ ਵਿਚ ਹੀ ਬਣੀ ਰਹੇਗੀ ਤੇ ਜ਼ਮੀਨ ਅਤੇ ਅਮਨ-ਕਾਨੂੰਨ ਜਿਹੇ ਅਹਿਮ ਵਿਭਾਗਾਂ ਦਾ ਚਾਰਜ ਉਨ੍ਹਾਂ ਕੋਲ ਹੀ ਰਹੇਗਾ ਜਦੋਂਕਿ ਚੁਣਿਆ ਹੋਇਆ ਮੁੱਖ ਮੰਤਰੀ ਬਾਕੀ ਸ਼ੋਅ ਚਲਾਵੇਗਾ।

ਜਾਂ ਕੀ ਇਹ ਤੂਫ਼ਾਨ ਤੋਂ ਬਾਅਦ ਦੀ ਸ਼ਾਂਤੀ ਹੈ – ਜਿਵੇਂ ਲੋਕਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਪੱਥਰਬਾਜ਼ੀ ਜਾਂ ਰੋਸ ਮੁਜ਼ਾਹਰਿਆਂ ਜਾਂ ਖਾੜਕੂ ਸਫ਼ਾਂ ਵਿਚ ਰਲ਼ਣ ਦੀ ਕੋਈ ਤੁੱਕ ਨਹੀਂ ਰਹਿ ਗਈ? ਯਕੀਨਨ, ਕਸ਼ਮੀਰੀਆਂ ਨੂੰ ਦੇਸ਼ 'ਚੋਂ ਹਰ ਕਿਸੇ ਨਾਲੋਂ ਬਿਹਤਰ ਪਤਾ ਹੈ (ਸਿਰਫ਼ ਮਨੀਪੁਰੀ ਅਪਵਾਦ ਹਨ) ਕਿ ਕਿਸੇ ਇੱਕ ਗ਼ਲਤ ਕਦਮ ਕਰ ਕੇ ਭਾਰਤੀ ਸਟੇਟ ਨੂੰ ਐਨੀ ਸਖ਼ਤੀ ਕਰਨ ਦਾ ਮੌਕਾ ਮਿਲ ਜਾਵੇਗਾ ਕਿ 2019 ਦੀ ਅਗਸਤ ਦੀ ਸਵੇਰ ਨੂੰ ਸ੍ਰੀਨਗਰ ਦੇ ਬਾਹਰਵਾਰ ਸੂਰਾ ਇਲਾਕੇ ਵਿਚ ਲੋਕਾਂ ਦੇ ਰੋਸ ਮੁਜ਼ਾਹਰੇ ਨੂੰ ਤਿਤਰ-ਬਿਤਰ ਕਰਨ ਲਈ ਕੀਤੀ ਗਈ ਫਾਇਰਿੰਗ ਦੀਆਂ ਯਾਦਾਂ ਵੀ ਬਸ ਮਹਿਜ਼ ਯਾਦਾਂ ਬਣ ਕੇ ਰਹਿ ਜਾਣਗੀਆਂ।



ਸ਼ਾਇਦ ਇਸ ਤੂਫ਼ਾਨ ਕਰ ਕੇ ਹੀ ਸ਼ਾਂਤੀ ਕਾਇਮ ਹੋਈ ਹੈ। ਇੱਕ ਗੱਲ ਸਾਫ਼ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਵਾਰ ਫਿਰ ਪਾਸਾ ਸੁੱਟ ਦਿੱਤਾ ਹੈ ਅਤੇ ਤੁਰਪ ਦਾ ਸਭ ਤੋਂ ਅਹਿਮ ਪੱਤਾ ਖੇਡਿਆ ਹੈ। ਮੋਦੀ ਜਾਣਦੇ ਹਨ ਕਿ ਕਿੰਨਾ ਕੁਝ ਦਾਅ 'ਤੇ ਲੱਗਿਆ ਹੋਇਆ ਹੈ, ਖ਼ਾਸਕਰ ਕੌਮਾਂਤਰੀ ਖੇਤਰ ਵਿਚ। ਆਉਣ ਵਾਲੇ ਹਫ਼ਤੇ ਉਹ ਅਮਰੀਕਾ ਜਾ ਰਹੇ ਹਨ ਜਿੱਥੇ ਉਹ ਆਲਮੀ ਆਗੂਆਂ ਨੂੰ ਮਿਲਣਗੇ ਜੋ ਯਕੀਨਨ ਹੀ ਉਨ੍ਹਾਂ ਤੋਂ ਕਸ਼ਮੀਰ ਬਾਬਤ ਪੁੱਛਣਗੇ। ਉਹ ਹੋਰ ਕਿਸੇ ਨਾਲੋਂ ਇਹ ਬਿਹਤਰ ਜਾਣਦੇ ਹਨ ਕਿ ਸਫ਼ਲਤਾਪੂਰਵਕ ਚੋਣਾਂ ਕਰਾਉਣ ਨਾਲ ਬਹੁਤ ਫ਼ਰਕ ਪੈਂਦਾ ਹੈ – ਇਸ ਨਾਲ ਜਾਂ ਤਾਂ ਉਨ੍ਹਾਂ ਦੀ ਭਰੋਸੇਯੋਗਤਾ ਵਧੇਗੀ ਜਾਂ ਸੰਦੇਹ ਗਹਿਰੇ ਹੋ ਜਾਣਗੇ। ਜਿਵੇਂ ਲੋਕ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਦਾ ਜਲਵਾ ਫਿੱਕਾ ਪੈ ਗਿਆ ਹੈ; ਹਰਿਆਣਾ ਅਤੇ ਮਹਾਰਾਸ਼ਟਰ ਵਿਚ ਜੇ ਖੇਡ ਵਿਗੜ ਗਈ ਤਾਂ ਉਹ ਹੋਰ ਦਬਾਅ ਹੇਠ ਆ ਜਾਣਗੇ।

ਉਂਝ, ਕਸ਼ਮੀਰ ਦੀ ਗੱਲ ਵੱਖਰੀ ਹੈ। ਇਹ ਚੋਣ ਸਿਰਫ਼ ਮਹਿਜ਼ ਐਨੀ ਨਹੀਂ ਹੈ ਕਿ ਕੌਣ ਜਿੱਤਦਾ ਹੈ – ਹਾਲਾਂਕਿ ਜੇ ਭਾਜਪਾ ਕੋਈ ਦਾਅ ਪੇਚ ਲੜਾ ਕੇ ਸਰਕਾਰ ਬਣਾ ਲੈਂਦੀ ਹੈ ਤਾਂ ਇਹ ਨਾ ਕੇਵਲ ਸੁਆਦਲਾ ਪੁਟ ਹੋਵੇਗਾ ਸਗੋਂ ਪਿਛਲੇ ਸਾਲਾਂ ਦੇ ਵਕਫ਼ੇ 'ਤੇ ਮੋਹਰ ਲੱਗਣ ਦੀ ਖੁਸ਼ੀ ਬਰਦਾਸ਼ਤ ਕਰਨੀ ਔਖੀ ਹੋ ਜਾਵੇਗੀ। ਇਸ ਦੇ ਬਾਵਜੂਦ ਕਿ ਕੁਝ ਸਰਕਾਰੀ ਪ੍ਰੋਜੈਕਟ ਉਪ ਰਾਜਪਾਲ ਮਨੋਜ ਸਿਨਹਾ ਦੇ ਪੂਰਬੀ ਉੱਤਰ ਪ੍ਰਦੇਸ਼ ਦੇ ਪੁਸ਼ਤੈਨੀ ਇਲਾਕੇ ਦੇ ਕੁਝ ਠੇਕੇਦਾਰਾਂ ਨੂੰ ਮਿਲੇ ਹਨ, ਇਹ ਤੱਥ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਸਭ ਤੋਂ ਕਾਬਿਲ ਅਫਸਰਾਂ ਅਤੇ ਫ਼ੌਜੀਆਂ ਨੇ ਸਫ਼ਲਤਾਪੂਰਵਕ ਕੰਮ ਕੀਤਾ ਹੈ ਜਿਸ ਦਾ ਸਿੱਧੇ ਤੌਰ 'ਤੇ ਅਸਰ ਖਾੜਕੂਵਾਦ ਵਿਚ ਕਮੀ ਦੇ ਰੂਪ ਵਿਚ ਹੋਇਆ ਹੈ।

ਇਸੇ ਲਈ ਇਹ ਚੋਣ ਵੱਖਰੀ ਹੈ। ਇਹ ਨਿਸ਼ਚਿਤ ਰੂਪ 'ਚ ਦਹਿਸ਼ਤਗਰਦੀ 'ਚ ਨਵੇਂ ਰੰਗਰੂਟਾਂ ਦੀ ਭਰਤੀ ਵਿਚ ਪੁਖ਼ਤਾ ਕਮੀ ਆਉਣ ਬਾਰੇ ਹੈ, ਕਿਹਾ ਜਾ ਰਿਹਾ ਹੈ ਕਿ 75 ਵਾਦੀ ਵਿਚ ਹਨ ਤੇ 75 ਹੋਰ ਜੰਮੂ ਖੇਤਰ ਵਿਚ ਪਰ ਬੇਸ਼ੱਕ, ਇਹ ਉਚਿਤ ਨਹੀਂ ਹੈ। ਇਨ੍ਹਾਂ ਗਰਮੀਆਂ 'ਚ ਭਾਰਤੀ ਸੈਨਾ ਨੇ ਸਿਰਫ਼ ਜਵਾਨ ਹੀ ਨਹੀਂ ਗੁਆਏ ਪਰ ਗ਼ੈਰ-ਮਾਮੂਲੀ ਗਿਣਤੀ ਵਿਚ ਅਧਿਕਾਰੀ ਵੀ ਗੁਆਏ ਹਨ, ਜ਼ਿਆਦਾਤਰ ਦੀ ਜਾਨ ਉਨ੍ਹਾਂ ਉੱਚ ਪੱਧਰੀ ਸਿਖਲਾਈ ਤੇ ਸ਼ਹਿ ਪ੍ਰਾਪਤ ਅਤਿਵਾਦੀਆਂ ਹੱਥੋਂ ਗਈ ਹੈ ਜਿਨ੍ਹਾਂ ਕੋਲ ਐਮ-4 ਅਸਾਲਟ ਰਾਈਫਲਾਂ ਵਰਗੇ ਅਮਰੀਕਾ ਦੇ ਬਣੇ ਹਥਿਆਰ ਸਨ। ਸੰਭਵ ਹੈ ਕਿ ਉਹ ਅਫ਼ਗਾਨਿਸਤਾਨ ਤੋਂ ਚੋਰੀ ਕੀਤੇ ਹੋਣ। ਇਹ ਅਤਿਵਾਦੀ ਜੰਮੂ ਖੇਤਰ ਵਿਚ ਦਾਖ਼ਲ ਹੋਣ ਲਈ ਕੌਮਾਂਤਰੀ ਸਰਹੱਦ ਦੇ ਹੇਠੋਂ ਸੁਰੰਗਾਂ ਪੁੱਟਦੇ ਹਨ ਤੇ ਭਾਰਤੀ ਸੈਨਿਕਾਂ ਨੂੰ ਪੁਜ਼ੀਸ਼ਨ ਸੰਭਾਲਣ ਦਾ ਮੌਕਾ ਨਹੀਂ ਦਿੰਦੇ। ਫਿਰ ਵੀ ਭਾਰਤੀ ਸੈਨਾ ਨੂੰ ਸਿਹਰਾ ਜਾਂਦਾ ਹੈ ਕਿ ਇਹ ਮੁੜ ਸੰਗਠਿਤ ਹੋਈ ਹੈ, ਇੱਕ ਪਾਸੇ ਕੰਟਰੋਲ ਰੇਖਾ ਉੱਤੇ ਜਿੱਥੇ ਪਾਕਿਸਤਾਨ ਨਾਲ ਗੋਲੀਬੰਦੀ ਸਮਝੌਤਾ ਲਾਗੂ ਹੈ ਤੇ ਦੂਜੇ ਪਾਸੇ ਜੰਮੂ ਖੇਤਰ ਵਿਚ। ਜਾਪਦਾ ਹੈ ਕਿ ਇਸ ਨੇ ਚੜ੍ਹਤ ਲਗਭਗ ਦੁਬਾਰਾ ਕਾਇਮ ਕਰ ਲਈ ਹੈ। ਇਹ ਚੋਣ ਮਹੱਤਵਪੂਰਨ ਹੈ ਕਿਉਂਕਿ ਇਹ ਪ੍ਰਧਾਨ ਮੰਤਰੀ ਮੋਦੀ ਦੇ ਹੁਣ ਤੱਕ ਦੇ ਸਭ ਤੋਂ ਅਹਿਮ ਸਿਆਸੀ ਫ਼ੈਸਲੇ ਹੇਠਾਂ ਲਕੀਰ ਖਿੱਚੇਗੀ। ਅਗਸਤ ਦੀ ਉਸ ਸਵੇਰ ਜਦ ਧਾਰਾ 370 ਪੂਰੀ ਤਰ੍ਹਾਂ ਹਟਾਈ ਗਈ ਸੀ ਤਾਂ ਪੂਰੇ ਰਾਜ ਵਿਚ ਸੁਰੱਖਿਆ ਦਾ ਜਾਲ ਵਿਛਾ ਦਿੱਤਾ ਗਿਆ ਸੀ। ਤਬਦੀਲੀ ਦੇ ਵਿਰੋਧੀਆਂ ਜਿਵੇਂ ਮੀਡੀਆ ਨੂੰ ਅਲੱਗ-ਥਲੱਗ ਕਰ ਦਿੱਤਾ ਗਿਆ। ਪੱਤਰਕਾਰਾਂ ਤੇ ਫੋਟੋਗ੍ਰਾਫਰਾਂ ਅਤੇ ਕਾਰਕੁਨਾਂ ਨੂੰ 'ਨੋ ਫਲਾਈ' ਸੂਚੀ ਵਿਚ ਪਾ ਦਿੱਤਾ ਗਿਆ ਤੇ ਮੁਕਾਮੀ ਅਖ਼ਬਾਰਾਂ ਲਗਭਗ ਸਰਕਾਰ ਦੀ ਬੋਲੀ ਬੋਲਣ ਲੱਗ ਪਈਆਂ। ਸਿਆਸਤਦਾਨਾਂ ਨੂੰ ਜਾਂ ਤਾਂ ਘਰ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਜਾਂ ਫੇਰ ਜੇਲ੍ਹ 'ਚ ਸੁੱਟ ਦਿੱਤਾ ਗਿਆ। ਇਨ੍ਹਾਂ ਵਿਚੋਂ ਕਈ ਜਿਵੇਂ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਬਾਰਾਮੂਲਾ ਦੇ ਮੌਜੂਦਾ ਲੋਕ ਸਭਾ ਮੈਂਬਰ ਇੰਜਨੀਅਰ ਰਾਸ਼ਿਦ ਚੋਣ ਪ੍ਰਚਾਰ ਲਈ ਪਰਤ ਆਏ ਹਨ ਜਿਸ 'ਤੇ ਬਹੁਤਿਆਂ ਨੇ ਪੁੱਛਿਆ ਹੈ ਕਿ ਕੀ ਜਮਾਤ-ਏ-ਇਸਲਾਮੀ ਨਾਲ ਸਬੰਧਿਤ ਰਾਸ਼ਿਦ ਤੇ ਹੋਰ ਉਮੀਦਵਾਰ ਭਾਜਪਾ ਦੀ ਸ਼ਹਿ 'ਤੇ ਆਜ਼ਾਦ ਲੋੜ ਲੜ ਰਹੇ ਹਨ?

ਵੱਡਾ ਸਵਾਲ ਇਹ ਹੈ: ਕੀ ਪੰਜ ਸਾਲ ਬਾਅਦ ਕੋਈ ਫ਼ਾਇਦਾ ਹੋਇਆ? ਕੀ ਤੁਸੀਂ ਇਸ ਤੱਥ ਨੂੰ ਪੈਮਾਨਾ ਮੰਨ ਸਕਦੇ ਹੋ ਕਿ ਸੜਕਾਂ ਸਾਫ-ਸੁਥਰੀਆਂ ਹਨ, ਪਾਰਕ ਭਰੇ ਹੋਏ ਹਨ, ਬੱਚੇ ਸਕੂਲ ਜਾ ਰਹੇ ਹਨ ਤੇ ਰਾਜਮਾਰਗ ਹੇਮਾ ਮਾਲਿਨੀ ਦੀਆਂ ਗੱਲ੍ਹਾਂ ਵਾਂਗ ਮੁਲਾਇਮ ਹਨ ਹਾਲਾਂਕਿ ਜੋ ਇਸ ਤੱਥ ਦੇ ਖਿਲਾਫ਼ ਹੈ ਕਿ ਲੋਕਤੰਤਰ ਜਿਵੇਂ ਅਸੀਂ ਜਾਣਦੇ ਹਾਂ, ਇਨ੍ਹਾਂ ਪੰਜ ਸਾਲਾਂ ਵਿਚ ਅਜੀਬ ਢੰਗ ਨਾਲ ਚੱਲਿਆ ਹੈ? ਇਸ ਤੋਂ ਇਲਾਵਾ ਨੌਕਰਸ਼ਾਹ, ਭਾਵੇਂ ਜਿੰਨੇ ਵੀ ਸਮਰੱਥ ਕਿਉਂ ਨਾ ਹੋਣ, ਸਿਆਸਤਦਾਨਾਂ ਦੀ ਥਾਂ ਨਹੀਂ ਲੈ ਸਕਦੇ ਜਿਨ੍ਹਾਂ ਦਾ ਕੰਮ ਲੋਕਾਂ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਸੁਣਨਾ ਹੈ। ਸਵਾਲ ਹੈ: ਕੀ ਚੋਣਾਂ ਨਵਾਂ ਦੌਰ ਲੈ ਕੇ ਆਉਣਗੀਆਂ, ਤੇ ਜੇ ਹਾਂ ਤਾਂ ਇਹ ਪੁਰਾਣੇ ਵਕਤ ਨਾਲੋਂ ਕਿੰਨਾ ਕੁ ਵੱਖਰਾ ਹੋਵੇਗਾ?

ਇਸ ਲਈ ਇਹ ਮੋਦੀ ਅਤੇ ਨਾਲ ਹੀ ਭਾਰਤ ਦੇ ਕੌਮੀ ਹਿੱਤ ਵਿਚ ਹੋਵੇਗਾ ਕਿ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਵਾਪਸ ਕਰ ਦਿੱਤਾ ਜਾਵੇ। ਚੰਗੀ ਗੱਲ ਇਹ ਹੈ ਕਿ ਸਾਬਕਾ ਰਿਆਸਤ ਦਾ ਹਰ ਬੰਦਾ ਅੱਜ ਜਾਣਦਾ ਹੈ ਕਿ ਚੀਜ਼ਾਂ ਠੀਕ ਹੋ ਸਕਦੀਆਂ ਹਨ, ਸੁਚੱਜਾ ਸ਼ਾਸਨ ਸੰਭਵ ਹੈ ਤੇ ਸਭ ਤੋਂ ਵਧੀਆ ਇਹ ਕਿ ਅਤਿਵਾਦ ਕਾਬੂ ਕੀਤਾ ਜਾ ਸਕਦਾ ਹੈ। ਕਲਪਨਾ ਕਰੋ ਕਿ ਜਲਦੀ ਹੀ ਚੁਣੀ ਜਾਣ ਵਾਲੀ ਸਰਕਾਰ ਲਈ ਇਹ ਕਿੱਦਾਂ ਦੀ ਮਿਸਾਲ ਕਾਇਮ ਹੋਈ ਹੈ। ਚੋਣਾਂ ਦੇ ਕੁੱਲ ਤਿੰਨ ਪੜਾਅ ਹਨ ਤੇ ਅਤਿਵਾਦ ਦੇ ਧੁਰੇ ਦੱਖਣੀ ਕਸ਼ਮੀਰ ਵਿਚ ਪਹਿਲੇ ਪੜਾਅ ਲਈ ਵੋਟਾਂ ਪੈ ਚੁੱਕੀਆਂ ਹਨ। ਸੱਠ ਪ੍ਰਤੀਸ਼ਤ ਵੋਟਿੰਗ ਹੈਰਾਨੀਜਨਕ ਸੰਕੇਤ ਹੈ। ਇਸ ਦਾ ਮਤਲਬ ਹੈ ਕਿ ਪੱਥਰਬਾਜ਼ਾਂ ਨੂੰ ਪੱਥਰਾਂ ਤੋਂ ਵੋਟਾਂ ਵੱਲ ਲਿਆਂਦਾ ਜਾ ਸਕਦਾ ਹੈ, ਕਿ ਸਾਲਾਂ ਬੱਧੀ ਦੱਬੀ ਰਹੀ ਬਗ਼ਾਵਤ ਨੂੰ ਵਿਆਪਕ ਚੰਗਿਆਈ ਵੱਲ ਮੋੜਿਆ ਜਾ ਸਕਦਾ ਹੈ। ਕਸ਼ਮੀਰ ਵਿਚ ਹਨੇਰਗਰਦੀ ਤੇ ਕਸ਼ਟ ਦੇ ਉਨ੍ਹਾਂ ਸਾਲਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਪਰ ਕਲਪਨਾ ਕਰੋ, ਜੇ ਕਿਤੇ ਇਹ ਚੋਣਾਂ ਨਵੇਂ ਸਫ਼ੇ ਵਾਂਗ ਸਾਬਿਤ ਹੋਣ।

ਜੇ ਇਸ ਤਰ੍ਹਾਂ ਹੈ ਤੇ ਜਮਹੂਰੀਅਤ ਦੀ ਸੰਪੂਰਨ ਬਹਾਲੀ ਕ੍ਰਮ 'ਚ ਹੈ ਤਾਂ ਕਸ਼ਮੀਰ ਸੁਖਾਵੇਂ ਮਾਹੌਲ ਵੱਲ ਪਰਤਣ ਦਾ ਸੁਫਨਾ ਲੈ ਸਕਦਾ ਹੈ। ਅੱਜ ਇਹ ਢਲਾਣ 'ਤੇ ਖੜ੍ਹਾ ਹੈ। ਇਕ ਕਦਮ ਅੱਗੇ ਵੱਲ ਜਾਂ ਪਿੱਛੇ ਵੱਲ ਯਕੀਨੀ ਤੌਰ 'ਤੇ ਇਸ ਦੀ ਹੋਣੀ ਦਾ ਫ਼ੈਸਲਾ ਕਰੇਗਾ।

# ਕਸ਼ਮੀਰ ਦੀਆਂ 1977 ਵਾਲੀਆਂ ਚੋਣਾਂ

**ਵਜਾਹਤ ਹਬੀਬੁੱਲ੍ਹਾ**

ਜੰਮੂ ਕਸ਼ਮੀਰ ਵਿਚ ਹਾਲੀਆਂ ਚੋਣਾਂ ਹਾਲਾਂਕਿ ਲੰਗੜੀ ਜਿਹੀ ਵਿਧਾਨ ਸਭਾ ਦੀ ਬਹਾਲੀ ਲਈ ਹੋਈਆਂ ਹਨ, ਫਿਰ ਵੀ ਇਨ੍ਹਾਂ ਨੇ 1977 ਦੀਆਂ ਵਿਧਾਨ ਸਭਾਂ ਚੋਣਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉਹ ਚੋਣਾਂ ਰਾਜਪਾਲ ਦੇ ਸ਼ਾਸਨ ਹੇਠ ਕਰਵਾਈਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਅਕਸਰ ਲੀਹ ਪਾੜੂ ਕਰਾਰ ਦਿੱਤਾ ਜਾਂਦਾ ਹੈ। ਕਸ਼ਮੀਰ ਦੇ ਸਿਆਸੀ ਤਾਣੇ-ਬਾਣੇ ਦੇ ਸਾਰੇ ਰੰਗ ਚੋਣ ਮੈਦਾਨ ਵਿਚ ਨਿੱਤਰਨ ਦੀ ਉਡੀਕ ਕਰ ਰਹੇ ਸਨ। ਆਜ਼ਾਦੀ ਪੱਖੀ ਮੀਰਵਾਇਜ਼ ਫਾਰੂਕ ਦੀ ਅਵਾਮੀ ਐਕਸ਼ਨ ਕਮੇਟੀ ਨੇ ਉਮੀਦਵਾਰ ਖੜ੍ਹੇ ਕੀਤੇ ਸਨ ਪਰ ਆਪਣੀ ਪਾਰਟੀ ਦੇ ਨਾਂ 'ਤੇ ਨਹੀਂ ਜਿਵੇਂ ਹੁਣ ਜਮਾਤ-ਏ-ਇਸਲਾਮੀ ਕਰ ਰਹੀ ਹੈ। ਉਸ ਵੇਲੇ ਅਲੀ ਸ਼ਾਹ ਗਿਲਾਨੀ ਦੀ ਅਗਵਾਈ ਹੇਠ ਪਾਕਿਸਤਾਨ ਪੱਖੀ ਜਮਾਤ-ਏ-ਇਸਲਾਮੀ ਮੁੱਖ ਦਾਅਵੇਦਾਰ ਸੀ। ਇਸ ਨੇ 1972 ਦੀਆਂ ਚੋਣਾਂ ਵਿਚ ਪੰਜ ਸੀਟਾਂ ਜਿੱਤੀਆਂ ਸਨ ਅਤੇ ਅੱਜ ਫਿਰ ਇਹ ਬਾਰੀਕ ਜਿਹੇ ਪਰਦੇ ਹੇਠ ਚੋਣਾਂ ਲੜ ਰਹੀ ਹੈ। ਸ਼ੇਖ ਅਬਦੁੱਲ੍ਹਾ ਦੇ ਸਾਬਕਾ ਹਮਾਇਤੀਆਂ ਨੇ ਵੱਖ ਹੋ ਕੇ ਉਸ ਵੇਲੇ ਕੇਂਦਰ ਦੀ ਸੱਤਾ ਵਿਚ ਬੈਠੀ ਜਨਤਾ ਪਾਰਟੀ ਦੀ ਇੱਕ ਸ਼ਾਖਾ ਕਾਇਮ ਕਰ ਲਈ ਸੀ। ਇਸ ਦੇ ਆਗੂਆਂ ਵਿਚ ਹਮੀਦ ਕੈਰਾ ਵੀ ਸੀ ਜਿਸ ਦਾ ਨਾਂ 1940ਵਿਆਂ ਅਤੇ 50ਵਿਆਂ ਵਿਚ ਸ਼ੇਖ ਅਬਦੁੱਲ੍ਹਾ ਦੇ ਲਫਟੈਣਾਂ ਵਿਚ ਸ਼ੁਮਾਰ ਸੀ। ਉਹ ਮੋਹੀਊਦੀਨ ਕੈਰਾ ਦਾ ਭਤੀਜਾ ਸੀ। ਇਸ ਤੋਂ ਇਲਾਵਾ ਜਨਤਾ ਪਾਰਟੀ ਦਾ ਸਾਥ ਦੇਣ ਵਾਲਿਆਂ ਵਿਚ ਸ਼ੇਖ ਅਬਦੁੱਲ੍ਹਾ ਦਾ ਇੱਕ ਹੋਰ ਕਰੀਬੀ ਸਾਥੀ ਮੌਲਾਨਾ ਮਸੂਦੀ ਸੀ ਜੋ 1953 ਵਿਚ ਵਿਧਾਨ ਸਭਾ ਦਾ ਸਪੀਕਰ ਰਿਹਾ ਸੀ। ਗੁੱਜਰ ਭਾਈਚਾਰੇ ਅੰਦਰ ਉਸ ਦਾ ਚੋਖਾ ਅਸਰ ਸੀ। ਸ਼ੀਆ ਮੌਲਵੀ ਮੌਲਾਨਾ ਇਫ਼ਤਿਖਾਰ ਅੰਸਾਰੀ ਮਜ਼ਬੂਤ ਆਗੂ ਮੰਨੇ ਜਾਂਦੇ ਸਨ। ਸ਼ੇਖ ਅਬਦੁੱਲ੍ਹਾ ਦੀ ਪਾਰਟੀ ਇਕੱਲੀ ਚੋਣ ਲੜ ਰਹੀ ਸੀ, ਫਿਰ ਵੀ ਲੋਕਾਂ ਦਾ ਸਨਮਾਨ ਬਹਾਲ ਕਰਾਉਣ ਦੇ ਵਾਅਦੇ ਦਾ ਅਸਰ ਸੀ। ਉਨ੍ਹਾਂ ਦਾ ਪੁੱਤਰ ਫ਼ਾਰੂਕ ਉਸ ਵਾਅਦੇ ਦਾ ਵਾਰਸ ਬਣਿਆ।

ਜਨਤਾ ਪਾਰਟੀ ਨੇ ਚੋਣ ਪ੍ਰਚਾਰ ਵਿਚ ਕੋਈ ਕਸਰ ਨਾ ਛੱਡੀ। ਗ੍ਰਹਿ ਮੰਤਰੀ ਚੌਧਰੀ ਚਰਨ ਸਿੰਘ, ਸਨਅਤ ਮੰਤਰੀ ਜੌਰਜ ਫਰਨਾਂਡੇਜ਼, ਲੋਕ ਨਿਰਮਾਣ ਤੇ ਮਕਾਨ ਉਸਾਰੀ ਮੰਤਰੀ ਸਿਕੰਦਰ ਬਖ਼ਤ ਅਤੇ ਰੱਖਿਆ ਮੰਤਰੀ ਬਾਬੂ ਜਗਜੀਵਨ ਰਾਮ ਜੋ ਕਾਂਗਰਸ ਦੇ ਸਿਰਕੱਢ ਆਗੂ ਰਹੇ ਸਨ, ਨੇ ਕਸ਼ਮੀਰ ਆ ਕੇ ਪ੍ਰਚਾਰ ਕੀਤਾ। ਚੋਣਾਂ ਤੋਂ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਵੀ ਚੋਣ ਪ੍ਰਚਾਰ ਵਿਚ ਹਿੱਸਾ ਲੈਣ ਪੁੱਜੇ।

ਸੂਬਾਈ ਪ੍ਰਸ਼ਾਸਨ ਦਾ ਸ਼ੁਰੂਆਤੀ ਉੱਦਮ ਰਵਾਇਤੀ ਚੋਣਾਂ ਦਾ 'ਇੰਤਜ਼ਾਮ' ਕਰਨਾ ਸੀ। ਡਿਪਟੀ ਕਮਿਸ਼ਨਰ ਦੀ ਹੈਸੀਅਤ ਵਿਚ ਮੈਂ ਸ੍ਰੀਨਗਰ ਜ਼ਿਲ੍ਹੇ ਦਾ ਰਿਟਰਨਿੰਗ ਅਫਸਰ ਸਾਂ। ਥੋੜ੍ਹੀ ਦੇਰ ਬਾਅਦ ਹਮੀਦ ਕੈਰਾ ਆ ਕੇ ਕਹਿਣ ਲੱਗੇ ਕਿ ਮੈਂ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰ ਕੇ ਚੋਣ ਅਮਲੇ ਦੀਆਂ ਨਿਯੁਕਤੀਆਂ ਕਰਾਂ। ਉਦੋਂ ਉਹ ਜਨਤਾ ਪਾਰਟੀ ਦੀ ਸੂਬਾਈ ਇਕਾਈ ਦੇ ਸਕੱਤਰ ਸਨ। ਜਦੋਂ ਮੈਂ ਉਨ੍ਹਾਂ ਨੂੰ ਸਾਫ਼ ਲਫਜ਼ਾਂ ਵਿਚ ਦੱਸਿਆ ਕਿ ਅਜਿਹਾ ਕਰਨਾ ਗ਼ੈਰ-ਕਾਨੂੰਨੀ ਹੋਵੇਗਾ ਤਾਂ ਉਹ ਹੈਰਾਨ ਰਹਿ ਗਏ। ਮੈਂ ਹੋਣਹਾਰ ਮੁਸਲਿਮ ਅਫਸਰ ਸਨ ਅਤੇ ਉਨ੍ਹਾਂ ਆਖਿਆ ਕਿ ਮੇਰਾ ਕਰੀਅਰ ਤਬਾਹ ਕਰਨ ਨਾਲ ਉਨ੍ਹਾਂ ਦਾ ਦਿਲ ਟੁੱਟ ਜਾਵੇਗਾ। ਕੈਰਾ ਨਾਲ ਮੇਰੀ ਮੁਲਾਕਾਤ ਤੋਂ ਅਗਲੀ ਸਵੇਰ ਮੇਰੇ ਬੌਸ ਕਸ਼ਮੀਰ ਦੇ ਕਮਿਸ਼ਨਰ ਨੇ ਮੈਨੂੰ ਆਪਣੇ ਦਫ਼ਤਰ ਤਲਬ ਕੀਤਾ। ਉਨ੍ਹਾਂ ਦੇ ਚੈਂਬਰ ਵਿਚ ਦਾਖ਼ਲ ਹੋਣ ਸਮੇਂ ਮੈਂ ਕੀ ਦੇਖਦਾ ਹਾਂ ਕਿ ਅੱਗੇ ਕੈਰਾ ਹੁਰੀਂ ਬੈਠੇ ਹੋਏ ਸਨ। ਕਮਿਸ਼ਨਰ ਗੁਲਾਮ ਮੁਸਤਫ਼ਾ ਖ਼ਾਨ ਨੇ ਮੈਨੂੰ ਮੁਖ਼ਾਤਿਬ ਹੁੰਦਿਆਂ ਪੁੱਛਿਆ, "ਕੈਰਾ ਸਾਹਿਬ ਨੂੰ ਕੀ ਤਕਲੀਫ਼ ਆ ਰਹੀ ਹੈ?" ਮੈਂ ਉਨ੍ਹਾਂ ਨੂੰ ਕੈਰਾ ਦੀ ਮੰਗ ਬਾਬਤ ਦੱਸਿਆ ਪਰ ਉਨ੍ਹਾਂ ਦਾ ਪ੍ਰਤੀਕਰਮ ਅਜੀਬ ਸੀ ਕਿ ਮੈਂ ਭੋਲਾ ਹਾਂ ਜਿਸ ਨੂੰ ਇਹ ਨਹੀਂ ਪਤਾ ਕਿ ਪੁਣਛ ਦਾ ਮਾਮਲਾ ਵੱਖਰਾ ਹੈ ਜਿੱਥੇ ਥੋੜ੍ਹਾ ਸਮਾਂ ਪਹਿਲਾਂ ਹੀ ਮੈਂ ਪਾਰਲੀਮਾਨੀ ਚੋਣਾਂ ਕਰਵਾਈਆਂ ਸਨ; ਸ੍ਰੀਨਗਰ ਦੀਆਂ ਲੋੜਾਂ ਵੱਖਰੀਆਂ ਹਨ।

ਜਿਵੇਂ-ਜਿਵੇਂ ਚੋਣਾਂ ਦੀ ਤਾਰੀਕ ਨੇੜੇ ਆਉਣ ਲੱਗੀ, ਸ਼ੇਖ ਅਬਦੁੱਲ੍ਹਾ ਦੀ ਨੈਸ਼ਨਲ ਕਾਨਫਰੰਸ ਦਾ ਜ਼ੋਰ ਨਜ਼ਰ ਆਉਣ ਲੱਗ ਪਿਆ। ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਕਰ ਕੇ ਘਰ ਵਿਚ ਹੀ ਰਹਿ ਕੇ ਆਰਾਮ ਕਰਨਾ ਪਿਆ ਪਰ ਇਸ ਨਾਲ ਉਨ੍ਹਾਂ ਦੇ ਹੱਕ ਵਿਚ ਹਮਾਇਤ ਜੁਟਣ ਲੱਗ ਪਈ। ਉਨ੍ਹਾਂ ਦੇ ਵਿਰੋਧੀਆਂ ਨੂੰ ਇਹ ਕਹਿਣਾ ਪਿਆ ਕਿ ਸ਼ੇਖ ਦੀ ਸਿਹਤ ਬਾਰੇ ਖ਼ਬਰਾਂ ਝੂਠੀਆਂ ਹਨ। ਪ੍ਰਸ਼ਾਸਨ ਨੇ ਉਨ੍ਹਾਂ ਦੇ ਚੋਣ ਪ੍ਰਚਾਰ ਨੂੰ ਠੁੱਸ ਕਰਨ ਦਾ ਫ਼ੈਸਲਾ ਕਰ ਲਿਆ। ਕਸ਼ਮੀਰ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਹੋ ਗਏ ਕਿ ਨੈਸ਼ਨਲ ਕਾਨਫਰੰਸ ਦੇ ਸਾਰੇ ਵਾਲੰਟੀਅਰਾਂ ਨੂੰ ਬਿਨਾਂ ਮੁਕੱਦਮਾ ਇਹਤਿਆਤੀ ਹਿਰਾਸਤ ਕਾਨੂੰਨ ਤਹਿਤ ਗ੍ਰਿਫ਼ਤਾਰ ਕਰ ਲਿਆ ਜਾਵੇ। ਸਾਰੀ ਰਾਤ ਮੈਂ ਸਿਰਫ਼ ਨੌਂ ਗ੍ਰਿਫ਼ਤਾਰੀਆਂ ਦੀ ਪ੍ਰਵਾਨਗੀ ਦਿੱਤੀ ਜਿਸ ਕਰ ਕੇ ਅਗਲੀ ਸਵੇਰ ਮੈਨੂੰ ਚੀਫ ਸੈਕਟਰੀ ਪੁਸ਼ਕਰ ਨਾਥ ਕੌਲ ਦਾ ਫੋਨ ਆ ਗਿਆ ਕਿ ਮੇਰੀ ਕਾਰਗੁਜ਼ਾਰੀ ਐਨੀ ਢਿੱਲੀ ਕਿਉਂ ਹੈ। ਉਸ ਨੇ ਮੈਨੂੰ ਦੱਸਿਆ ਕਿ ਹੋਰਨਾਂ ਜ਼ਿਲ੍ਹਿਆਂ ਦੇ ਡੀਸੀਜ਼ ਨੇ ਇੱਕ ਰਾਤ ਵਿਚ 30 ਤੋਂ 80 ਵਾਰੰਟ ਜਾਰੀ ਕੀਤੇ ਸਨ। ਜਦੋਂ ਮੈਂ ਉਜ਼ਰ ਕੀਤਾ ਕਿ ਡਿਪਟੀ ਕਮਿਸ਼ਨਰ ਨੂੰ ਆਪਣੀ ਤਸੱਲੀ ਕਰਨੀ ਪੈਂਦੀ ਹੈ ਕਿ ਜਨਤਕ ਸੁਰੱਖਿਆ ਦੇ ਆਧਾਰ 'ਤੇ ਹਿਰਾਸਤ ਦਾ ਪੁਖ਼ਤਾ ਕੇਸ ਬਣਦਾ ਹੈ ਕਿ ਨਹੀਂ ਤਾਂ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀ ਪੁਣ-ਛਾਣ ਵਿਚ ਵਕਤ ਜ਼ਾਇਆ ਕਰਨ ਦੀ ਕੋਈ ਲੋੜ ਨਹੀਂ।

ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ 25 ਜੂਨ 1977 ਨੂੰ ਦੌਰਾ ਕੀਤਾ ਸੀ। ਜਦੋਂ ਅਸੀਂ ਉਨ੍ਹਾਂ ਨਾਲ ਹੋਣ ਵਾਲੀ ਮੀਟਿੰਗ ਦੀ ਤਿਆਰੀ ਕਰ ਰਹੇ ਸਾਂ ਤਾਂ ਮੈਨੂੰ ਸੂਬਾਈ ਪੁਲਿਸ ਦੇ ਆਈਜੀ ਪੀਰ ਗੁਲਾਮ ਹਸਨ ਸ਼ਾਹ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸਾਥੋਂ ਉਨ੍ਹਾਂ ਦੀ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਬਾਰੇ ਪੁੱਛਣਗੇ ਤਾਂ ਸਾਨੂੰ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਮੈਂ ਉਨ੍ਹਾਂ ਨੂੰ ਆਖਿਆ ਕਿ ਜੇ ਇੰਝ ਹੋਇਆ ਤਾਂ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਸ ਕਲਾ ਵਿਚ ਨਾ-ਤਜਰਬੇਕਾਰ ਹੋਣ ਕਰ ਕੇ ਮੇਰਾ ਤਬਾਦਲਾ ਕਰ ਦਿੱਤਾ ਜਾਵੇ। ਖ਼ੈਰ, ਪ੍ਰਧਾਨ ਮੰਤਰੀ ਨਾਲ ਸਾਡੀ ਮੀਟਿੰਗ ਖੁਸ਼ਗਵਾਰ ਰਹੀ। ਜਦੋਂ ਚੀਫ ਸੈਕਟਰੀ ਨੇ ਪੁੱਛਿਆ ਕਿ ਚੋਣਾਂ ਬਾਰੇ ਸੂਬਾਈ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਕੋਈ ਸਲਾਹ ਹੈ ਤਾਂ ਉਨ੍ਹਾਂ ਦੀ ਸਾਦਾ ਜਿਹੀ ਟਿੱਪਣੀ ਸੀ: "ਕੋਈ ਨਹੀਂ ਜਾਣਦਾ ਕਿ ਕਸ਼ਮੀਰ ਵਿਚ ਕੀਹਦੇ 'ਤੇ ਭਰੋਸਾ ਕੀਤਾ ਜਾਵੇ।"

ਕਾਨੂੰਨ ਪ੍ਰਤੀ ਵਫ਼ਾਦਾਰੀ ਰੱਖਣ 'ਤੇ ਮੇਰੇ ਪਾਏ ਜ਼ੋਰ ਤੋਂ ਤੰਗ ਆ ਕੇ ਪੁਲਿਸ ਨੇ ਨੈਸ਼ਨਲ ਕਾਨਫਰੰਸ ਦੇ ਕਾਰਕੁਨਾਂ, ਵਿਸ਼ੇਸ਼ ਤੌਰ 'ਤੇ ਇਸ ਦੇ ਯੂਥ ਵਿੰਗ ਦੇ ਕਈ ਕਾਰਕੁਨਾਂ ਨੂੰ ਸੀ.ਆਰ.ਪੀ.ਸੀ. ਦੀ ਧਾਰਾ 107 ਤਹਿਤ ਗ੍ਰਿਫ਼ਤਾਰ ਕੀਤਾ। ਪਾਰਟੀ ਦੇ ਤਤਕਾਲੀ ਪ੍ਰਧਾਨ ਗ਼ੁਲਾਮ ਮੋਹੀਊਦੀਨ ਸ਼ਾਹ ਜੋ ਸ਼ੇਖ ਦੇ ਜਵਾਈ ਦੇ ਭਰਾ ਸਨ, ਇਸ ਜਬਰ 'ਤੇ ਰਸਮੀ ਤੌਰ 'ਤੇ ਇਤਰਾਜ਼ ਜਤਾਉਣ ਮੇਰੇ ਦਫ਼ਤਰ ਆਏ। ਮੈਂ ਉਨ੍ਹਾਂ ਨੂੰ ਸਮਝਾਇਆ ਕਿ ਪੁਲਿਸ ਇਸ ਤਰੀਕੇ ਨਾਲ ਆਪਣੀ ਰਾਸ਼ਟਰੀ ਵਚਨਬੱਧਤਾ ਦਾ ਮੁਜ਼ਾਹਰਾ ਕਰਨਾ ਚਾਹੁੰਦੀ ਹੈ ਤੇ ਨਾਲ ਹੀ ਮੈਂ ਪੁੱਛਿਆ: ਕੀ ਇਸ ਨਾਲ ਉਨ੍ਹਾਂ ਦੀ ਪ੍ਰਚਾਰ ਮੁਹਿੰਮ ਵਿਚ ਅੜਿੱਕਾ ਪਵੇਗਾ ਜਾਂ ਇਸ ਨਾਲ ਪਾਰਟੀ ਨੂੰ ਮਜ਼ਬੂਤ ਮਿਲੇਗੀ; ਇਸ 'ਤੇ ਸ਼ਾਹ ਮੁਸਕਰਾਏ।

ਚੋਣਾਂ ਵਾਲੇ ਦਿਨ ਜਦ ਮੈਂ ਭੱਜ-ਦੌੜ ਕਰਦਿਆਂ ਫੋਨ ਕਾਲਾਂ, ਇਲਜ਼ਾਮਾਂ, ਧਮਕੀਆਂ ਆਦਿ ਦਾ ਜਵਾਬ ਦੇ ਰਿਹਾ ਸੀ, ਫਾਰੂਕ ਅਬਦੁੱਲ੍ਹਾ ਪੁਲਿਸ ਕੰਟਰੋਲ ਰੂਮ 'ਚ ਆਈਜੀ ਨਾਲ ਬੈਠੇ ਸਨ ਅਤੇ ਸ਼ਿਕਾਇਤ ਕਰ ਰਹੇ ਸਨ ਕਿ ਚੋਣਾਂ ਦਾ ਤਾਂ ਤਮਾਸ਼ਾ ਬਣਾ ਦਿੱਤਾ ਗਿਆ ਹੈ। ਜਦ ਨਤੀਜੇ ਆਉਣੇ ਸ਼ੁਰੂ ਹੋ ਗਏ ਅਤੇ ਸਪੱਸ਼ਟ ਹੋ ਗਿਆ ਕਿ ਨੈਸ਼ਨਲ ਕਾਨਫਰੰਸ ਹੀ ਜਿੱਤੇਗੀ, ਮੈਂ ਆਈਜੀ ਨਾਲ ਸ੍ਰੀਨਗਰ ਦਾ ਗੇੜਾ ਲਾਇਆ। ਸ਼ਹਿਰ ਵਾਸੀ ਖ਼ੁਸ਼ੀ ਮਨਾ ਰਹੇ ਸਨ। ਸਾਡੀ ਕਾਰ ਕਈ ਵਾਰ ਰੋਕੀ ਗਈ, ਸਾਡੇ ਹੱਥ ਚੁੰਮੇ ਗਏ, ਦੁਆਵਾਂ ਦਿੱਤੀਆਂ ਗਈਆਂ, ਉਨ੍ਹਾਂ ਵੇਲਿਆਂ 'ਚ ਕਸ਼ਮੀਰੀ ਇਸ ਤਰ੍ਹਾਂ ਨਹੀਂ ਕਰਦੇ ਸਨ।

ਜੂਨ 1977 ਦੀਆਂ ਚੋਣਾਂ ਰਾਜ 'ਚ ਰਾਜਨੀਤਕ ਤਬਦੀਲੀ ਦੀ ਮਿਸਾਲ ਸਨ। ਲੋਕਾਂ ਦੀ ਬੇਮਿਸਾਲ ਹਿੱਸੇਦਾਰੀ ਅਤੇ ਸੂਬੇ ਦੀ ਪੂਰੀ ਸਿਆਸੀ ਲੀਡਰਸ਼ਿਪ 'ਚ ਉਮੀਦਵਾਰਾਂ ਦੀ ਸਾਫ਼-ਸੁਥਰੀ ਸਾਖ਼ ਕਾਰਨ ਕੁਝ ਦਾ ਮੰਨਣਾ ਹੈ ਕਿ ਇਹ ਉੱਥੇ ਹੋਈਆਂ ਸਭ ਤੋਂ ਨਿਰਪੱਖ ਚੋਣਾਂ ਵਿਚੋਂ ਇੱਕ ਸਨ। ਕੁਝ ਹੋਰ ਇਸ ਨੂੰ ਜੰਮੂ ਕਸ਼ਮੀਰ ਵਿਚ ਹੋਈ ਇੱਕੋ-ਇੱਕ ਅਸਲੀ ਚੋਣ ਕਰਾਰ ਦਿੰਦੇ ਹਨ। ਕੀ 2024 ਦੀਆਂ ਚੋਣਾਂ 'ਚ ਉਸ ਜਿਹੀ ਗੂੰਜ ਹੈ?

1982 ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਫਾਰੂਕ ਮੁੱਖ ਮੰਤਰੀ ਬਣੇ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਉਨ੍ਹਾਂ ਨਾਲ ਸਿਆਸੀ ਗੱਠਜੋੜ ਦੀ ਉਮੀਦ ਅਤੇ ਰਾਜ ਵਿਚ ਕਾਂਗਰਸ ਦੀ ਮੌਜੂਦਗੀ ਨੂੰ ਮਜ਼ਬੂਤ ਕਰਨ ਦੀ ਇੱਛਾ ਰੱਖਦੀ ਸੀ ਪਰ ਉਨ੍ਹਾਂ ਬੁਰੀ ਤਰ੍ਹਾਂ ਮਾਯੂਸ ਹੀ ਹੋਣਾ ਸੀ; ਇਸ ਲਈ 1983 ਦੀਆਂ ਚੋਣਾਂ ਵਿਚ ਇੱਕ ਵਾਰ ਫਿਰ ਕੇਂਦਰ 'ਚ ਸੱਤਾਧਾਰੀ ਧਿਰ ਕਾਂਗਰਸ ਅਤੇ ਰਾਜ ਦੀ ਸੱਤਾਧਾਰੀ ਨੈਸ਼ਨਲ ਕਾਨਫਰੰਸ ਦਰਮਿਆਨ ਟਕਰਾਅ ਦੇਖਣ ਨੂੰ ਮਿਲਿਆ। ਸਾਬਕਾ ਪ੍ਰਧਾਨ ਮੰਤਰੀਆਂ ਨੇ ਭਾਵੇਂ ਆਪੋ-ਆਪਣੀਆਂ ਪਾਰਟੀਆਂ ਦੀਆਂ ਚੁਣਾਵੀ ਸੰਭਾਵਨਾਵਾਂ ਮਜ਼ਬੂਤ ਕਰਨ ਲਈ ਰਿਆਸਤ ਦਾ ਦੌਰਾ ਕੀਤਾ ਸੀ ਪਰ ਕਿਸੇ ਸੂਬੇ ਦੀ ਚੋਣ ਲਈ ਮੌਜੂਦਾ ਪ੍ਰਧਾਨ ਮੰਤਰੀ ਵੱਲੋਂ ਮੁਕੰਮਲ ਚੋਣ ਮੁਹਿੰਮ ਚਲਾਉਣਾ ਅਨੂਠੀ ਗੱਲ ਸੀ। ਇੰਦਰਾ ਗਾਂਧੀ ਨੇ 1983 ਵਿਚ ਸਮਰਥਨ ਜੁਟਾਉਣ ਲਈ ਹਰ ਹਲਕੇ ਦਾ ਦੌਰਾ ਕੀਤਾ ਪਰ ਕਾਂਗਰਸ ਜ਼ਬਰਦਸਤ ਤਰੀਕੇ ਨਾਲ ਹਾਰ ਗਈ ਤੇ ਵਾਦੀ ਵਿਚ ਸਿਰਫ਼ ਇੱਕ ਸੀਟ, ਜੰਮੂ ਖੇਤਰ ਵਿਚ 23 ਤੇ ਲੱਦਾਖ ਵਿਚ ਇੱਕ ਸੀਟ ਹੀ ਜਿੱਤ ਸਕੀ। ਨੈਸ਼ਨਲ ਕਾਨਫਰੰਸ ਕਸ਼ਮੀਰ ਡਿਵੀਜ਼ਨ ਦੀਆਂ 42 ਸੀਟਾਂ ਵਿਚੋਂ 38 ਲੈ ਗਈ, ਜੰਮੂ ਵਿਚ 8 ਤੇ ਲੱਦਾਖ ਦੇ ਕਾਰਗਿਲ ਵਿਚ ਇਕ ਸੀਟ ਜਿੱਤੀ।

ਇੱਕ ਵਾਰ ਫੇਰ ਜੰਮੂ ਕਸ਼ਮੀਰ ਨੂੰ ਜਮਹੂਰੀਅਤ ਦਾ ਰੰਗ ਚੜ੍ਹ ਰਿਹਾ ਹੈ ਹਾਲਾਂਕਿ ਇਸ ਦਾ ਸਾਰ-ਤੱਤ ਨਿਕਲਣਾ ਬਾਕੀ ਹੈ।

# ਅਗਲਾ ਜਹਾਨ

***ਸੋਹਿੰਦਰ ਸਿੰਘ ਵਣਜਾਰਾ ਬੇਦੀ (1924-2001) ਦਾ ਲੋਕ ਧਾਰਾ ਦੇ ਖੇਤਰ ਵਿਚ ਵੱਡਾ ਨਾਂ ਹੈ। ਇਸ ਖੇਤਰ ਵਿਚ ਉਨ੍ਹਾਂ ਇਕੱਲਿਆਂ ਸੰਸਥਾ ਜਿੰਨਾ ਕੰਮ ਕੀਤਾ। 2024 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਇਸ ਮੌਕੇ ਅਸੀਂ ਆਪਣੇ ਪਾਠਕਾਂ ਲਈ ਉਨ੍ਹਾਂ ਦੀ ਰਚਨਾ 'ਅਗਲਾ ਜਹਾਨ' ਪੇਸ਼ ਕਰ ਰਹੇ ਹਾਂ ਜਿਸ ਵਿਚ ਲੋਕ ਧਾਰਾ ਦਾ ਵਗਦਾ ਦਰਿਆ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਰਚਨਾ ਵਿਚ ਉਨ੍ਹਾਂ ਦੇ ਆਪਣੇ ਇਲਾਕੇ ਪੋਠੋਹਾਰ ਦਾ ਰੰਗ ਵੀ ਸਾਫ ਦਿਖਾਈ ਦਿੰਦਾ ਹੈ।***

ਮੇਰੇ ਨਾਨਕੇ ਪਿੰਡ ਦੇ ਸਾਰੇ ਲੋਕੀਂ, ਭਾਵੇਂ ਉਹ ਕਿਸੇ ਵੀ ਦੀਨ ਧਰਮ ਦੇ ਨੇ, ਅਗਲੇ ਜਹਾਨ ਵਿਚ ਪੂਰਾ ਵਿਸ਼ਵਾਸ ਰਖਦੇ ਨੇ। ਬੇਸ਼ਕ ਹਿੰਦੂਆਂ ਸਿੱਖਾਂ ਦੀਆਂ ਮਾਨਤਾਵਾਂ ਵੱਖਰੇ ਸਾਂਸਕ੍ਰਿਤਕ ਪਾਸਾਰ ਵਿਚੋਂ ਉਪਜੀਆਂ ਹੋਣ ਕਰ ਕੇ ਮੁਸਲਮਾਨਾਂ ਨਾਲੋਂ ਅੱਡਰੀਆਂ ਨੇ ਪਰ ਪਿੰਡ ਵਿਚ ਕੋਈ ਵੀ ਬੰਦਾ ਐਸਾ ਨਹੀਂ ਜਿਹੜਾ ਮਰਨ ਉਪਰੰਤ ਰੂਹ ਦੀ ਰਹੱਸਮਈ ਜ਼ਿੰਦਗੀ ਵਿਚ ਵਿਸ਼ਵਾਸ ਨਾ ਰੱਖਦਾ ਹੋਵੇ। ਇਸ ਵਾਸਤੇ ਜਦੋਂ ਕੋਈ ਸ਼ਖ਼ਸ ਕਿਸੇ ਨਾਲ ਜ਼ਿਆਦਤੀ ਕਰਦਾ ਤਾਂ ਪਿੰਡ ਦਾ ਮੁਸਲਮਾਨ ਕਹਿੰਦਾ, "ਅਗਲੇ ਜਹਾਨ ਅਲਾਹ ਕੀ ਕੇ ਜੁਆਬ ਦੇਸੈਂ?" ਪਿੰਡ ਦਾ ਜ਼ਿਮੀਂਦਾਰ ਜਦੋਂ ਕਿਸੇ ਕੰਮੀਂ ਕਮੀਣ ਦਾ, ਜੋਕ ਵਾਂਗ ਲਹੂ ਚੂਸਦਾ ਤਾਂ ਉਹਨੂੰ ਹਿੰਦੂ ਸਮਝਾਂਦਾ, "ਇਨ੍ਹਾਂ ਕੁਕਰਮਾਂ ਨੇ ਫਲ ਅਗੇ ਜਾ ਕੇ ਭੋਗਣੇ ਪੈਸਣ।" ਜਿਵੇਂ ਇਹ ਦੁਨੀਆ ਕਰਮਾਂ ਸੰਦੜਾ ਖੇਤ ਹੋਵੇ ਜਿਸ ਵਿਚ ਹਰ ਚੰਗੀ ਮੰਦੀ ਕਰਨੀ ਦਾ ਫਲ ਆਨੰਦ ਜਾਂ ਤਸੀਹਿਆਂ ਦੇ ਰੂਪ ਵਿਚ ਅੱਗੇ ਕਿਸੇ ਹੋਰ ਦੁਨੀਆ ਵਿਚ ਵੱਢਣਾ ਹੋਵੇ। ਪਿੰਡ ਦੇ ਲੋਕੀਂ ਇਸ ਸੰਸਾਰ ਨੂੰ ਪਰਛਾਵੇਂ ਵਾਂਗ ਮੰਨਦੇ ਹਨ- ਨਕਲੀ, ਝੂਠਾ, ਨਿਰਾ ਮਾਇਆ ਦਾ ਪਾਸਾਰ। ਕੋਈ ਇਸ ਨੂੰ ਛਿੰਨ-ਭੰਗਰੀ



**ਵਣਜਾਰਾ ਬੇਦੀ**

ਕਹਿ ਲੈਂਦੇ, ਕੋਈ ਫ਼ਾਨੀ ਤੇ ਕੋਈ ਛਲਾਵਾ। ਇਤਨਾ ਕੁਝ ਹੋਣ ਦੇ ਬਾਵਜੂਦ ਲਗਪਗ ਹਰ ਸ਼ਖ਼ਸ ਭਾਵੇਂ ਉਹ ਕਿਸੇ ਵੀ ਦੀਨ ਧਰਮ ਦਾ ਪੈਰੋਕਾਰ ਹੈ, ਇਸ ਦੁਨੀਆ ਦੇ ਸੁਖ ਭੋਗਾਂ ਦੇ ਸਾਮਾਨ ਇਕੱਠਾ ਕਰਨ ਵਿਚ ਦਿਨ ਰਾਤ ਜੁਟਿਆ ਰਹਿੰਦੈ।

ਲੋਕੀਂ ਉਠਦੇ ਬੈਠਦੇ ਅਗਲੇ ਜਹਾਨ ਦੀਆਂ ਗੱਲਾਂ ਇਉਂ ਕਰਦੇ ਨੇ, ਜਿਵੇਂ ਕੋਈ ਕਿਸੇ ਨਦੀ ਤੋਂ ਪਾਰਲੇ ਪਿੰਡ ਦੀ ਗੱਲ ਕਰ ਰਿਹਾ ਹੋਵੇ। ਇੱਕੇ ਚੁੱਕੇ ਬੰਦੇ ਅਜਿਹੇ ਵੀ ਮਿਲ ਜਾਂਦੇ ਨੇ ਜਿਨ੍ਹਾਂ ਦਾ ਦਾਅਵਾ ਹੈ ਕਿ ਉਹ ਜਿਉਂਦਿਆਂ ਹੀ ਅਗਲੇ ਜਹਾਨ ਤੋਂ ਹੋ ਆਏ ਹਨ। ਉਹ ਅਗਲੇ ਜਹਾਨ ਦੀਆਂ ਗੱਲਾਂ ਇਉਂ ਪਚਾਕੇ ਮਾਰ-ਮਾਰ ਕੇ ਸੁਣਾਉਂਦੇ ਨੇ ਜਿਵੇਂ ਨਾਨਕੇ ਘਰ ਗਏ ਹੋਣ।

ਪਿੰਡ ਵਿਚ ਇਕ ਤੀਵੀਂ ਲਭੋ ਏ ਜਿਹੜੀ ਕਹਿੰਦੀ ਏ ਕਿ ਉਹ ਅਗਲੇ ਜਹਾਨ ਨੂੰ ਅੱਖੀਂ ਵੇਖ ਆਈ ਹੈ। ਉਹ ਆਪਣੇ ਦੈਵੀ ਸਫ਼ਰ ਦੀਆਂ ਗੱਲਾਂ ਮਿਰਚ ਮਸਾਲਾ ਧੂੜ ਕੇ ਬੜੇ ਸਵਾਦ ਨਾਲ ਸੁਣਾਉਂਦੀ ਹੈ। ਉਹ ਮਾਣ ਨਾਲ ਕਿਹਾ ਕਰਦੀ ਏ, "ਅਗਲਾ ਜਹਾਨ ਤਾਂ ਮਹਿੰਡਾ ਡਿਠਾ ਭਾਖਿਆ ਹੋਇਐ। ਮੈਂ ਅਠਾਰਾਂ ਕੁ ਵਰ੍ਹਿਆਂ ਨੀ ਸਾਂ ਤਾਂ ਹਿਕ ਦਿਹਾੜੇ ਮੈਂ ਰੋਟੀ ਟੁੱਕਰ ਖਾ ਕੇ ਚੰਗੀ ਭਲੀ ਸੁਤੀ। ਅੱਧੀ ਰਾਤੀ ਮਹਿੰਡੇ ਪੇਟੇ 'ਚ ਜ਼ੋਰਾਂ ਨਾ ਸੂਲ ਉਠਿਆ। ਸਾਰੇ ਦਾਰੂ-ਦਰਮਲ ਕੀਤੇ ਪਰ ਬੇਫੈਦਾ। ਮੈਂ ਪ੍ਰਾਣ ਤਿਆਗ ਦਿਤੇ। ਮੈਨੂੰ ਦੋ ਜਮਦੂਤ ਲੈਣ ਆਸਤੇ ਆ ਧਮਕੇ। ਉਨ੍ਹਾਂ ਨੇ ਸਿਰਾਂ 'ਤੇ ਲੰਮੇ ਲੰਮੇ ਡਿੰਗ ਫੜਿੰਗੇ ਸਿੰਗ ਉਗੇ ਅਹੇ। ਨਾ ਉਹ ਪਸ਼ੂ ਲਗਣੇ ਅਹੇ ਨਾ ਮਨੁਖ। ਬਸ ਕੋਈ ਰਲਵੀਂ ਜਿਹੀ ਜਾਤੀ ਅਹੀ। ਉਨ੍ਹਾਂ ਮਹਿੰਡੇ ਜਿਸਮ ਵਿਚੋਂ ਇਉਂ ਪ੍ਰਾਣ ਖਿਚ ਲਏ ਜਿਵੇਂ ਕੋਈ ਪੈਰਾਂ ਵਿਚ ਪੁੜਿਆ ਕੰਡਾ ਕਢਨੈਂ।"

"ਹਾਇ ਹਾ ਨੀ ਚਾਚੀ ਦਰਦ ਨਹੀਂ ਹੋਇਆ ਤੁਘੀ?" ਕੋਈ ਬੱਚਾ ਪੁੱਛ ਲੈਂਦਾ। "ਮਿੰਘੀ ਤਾਂ ਇਉਂ ਲਗਾ ਜਿਵੇਂ ਕਿਸੇ ਮਹਿੰਡੇ ਜਿਸਮੇ ਆਂ ਨਪੀੜ ਕੇ ਵਿਚੋਂ ਸਤ 'ਚੋ ਗਿੱਧਾ ਹੋਵੇ।" ਲਭੋ ਨੂੰ ਆਪਣੀ ਮੌਤ ਦੇ ਅਨੁਭਵ ਸੁਣਾਉਣ ਵਿਚ ਬੜਾ ਆਨੰਦ ਮਿਲਦਾ, "ਫਿਰ ਸਿੰਘੀ ਜਮਦੂਤ ਅਪਣੇ ਖੰਭਾਂ 'ਤੇ ਉਡਾ ਕੇ ਦੂਰ ਦੁਰਾਡੇ ਕਿਸੇ ਹੋਰ ਜਹਾਨ ਵਲ ਤੁਰ ਪਏ। ਰਾਹ ਵਿਚ ਕਈ ਨਦੀਆਂ ਆਈਆਂ। ਲਹੂ ਦੇ ਭਰੇ ਦਰਿਆ ਆਏ, ਝੱਖੜ ਹਨੇਰੀ ਤੇ ਵਲੂਣੇ ਪਰ ਉਹ ਮੈਨੂੰ ਲੰਘਾ ਕੇ ਲਿਜਾਨੇ ਰਹੇ। ਜਦੋਂ ਮੈਥੋਂ ਤੁਰਿਆ ਨਾ ਜਾਨਾ, ਉਹ ਮੈਨੂੰ ਧਰੂਕਣ ਲਗਨੇ। ਕਿਧਰੇ ਤਪਨੇ ਲੂੰਹਨੇ ਬਲ, ਮਹਿੰਡੀ ਰੂਹ ਝੁਲਸ ਝੁਲਸ ਜਾਨੀ। ਕਿਧਰੇ ਬਰਫੀਲੀ ਠੰਢ, ਰੂਹ ਮਹਿੰਡੀ ਜਿਵੇਂ ਕੱਕਰ ਹੋ ਗਈ ਹੋਵੇ। ਅਖੀਰ ਮੈਂ ਅਗਲੇ ਜਹਾਨ ਪੁਜੀ। ਉਥੇ ਹਿਕ ਚਿੱਟ-ਦਾਹੜੀਆ ਬਜ਼ੁਰਗ ਵਹੀਆਂ ਖਾਤੇ ਖੋਲ੍ਹੀ ਬੈਠਾ ਅਹਿਆ। ਚਿਹਰਾ ਸ਼ਾਂਤ ਤੇ ਗੰਭੀਰ ਮੁਸਕਰਾਂਦਾ। ਉਹ ਧਰਮਰਾਜ ਇਹਾ। ਜਦੋਂ ਸਿੰਘੀ ਉਹਦੇ ਹਜ਼ੂਰ ਪੇਸ਼ ਕੀਤਾ ਗਿਆ ਤਾਂ ਮਹਿੰਡਾ ਖਾਤਾ ਤਕੀ ਕੇ ਉਹ ਘਬਰਾ ਗਿਆ। ਮਹਿੰਡਾ ਨਾਂ ਅਤੇ ਪਿੰਡ ਤਾਂ ਠੀਕ ਅਹੇ, ਪਰ ਉਮਰ ਤੇ ਹੋਰ ਹਵਾਲੇ ਨਹੀਂ ਸੀ ਮੇਲ ਖਾਨੇ। ਇਸ 'ਤੇ ਧਰਮਰਾਜ ਜਮਦੂਤਾਂ ਕੀ ਆਖਣ ਲਗਾ- 'ਹਿਹ ਕੇ ਹਨੇਰ ਕਰੀ ਛੋੜਿਆ ਜੇ, ਇਸ ਜਾਤਕੜੀ ਆਂ ਹੁਣੇ ਵਾਪਸ ਛੋੜ ਆਓ, ਕਿਧਰੈ ਇਹਦੀ ਦੇਹ ਦਾ ਸਸਕਾਰ ਨਾ ਹੋ ਵੰਝੇ, ਜੇ ਹੋਈ ਗਿਆ ਤਾਂ ਅਨਰਥ ਹੋ ਵੰਝਸੀ।' ਫਿਰ ਧਰਮਰਾਜ ਨੇ ਜਮਾਂ ਨੂੰ ਸਮਝਾਇਆ, "ਇਸ ਆਂ ਵਾਪਿਸ ਛੋੜ ਕੇ ਪਿੰਡ ਦੇ ਦੂਜੇ ਸਿਰੇ ਤੇ ਵਸਨੀ ਲੁਹਾਰਾਂ ਨੀ ਲਭੋ ਕੀ ਘਿਨ ਆਓ", ਉਸੇ ਵੇਲੇ ਜਮਦੂਤ ਸਿੰਘੀ ਵਾਪਿਸ ਪਿੰਡ ਛੋੜ ਗਏ। ਉਦੋਂ ਤਕ ਮਹਿੰਡੀ ਦੇਹ ਨੂੰ ਨੁਆ ਧੁਆ ਕੇ ਅਰਥੀ 'ਤੇ ਪਾਈ ਸ਼ਮਸ਼ਾਨ ਵਲ ਲਿਜਾ ਰਹੇ ਅਹੇ। ਮਹਿੰਡੀ ਮੁਰਦਾ ਦੇਹੀ ਮੁੜ ਸੁਰਜੀਤ ਹੋ ਗਈ। ਮੈਂ ਅੱਖਾਂ ਮਲਦੀ ਇਉਂ ਉਠ ਬੈਠੀ ਜਿਵੇਂ ਸੁਪਨੇ ਵਿਚੋਂ ਜਾਗੀ ਹੋਵਾਂ। ਲੋਕੀਂ ਅਰਥੀ ਉਥੇ ਹੀ ਛੋੜ ਜਿਧਰ ਮੂੰਹ ਆਇਆ, ਨਠ ਪਏ। ਉਹਨਾਂ ਮੈਨੂੰ ਲਭੋ ਦਾ ਪ੍ਰੇਤ ਸਮਝਿਆ। ਮੈਂ ਲੋਕਾਂ ਕੀ ਵਾਜਾਂ ਮਾਰੀਆਂ ਤੇ ਗੱਲ ਸਮਝਾਈ। ਮਹਿੰਡੀਆਂ ਗੱਲਾਂ ਨੀ ਤਸਦੀਕਾਂ ਆਸਤੇ ਕੁਝ ਲੋਕ ਉਸੇ ਵੇਲੇ ਲੁਹਾਰਾਂ ਨੀਆਂ ਠੱਠੀਆਂ ਵਲ ਦੌੜੇ। ਉਥੇ ਇਕ ਬੁਢੀ ਲਭੋ ਨੀ ਸਚਮੁਚ ਮੌਤ ਹੋ ਗਈ ਅਹੀ।"

ਉਦੋਂ ਤੋਂ ਲੋਕੀਂ ਲਭੋ ਤੋਂ ਪ੍ਰਲੋਕ ਬਾਰੇ ਗੱਲਾਂ ਪੁਛਦੇ ਰਹਿੰਦੇ, ਜਿਨ੍ਹਾਂ ਦਾ ਉਤਰ ਲਭੋ ਆਪਣੀ ਸਿਮਰਤੀ ਤੋਂ ਇਲਾਵਾ ਆਪਣੀ ਸੋਚ ਅਤੇ ਕਲਪਨਾ ਦੇ ਆਸਰੇ ਵੀ ਦਿੰਦੀ ਸੀ। ਜੋ ਗੱਲ ਮੂੰਹ ਵਿਚ ਆਉਂਦੀ, ਕਹਿ ਦਿੰਦੀ। ਕਈ ਗੱਲਾਂ ਜੋ ਉਸ ਮਨੋਂ ਜੋੜ ਕੇ ਕਹੀਆਂ ਸਨ, ਬਾਰ ਬਾਰ ਦੁਹਰਾਣ ਕਰਕੇ ਹੁਣ ਉਹਨੂੰ ਸੱਚੀਆਂ ਜਾਪਣ ਲਗੀਆਂ। ਲਭੋ ਦੀਆਂ ਗੱਲਾਂ ਨਾਲ ਇਕ ਨਵਾਂ ਪਰਲੋਕ ਸਿਰਜਿਆ ਜਾ ਰਿਹਾ ਸੀ।

ਕੋਈ ਤੀਵੀਂ ਉਸ ਤੋਂ ਪੁਛਦੀ, "ਨੀ ਭੈਣੇ ! ਤੂੰ ਸਵਰਗ ਵੀ ਡਿੱਠਾ ਅਹਿਆ।"

ਤਾਂ ਲਭੋ ਮਨੋਂ ਹੀ ਜੋੜ ਕੇ ਕਹਿ ਦੇਂਦੀ, "ਇਕ ਬਹੁੰ ਸੋਹਣੀ ਜਾ ਡਿਠੀ ਅਹੀ। ਬੜੇ ਪਿਆਰੇ ਪਿਆਰੇ ਦਰਖਤਾਂ, ਨਾਲ ਸੁਚੇ ਮੋਤੀ ਤੇ ਹੀਰੇ ਲਟਕ ਰਹੇ ਅਹੇ। ਪੰਛੀ ਐਡੇ ਸੋਹਣੇ ਜਿਵੇਂ ਰੰਗ ਬਰੰਗੀ ਮਖਮਲਾਂ ਨੇ ਬਣਥੇ ਹੋਣ, ਚੁੰਝਾਂ ਹੀਰੇ ਜੜੀਆਂ। ਇਕ ਦਰਖਤ ਨਾਲ ਅੰਬ ਲਗੇ ਡਿਠੇ-ਘੜੇ ਜੇਡੇ ਵਡੇ, ਰਸ ਨਾਲ ਲਸੂ ਲਸੂ ਕਰਦੇ। ਇਕ ਦਰਿਆ ਵਗਦਾ ਡਿਠਾ, ਚਿੱਟਾ ਸਫ਼ੈਦ ਜਿਵੇਂ ਦੁਧਾਂ ਨਾ ਭਰਿਆ ਹੋਵੈ ਪਰੇਡੇ ਇਕ ਨਦੀ ਮਾਖਿਉਂ ਨੀ ਵਗਨੀ ਅਹੀ।" ਲਭੋ ਨੂੰ ਜੋ ਜੋ ਚੀਜ਼ਾਂ ਵਸਤਾਂ ਤੇ ਨਜ਼ਾਰੇ ਖੁਦ ਪਸੰਦ ਸਨ, ਉਨ੍ਹਾਂ ਸਭਨਾਂ ਨੂੰ ਉਹ ਸਵਰਗ ਵਿਚ ਗਿਣਾ ਦੇਂਦੀ। ਉਸ ਦੇ ਆਪਣੇ ਸਵਾਦ, ਆਪਣੇ ਸੁਪਨੇ, ਉਸ ਦੀਆਂ ਆਪਣੀਆਂ ਭਾਵਨਾਵਾਂ ਤੇ ਸੋਚਾਂ ਉਸ ਦੇ ਦਸੇ ਸਵਰਗ ਵਿਚ ਸਾਕਾਰ ਹੋ ਜਾਂਦੀਆਂ। ਜ਼ਿੰਦਗੀ ਵਿਚ ਅਸੀਂ ਜ਼ਰੀ ਬਾਦਲੇ, ਰੇਸ਼ਮ ਅਤੇ ਮਖਮਲ ਤੋਂ ਸੁੰਦਰ ਤੇ ਮੁਲੈਮ ਪੁਸ਼ਾਕ ਕਲਪੀ ਹੀ ਨਹੀਂ; ਹੀਰੇ ਮੋਤੀ ਤੋਂ ਵਡਮੁਲੀ ਚੀਜ਼ ਸਾਡੀ ਸੋਚ ਤੋਂ ਬਾਹਰੀ ਹੈ; ਸ਼ਹਿਦ, ਦੁਧ ਤੇ ਮੱਖਣ ਤੋਂ ਜ਼ਿਆਦਾ ਸੁਆਦਲੀ ਚੀਜ਼ ਵਸਤ ਕਦੇ ਖਾਧੀ ਨਹੀਂ। ਇਸ ਲਈ ਜੇ ਸਵਰਗ ਵਿਚ ਇਹ ਚੀਜ਼ਾਂ ਬਹੁਤਾਤ ਵਿਚ ਨਹੀਂ ਮਿਲਦੀਆਂ, ਤਾਂ ਉਹ ਸਵਰਗ ਕਾਹਦਾ ਹੋਇਆ?

ਕਦੇ ਨਰਕਾਂ ਦੀ ਗੱਲ ਛੁਹ ਬੈਠਦੀ। ਕੋਈ ਬੱਚਾ ਪੁਛਦਾ, "ਤਾਈ, ਤੁਸੀਂ ਤਾਂ ਅਗਲੇ ਜਹਾਨੀ ਹੋਈ ਆਏ ਹੋ, ਤੁਸਾਂ ਨਰਕ ਡਿਠਾ ਹੋਸੀ। ਮਤ੍ਰੇਈ ਮਾਂ ਸਿੰਘੀ ਹਮੇਸ਼ਾਂ 'ਨਰਕਾਂ ਜੋਗਿਆ ਨੀ ਗਾਲ੍ਹ ਕਢਨੀ ਏ। ਨਰਕ ਹੈ ਕਿਹੋ ਜਿਹਾ।"

ਤਾਂ ਲਭੋ ਦਾ ਸਿਰ ਮਾਣ ਨਾਲ ਉੱਚਾ ਉਠ ਜਾਂਦਾ। ਪਿੰਡ ਵਿਚ ਇਕੋ ਉਹਾ ਤਾਂ ਸੀ, ਜਿਸ ਤੋਂ ਲੋਕੀਂ ਅਗਮ ਨਿਗਮ ਦੀਆਂ ਗੱਲਾਂ ਪੁਛਦੇ ਸਨ। ਉਹ ਖੰਘੂਰਾ ਮਾਰ ਕੇ ਗਲਾ ਸਾਫ਼ ਕਰਦੀ ਤੇ ਦਿਮਾਗ ਤੇ ਭਾਰ ਪਾਉਂਦੀ ਹੋਈ ਕਹਿੰਦੀ, "ਹੁਣ ਤਾਂ ਕੁਝ ਵੀ ਚੇਤੇ ਨਹੀਂ ਰਿਹਾ, ਬੱਚਿਆ! ਬਸ ਧੁੰਦਲੀ ਜਿਹੀ ਤਸਵੀਰ ਅੱਖਾਂ ਅਗੇ ਰਹਿ ਗਈ ਏ। ਜਦੋਂ ਮਿੰਘੀ ਜਮ ਧਰਮ ਰਾਜੇ ਦੇ ਦਰਬਾਰ ਵਲ ਲਿਜਾ ਰਹੇ ਅਹੇ ਤਾਂ ਲੰਘਦਿਆਂ ਰਸਤੇ 'ਚ ਇਕ ਪਾਸੇ ਅੱਗ ਨੀਆਂ ਲਾਟਾਂ ਵਿਖਾਈ ਦਿਤੀਆਂ, ਬੜਾ ਚੀਕ-ਚਹਾੜਾ ਮਚਿਆ ਅਹਿਆ। ਰੂਹਾਂ ਕੁਰਲਾ ਰਹੀਆਂ ਅਹੀਆਂ", ਤੇ ਜੋ ਕੁਝ ਦੁਖਦਾਈ ਲਗਦਾ, ਉਹ ਕਹਿ ਦਿੰਦੀ।

ਲਭੋ ਦੀ ਪਰਲੋਕ ਯਾਤ੍ਰਾ ਇਕ ਪਖੰਡ ਬਣ ਗਈ ਸੀ। ਇਸ ਲਈ ਕਈ ਤਾਂ ਇਸ ਪਖੰਡ ਨੂੰ ਸਮਝਦੇ ਹੋਏ ਮਖੌਲ ਉਡਾਣ ਲਗ ਪਏ ਸਨ।

ਇਕ ਵਾਰ ਲੱਭੋ ਅਗਮ ਨਿਗਮ ਦੀਆਂ ਗੱਲਾਂ ਸੁਣਾ ਰਹੀ ਸੀ ਤਾਂ ਪਿੰਡ ਦੀ ਨਾਇਣ ਗੁਲਾਬੋ ਵੀ, ਉਥੇ ਹੀ ਬੈਠੀ ਸੀ । ਲਭੋ ਆਪਣੀ ਗੱਲ ਮੁਕਾ ਚੁਕੀ ਤਾਂ ਗੁਲਾਬੋ ਖਿੜ-ਖਿੜ ਕਰ ਕੇ ਹੱਸਣ ਲਗ ਪਈ ਤੇ ਹਸਦੀ ਹੀ ਗਈ। ਫਿਰ ਕਹਿਣ ਲੱਗੀ, "ਤਾਈ, ਇਕ ਗੱਲ ਪੁਛਾਂ ਜੇ ਬੁਰਾ ਨਾ ਜਾਣੇ ਤਾਂ। ਜਿਸ'ਲੈ ਤੂੰ ਮਰ ਕੇ ਅਗਲੇ ਜਹਾਨੇ 'ਚ ਗਈ ਸੈਂ ਤਾਂ ਉਥੈ ਤਹਿੰਡਾ ਜੀਅ ਗਿਆ ਅਹਿਆ ਕਿ ਤਹਿੰਡਾ ਸਰੀਰ?"

"ਨਹੀਂ, ਜੀਅ ਹੀ ਗਿਆ ਅਹਿਆ। ਸਰੀਰ ਤਾਂ ਸੜਨੇ ਜੋਗਾ ਇਥੈ ਹੀ ਪਿਆ ਅਹਿਆ।" ਲੱਭੋ ਨੇ ਰਤਾ ਖਿੱਝ ਕੇ ਕਿਹਾ।

"ਅੱਖਾਂ ਤਾਂ ਤੁਹਿੰਡੀਆਂ ਇਥੇ ਹੀ ਅਹੀਆਂ, ਤੂੰ ਵੇਖਦੀ ਕਿਵੈਂ ਸੈਂ? ਕੰਨ ਤਾਂ ਤਹਿੰਡੇ ਧਰਤੀ ਤੇ ਪਏ ਅਹੇ, ਤੂੰ ਧਰਮ ਰਾਜੇ ਨੀਆਂ ਗੱਲਾਂ ਸੁਣ ਕਿਵੇਂ ਲਈਆਂ?"

"ਹਾਂ, ਹੁਣ ਬੋਲ ਤਾਈ, ਗੁਲਾਬੋ ਨੇ ਠੁਕ ਦੀ ਗੱਲ ਆਖੀ ਏ।" ਸਭਨਾਂ ਨੇ ਗੁਲਾਬੋ ਦਾ ਹੁੰਗਾਰਾ ਭਰਿਆ।

ਲੱਭੋ ਕੋਲ ਇਹਦਾ ਕੋਈ ਜਵਾਬ ਨਹੀਂ ਸੀ। ਉਹਦੇ ਬੋਲ ਥਿੜਕਣ ਲਗੇ, "ਨੀ ਪ੍ਰਾਣਾਂ ਨੂੰ ਤਾਂ ਸਭ ਕੁਝ ਦਿਸਦਾ ਤੇ ਸੁਣਦਾ ਏ।"

"ਅੱਛਾ, ਤਹਿੰਡੀ ਇਹ ਗੱਲ ਵੀ ਮੰਨ ਘਿਧੀ। ਭਲਾ, ਤੂੰ ਇਹ ਦਸ ਕਿ ਧਰਮ ਰਾਜੇ ਨੀਆਂ ਗੱਲਾਂ ਤਹਿੰਡੇ ਮਗਜ ਵਿਚ ਕਿਵੇਂ ਪਈਆਂ? ਉਹ ਕਿਹੜੀ ਬੋਲੀ 'ਚ ਗੱਲਾਂ ਕਰਨਾ ਇਹਾ?" ਕਿਸੇ ਹੋਰ ਤੀਵੀਂ ਨੂੰ ਗੱਲ ਸੁਝ ਜਾਂਦੀ।

"ਨੀ ਅਸਾਂ ਤਾਂ ਇਕੋ ਭਾਖਾ ਸੁਣੀ ਡਿੱਠੀ ਏ। ਉਸ ਹੋਰ ਕਿਹੜੀ ਭਾਖਾ ਬੋਲਣੀ ਅਹੀ?" ਲੱਭੋ ਹਲੀਮੀ ਨਾਲ ਉਤਰ ਦਿੰਦੀ।

"ਫ਼ਾਰਸੀ ਬੋਲਨਾ ਇਹਾ ਕਿ ਪੰਜਾਬੀ?"




***ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਕਿਤਾਬ 'ਮੇਰਾ ਨਾਨਕਾ ਪਿੰਡ' ਦਾ ਸਰਵਰਕ ਜਿਸ ਵਿਚੋਂ ਇਹ ਲੇਖ ਲਿਆ ਗਿਆ ਹੈ, (ਵਿਚਕਾਰ) 12 ਜਿਲਦਾਂ ਵਿਚ ਛਾਪੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਦੀ ਇਕ ਜਿਲਦ ਅਤੇ (ਸੱਜੇ) ਇਕ ਹੋਰ ਕਿਤਾਬ 'ਬਾਤਾਂ ਮੁੱਢ ਕਦੀਮ ਦੀਆਂ' ਦਾ ਮੁਖੜਾ।***

ਗੁਲਾਬੋ ਲੱਭੋ ਦਾ ਸਾਰਾ ਹੀਜ ਪਿਆਜ਼ ਨੰਗਾ ਕਰਨ ਤੇ ਤੁਲੀ ਹੋਈ ਸੀ।

"ਨੀ ਉਹਨੇ ਫ਼ਾਰਸੀਆਂ ਪੜ੍ਹ ਕੇ ਕੀ ਲੈਣੇਂ, ਮਗਜ਼ ਖਪਾਣ ਨੀ ਉਹਨੂੰ ਕੇ ਲੋੜ ਏ। ਆਪਣੀ ਬੋਲੀ ਕੋਈ ਮਾੜੀ ਏ।" ਲੱਭੋ ਕਹਿੰਦੀ।

ਇਸ ਤਰ੍ਹਾਂ ਲਭੋ ਦੇ ਪਖੰਡ ਦਾ ਭਰਿਆ ਭਾਂਡਾ ਚੁਰਾਹੇ ਵਿਚ ਭੱਜ ਜਾਂਦਾ। ਅਸਲ ਵਿਚ ਲਭੋ ਅਗਲੇ ਜਹਾਨ ਬਾਰੇ ਜੋ ਕੁਝ ਵੀ ਦਸਦੀ, ਉਹ ਜਾਂ ਤਾਂ ਲੋਕ-ਸੱਚ ਸੀ ਜਾਂ ਫਿਰ ਉਹਦੀ ਆਪਣੀ ਸੋਚ ਤੇ ਕਲਪਨਾ ਦਾ ਫਲ। ਪਿੰਡ ਦੇ ਸਾਰੇ ਲੋਕ ਅਗਲੇ ਜਹਾਨ ਬਾਰੇ ਇਹੋ ਜਿਹੀਆਂ ਹੀ ਗੱਲਾਂ ਸੋਚਦੇ ਤੇ ਮੰਨਦੇ ਸਨ, ਪਰ ਲਭੋ ਦੇ ਮੂੰਹੋਂ ਸੁਣ ਕੇ ਜ਼ਰਾ ਜ਼ਿਆਦਾ ਤਸੱਲੀ ਹੋ ਜਾਂਦੀ। ਇਕ ਤਰ੍ਹਾਂ ਨਾਲ ਉਨ੍ਹਾਂ ਦੇ ਆਪਣੇ ਵਿਚਾਰਾਂ ਨੂੰ ਹੀ ਪ੍ਰੌੜ੍ਹਤਾ ਮਿਲ ਜਾਂਦੀ।

ਗੁਲਾਬੋ ਨੈਣ ਤਾਂ ਮੁਸਲਮਾਣੀ ਸੀ। ਉਹਦੀ ਸੋਚ ਤੇ ਧਾਰਨਾਵਾਂ ਲਭੋ ਨਾਲ ਮੇਲ ਨਹੀਂ ਸਨ ਖਾਂਦੀਆਂ। ਉਹਦਾ ਪੈਗੰਬਰ ਤਾਂ ਕਹਿ ਗਿਆ ਸੀ ਕਿ ਬੰਦਾ ਮਰਨ ਮਗਰੋਂ ਕਬਰਾਂ ਵਿਚ ਪਿਆ ਰਹਿੰਦੈ। ਕਿਆਮਤ ਵਾਲੇ ਦਿਨ ਜਦੋਂ ਸ੍ਰਿਸ਼ਟੀ ਨਸ਼ਟ ਹੋ ਜਾਂਦੀ ਏ ਤਾਂ ਮੁਰਦੇ ਕਬਰਾਂ ਵਿਚੋਂ ਉਠ ਕੇ ਆਪਣੇ ਕਰਮਾਂ ਦਾ ਹਿਸਾਬ ਦੇਂਦੇ ਨੇ। ਅੱਜ ਤਕ ਕਿਸੇ ਬੰਦੇ ਨੇ ਅੱਲ੍ਹਾ ਦਾ ਦੀਦਾਰ ਨਹੀਂ ਕੀਤਾ। ਮਿਅਰਾਜ ਦੀ ਰਾਤ ਹਜ਼ਰਤ ਮੁਹੰਮਦ ਸਾਹਿਬ ਅਗਲੀ ਦੁਨੀਆਂ ਵਿਚ ਜਾ ਕੇ ਅੱਲ੍ਹਾ ਨੂੰ ਮਿਲੇ ਸਨ। ਤੇ ਇਹ ਲਭੋ ਹਜ਼ਰਤ ਮੁਹੰਮਦ ਸਾਹਿਬ ਨਾਲ ਬਰ ਮੇਚ ਰਹੀ ਏ। ਅਖੇ ਮੈਂ ਅੱਲ੍ਹਾ ਦੇ ਦਰਬਾਰ ਹੋ ਆਈ ਹਾਂ। ਕਿਆਮਤ ਤੋਂ ਪਹਿਲਾਂ ਤਾਂ ਉਥੇ ਕੋਈ ਬੰਦਾ ਫੜਿਕ ਨਹੀਂ ਸਕਦਾ। ਇਹ ਕਾਫ਼ਰ ਉਥੇ ਕਿਵੇਂ ਜਾ ਪੁਜੀ। ਆਖਰ ਮਰ ਕੇ ਪਹੁੰਚਣਾ ਤਾਂ ਸਭਨਾ ਨੇ ਅੱਲ੍ਹਾ ਦੇ ਕੋਲ ਹੀ ਹੁੰਦਾ ਏ ਨਾ।

ਤੇ ਗੁਲਾਬੋ ਇਕ ਹੋਰ ਸ਼ੋਸ਼ਾ ਛੱਡ ਦਿੰਦੀ- "ਤਾਈ, ਤੂੰ ਸਾਡੇ ਹਜ਼ਰਤ ਸਾਹਿਬ ਵੀ ਉਥੇ ਕਿਧਰੇ ਡਿਠੇ ਅਹੇ?"

"ਨੀ ਮੈਂ ਕੀ ਜਾਣਾ ਤਹਿੰਡਾ ਹਜ਼ਰਤ ਕੌਣ ਏ? ਮੈਂ ਕਿਉਂ ਕਿਸੇ ਮੁਸਲਕੇ ਨੇ ਮੂੰਹ ਲਗਣਾ ਅਹਿਆ, ਮਹਿੰਡੀ ਰੂਹ ਭਿੱਟ ਨਾ ਜਾਨੀ।" ਲਭੋ ਤਲਖੀ ਵਿਚ ਆ ਗਈ ਸੀ।

ਪਰ ਤੀਵੀਆਂ ਵਿਚ ਬੈਠੀ ਲਾਜੋ ਜਿਹੜੀ ਸਵੇਰੇ ਨੇਮ ਨਾਲ ਗੁਰਦਵਾਰੇ ਜਾਂਦੀ ਸੀ, ਦਿਹਾੜੀ ਰੋਜ਼ ਇਕ ਵਾਰ ਆਪਣੀ ਨੂੰਹ ਨਾਲ ਜਾਂ ਫਿਰ ਕਿਸੇ ਗੁਆਂਢੀ ਨਾਲ ਜੁਤੀ ਖੋਸੜਾ ਹੁੰਦੀ ਸੀ, ਜਾਂ ਤਾਂ ਉਹ ਖਾਂਦੀ ਰਹਿੰਦੀ ਜਾਂ ਫਿਰ ਤੀਵੀਆਂ ਵਿਚ ਬੈਠੀ ਗੱਪਾਂ ਚਖਦੀ, ਲਾਂਦੀ ਚਾਂਦੀ ਰਹਿੰਦੀ, ਉਹ ਚੁਪ ਨਾ ਰਹੀ, "ਨੀ ਤਾਈ ! ਤੂੰ ਬਾਬੇ ਨਾਨਕ ਨੂੰ ਤਾਂ ਉਥੇ ਵੇਖਿਆ ਹੋਣੈ? ਕਿਹੋ ਜਿਹੇ ਲਗਦੇ ਅਹੇ? ਕੀ ਬਾਲਾ ਮਰਦਾਨਾ ਵੀ ਨਾਲ ਅਹੇ?" ਤੇ ਲਾਜੋ ਕਿਤਨੇ ਸਾਰੇ ਸੁਆਲ ਇਕੋ ਸਾਹੇ ਪੁੱਛ ਗਈ।

ਲੱਭੋ ਆਪਣੇ ਹੀ ਬੁਣੇ ਜਾਲ ਵਿਚ ਖੁਦ ਹੀ ਬੁਰੀ ਤਰ੍ਹਾਂ ਨਾਲ ਉਲਝ ਗਈ ਸੀ। ਜਾਨ ਛੁਡਾਣ ਵਾਸਤੇ ਲਭੋ ਚਰਖੇ ਨੂੰ ਕੱਤਣ ਜੁਟ ਜਾਂਦੀ। ਚਰਖੇ ਦੀ ਘੂਕਰ ਵਿਚ ਸਭ ਗਲਾਂ ਮੱਧਮ ਪੈ ਕੇ ਗਵਾਚ ਜਾਂਦੀਆਂ। ਆਵਾਜ਼ਾਂ ਇਕ ਦੂਜੇ ਵਿਚ ਖਹਿਬੜ ਕੇ ਸਾਹ ਸਤ ਹੀਣ ਹੋ ਜਾਂਦੀਆਂ।

ਪਿੰਡ ਦੀਆਂ ਬੁੱਢੀਆਂ ਸਰਦੀਆਂ ਦੇ ਦਿਨੀਂ ਧੁੱਪੇ ਬੈਠ ਕੇ ਚਰਖਾ ਕਤਦੀਆਂ ਤਾਂ ਧੀਆਂ ਨੂੰਹਾਂ ਦੀਆਂ ਗੱਲਾਂ ਛੁਹ ਬਹਿੰਦੀਆਂ। ਪਰ ਕਦੇ ਕਦੇ ਇਹ ਗੱਲਾਂ ਵੀ ਉਨ੍ਹਾਂ ਨੂੰ ਸਹਿਜ-ਸੁਭਾ ਪਰਲੋਕ ਵਲ ਲੈ ਤੁਰਦੀਆਂ। ਰਾਮ ਜਵਾਈ ਚਾਚੀ ਲਾਜਵੰਤੀ ਦੀ ਗੱਲ ਛੇੜ ਬੈਠਦੀ, ਜਿਹੜੀ ਧੀ ਦੇ ਘਰੋਂ ਲੁਟ ਪੁਟ ਕੇ ਆਪਣਾ ਘਰ ਭਰ ਰਹੀ ਸੀ, ਉਹ ਗੱਲ ਇਉਂ ਮੁਕਾਂਦੀ, "ਮੈਂ ਤਾਂ ਧੀਊ ਨੇ ਘਰੈ ਨਾ ਪਾਣੀ ਤਕ ਨਾ ਮੂੰਹ ਲਾਵਾਂ। ਧੀਊ ਨੇ ਘਰੈ ਨਾ ਖਾਧਾ ਅਗੇ ਬੱਤੀ ਗੁਣਾਂ ਦੇਣਾ ਪੈਨੈਂ।"

"ਬੱਤੀ ਗੁਣਾਂ ਕਿਉਂ? ਹਿਸਾਬ ਤਾਂ ਹਿਸਾਬ ਏ, ਮਾਉ ਧੀਊ ਨਾ ਲੇਖਾ ਵੀ ਬਰਾਬਰ ਹੋਣਾ ਚਾਹੀਨੇਂ।" ਵਿਚੋਂ ਹੀ ਕੋਈ ਹੋਰ ਬੋਲ ਪੈਂਦੀ ।

"ਬੱਤੀਆਂ ਦੰਦਾਂ ਨਾਲ ਜੇ ਖਾਧਾ ਵੈਨੈਂ। ਹਰੇਕ ਦੰਦ ਨੇ ਆਪਣਾ ਖਾਧਾ ਆਪ ਭੁਗਤਾਣੇਂ।"

"ਤੇ ਜਿਹੜੀ ਮਾਂ ਵਿਚਾਰੀ ਮੋੜ ਕੇ ਨਾ ਮਰ੍ਹੈ?"

"ਕਹਿੰਦੇ ਨੇ, ਉਹਦੀ ਧੀ ਅਗਲੇ ਜਹਾਨ 'ਚ ਮਾਊ ਕੀ ਪੁੱਠਾ ਲਟਕਾਈ ਕੇ, ਉਸ ਨੇ ਮਾਸੇ ਨੀਆਂ ਬੋਟੀਆਂ ਤੇਲ ਨੇ ਕੜਾਹੇ 'ਚ ਤਲ ਕੇ ਖਾਨੀ ਏ।"

"ਪਰ ਬੰਦੇ ਨੀ ਰੂਹ ਨਾਲ ਤਾਂ ਕੁਝ ਵੀ ਨਹੀਂ ਜਾਨਾ। ਅਗੇ ਜਾ ਕੇ ਬੰਦਾ ਧੀ ਨਾ ਖਾਧਾ ਕਿਵੇਂ ਤੇ ਕਿਥੋਂ ਮੋੜੇ?"

"ਪਰ ਕਰਮ ਤਾਂ ਨਾਲ ਹੀ ਜਾਨੇ ਨੇ, ਉਹਦਾ ਫਲ ਤਾਂ ਭੋਗਣਾ ਹੀ ਪੈਨੈਂ।" ਅਤੇ ਗੱਲ ਕਰਮਾਂ ਤੇ ਆ ਮੁਕਦੀ। ਰਾਮ ਜਵਾਈ ਕੋਲ ਬੈਠੀ ਫਾਤਮਾ ਦਾ ਵੀ ਹੁੰਗਾਰਾ ਚਾਹੁੰਦੀ ਸੀ, "ਨੀ ਫਾਤਮਾ, ਤੂੰ ਚਾ ਦਸ, ਤਹਿੰਡਾ ਮਜ੍ਹਬ ਕੀ ਆਖਦੇ?"

"ਨੀ ਤੁਸਾਂ ਤਾਂ ਮੁੜ ਮੁੜ ਜੰਮਣਾ ਤੇ ਮਰਨਾ ਏ, ਅਸਾਂ ਤਾਂ ਇਕੋ ਵਾਰ ਦੁਨੀਆਂ ਭੋਗਣੀ ਹੋਨੀ ਏ। ਪਰਲੋ ਤਕ ਬੰਦਾ ਕਬਰਾਂ 'ਚ ਮਿੱਟੀ ਹੋਇਆ ਪਿਆ ਰਹਿਨੈਂ।" ਫਾਤਮਾ ਸਮਝਾਂਦੀ, "ਮੌਲਵੀ ਕਹਿੰਦਾ ਹੁੰਦੈ ਕਿ ਮਰਨ ਮਗਰੋਂ ਮੁਨਕਰ ਅਤੇ ਨਕੀਰ ਕਬਰ ਵਿਚ ਬੰਦੇ ਨੇ ਕਰਮਾਂ ਨਾ ਲੇਖਾ ਜੋਖਾ ਕਰਨੇ ਆਸਤੇ ਆਉਣੇ ਨੁ, ਜੇ ਬੰਦੇ ਨੇ ਚੰਗੇ ਕਰਮ ਕੀਤੇ ਹੋਣ ਤਾਂ ਉਹ ਗੈਬੀ ਸ਼ਕਤੀ ਨਾਲ ਕਬਰ ਲੰਮੀ, ਚੋੜੀ ਤੇ ਗੈਲੀ ਕਰ ਵੰਝਦੇ ਨੇ, ਤਾਂ ਜੋ ਬੰਦਾ 'ਰਾਮ ਨਾਲ ਪਿਆ ਰਹੇ। ਪਰ ਜੇ ਮੰਦੇ ਕਰਮ ਬਹੁਤੇ ਹੋਣ ਤਾਂ ਉਹ ਬੰਦੇ ਆ ਬੜੇ ਤਸੀਹੇ ਦਿੰਦੇ ਨੂੰ। ਉਨ੍ਹਾਂ ਦਾ ਚੀਖ ਚਹਾੜਾ ਪੰਛੀਆਂ ਨੂੰ ਸੁਣਾਈ ਦੇਂਦੈ, ਬੰਦਿਆਂ ਕੀ ਨਹੀਂ।"

ਤੇ ਇਹ ਗੱਲ ਸੁਣ ਕੇ ਸਭ ਤੀਵੀਆਂ ਘਬਰਾ ਜਾਂਦੀਆਂ। ਬੁੱਢੀ ਕੌਮਾਂ ਦੀ ਤਾਂ ਜਿਵੇਂ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਜਾਂਦੀ। ਉਹ ਥਿੜਕਦੀ ਆਵਾਜ਼ ਵਿਚ ਮੂੰਹ ਪਪੋਲਦੀ ਹੋਈ ਪੁਛਦੀ, "ਨੀ ਸਵਰਗਾਂ 'ਚ ਵੰਝਣੈ ਨਾ ਕੋਈ ਸੌਖਾ ਰਾਹ ਚਾ ਦਸੋ, ਮੈਂ ਤਾਂ ਹੁਣ ਥੋਹੜੇ ਚਿਰੇ ਨੀ ਮਹਿਮਾਨ ਆਂ। ਹਰ ਵੇਲੇ ਜਾਨ ਡਿਗੂੰ ਡਿਗੂੰ ਕਰਨੀ ਰਹਿਨੀ ਏ।"

ਤਾਂ ਰਾਮ ਜਵਾਈ ਮੁਸਕਰਾਂਦੀ ਹੋਈ ਕਹਿੰਦੀ, "ਨੀ ਉਹ ਕਥਾ ਕਰਨ ਵਾਲਾ ਸਾਧ ਜੋ ਦਸ ਗਿਐ, ਅਖੇ ਮਰਨ ਵੇਲੇ ਪ੍ਰਮਾਤਮਾ ਦਾ ਨਾਮ ਜਪੋ।" ਫਿਰ ਉਹ ਝਟ ਕੁ ਰੁਕ ਕੇ ਬੋਲੀ, "ਉਸ ਅਜਾਮਲ ਨੀ ਸਾਖੀ ਵੀ ਤਾਂ ਸੁਣਾਈ ਅਹੀ।"

ਫਿਰ ਉਹ ਅਜਾਮਲ ਦੀ ਸਾਖੀ ਸੁਣਾਉਂਦੀ ਹੋਈ ਕਹਿਣ ਲਗੀ, "ਨਰੈਣ ਛੋਟਾ ਹੋਣ ਕਰ ਕੇ, ਅਜਾਮਲ ਕੀ ਸਭਨਾ ਨਾਲੋਂ ਵਧ ਪਿਆਰਾ ਇਹਾ। ਮਰਨ ਵੇਲੇ ਅਜਾਮਲ ਨੇ ਨਰੈਣ ਕੀ ਆਵਾਜ਼ ਮਾਰੀ। ਅੰਤ ਵੇਲੇ ਨਰੈਣ ਨਾ ਨਾਂਅ ਉਚਾਰਨ ਕਰਕੇ ਅਜਾਮਲ ਕੀ ਵਿਸ਼ਨੂੰ ਨੇ ਦੂਤ ਕਿੰਨਣ ਆਸਤੇ ਆਏ ਅਤੇ ਜਮਦੂਤਾਂ ਕੀ ਕਹਿਣ ਲਗੇ: ਇਸ ਪ੍ਰਾਣੀ ਨੇ ਅਖੀਰ ਵੇਲੇ ਨਰੈਣ ਆਂ ਯਾਦ ਕੀਤੇ, ਇਸ 'ਤੇ ਸਾਡਾ ਹੱਕ ਏ, ਇਹ ਬੈਕੁੰਠਾਂ 'ਚ ਜਾਸੀ।"

ਫਾਤਮਾ ਹਸ ਪਈ ਤੇ ਕਹਿਣ ਲਗੀ, "ਨੀ ਤੁਹਾਡਾ ਵਿਸ਼ਨੂੰ ਤਾਂ ਬੜਾ ਭੋਲਾ ਏ, ਜੋ ਇਹ ਵੀ ਨਹੀਂ ਜਾਣ ਸਕਿਆ ਕਿ ਪੁਤਰੇ ਆਂ ਅਵਾਜ਼ ਮਾਰ ਰਿਹੈ ਕਿ ਉਹਦਾ ਜਾਪ ਕਰ ਰਿਹੈ। ਸਾਡੇ ਅੱਲ੍ਹਾ ਨੇ ਤਾਂ ਇਉਂ ਮਾਫ ਨਹੀਂ ਕਰਨਾ।"

ਤੇ ਸਭ ਤੀਵੀਆਂ ਦੰਦ ਕੱਢ ਕੇ ਹੱਸਣ ਲਗਦੀਆਂ।

ਮਾਸੀ ਸੁਲਖੱਣੀ ਕਾਫੀ ਬਿਰਧ ਸੀ। ਉਹਦੇ

***(ਬਾਕੀ ਅਗਲੇ ਸਫੇ 'ਤੇ)***

# ਨਾ-ਬਰਾਬਰੀ: ਪਛਾਣਾਂ ਤੋਂ ਪਰ੍ਹੇ ਦੇਖਣ ਦੀ ਲੋੜ





**ਸੁਰਿੰਦਰ ਸਿੰਘ ਜੋਧਕਾ**
**ਫੋਨ: +91-98112-79898**

ਅਨੁਸੂਚਿਤ ਜਾਤੀਆਂ ਲਈ ਰਾਖਵੇਂਕਰਨ ਵਿਚ ਉਪ ਵਰਗੀਕਰਨ ਦੀ ਤਸਦੀਕ ਕਰਦੇ ਸੁਪਰੀਮ ਕੋਰਟ ਦੇ ਫ਼ੈਸਲੇ ਵਿਚ ਕਈ ਵਿਵਾਦਪੂਰਨ ਮੁੱਦਿਆਂ ਨੂੰ ਛੂਹਿਆ ਗਿਆ ਹੈ। ਰਾਖਵਾਂਕਰਨ ਨੀਤੀ ਵਿਚ ਮਹੱਤਵਪੂਰਨ ਬਦਲਾਓ ਦਾ ਆਧਾਰ ਤਿਆਰ ਕਰਨ ਤੋਂ ਇਲਾਵਾ ਇਸ ਨੇ ਜਾਤ ਦੇ ਬਦਲਦੇ ਹੋਏ ਸੁਭਾਅ ਅਤੇ ਰਾਜਕੀ ਨੀਤੀਆਂ ਨੂੰ ਇਸ ਨੂੰ ਕਿਵੇਂ ਸਿੱਝਣਾ ਚਾਹੀਦਾ ਹੈ, ਜਿਹੇ ਕਈ ਸਵਾਲ ਵੀ ਖੜ੍ਹੇ ਕੀਤੇ ਹਨ। ਜਿਵੇਂ ਆਸ ਕੀਤੀ ਜਾਂਦੀ ਸੀ, ਇਸ ਫ਼ੈਸਲੇ ਨੇ ਦਲਿਤ ਕਾਰਕੁਨਾਂ ਅਤੇ ਸਿਆਸੀ ਪਾਰਟੀਆਂ ਵਿਚ ਬਖੇੜਾ ਪਾ ਦਿੱਤਾ ਹੈ। ਅਨੁਸੂਚਿਤ ਜਾਤੀਆਂ ਅੰਦਰ ਨਿਸਬਤਨ ਜ਼ਿਆਦਾ ਬੋਲਣ ਅਤੇ ਨਜ਼ਰ ਆਉਣ ਵਾਲੇ ਤਬਕੇ ਇਸ ਫ਼ੈਸਲੇ ਦੇ ਖਿਲਾਫ਼ ਖੜ੍ਹੇ ਹੋ ਗਏ ਹਨ। ਮੀਡੀਆ ਵਿਚ ਘੱਟ ਨਜ਼ਰ ਆਉਂਦੇ ਜ਼ਿਆਦਾ ਛੋਟੇ ਅਤੇ ਮਹਿਰੂਮ ਤਬਕੇ ਉਪ ਵਰਗੀਕਰਨ ਦੀ ਮੰਗ ਕਰ ਰਹੇ ਹਨ।

ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਮੁੱਖਧਾਰਾ ਦੀ ਸਿਆਸੀ ਜਮਾਤ ਭਾਰਤੀ ਆਬਾਦੀ ਵਿਚ ਜਾਤੀ ਆਧਾਰਿਤ ਸਮਾਜਿਕ ਆਰਥਿਕ ਦਰਜੇ ਦੀ ਗਣਨਾ ਦੀ ਲੋੜ ਦਾ ਜ਼ੋਰਦਾਰ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਦਾ ਤਰਕ ਹੈ ਕਿ ਇਸ ਨਾਲ ਦੇਸ਼ ਅੰਦਰ ਘੱਟ ਵਿਸ਼ੇਸ਼ ਅਧਿਕਾਰ ਸਮਾਜਿਕ ਸਮੂਹਾਂ ਜਾਤੀਆਂ ਅੰਦਰ ਪਛੜੇਪਣ ਦੇ ਦਰਜਿਆਂ ਬਾਰੇ ਅੰਕੜੇ ਪੈਦਾ ਕਰਨ ਵਿਚ ਮਦਦ ਮਿਲੇਗੀ। ਜੇ ਅੰਕੜਿਆਂ ਤੋਂ ਇਹ ਪਤਾ ਲੱਗੇ ਕਿ ਲੋਕਾਂ ਦੇ ਵੱਡੇ ਤਬਕਿਆਂ (ਭਾਵ ਜਾਤੀ ਭਾਈਚਾਰਿਆਂ) ਦੀ ਸਿਆਸੀ ਪ੍ਰਣਾਲੀ ਜਾਂ ਨੌਕਰਸ਼ਾਹੀ ਅਤੇ ਮੀਡੀਆ ਜਿਹੀਆਂ ਸੰਸਥਾਵਾਂ ਵਿਚ ਨੁਮਾਇੰਦਗੀ ਨਹੀਂ ਹੋ ਰਹੀ ਤਾਂ ਦੇਸ਼ ਵਿਚ ਵਧੇਰੇ ਸਮਤਾਪੂਰਨ ਅਤੇ ਨੁਮਾਇੰਦਾ ਸਮਾਜ ਕਾਇਮ ਕਰਨ ਲਈ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ।

ਜਾਤੀ ਗਣਨਾ ਦਾ ਬਿਰਤਾਂਤ ਜ਼ਿਆਦਾਤਰ ਹੋਰਨਾਂ ਪੱਛੜੇ ਵਰਗਾਂ (ਓ.ਬੀ.ਸੀਜ਼) 'ਤੇ ਸੇਧਿਤ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਵਿਚ ਅਨੁਸੂਚਿਤ ਜਾਤੀਆਂ ਦੇ ਵਰਗ, ਉਨ੍ਹਾਂ ਦੇ ਅੰਦਰੂਨੀ ਮਤਭੇਦਾਂ ਨੂੰ ਮਾਨਤਾ ਦਿਵਾਉਣ ਦੀ ਲੋੜ ਅਤੇ ਉਨ੍ਹਾਂ ਦੇ ਮੌਜੂਦਾ ਕੋਟਿਆਂ ਦੀ ਵਧੇਰੇ ਨਿਆਂਪੂਰਨ ਵੰਡ ਲਈ ਉਨ੍ਹਾਂ ਅੰਦਰ ਉਪ ਵਰਗ ਕਾਇਮ ਕਰਨ ਜਿਹੇ ਕਈ ਸਵਾਲ ਖੜ੍ਹੇ ਕੀਤੇ ਗਏ ਹਨ। ਅਦਾਲਤ ਦੇ ਫ਼ੈਸਲੇ ਨੇ ਅਨੁਸੂਚਿਤ ਜਾਤੀਆਂ ਦੇ ਅੰਦਰ ਭਾਈਚਾਰਿਆਂ ਦੇ ਸਮਾਜਿਕ ਆਰਥਿਕ ਦਰਜੇ ਦੀ ਮੌਜੂਦਾ ਸਥਿਤੀ ਬਾਰੇ ਵਿਹਾਰਕ ਤਸਦੀਕਯੋਗ ਅੰਕੜਿਆਂ ਦੀ ਲੋੜ ਨੂੰ ਰੇਖਾਂਕਿਤ ਕੀਤਾ ਗਿਆ ਹੈ। ਅੰਕੜਿਆਂ ਰਾਹੀਂ ਅਜਿਹੇ ਤੱਥਾਂ ਦਾ ਪਤਾ ਲਗਾਉਣ ਤੋਂ ਬਾਅਦ ਸੂਬੇ ਕੋਟਿਆਂ ਅੰਦਰ ਕੋਟੇ ਲਾਗੂ ਕਰ ਸਕਦੇ ਹਨ।

ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਉਪ ਵਰਗੀਕਰਨ ਬਾਰੇ ਫ਼ੈਸਲੇ ਦਾ ਵਿਰੋਧ ਕਰਨ ਵਾਲਿਆਂ 'ਚੋਂ ਬਹੁਤ ਸਾਰੇ ਲੋਕ ਹੋਰਨਾਂ ਪਛੜੇ ਤਬਕਿਆਂ ਦੇ ਦਰਜੇ ਬਾਰੇ ਪਤਾ ਲਾਉਣ ਲਈ ਜਾਤੀ ਆਧਾਰਿਤ ਗਣਨਾ ਦੇ ਹਮਾਇਤੀ ਰਹੇ ਹਨ। ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦੇ ਮਾਮਲੇ ਵਿਚ ਉਹ ਓ.ਬੀ.ਸੀਜ਼ ਨਾਲੋਂ ਵੱਖਰਾ ਤਰਕ ਦਿੰਦੇ ਹਨ। ਓ.ਬੀ.ਸੀਜ਼ ਛੂਆਛੂਤ ਅਤੇ ਅਧੋਗਤੀ ਦਾ ਸ਼ਿਕਾਰ ਨਹੀਂ ਰਹੇ। ਇਨ੍ਹਾਂ 'ਚੋਂ ਆਰਥਿਕ ਤੌਰ 'ਤੇ ਰੱਜੇ-ਪੁੱਜੇ ਲੋਕਾਂ ਨੂੰ ਉਹੋ ਜਿਹੇ ਵਤੀਰੇ ਦਾ ਅਨੁਭਵ ਨਹੀਂ ਹੋਇਆ ਜਿਹੋ ਜਿਹਾ ਅਨੁਸੂਚਿਤ ਜਾਤੀਆਂ ਦੇ ਗਤੀਸ਼ੀਲ ਤਬਕਿਆਂ ਨੂੰ ਕੁਝ ਹੱਦ ਤੱਕ ਆਰਥਿਕ ਸਫ਼ਲਤਾ ਹਾਸਿਲ ਕਰਨ ਦੇ ਬਾਵਜੂਦ ਝੱਲਣਾ ਪਿਆ ਹੈ। ਉਨ੍ਹਾਂ ਦਾ ਤਰਕ ਹੈ ਕਿ ਅਨੁਸੂਚਿਤ ਜਾਤੀਆਂ ਨੂੰ ਇਕਜੁੱਟ ਰੂਪ ਵਿਚ ਇਸ ਕਰ ਕੇ ਵਰਗੀਕ੍ਰਿਤ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਦਾ ਮੁੱਖ ਧਾਰਾ ਦੇ ਹਿੰਦੂ ਸਮਾਜ ਵੱਲੋਂ ਦੁਤਕਾਰਨ ਦਾ ਸਾਂਝਾ ਅਨੁਭਵ ਰਿਹਾ ਸੀ। ਇਸ ਕਰ ਕੇ ਉਨ੍ਹਾਂ ਦੀ ਅਨੁਸੂਚਿਤ ਜਾਤੀ ਵਿਚ ਸ਼ਮੂਲੀਅਤ ਨਾਲ ਉਹ ਇਕਰੂਪੀ ਜਮਾਤ ਗਿਣੇ ਜਾਂਦੇ ਹਨ। ਉਪ ਵਰਗੀਕਰਨ ਬਾਰੇ ਪਹਿਲਾਂ ਦੇ ਅਦਾਲਤੀ ਫ਼ੈਸਲਿਆਂ ਤੋਂ ਵੀ ਇਸ ਦੀ ਤਸਦੀਕ ਕੀਤੀ ਗਈ ਸੀ।

ਅਨੁਸੂਚਿਤ ਜਾਤੀਆਂ ਦੀ ਗਣਨਾ ਅਤੇ ਇਨ੍ਹਾਂ ਲਈ ਕੋਟਾ ਨਿਯਤ ਕਰਨ ਦੇ ਇਤਿਹਾਸ ਦੀਆਂ ਪੈੜਾਂ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਤੱਕ ਜਾਂਦੀਆਂ ਹਨ। ਬਰਤਾਨਵੀ ਸ਼ਾਸਕਾਂ ਵੱਲੋਂ ਉਨੀਵੀਂ ਸਦੀ ਦੇ ਅੰਤ ਵਿਚ ਮਰਦਮਸ਼ੁਮਾਰੀ ਦੀ ਸ਼ੁਰੂਆਤ ਭਾਰਤ ਦੀ ਜਾਤੀ ਵਿਵਸਥਾ ਦੇ ਇਤਿਹਾਸ ਦਾ ਫੈਸਲਾਕੁਨ ਮੋੜ ਸੀ। ਇਸ ਨੇ ਜਾਤੀ ਦੀ ਕਲਪਨਾ ਕਿਸ ਢੰਗ ਨਾਲ ਕੀਤੀ ਜਾਂਦੀ ਸੀ, ਉਸ ਨੂੰ ਬਦਲ ਦਿੱਤਾ। ਜਾਤੀਆਂ ਅਤੇ ਇਨ੍ਹਾਂ ਦੀਆਂ ਉਪ ਇਕਾਈਆਂ ਦੀ ਸਥਾਨਕ ਵਿਵਸਥਾ ਤੋਂ ਇਹ ਕੁੱਲ ਹਿੰਦ ਪੱਧਰ 'ਤੇ ਜਾਤੀ ਭਾਈਚਾਰਿਆਂ ਦੀ ਗੱਲ ਹੋਣ ਲੱਗ ਪਈ। ਇਸ ਨੇ ਉਨ੍ਹਾਂ ਅੰਦਰਲੇ ਸਭ ਤੋਂ ਵੱਧ ਮਹਿਰੂਮ ਤਬਕਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੱਬੀਆਂ ਕੁਚਲੀਆਂ ਜਮਾਤਾਂ ਦੇ ਵੱਖਰੇ ਵਰਗ ਵਿਚ ਪਰਿਭਾਸ਼ਤ ਕਰਨ ਦਾ ਰਾਹ ਵੀ ਪੱਧਰਾ ਹੋ ਗਿਆ। ਇਸ ਤਰ੍ਹਾਂ ਦਾ ਵਰਗੀਕਰਨ ਹੋਣ ਨਾਲ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਕੇਸ ਵੀ ਬਣ ਗਿਆ।

ਕੁਝ ਦੇਸੀ ਸ਼ਾਸਕਾਂ ਨੇ ਵੀ ਇਹ ਕਲਿਆਣਕਾਰੀ ਨੀਤੀਆਂ ਤਿਆਰ ਕਰਨ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਰਾਖਵਾਂਕਰਨ ਨੀਤੀ 1902 ਵਿਚ ਕੋਲ੍ਹਾਪੁਰ ਦੇ ਸ਼ਾਸਕ ਸ਼ਾਹੂ ਮਹਾਰਾਜ ਵੱਲੋਂ ਸ਼ੁਰੂ ਕੀਤੀ ਗਈ ਸੀ। ਜਦੋਂ ਤਕ ਭਾਰਤ ਨੇ ਆਜ਼ਾਦੀ ਹਾਸਿਲ ਕੀਤੀ ਉਦੋਂ ਤੱਕ ਇਹ ਪ੍ਰਕਿਰਿਆ ਜਾਰੀ ਰਹੀ ਅਤੇ ਇਸ ਮੁਤੱਲਕ ਲਗਪਗ ਆਮ ਸਹਿਮਤੀ ਸੀ ਕਿ ਦੇਸ਼ ਨੂੰ ਉਨ੍ਹਾਂ ਲੋਕਾਂ ਦੇ ਭਲੇ ਲਈ ਵਿਸ਼ੇਸ਼ ਪ੍ਰਬੰਧਾਂ ਦੀ ਲੋੜ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਛੂਆਛੂਤ ਅਤੇ ਵਿਤਕਰਿਆਂ ਦਾ ਸੰਤਾਪ ਹੰਢਾਉਣਾ ਪਿਆ ਸੀ। ਸੰਵਿਧਾਨ ਘੜਨੀ ਸਭਾ ਵਿਚ ਬੀ.ਆਰ. ਅੰਬੇਡਕਰ ਦੀ ਖਰੜਾ ਕਮੇਟੀ ਦੇ ਮੁਖੀ ਵਜੋਂ ਮੌਜੂਦਗੀ ਨੇ ਇਹ ਯਕੀਨੀ ਬਣਾ ਦਿੱਤਾ ਕਿ ਉਨ੍ਹਾਂ ਨੂੰ ਰਾਖਵੇਂਕਰਨ ਦੇ ਰੂਪ ਵਿਚ ਵਾਜਬ ਹੱਕ ਮਿਲੇ।

ਭਾਰਤ ਦੀ ਰਾਖਵਾਂਕਰਨ ਨੀਤੀ ਆਧੁਨਿਕ ਸੰਸਾਰ 'ਚ ਸਰਕਾਰੀ ਪੱਧਰ 'ਤੇ ਸਕਾਰਾਤਮਕ ਕਾਰਵਾਈਆਂ ਦੀਆਂ ਸਭ ਤੋਂ ਸਫ਼ਲ ਉਦਾਹਰਨਾਂ ਵਿਚੋਂ ਇੱਕ ਹੈ। ਇਸ ਨੇ ਅਛੂਤ ਮੰਨੇ ਜਾਣ ਵਾਲਿਆਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਸਕੂਲ, ਕਾਲਜ ਤੇ ਯੂਨੀਵਰਸਿਟੀ ਜਾਣ ਦੇ ਯੋਗ ਬਣਾਇਆ ਅਤੇ ਹਰੇਕ ਪੱਧਰ 'ਤੇ ਸਰਕਾਰੀ ਖੇਤਰ 'ਚ ਨੌਕਰੀਆਂ ਦਿਵਾਈਆਂ। ਇਸ ਤੋਂ ਇਲਾਵਾ ਇਸ ਨੀਤੀ ਰਾਹੀਂ ਹੀ ਸੰਭਵ ਬਣਿਆ ਕਿ ਉਹ ਆਪਣੀ ਜਾਤੀ ਦੇ ਮੈਂਬਰਾਂ ਨੂੰ ਚੁਣ ਕੇ ਰਾਜ ਵਿਧਾਨ ਸਭਾਵਾਂ ਤੇ ਸੰਸਦ ਵਿਚ ਭੇਜ ਸਕਣ। ਕਈ ਸਾਲਾਂ 'ਚ ਇਸ ਨੇ ਦਲਿਤ ਮੱਧਵਰਗ ਵੀ ਪੈਦਾ ਕੀਤਾ ਜੋ ਆਪਣੇ ਅੰਦਰਲੀਆਂ ਚਿੰਤਾਵਾਂ ਤੇ ਖ਼ਾਹਿਸ਼ਾਂ ਨੂੰ ਪ੍ਰਗਟ ਕਰਦਾ ਹੈ।

ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਇਕੱਠੇ ਰਹਿ ਕੇ ਉਨ੍ਹਾਂ ਗਿਣਤੀ ਦੇ ਪੱਖ ਤੋਂ ਵੀ ਮਜ਼ਬੂਤੀ ਹਾਸਿਲ ਕੀਤੀ। ਅਨੁਸੂਚਿਤ ਜਾਤੀਆਂ ਵਜੋਂ ਉਨ੍ਹਾਂ ਦੀ ਹਿੱਸੇਦਾਰੀ ਕਾਫ਼ੀ ਵਿਆਪਕ ਹੈ; ਕੁਝ ਰਾਜਾਂ ਵਿਚ ਉਹ ਕੁੱਲ ਆਬਾਦੀ ਦੇ ਚੌਥੇ ਹਿੱਸੇ ਤੋਂ ਵੀ ਵੱਧ ਹਨ। ਚੁਣਾਵੀ ਲੋਕਤੰਤਰ ਵਿਚ ਅੰਕੜੇ ਬਹੁਤ ਮਹੱਤਵ ਰੱਖਦੇ ਹਨ। ਕਾਂਸ਼ੀ ਰਾਮ ਵਰਗੇ ਨੇਤਾ ਇਸ ਲਈ ਸਫ਼ਲ ਹੋਏ ਕਿਉਂਕਿ ਉਨ੍ਹਾਂ ਆਪਣੇ ਹਲਕਿਆਂ ਨੂੰ ਇਹ ਅਹਿਸਾਸ ਕਰਾਇਆ ਸੀ ਕਿ ਰਾਜਨੀਤਕ ਗੁੱਟ ਵਜੋਂ ਇਕੱਠੇ ਰਹਿ ਕੇ ਕੰਮ ਕਰਦਿਆਂ ਉਨ੍ਹਾਂ ਦਾ ਕਿੰਨਾ ਮੁੱਲ ਪੈ ਸਕਦਾ ਹੈ। ਹਾਲਾਂਕਿ, ਅਨੁਸੂਚਿਤ ਜਾਤੀਆਂ ਦੀ ਸੂਚੀ (ਐੱਸ.ਸੀ. ਲਿਸਟ) ਵਿਚ ਇਕੱਠੇ ਰਹਿਣ ਦੇ ਬਾਵਜੂਦ ਇਨ੍ਹਾਂ ਦੀਆਂ ਜਾਤੀਆਂ ਨਾਲ ਜੁੜੀਆਂ ਪਛਾਣਾਂ ਫਿੱਕੀਆਂ ਨਹੀਂ ਪਈਆਂ। 'ਦਲਿਤ' ਵਰਗੇ ਵਰਗ ਰਾਸ਼ਟਰੀ ਪੱਧਰ 'ਤੇ ਤਾਂ ਇੱਕੋ ਪਛਾਣ ਰੱਖਦੇ ਹਨ ਪਰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਉਹ ਵੰਡੇ ਹੋਏ ਹਨ। ਉਨ੍ਹਾਂ ਦੀਆਂ ਦੋਸਤੀਆਂ ਨਿਰੋਲ ਉਨ੍ਹਾਂ ਦੀ ਜਾਤ-ਬਿਰਾਦਰੀ ਤੱਕ ਹੀ ਸੀਮਤ ਹਨ। ਭਾਰਤੀ ਸੰਘ ਦੇ ਹਰੇਕ ਰਾਜ ਵਿਚ ਐੱਸ.ਸੀ. ਸੂਚੀ 'ਚ ਵੱਖੋ-ਵੱਖਰੀਆਂ ਜਾਤੀਆਂ ਸ਼ਾਮਿਲ ਹਨ।

ਇਸ ਗੱਲ ਦੀ ਸੰਭਾਵਨਾ ਹੈ ਕਿ ਵੱਖੋ-ਵੱਖਰੇ ਖੰਡਾਂ 'ਚ ਉਪ ਵਰਗੀਕਰਨ ਇਨ੍ਹਾਂ ਦੀ ਸਿਆਸੀ ਤਾਕਤ ਨੂੰ ਅਤੇ ਰਾਖਵਾਂਕਰਨ ਦੇ ਪੱਖ 'ਚ ਰਾਜ 'ਤੇ ਦਬਾਅ ਬਣਾਉਣ ਦੀ ਇਨ੍ਹਾਂ ਦੀ ਸਮਰੱਥਾ ਨੂੰ ਘਟਾਏਗਾ। ਇਹ ਵੀ ਸੱਚ ਹੈ ਕਿ ਐੱਸ.ਸੀ. ਜਾਤੀ ਦੇ ਇੱਕ ਵਿਅਕਤੀ ਵੱਲੋਂ ਰਾਖਵੇਂਕਰਨ ਰਾਹੀਂ ਮਾਣੀ ਗਤੀਸ਼ੀਲਤਾ, ਉਸ ਦੀ ਬਿਰਾਦਰੀ ਖਿਲਾਫ਼ ਸਮਾਜਿਕ ਪੱਖਪਾਤ ਨੂੰ ਖ਼ਤਮ ਨਹੀਂ ਕਰਦੀ। ਇਹ ਇਸ ਚੀਜ਼ ਦੇ ਪ੍ਰਸੰਗ ਵਿਚ ਹੈ ਕਿ ਅਨੁਸੂਚਿਤ ਜਾਤੀਆਂ ਦੇ ਮਾਮਲੇ ਵਿਚ 'ਕਰੀਮੀ ਲੇਅਰ' ਦੇ ਵਿਚਾਰ ਨੂੰ ਥੋਪਣ ਦੀ ਕੋਈ ਤੁਕ ਨਹੀਂ ਬਣਦੀ ਤੇ ਇਸ ਨੂੰ ਸਰਕਾਰੀ ਨੀਤੀ ਲਈ ਨਹੀਂ ਵਿਚਾਰਿਆ ਜਾਣਾ ਚਾਹੀਦਾ।

ਸਾਨੂੰ ਇਹ ਵੀ ਸਵੀਕਾਰਨਾ ਪਏਗਾ ਕਿ ਉਪ ਵਰਗੀਕਰਨ ਦੀ ਮੰਗ ਅੰਦਰੋਂ ਹੀ ਐੱਸ.ਸੀ. ਬਿਰਾਦਰੀਆਂ ਦੇ ਉਨ੍ਹਾਂ ਵਰਗਾਂ ਵੱਲੋਂ ਚੁੱਕੀ ਗਈ ਹੈ ਜਿਨ੍ਹਾਂ ਨੂੰ ਕੋਟੇ ਦੀਆਂ ਨੌਕਰੀਆਂ 'ਚ ਵਾਜਬ ਪ੍ਰਤੀਨਿਧਤਾ ਨਹੀਂ ਮਿਲ ਸਕੀ। ਇਸ ਤਰ੍ਹਾਂ ਦੇ ਦਾਅਵਿਆਂ ਦੇ ਪੱਖ ਵਿਚ ਕਈ ਸਬੂਤ ਮੌਜੂਦ ਹਨ ਜੋ ਉਨ੍ਹਾਂ ਦੀ ਮੰਗ ਨੂੰ ਵਾਜਬ ਠਹਿਰਾਉਂਦੇ ਹਨ।

ਹਾਲਾਂਕਿ ਸੰਵਿਧਾਨ 'ਚ ਸ਼ਾਮਿਲ ਅਨੁਸੂਚਿਤ ਜਾਤੀਆਂ ਕੋਈ ਤੈਅ ਜਾਂ ਮੁਕੰਮਲ ਬਿਰਾਦਰੀਆਂ ਨਹੀਂ ਹਨ। ਗੁਜ਼ਰੇ ਸਾਲਾਂ 'ਚ ਕਈ ਵਰਗਾਂ ਨੂੰ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਉਦਾਹਰਨ ਵਜੋਂ 1951 ਵਿਚ ਪੰਜਾਬ 'ਚ 27 ਜਾਤੀਆਂ ਐੱਸ.ਸੀ. ਵਜੋਂ ਸੂਚੀਬੱਧ ਸਨ। ਵਰਤਮਾਨ 'ਚ ਇਹ ਅੰਕੜਾ 39 ਹੈ। ਅਜਿਹਾ ਹੀ ਕਈ ਹੋਰ ਰਾਜਾਂ ਵਿਚ ਵੀ ਹੈ, ਅਨੁਸੂਚਿਤ ਜਨਜਾਤੀਆਂ ਦੇ ਕੇਸ ਵਿਚ ਵੀ ਅਜਿਹਾ ਹੋਇਆ ਹੈ।

ਜੇ ਰਾਖਵਾਂਕਰਨ ਢਾਂਚੇ ਦਾ ਮੰਤਵ ਨਿਆਂ ਅਤੇ ਹਿੱਸੇਦਾਰੀ/ਭਾਗੀਦਾਰੀ ਹੈ ਤਾਂ ਉਪ ਵਰਗੀਕਰਨ ਦੇ ਪ੍ਰਸਤਾਵ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ ਪਰ ਜੇ ਮੰਤਵ ਨਾਗਰਿਕਾਂ ਨੂੰ ਉਨ੍ਹਾਂ ਡੂੰਘੀਆਂ ਅਸਮਾਨਤਾਵਾਂ ਵਿਚੋਂ ਕੱਢਣਾ ਹੈ ਜਿਨ੍ਹਾਂ 'ਚ ਉਹ ਫਸੇ ਹੋਏ ਹਨ, ਫਿਰ ਜਮਹੂਰੀ/ਕਲਿਆਣਕਾਰੀ ਸਰਕਾਰ ਦੀਆਂ ਨੀਤੀਆਂ ਅੰਕੜਿਆਂ ਤੇ ਪ੍ਰਮਾਣਾਂ ਵਿਚੋਂ ਨਿਕਲਣੀਆਂ ਚਾਹੀਦੀਆਂ ਹਨ, ਨਾ ਕਿ ਸਿਰਫ਼ ਪਛਾਣਾਂ ਵਿਚੋਂ।

## ਅਗਲਾ ਜਹਾਨ

*(ਪਿਛਲੇ ਸਫੇ ਦੀ ਬਾਕੀ)*

ਹੱਥ ਬੁਢੇਪੇ ਕਾਰਨ ਹਮੇਸ਼ਾ ਕੰਬਦੇ ਰਹਿੰਦੇ, ਸਿਰ ਝੂਲਦਾ ਰਹਿੰਦਾ। ਉਹ ਆਪਣੇ ਬੋੜੇ ਮੂੰਹ ਵਿਚ ਗਲ ਚਗਲਦੀ ਹੋਈ ਕਹਿਣ ਲਗੀ- "ਭੈਣੇ, ਕੇ ਪਤਾ, ਕਿਸ ਵੇਲੇ ਪ੍ਰਾਣ ਨਿਕਲ ਵੰਞਣ। ਉਦੋਂ ਧਿਆਨ ਖਸਮਾ ਖਾਣਾ ਪਤਾ ਨਹੀਂ ਕਿਥੇ ਹੋਵੇ।"

ਉਹਦੇ ਨਾਲ ਬੈਠੀ ਗੁਰਾਂ ਦਈ ਝਟ ਬੋਲ ਪਈ, "ਨੀ ਮੈਂ ਤੁੱਘੀ ਦਸਨੀ ਆਂ। ਮਹਿੰਡੀ ਸੱਸ ਸੁਮਿਤਰਾਂ ਦੇ ਜਿਸ 'ਲੇ ਪ੍ਰਾਣ ਨਿਕਲਣ ਲਗੇ ਉਹਦੇ ਦਿਲੇ 'ਚ ਪਤਾ ਨਹੀਂ ਕੀ ਆਈ। ਆਖਣ ਲਗੀ- "ਧੀਏ ਇਕ ਚਿੱਟਾ ਰੁਪਿਆ ਹੈ ਈ। ਜ਼ਰਾ ਲੈ ਆਵੀਂ।" ਪਤਾ ਨਹੀਂ ਉਹ ਰੁਪਏ ਆਂ ਕੀ ਕਰਨਾ ਚਾਹੁੰਨੀ ਅਹੀ, ਸ਼ਾਇਦ ਮਣਸਣਾ ਹੋਵੇ। ਮੈਂ ਜਿਸ 'ਲੇ ਸੰਦੂਕ ਵਿਚੋਂ ਰੁਪਿਆ ਕੱਢ ਕੇ ਲਿਆਂਦਾ, ਉਹਦੀ ਫੂਕ ਨਿਕਲ ਚੁਕੀ ਅਹੀ।"

"ਕਹਿੰਦੇ ਆ, ਅੰਤ ਵੇਲੇ ਜੋ ਲਛਮੀ ਵਲ ਧਿਆਨ ਧਰੇ, ਉਹ ਸੱਪ ਨੀ ਜੂਨੇ ਪੈਂਦੈ।" ਵਿਚੋਂ ਕੋਈ ਬੋਲ ਪਈ।

"ਹਾਂ, ਸੁਮਿੱਤਰਾ ਸੱਪਣੀ ਨੀ ਜੂਨੀ 'ਚ ਹੀ ਪਈ ਅਹੀ।" ਗੁਰਦਈ ਨੇ ਅੱਗੋਂ ਹੁੰਗਾਰਾ ਭਰਿਆ, "ਕੁਝ ਦਿਨ ਮਗਰੋਂ ਅਸਾਂ ਕੀ ਰੁਪਿਆਂ ਨੀ ਲੋੜ ਪਈ ਅਹੀ। ਅਸਾਂ ਚੂਲ੍ਹੇ ਵਾਲੀ ਦੇਗ ਪੁਟੀ ਤਾਂ ਉਥੋਂ ਇਕ ਸੱਪਣੀ ਸ਼ੂਕਦੀ ਹੋਈ ਨਿਕਲੀ। ਇਹ ਸੱਪਣੀ ਕੀ ਮਾਰਨ ਲਗੇ, ਪਰ ਸਹੁਰੇ ਨੇ ਰੋਕ ਦਿਤਾ- "ਨਾ ਮਾਰੋ ਇਸ ਸ਼ੋਹਦੀ ਆਂ। ਮਤਾਂ ਇਹ ਸੁਮਿਤ੍ਰਾ ਹੀ ਹੋਵੇ। ਮਰਨ ਵੇਲੇ ਉਸ ਵਿਚਾਰੀ ਨਾ ਧਿਆਨ ਰੁਪਿਆਂ ਵਲ ਚਲਾ ਗਿਆ ਇਹਾ। ਤੇ ਇਤਨੀ ਦੇਰ ਵਿਚ ਸੱਪਣੀ ਕਿਧਰ ਨੀ ਕਿਧਰ ਨਿਕਲ ਗਈ।"

"ਤੇ ਜਿਹੜਾ ਸੂਮ ਹੋਵੇ?"

ਉਹ ਕੀੜੀ ਨੀ ਜੂਨੇ ਪੈਨੇਂ।"

"ਜਿਹੜਾ ਸ਼ਾਹ ਵਾਂਗ ਰਤ ਚੂਸਨਾ ਰਹੇ?"

"ਉਹ ਅਗਲੇ ਜਨਮ ਜੋਕ ਬਣਨੈਂ ਜੋਕ।"

"ਤੇ ਜੇ ਕੋਈ ਤੀਵੀਂ ਸਾਰਾ ਦਿਨ ਕੰਘੀ ਪਟੀ 'ਚ ਰੁਝੀ ਰਹੇ, ਬਿੰਦੀਆਂ ਕਜਲੇ ਨਾਲ ਮੂੰਹ ਸੰਵਾਰਦੀ ਰਹੇ, ਉਹ?"

"ਨੀ ਅਜਿਹੀ ਬਲਖੀ ਰੰਨ ਤਾਂ ਵੇਸਵਾ ਨੀ ਜੂਨੀ 'ਚ ਪੈਨੀਂ ਏ।"

"ਤੇ ਜਿਹੜਾ ਮਰਦ ਕਾਮੀ ਹੋਵੇ, ਭੁੱਖਾ ਤੇ ਹਾਬੜਿਆ, ਨਾ ਧੀ ਭੈਣ ਵੇਖੋ, ਨਾ ਗਲੀ ਗੁਆਂਢ।" ਸਤਿਆ ਨੇ ਸਾਹਮਣੇ ਬੈਠੀ ਪ੍ਰੇਮੀ ਵਲ ਇਸ਼ਾਰਾ ਕਰਦੇ ਹੋਏ ਪੁੱਛਿਆ। ਪ੍ਰੇਮੀ ਦਾ ਘਰ ਵਾਲਾ ਬੁੱਢੇ ਵਾਰੇ ਵੀ ਹੱਟੀ ਉਤੇ ਸੌਦਾ ਲੈਣ ਆਈਆਂ ਜੱਟੀਆਂ ਨਾਲ ਮਸਖਰੀਆਂ ਕਰਨੋ ਨਹੀਂ ਸੀ ਟਲਦਾ।

"ਉਹ ਤਾਂ ਕੁਤੇ ਨੀ ਜੂਨੇ ਪੈਂਦੈ।"

"ਤੈਨੂੰ ਕਿਸ ਦਸਿਐ?"

"ਉਸੇ ਸਾਧ ਨੇ ਜਿਹੜਾ ਬਸੰਤੀ ਨੇ ਘਰ ਕਥਾ ਕਰਨ ਆਇਆ ਅਹਿਆ।"

"ਆਪ ਤਾਂ ਉਹ ਸਾਧ ਸਾਰੀ ਦਿਹਾੜੀ ਤੀਵੀਆਂ ਨੀ ਕੁਛੋਂ ਉਠਨਾ ਨਹੀਂ ਅਹਿਆ। ਮੈਂ ਤਾਂ ਸੁਣਿਐ ਬਸੰਤੀ ਰਾਤੀਂ ਉਹਦੀਆਂ ਲੱਤਾਂ ਦਬਿਆ ਕਰਨੀ ਅਹੀ।"




***ਵਣਜਾਰਾ ਬੇਦੀ ਦੀ ਸਵੈ-ਜੀਵਨੀ 'ਅੱਧੀ ਮਿੱਟੀ ਅੱਧਾ ਸੋਨਾ' ਦਾ ਸਰਵਰਕ।***

ਤੇ ਸਭ ਤੀਵੀਆਂ ਖਿਲ੍ਹੀ ਮਾਰ ਕੇ ਹੱਸਣ ਲਗਦੀਆਂ।

"ਪਰ ਇਨ੍ਹਾਂ ਸਾਧਾਂ ਨੀਆਂ ਕੇ ਬਾਤਾਂ ਨੇ, ਇਹ ਤਾਂ ਰੱਬ ਨਾਲ ਰਲੇ ਹੋਨੇ ਨੂ, ਖੋਟੇ ਕਰਮ ਕਰ ਕੇ ਵੀ ਸਵਰਗਾਂ 'ਚ ਪੁਜਣ ਨੀ ਤਰਕੀਬ ਕਢ ਲੈਨੇ ਨੂ, ਤੂੰ ਉਸ ਮੁਸ਼ਟੰਡੇ ਸਾਧ ਨੀ ਸਾਖੀ ਨਹੀਂ ਸੁਣੀ, ਜਿਹੜਾ ਸਾਰੀ ਉਮਰਾਂ ਚੇਲੀਆਂ ਭੋਗਦਾ ਰਿਹਾ, ਪਰ ਮਰਨ ਮਗਰੋਂ ਸਵਰਗਾਂ ਵਿਚ ਆਨੰਦ ਲੈਣ ਲਗਾ।"

ਤੇ ਫਿਰ ਉਹ ਮਸ਼ਟੰਡੇ ਸਾਧੂ ਦੀ ਗੱਲ ਛੁਹ ਬੈਠੀ: ਇਕ ਭੇਖੀ ਸਾਧੂ ਸਾਰੀ ਉਮਰ ਠਗੀ ਠੋਰੀ ਕਰਦਾ ਰਿਹਾ। ਚੋਰੀ, ਯਾਰੀ, ਜੂਆ ਗਾਂਜਾ, ਕਿਹੜਾ ਕਸਬ ਸੀ ਜਿਹੜਾ ਉਸ ਨਹੀਂ ਸੀ ਕੀਤਾ। ਜ਼ਿੰਦਗੀ ਵਿਚ ਉਹਨੇ ਇਕੋ ਨੇਕ ਕੰਮ ਕੀਤਾ ਸੀ। ਇਕ ਜਵਾਨ ਵਿਧਵਾ ਨੇ ਘਰੋਂ ਦੁਖੀ ਹੋ ਕੇ ਨਦੀ ਵਿਚ ਛਾਲ ਮਾਰ ਦਿਤੀ। ਸਾਧ ਨੇ ਤੀਵੀਂ ਨੂੰ ਰੁੜ੍ਹਦਿਆਂ ਵੇਖ ਕੇ ਨਦੀ ਵਿਚੋਂ ਬਾਹਰ ਕਢਿਆ ਤੇ ਆਪਣੀ ਕੁਟੀਆ ਵਿਚ ਲਿਆ ਕੇ ਉਹਦਾ ਦਵਾ ਦਾਰੂ ਕੀਤਾ। ਜਦੋਂ ਉਹ ਨਵੀਂ-ਨਰੋਈ ਹੋ ਗਈ ਤਾਂ ਉਸ ਨਾਲ ਸਾਧ ਨੇ ਖੁਦ ਚਾਦਰਾਂ ਪਾ ਲਈਆਂ। ਵਿਧਵਾ ਛੋਟੀ ਉਮਰ ਦੀ ਸੀ ਤੇ ਸਾਧ ਉਹਦੇ ਪਿਉ ਦਾ ਹਾਣੀ। ਵਿਧਵਾ ਨੇ ਬਥੇਰੀ ਨਾਂਹ ਨੁਕਰ ਕੀਤੀ, ਪਰ ਉਹਦੀ ਕੋਈ ਪੇਸ਼ ਨਾ ਗਈ। ਅਖੀਰ ਉਹ ਉਸ ਬੁੱਢੇ ਰਿੱਛ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਵਿਚ ਆ ਗਈ।

ਕਹਿੰਦੇ ਨੇ, ਜਦੋਂ ਸਾਧ ਮਰ ਕੇ ਧਰਮਰਾਜ ਦੇ ਦਰਬਾਰ ਵਿਚ ਪੁਜਾ ਤਾਂ ਉਸ ਦੀ ਜ਼ਿੰਦਗੀ ਵਿਚ ਇਕੋ ਨੇਕ ਕਰਮ ਸੀ- ਵਿਧਵਾ ਤੀਵੀਂ ਨੂੰ ਨਦੀ ਵਿਚੋਂ ਕਢ ਕੇ ਉਹਦਾ ਦਵਾ-ਦਾਰੂ ਕਰਨਾ। ਬਾਕੀ ਸਾਰੀ ਜ਼ਿੰਦਗੀ ਕਾਲੇ ਕਰਮਾਂ ਨਾਲ ਓਤ ਪੋਤ ਸੀ, ਜਿਵੇਂ ਕਿਸੇ ਤਖਤੀ ਉਤੇ ਕਾਲੀ ਸਿਆਹੀ ਡੋਲ ਦਿੱਤੀ ਹੋਵੇ।

ਧਰਮਰਾਜ ਨੇ ਹਿਸਾਬ ਵੇਖ ਕੇ ਕਿਹਾ- "ਤੇਰੇ ਲੇਖੇ 'ਚ ਇਕ ਘੜੀ ਪਲ ਦਾ ਸਵਰਗ ਏ, ਬਾਕੀ ਸਾਰੀ ਮੁਦਤ ਤੂੰ ਨਰਕ ਭੋਗਣੈ। ਬੋਲ, ਪਹਿਲਾਂ ਸਵਰਗ ਭੋਗਣਾ ਚਾਹੁੰਦੈਂ ਕਿ ਨਰਕ?"

"ਮੈਂ ਤਾਂ ਪਹਿਲਾਂ ਸਵਰਗ ਭੋਗਣੈਂ।" ਪਖੰਡੀ ਸਾਧੂ ਨੇ ਸੋਚ ਕੇ ਕਿਹਾ। ਸੋ ਜਮਦੂਤ ਉਹਨੂੰ ਸਵਰਗ ਦੇ ਦਰਵਾਜ਼ੇ ਤਕ ਲੈ ਗਏ ਤੇ ਕਹਿਣ ਲਗੇ, "ਅਸੀਂ ਸਵਰਗਾਂ ਅੰਦਰ ਪੈਰ ਨਹੀਂ ਰੱਖ ਸਕਦੇ। ਤੂੰ ਅੰਦਰ ਲੰਘ ਜਾ ਅਤੇ ਇਕ ਘੜੀ ਸਵਰਗ ਦਾ ਆਨੰਦ ਭੋਗ ਕੇ ਫਿਰ ਆਪਣੇ ਆਪ ਬਾਹਰ ਆ ਜਾਵੀਂ। ਅਸੀਂ ਤੈਨੂੰ ਇਥੇ ਹੀ ਖੜ੍ਹੇ ਉਡੀਕਦੇ ਹਾਂ।"

ਕਹਿੰਦੇ ਨੇ, ਸਾਧ ਅੰਦਰ ਜਾ ਕੇ ਸਵਰਗ ਦੇ ਆਨੰਦ ਮਾਣਨ ਲਗਾ। ਜਮਦੂਤ ਬਾਹਰ ਖੜੇ ਉਡੀਕਦੇ ਰਹੇ ਪਰ ਉਹ ਸਾਧੂ ਬਾਹਰ ਨਿਕਲਿਆ ਹੀ ਨਾ। ਜਮਦੂਤ ਉਡੀਕ ਉਡੀਕ ਕੇ ਹਾਰ ਗਏ। ਇਉਂ ਉਹ ਪਖੰਡੀ ਜਮਦੂਤਾਂ ਨੂੰ ਵੀ ਚਕਮਾ ਦੇ ਗਿਆ।

"ਫਿਰ ਤਾਂ ਅਗੇ ਵੀ ਠਗੀ ਠਓਰੀ ਚਲਨੀ ਏ। ਚਲਾਕ ਲੋਕੀ ਅਗੇ ਵੀ ਲਾਹਾ ਖਟ ਲੈਨੇਂ ਨੂ।" ਸੁਲਖਣੀ ਗੰਭੀਰ ਜਿਹੀ ਹੋ ਕੇ ਬੋਲੀ, "ਸਾਡੇ ਜਿਹੇ ਲਲ੍ਹੇ ਤਾਂ ਅਗੋਂ ਵੀ ਖਵਾਰ ਹੋਣੇ ਫਿਰਸਨ।"

ਤੇ ਇਉਂ ਗੱਲਾਂ ਦਾ ਕਾਫਲਾ ਤੁਰਦਾ ਰਹਿੰਦਾ।

# ਮੈਟਾਵਰਸ: ਭਵਿੱਖ ਦਾ ਸੰਚਾਰ ਸਾਧਨ ਅਤੇ ਚੁਣੌਤੀਆਂ

ਸੰਚਾਰ ਸਾਧਨਾਂ ਦਾ ਇਤਿਹਾਸ ਬਹੁਤ ਹੀ ਦਿਲਚਸਪ ਰਿਹਾ ਹੈ। ਜੇਕਰ ਅਸੀਂ ਇਤਿਹਾਸ ਵਿਚ ਪਿੱਛੇ ਮੁੜ ਕੇ ਝਾਤ ਮਾਰੀਏ, ਤਾਂ ਟੈਲੀਫੋਨ ਦੇ ਆਗਮਨ ਤੋਂ ਪਹਿਲਾਂ ਦਾ ਸਮਾਂ ਯਾਦ ਕਰਦੇ ਹੋਏ ਸਮਾਰਟਫੋਨ ਦੀ ਵਰਤੋਂ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ ਜਾਪਦੀ। ਇਸ ਯੁੱਗ ਦੇ ਸ਼ੁਰੂਆਤੀ ਸਮਿਆਂ ਵਿਚ, ਅਸੀਂ ਕਦੇ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇੱਕ ਸਮਾਰਟਫੋਨ ਹੋਵੇਗਾ ਜਿਸ ਨਾਲ ਅਸੀਂ ਦੂਰ ਦਰਾਜ ਬੈਠੇ ਲੋਕਾਂ ਨਾਲ ਇਸ ਤਰ੍ਹਾਂ ਗੱਲ ਕਰ ਸਕਾਂਗੇ। ਨਾ ਸਿਰਫ ਗੱਲਾਂ ਹੀ ਕਰ ਸਕਾਂਗੇ, ਸਗੋਂ ਇਹ ਸਾਧਨ ਸਾਡੇ ਰੋਜ਼ਾਨਾ ਦੇ ਕਈ ਹੋਰ ਕੰਮ ਵੀ ਆਸਾਨ ਕਰ ਦੇਵੇਗਾ। ਇਹ ਸੰਚਾਰ ਤਕਨਾਲੋਜੀ ਦੀ ਕਹਾਣੀ ਅਜੇ ਇੱਥੇ ਵੀ ਰੁਕਦੀ ਨਜ਼ਰ ਨਹੀਂ ਆਉਂਦੀ। ਮੌਜੂਦਾ ਸਮੇਂ 'ਮੈਟਾਵਰਸ'



ਡਾ. ਗੁਰਜੀਤ ਸਿੰਘ ਭੱਠਲ
ਫੋਨ: 98142-05475

ਦੀਆਂ ਗੱਲਾਂ ਚਰਚਾ ਦਾ ਕੇਂਦਰ ਬਣ ਰਹੀਆਂ ਹਨ। ਮੈਟਾਵਰਸ ਆਉਣ ਨਾਲ, ਮੋਬਾਈਲ ਰਾਹੀਂ ਗੱਲਬਾਤ ਦੇ ਤਰੀਕੇ ਬਦਲ ਜਾਣਗੇ ਅਤੇ ਅਸੀਂ ਭਵਿੱਖ ਵਿਚ ਇੱਕ ਵਰਚੁਅਲ ਜਗਤ ਵਿਚ ਗੱਲਬਾਤ ਕਰਾਂਗੇ, ਜਿੱਥੇ ਹਰ ਤਰੀਕੇ ਨਾਲ ਅਸਲ ਜ਼ਿੰਦਗੀ ਵਾਂਗ ਅਨੁਭਵ ਹੋਵੇਗਾ। ਇਸ ਨੂੰ 3ਡੀ ਇੰਟਰਨੈੱਟ ਵੀ ਕਹਿ ਸਕਦੇ ਹਾਂ। ਸਾਡੇ ਹੱਥਾਂ 'ਚ ਫੜੇ ਸਮਾਰਟਫੋਨਾਂ ਦੀ ਵਰਤੋਂ ਤੋਂ ਪਰੇ, ਮੈਟਾਵਰਸ ਇੱਕ ਅਜਿਹਾ ਜ਼ਰੀਆ ਹੈ ਜੋ ਸੰਚਾਰ ਦੇ ਤਰੀਕਿਆਂ ਨੂੰ ਅਸਲੀਅਤ ਤੋਂ ਹੋਰ ਅੱਗੇ ਲੈ ਜਾਵੇਗਾ।

ਮੈਟਾਵਰਸ ਇਕ ਵਰਚੁਅਲ ਜਗਤ ਹੈ, ਜੋ ਸਾਡੀ ਭੌਤਿਕ ਹਕੀਕਤ ਨਾਲ ਮਿਲਦੇ-ਜੁਲਦੇ ਤਰੀਕੇ ਨਾਲ ਕੰਮ ਕਰਦਾ ਹੈ, ਪਰ ਇਹ ਉਸ ਤੋਂ ਵੀ ਅੱਗੇ ਹੈ, ਜਿਹਦੇ ਜ਼ਰੀਏ ਲੋਕ ਆਪਣੇ ਡਿਜਿਟਲ ਅਵਤਾਰਾਂ ਰਾਹੀਂ ਇਕ ਦੂਸਰੇ ਨਾਲ ਗੱਲਬਾਤ ਕਰਦੇ ਹਨ, ਅਤੇ ਇਹ ਇੱਕ ਅਜਿਹੀ ਤਕਨਾਲੋਜੀ ਹੈ ਜੋ ਸਾਡੀ ਅਸਲ ਜ਼ਿੰਦਗੀ ਅਤੇ ਡਿਜਿਟਲ ਜਗਤ ਦੇ ਵਿਚਕਾਰ ਦੀ ਲਕੀਰ ਨੂੰ ਮਿਟਾਉਂਦੀ ਹੈ। ਇਸ ਦੀ ਸੰਕਲਪਨਾ 1992 ਵਿਚ ਨੀਲ ਸਟੀਫਨਸਨ ਦੇ ਨਾਵਲ "ਸਨੋ ਕ੍ਰੈਸ਼" ਵਿਚ ਕੀਤੀ ਗਈ ਸੀ, ਜਿਸ ਵਿਚ ਲੋਕ ਆਪਣੇ ਵਰਚੁਅਲ ਅਵਤਾਰਾਂ ਦੇ ਰੂਪ ਵਿਚ ਇਸ ਜਗਤ ਵਿਚ ਜੀਵਨ ਜਿਉਂਦੇ ਹਨ। 2020 ਵਿਚ ਕੋਵਿਡ-19 ਮਹਾਂਮਾਰੀ ਦੇ ਦੌਰਾਨ ਇਸ ਟੈਕਨੋਲੋਜੀ ਨੂੰ ਅਸਲ ਜ਼ਿੰਦਗੀ ਦੇ ਵਿਕਲਪ ਦੇ ਤੌਰ 'ਤੇ ਸਮਝਿਆ ਜਾਣ ਲੱਗਿਆ, ਮਲਟੀਪਲੇਅਰ ਗੇਮਿੰਗ ਦੇ ਆਉਣ ਨਾਲ 2000 ਦੇ ਦਹਾਕੇ ਵਿਚ ਇਹ ਸੰਕਲਪ ਹੋਰ ਵਧ ਗਿਆ, ਜਿਸ ਨਾਲ ਇਸ ਵਿਚਾਲੇ ਨਵੀਂ ਦਿਲਚਸਪੀ ਦੀ ਸ਼ੁਰੂਆਤ ਹੋਈ। ਇਸੇ ਕਰਕੇ 2021 ਵਿਚ ਫੇਸਬੁੱਕ ਨੇ ਆਪਣਾ ਨਾਮ ਬਦਲ ਕੇ 'ਮੈਟਾ' ਰੱਖਿਆ। ਇਸ ਤੋਂ ਬਾਅਦ, ਹੋਰ ਵੱਡੀਆਂ ਕੰਪਨੀਆਂ ਜਿਵੇਂ ਕਿ ਮਾਈਕ੍ਰੋਸਾਫਟ, ਮੋਜ਼ਿਲਾ ਅਤੇ ਐਨਵੀਡੀਆ ਨੇ ਆਪਣੇ-ਆਪਣੇ ਮੈਟਾਵਰਸ ਪਲੇਟਫਾਰਮਾਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਵਿਚ ਖਾਸ ਤੌਰ 'ਤੇ ਸ਼ਾਮਲ ਹਨ: ਮੈਟਾ ਹੋਰੀਜ਼ਨ ਵਰਕਰੂਮਜ਼, ਮਾਈਕ੍ਰੋਸਾਫਟ ਮੈਸ਼, ਮੋਜ਼ਿਲਾ ਹਬਜ, ਐਨਵੀਡੀਆ ਓਮਨੀਵਰਸ, ਰੋਬਲਾਕਸ ਅਤੇ ਸੈਕੰਡ ਲਾਈਫ।

ਮੌਜੂਦਾ ਸਮੇਂ, ਮੈਟਾਵਰਸ ਇੱਕ ਸੰਕਲਪ ਤੋਂ ਕਿਤੇ ਅੱਗੇ ਵਧ ਕੇ ਅਮਲ ਵਿਚ ਆ ਰਿਹਾ ਹੈ। ਵੱਖ-ਵੱਖ ਖੇਤਰਾਂ, ਜਿਵੇਂ ਕਿ ਗੇਮਿੰਗ, ਸਿੱਖਿਆ, ਉਦਯੋਗ, ਅਤੇ ਵਪਾਰ, ਮੈਟਾਵਰਸ ਵਿਚ ਆਪਣੀਆਂ ਸੰਭਾਵਨਾਵਾਂ ਦੀ ਖੋਜ ਕਰ ਰਹੇ ਹਨ। ਮੈਟਾਵਰਸ ਵਿਚ ਲੋਕ ਘਰ ਬੈਠੇ ਹੀ ਆਪਣੀਆਂ ਮੀਟਿੰਗਾਂ ਕਰ ਸਕਦੇ ਹਨ, ਦੋਸਤਾਂ ਨਾਲ ਗੱਲਾਂ-ਬਾਤਾਂ ਕਰ ਸਕਦੇ ਹਨ, ਖਰੀਦਦਾਰੀ ਅਤੇ ਖੇਡਾਂ ਖੇਡ ਸਕਦੇ ਹਨ। ਇਸ ਲਈ ਮੈਟਾਵਰਸ ਨੂੰ ਭਵਿੱਖ ਦਾ ਸੰਚਾਰ ਸਾਧਨ ਕਿਹਾ ਜਾ ਰਿਹਾ ਹੈ।

ਮੈਟਾਵਰਸ ਵੱਖ-ਵੱਖ ਤਕਨਾਲੋਜੀਆਂ ਦੇ ਜ਼ਰੀਏ ਕੰਮ ਕਰਦਾ ਹੈ, ਜੋ ਇਸ ਨੂੰ ਇਕ ਦਿਲਚਸਪ ਅਨੁਭਵ ਬਣਾਉਣ ਵਿਚ ਸਹਾਇਕ ਹੁੰਦੀਆਂ ਹਨ। ਸਭ ਤੋਂ ਪਹਿਲੀ ਤਕਨਾਲੋਜੀ ਵਰਚੁਅਲ ਰਿਐਲਿਟੀ (VR) ਹੈ, ਜੋ ਵਰਤੋਂਕਾਰਾਂ ਨੂੰ ਇਕ ਪੂਰੀ ਤਰ੍ਹਾਂ ਬਣਾਈ ਗਈ ਜਗਤ ਵਿਚ ਸ਼ਾਮਿਲ ਕਰਦੀ ਹੈ। ਇਹ ਤਕਨਾਲੋਜੀ ਜ਼ਿਆਦਾਤਰ ਕੰਪਿਊਟਰ ਗੇਮਿੰਗ ਅਤੇ ਸਿਖਲਾਈ ਦੇ ਉਦੇਸ਼ਾਂ ਲਈ ਵਰਤੀ ਜਾਂਦੀ ਹੈ। VR ਹੈਡਸੈਟ ਪਹਿਨ ਕੇ, ਵਰਤੋਂਕਾਰ ਇਕ ਵਰਚੁਅਲ ਦੁਨੀਆ ਨਾਲ ਜੁੜਦੇ ਹਨ ਅਤੇ ਅਸਲ ਦੁਨੀਆ ਦਾ ਅਨੁਭਵ ਕਰਦੇ ਹਨ। ਦੂਜੀ ਤਕਨਾਲੋਜੀ ਆਗਮੈਂਟਡ ਰਿਐਲਿਟੀ (AR) ਹੈ, ਜੋ ਅਸਲ ਦੁਨੀਆ ਵਿਚ ਡਿਜਿਟਲ ਜਾਣਕਾਰੀਆਂ ਜੋੜਦੀ ਹੈ। ਇਹ ਅਕਸਰ ਕ੍ਰਿਕਟ ਮੈਚਾਂ ਵਿਚ ਵੇਖਿਆ ਜਾਂਦਾ ਹੈ, ਜਿੱਥੇ ਅਸਲੀ ਪ੍ਰਸਾਰਣ ਵਿਚ ਡਿਜਿਟਲ ਪ੍ਰਭਾਵ ਸ਼ਾਮਿਲ ਕੀਤੇ ਜਾਂਦੇ ਹਨ। ਪਿਛਲੇ ਕੁਝ ਸਾਲਾਂ ਵਿਚ, AR 'ਤੇ ਆਧਾਰਿਤ ਪੋਕੀਮੋਨਗੋ ਖੇਡ ਬਹੁਤ ਚਰਚਾ ਵਿਚ ਰਹੀ ਸੀ। ਮੈਟਾਵਰਸ ਵਿਚ ਬਲਾਕਚੇਨ ਸੁਰੱਖਿਅਤ ਤਕਨਾਲੋਜੀ ਵਜੋਂ ਕਿਰਿਆਵਾਂ ਅਤੇ ਡਿਜਿਟਲ ਸੰਪਤੀਆਂ ਦੀ ਖਰੀਦੋ-ਫ਼ਰੋਖ਼ਤ ਲਈ ਵਰਤੀ ਜਾਂਦੀ ਹੈ। ਇਸ ਤਕਨਾਲੋਜੀ ਦੀ ਮਦਦ ਨਾਲ, ਵਰਤੋਂਕਾਰ ਕ੍ਰਿਪਟੋਕਰੰਸੀ ਦੀ ਅਤੇ ਐਨ.ਐਫ.ਟੀ ਦੀ ਵਰਤੋਂ ਕਰ ਕੇ ਮੈਟਾਵਰਸ ਦੇ ਵੱਖ-ਵੱਖ ਆਈਟਮ ਖਰੀਦ ਸਕਦੇ ਹਨ। ਇੰਟਰਨੈੱਟ ਆਫ ਥਿੰਗਜ਼ (IoT) ਮੈਟਾਵਰਸ ਵਿਚ ਅਸਲੀ ਸੰਸਾਰ ਦੀਆਂ ਚੀਜ਼ਾਂ ਨੂੰ ਵਰਚੁਅਲ ਦੁਨੀਆ ਨਾਲ ਜੋੜਦਾ ਹੈ। ਇਸ ਨਾਲ ਅਸਲੀ ਜਗਤ ਦੀਆਂ ਘਟਨਾਵਾਂ ਨੂੰ ਵਰਚੁਅਲ ਜਗਤ ਵਿਚ ਦਰਸਾਇਆ ਜਾ ਸਕਦਾ ਹੈ। ਵੈੱਬ 3.0 ਮੈਟਾਵਰਸ ਵਿਚ ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਵਧਾਉਂਦਾ ਹੈ, ਜਿਸ ਨਾਲ ਵਰਤੋਂਕਾਰਾਂ ਨੂੰ ਆਪਣੇ ਡਿਜਿਟਲ ਦਾਅਵੇ, ਡਾਟਾ, ਅਤੇ ਅਨੁਭਵਾਂ 'ਤੇ ਵੱਧ ਨਿਯੰਤਰਣ, ਸੁਰੱਖਿਆ, ਅਤੇ ਮਲਕੀਅਤ ਪ੍ਰਾਪਤ ਹੁੰਦੀ ਹੈ। ਇਹ ਨਵੀਂ ਆਜ਼ਾਦੀ ਪ੍ਰਦਾਨ ਕਰਦਾ ਹੈ।

ਮੈਟਾਵਰਸ ਸਿਰਫ ਮਨੋਰੰਜਨ ਤੱਕ ਸੀਮਿਤ ਨਹੀਂ ਹੈ; ਇਸ ਨੇ ਸਿੱਖਿਆ, ਵਪਾਰ, ਮੈਡੀਕਲ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਹਨ। ਮੈਟਾਵਰਸ ਸਿੱਖਿਆ ਵਿਚ ਇਕ ਨਵੀਂ ਦਿਸ਼ਾ ਖੋਲ੍ਹਦਾ ਹੈ। ਵਿਦਿਆਰਥੀ ਵਰਚੁਅਲ ਕਲਾਸਰੂਮਾਂ ਵਿਚ ਬੈਠ ਕੇ ਸੰਸਾਰ ਭਰ ਦੇ ਸਿੱਖਿਆਰਥੀਆਂ ਨਾਲ ਗੱਲਬਾਤ ਕਰ ਸਕਦੇ ਹਨ। ਇਸ ਤਕਨਾਲੋਜੀ ਨਾਲ ਉਹ ਇਤਿਹਾਸਕ ਘਟਨਾਵਾਂ ਦੀ ਵਰਚੁਅਲ ਯਾਤਰਾ ਕਰ ਸਕਦੇ ਹਨ ਅਤੇ ਸਾਇੰਸ ਦੀਆਂ ਜਟਿਲ ਪ੍ਰਕਿਰਿਆਵਾਂ ਨੂੰ ਵੀ ਆਸਾਨੀ ਨਾਲ ਸਮਝ ਸਕਦੇ ਹਨ। ਇਸ ਨਾਲ ਸਿੱਖਣ ਦੇ ਤਰੀਕੇ ਬਹੁਤ ਹੀ ਇੰਟਰੈਕਟਿਵ ਅਤੇ ਤਜਰਬੇਕਾਰੀ ਬਣ ਰਹੇ



ਹਨ, ਜਿਸ ਨਾਲ ਵਿਦਿਆਰਥੀ ਆਪਣੇ ਵਿਦਿਅਕ ਯੋਗਤਾਵਾਂ ਵਿਚ ਵਾਧਾ ਕਰ ਸਕਦੇ ਹਨ। ਮੈਟਾਵਰਸ ਦੇ ਜ਼ਰੀਏ ਸਿੱਖਿਆ ਨੂੰ ਵਧੇਰੇ ਤਕਨੀਕੀ ਬਣਾਉਣ ਦਾ ਮੌਕਾ ਮਿਲ ਰਿਹਾ ਹੈ, ਜਿਸ ਨਾਲ ਵਿਦਿਆਰਥੀਆਂ ਲਈ ਗਲੋਬਲ ਸਿਖਲਾਈ ਦਾ ਮਾਹੌਲ ਬਣਦਾ ਹੈ।

ਮੈਡੀਕਲ ਖੇਤਰ ਵਿਚ ਵੀ ਮੈਟਾਵਰਸ ਕਾਫੀ ਰੋਚਕ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ। ਇਸਦੀ ਮਦਦ ਨਾਲ ਡਾਕਟਰ ਰਿਮੋਟ ਸਲਾਹ ਅਤੇ ਸਰਜਰੀ ਸਿਖਲਾਈ ਦੇਣ ਵਿਚ ਸਫਲ ਰਹੇ ਹਨ। ਮੈਡੀਕਲ ਵਿਦਿਆਰਥੀ ਅਸਲ ਦੁਨੀਆ ਦੀਆਂ ਸਥਿਤੀਆਂ ਨੂੰ ਵਰਚੁਅਲ ਤਰੀਕੇ ਨਾਲ ਸਿੱਖ ਸਕਦੇ ਹਨ, ਜਿਸ ਨਾਲ ਸਿੱਖਣ ਦੀ ਪ੍ਰਕਿਰਿਆ ਹੋਰ ਸੁਧਰ ਸਕਦੀ ਹੈ। ਇਸ ਤਕਨਾਲੋਜੀ ਨਾਲ ਪੁਨਰਵਾਸ ਦੀਆਂ ਸੇਵਾਵਾਂ ਵੀ ਬਿਹਤਰ ਹੋ ਸਕਦੀਆਂ ਹਨ, ਜਿਸ ਨਾਲ ਮਰੀਜ਼ਾਂ ਦੀ ਸਿਹਤ ਵਿਚ ਸੁਧਾਰ ਆ ਸਕਦਾ ਹੈ।

ਮੈਟਾਵਰਸ 3ਡੀ ਕਮਿਊਨੀਕੇਸ਼ਨ ਵਿਚ ਵੀ ਕਈ ਤਬਦੀਲੀਆਂ ਲਿਆਉਣ ਵਿਚ ਸਹਾਇਕ ਹੈ। ਵਰਚੁਅਲ ਮੀਟਿੰਗਾਂ, ਕਨਫਰੰਸਾਂ ਅਤੇ ਸਮਾਰੋਹ ਹੁਣ ਮੈਟਾਵਰਸ ਦੇ ਜ਼ਰੀਏ ਅਸਲੀ ਅਨੁਭਵ ਜਿਵੇਂ ਲੱਗਣ ਲੱਗੀਆਂ ਹਨ। ਬਹੁਤ ਸਾਰੀਆਂ ਕੰਪਨੀਆਂ ਹੁਣ ਆਪਣੀਆਂ ਮੀਟਿੰਗਾਂ ਅਤੇ ਟ੍ਰੇਨਿੰਗ ਸੈਸ਼ਨਾਂ ਲਈ ਮੈਟਾਵਰਸ ਦੀ ਵਰਤੋਂ ਕਰ ਰਹੀਆਂ ਹਨ, ਜਿਸ ਨਾਲ ਉਨ੍ਹਾਂ ਦੇ ਕਾਰੋਬਾਰ ਅਤੇ ਵਾਤਾਵਰਣ ਵਿਚ ਨਵੀਆਂ ਤਬਦੀਲੀਆਂ ਹੋ ਰਹੀਆਂ ਹਨ। ਇਹ 3ਡੀ ਕਮਿਊਨੀਕੇਸ਼ਨ ਦੀ ਭਵਿੱਖ ਦੀ ਤਕਨਾਲੋਜੀ ਵਜੋਂ ਮੈਟਾਵਰਸ ਦੀ ਮਹੱਤਤਾ ਨੂੰ ਵਧਾ ਰਿਹਾ ਹੈ। ਮੈਟਾਵਰਸ ਦੇ ਜ਼ਰੀਏ ਵੱਡੇ ਸਮਾਗਮ, ਪ੍ਰਦਰਸ਼ਨ ਅਤੇ ਇਵੈਂਟ ਆਨਲਾਈਨ ਕੀਤੇ ਜਾ ਰਹੇ ਹਨ। ਇਸਦਾ ਸਪਸ਼ਟ ਉਦਾਹਰਨ ਹੈ ਕਿ ਪੰਜਾਬੀ ਗਾਇਕ ਦਲੇਰ ਮਹਿੰਦੀ, ਜਿਹੜੇ ਮੈਟਾਵਰਸ ਵਿਚ ਪ੍ਰਵੇਸ਼ ਕਰਨ ਵਾਲੇ ਪਹਿਲੇ ਭਾਰਤੀ ਕਲਾਕਾਰ ਬਣੇ, ਉਨ੍ਹਾਂ ਦਾ ਵਰਚੁਅਲ ਪ੍ਰਦਰਸ਼ਨ 20 ਮਿਲੀਅਨ ਲੋਕਾਂ ਦੁਆਰਾ ਦੇਖਿਆ ਗਿਆ, ਜਿਸ ਨਾਲ ਮੈਟਾਵਰਸ ਦੀ ਗਲੋਬਲ ਪਹੁੰਚ ਅਤੇ ਤਕਨੀਕੀ ਯੋਗਤਾ ਸਪੱਸ਼ਟ ਹੋਈ।

ਜਿਵੇਂ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਉਸੇ ਤਰ੍ਹਾਂ ਮੈਟਾਵਰਸ ਦੀ ਤਕਨਾਲੋਜੀ ਦੇ ਵੀ ਕਈ ਫਾਇਦੇ ਅਤੇ ਚੁਣੌਤੀਆਂ ਹਨ। ਮੈਟਾਵਰਸ ਦੇ ਕਈ ਫਾਇਦੇ ਹਨ, ਜੋ ਇਸਨੂੰ ਭਵਿੱਖ ਦੀ ਤਕਨਾਲੋਜੀ ਵਜੋਂ ਪ੍ਰਮੁੱਖ ਬਣਾਉਂਦੇ ਹਨ। ਇਹ ਪੂਰੇ ਸੰਸਾਰ ਨੂੰ ਇੱਕ ਹੀ ਵਰਚੁਅਲ ਮੰਚ 'ਤੇ ਇਕੱਠਾ ਕਰਨ ਦੀ ਸਮਰੱਥਾ ਰੱਖਦਾ ਹੈ, ਜਿੱਥੇ ਲੋਕ ਆਪਣੇ ਅਵਤਾਰਾਂ ਦੇ ਰੂਪ ਵਿਚ ਵੱਖ-ਵੱਖ ਤਜਰਬੇ ਕਰ ਸਕਦੇ ਹਨ। ਉਦਾਹਰਣ ਵਜੋਂ, ਵਰਚੁਅਲ ਸੰਗੀਤਕ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ, ਖੇਡਾਂ ਦਾ ਅਨੰਦ ਮਾਣਨਾ, ਅਤੇ ਨਵੀਆਂ ਤਜਰਬੇਕਾਰੀ ਸਥਿਤੀਆਂ ਦੀ ਪਹਿਚਾਣ ਕਰਨਾ। ਸਿੱਖਿਆ ਦੇ ਖੇਤਰ ਵਿਚ ਵੀ ਮੈਟਾਵਰਸ ਕਾਫੀ ਲਾਭਦਾਇਕ ਹੈ, ਕਿਉਂਕਿ ਇਸ ਨਾਲ ਵਿਦਿਆਰਥੀ ਇਤਿਹਾਸਕ ਘਟਨਾਵਾਂ ਜਾਂ ਵਿਗਿਆਨਕ ਪ੍ਰਕਿਰਿਆਵਾਂ ਦਾ ਵਰਚੁਅਲ ਅਨੁਭਵ ਪ੍ਰਾਪਤ ਕਰ ਸਕਦੇ ਹਨ, ਜੋ ਕਿ ਸਿੱਖਣ ਨੂੰ ਬਹੁਤ ਹੀ ਇੰਟਰੈਕਟਿਵ ਅਤੇ ਪ੍ਰਭਾਵਸ਼ਾਲੀ ਬਣਾ ਰਿਹਾ ਹੈ। ਵਪਾਰ ਅਤੇ ਕਾਰੋਬਾਰ ਵਿਚ, ਮੈਟਾਵਰਸ ਵਰਤੋਂਕਾਰਾਂ ਨੂੰ ਵਰਚੁਅਲ ਦੁਕਾਨਾਂ ਅਤੇ ਸੰਸਾਰ ਭਰ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਿਚ ਮਦਦ ਕਰਦਾ ਹੈ। ਮੈਟਾ, ਮਾਈਕ੍ਰੋਸਾਫਟ, ਅਤੇ ਐਪਲ ਵਰਗੀਆਂ ਵੱਡੀਆਂ ਕੰਪਨੀਆਂ ਇਸ ਤਕਨਾਲੋਜੀ ਵਿਚ ਭਾਰੀ ਨਿਵੇਸ਼ ਕਰ ਰਹੀਆਂ ਹਨ, ਜਿਸ ਨਾਲ ਮੈਟਾਵਰਸ ਦੀ ਗਲੋਬਲ ਪਹੁੰਚ ਵਧ ਰਹੀ ਹੈ। ਵਰਚੁਅਲ ਮੀਟਿੰਗਾਂ ਅਤੇ ਸਮਾਗਮਾਂ ਨੂੰ ਹੋਰ ਅਸਲੀਅਤ ਵਾਲਾ ਬਣਾ ਕੇ, ਮੈਟਾਵਰਸ ਨੇ 3ਡੀ

**ਨਵੀਂ ਤਕਨਾਲੋਜੀ**

ਕਮਿਊਨੀਕੇਸ਼ਨ ਦੇ ਖੇਤਰ ਵਿਚ ਵੀ ਕਾਫੀ ਬਦਲਾਅ ਕੀਤੇ ਹਨ। ਇਹ ਸਾਰੇ ਫਾਇਦੇ ਦਰਸਾਉਂਦੇ ਹਨ ਕਿ ਮੈਟਾਵਰਸ ਕਿਸ ਤਰ੍ਹਾਂ ਸਾਡੇ ਜੀਵਨ ਨੂੰ ਨਵੀਆਂ ਸੰਭਾਵਨਾਵਾਂ ਨਾਲ ਸਜਾ ਸਕਦਾ ਹੈ।

ਮੈਟਾਵਰਸ ਦੇ ਫਾਇਦਿਆਂ ਨਾਲ ਕੁਝ ਚੁਣੌਤੀਆਂ ਵੀ ਹਨ, ਜਿਨ੍ਹਾਂ ਦਾ ਹੱਲ ਕੱਢਣਾ ਵੀ ਮਹੱਤਵਪੂਰਨ ਹੈ। ਇੱਕ ਮੁੱਖ ਚੁਣੌਤੀ ਇਹ ਹੈ ਕਿ ਮੈਟਾਵਰਸ ਦੀ ਆਦਤ ਬਣ ਜਾਣ ਦੀ ਸੰਭਾਵਨਾ ਹੈ। ਜਿਵੇਂ ਸੋਸ਼ਲ ਮੀਡੀਆ ਨਾਲ ਜੁੜੇ ਲੋਕ ਅਸਲ ਜਗਤ ਤੋਂ ਕੱਟਦੇ ਜਾ ਰਹੇ ਹਨ, ਮੈਟਾਵਰਸ ਨਾਲ ਵੀ ਇਹੀ ਖਤਰਾ ਹੈ। ਜੇ ਲੋਕ ਬਹੁਤ ਜ਼ਿਆਦਾ ਸਮਾਂ ਵਰਚੁਅਲ ਦੁਨੀਆ ਵਿਚ ਬਿਤਾਉਂਦੇ ਹਨ, ਤਾਂ ਉਹ ਆਪਣੇ ਅਸਲ ਜੀਵਨ ਦੀਆਂ ਗਤੀਵਿਧੀਆਂ 'ਤੇ ਧਿਆਨ ਨਹੀਂ ਦੇ ਸਕਦੇ। ਇਸ ਨਾਲ ਸਮਾਜਿਕ ਅਤੇ ਮਨੋਵਿਗਿਆਨਿਕ ਪ੍ਰਭਾਵ ਘਟ ਸਕਦੇ ਹਨ। ਦੂਜਾ ਮੁੱਖ ਮੁੱਦਾ ਡਾਟਾ ਸੁਰੱਖਿਆ ਦਾ ਹੈ। ਭਾਵੇਂ ਬਲਾਕਚੇਨ ਵਰਗੀ ਤਕਨਾਲੋਜੀ ਡਾਟਾ ਸੁਰੱਖਿਆ ਲਈ ਨਵਾਂ ਮਾਡਲ ਪੇਸ਼ ਕਰਦੀ ਹੈ, ਪਰ ਫਿਰ ਵੀ ਨਿੱਜੀ ਜਾਣਕਾਰੀ ਦੀ ਗੁਪਤਤਾ ਨੂੰ ਖਤਰਾ ਹੈ। ਵਰਚੁਅਲ ਦੁਨੀਆ ਵਿਚ ਦੂਜੇ ਲੋਕਾਂ ਦੀ ਦਖਲਅੰਦਾਜ਼ੀ ਵੀ ਚਿੰਤਾ ਵਾਲਾ ਮੁੱਦਾ ਹੈ। ਇਸ ਤੋਂ ਇਲਾਵਾ, ਮੈਟਾਵਰਸ ਦੀ ਲੰਬੇ ਸਮੇਂ ਦੀ ਵਰਤੋਂ ਦਿਮਾਗੀ ਸਿਹਤ 'ਤੇ ਵੀ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ। ਬਹੁਤ ਸਾਰੇ ਵਿਗਿਆਨੀ ਮੰਨਦੇ ਹਨ ਕਿ ਵਰਚੁਅਲ ਜਗਤ 'ਤੇ ਨਿਰਭਰਤਾ ਮਨੁੱਖੀ ਦਿਮਾਗ ਦੀ ਕੁਦਰਤੀ ਸਮਰੱਥਾ ਨੂੰ ਕਮਜ਼ੋਰ ਕਰ ਸਕਦੀ ਹੈ, ਜਿਸ ਨਾਲ ਲੋਕਾਂ ਵਿਚ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਘਟ ਸਕਦੀ ਹੈ। ਇਸਦੇ ਇਲਾਵਾ, ਮੈਟਾਵਰਸ ਦੀ ਬਣਾਵਟੀ ਲਾਗਤ ਕਾਫੀ ਉੱਚੀ ਹੈ, ਜਿਸ ਕਰਕੇ ਹਰ ਸਿੱਖਿਆ ਸੰਸਥਾ ਜਾਂ ਕਾਰੋਬਾਰ ਇਸ ਤਕਨਾਲੋਜੀ ਨੂੰ ਅਪਣਾਉਣ ਦੀ ਸਮਰੱਥਾ ਨਹੀਂ ਰੱਖਦਾ। ਇਸ ਤਕਨਾਲੋਜੀ ਨਾਲ ਜੁੜੀ ਮਹਿੰਗਾਈ ਅਤੇ ਪਹੁੰਚ ਦੀ ਕਮੀ ਇੱਕ ਹੋਰ ਵੱਡੀ ਚੁਣੌਤੀ ਹੈ, ਜੋ ਇਸਨੂੰ ਵਿਆਪਕ ਪੱਧਰ 'ਤੇ ਅਪਣਾਉਣ ਵਿਚ ਰੁਕਾਵਟ ਪੈਦਾ ਕਰਦੀ ਹੈ।

ਮੈਟਾਵਰਸ ਭਵਿੱਖ ਦੀ ਤਕਨਾਲੋਜੀ ਵਜੋਂ ਸਾਡੇ ਜੀਵਨ ਦੇ ਹਰ ਖੇਤਰ ਵਿਚ ਇਨਕਲਾਬੀ ਤਬਦੀਲੀਆਂ ਲਿਆ ਸਕਦਾ ਹੈ। ਸਿੱਖਿਆ, ਮੈਡੀਕਲ, ਵਪਾਰ, ਅਤੇ ਮਨੋਰੰਜਨ ਵਿਚ ਇਸ ਦੀ ਵਰਤੋਂ ਨਵੇਂ ਮੌਕੇ ਪੈਦਾ ਕਰ ਰਹੀ ਹੈ, ਜਿਸ ਨਾਲ ਲੋਕਾਂ ਨੂੰ ਇਕ ਨਵਾਂ ਵਰਚੁਅਲ ਅਨੁਭਵ ਮਿਲਦਾ ਹੈ। ਹਾਲਾਂਕਿ ਡਾਟਾ ਸੁਰੱਖਿਆ, ਲਾਗਤ, ਅਤੇ ਦਿਮਾਗੀ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਵਰਗੀਆਂ ਚੁਣੌਤੀਆਂ ਹਨ, ਪਰ ਇਸ ਦੇ ਬੇਹਿਸਾਬ ਫਾਇਦੇ ਇਸਨੂੰ ਭਵਿੱਖ ਵਿਚ ਸੰਚਾਰ ਅਤੇ ਵਪਾਰ ਦਾ ਮੁੱਖ ਸਾਧਨ ਬਣਾਉਣਗੇ। ਸਮੇਂ ਨਾਲ ਦੇਖਣਾ ਹੋਵੇਗਾ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਮੈਟਾਵਰਸ ਸਾਡੇ ਜੀਵਨ ਵਿਚ ਕੀ ਵੱਡੇ ਬਦਲਾਉ ਲਿਆਏਗਾ।

# ਪ੍ਰਚਾਰਕ ਵਿਆਖਿਆ ਕਰਨ ਲਈ ਗੁਰਮਤਿ ਸਿਧਾਂਤ ਨੂੰ ਹੀ ਕਸਵੱਟੀ ਬਣਾਉਣ

ਗੁਰਬਾਣੀ ਅੰਦਰ ਬਹੁਤ ਸਾਰੇ ਪੌਰਾਣਿਕ ਪ੍ਰਸੰਗਾਂ ਨੂੰ ਉਦਾਹਰਣ ਰੂਪ ਵਿਚ ਵਰਤਿਆ ਗਿਆ ਹੈ, ਪਰ, ਬਾਣੀਕਾਰਾਂ ਨੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਸੱਚੇ ਜਾਂ ਝੂਠੇ ਹੋਣ ਦੀ ਪੁਸ਼ਟੀ ਨਹੀਂ ਕੀਤੀ। ਜੇ ਸਾਨੂੰ ਕਦੇ ਉਨ੍ਹਾਂ ਪ੍ਰਸੰਗਾਂ ਦਾ ਵਿਸ਼ਲੇਸ਼ਣ ਕਰਨਾ ਪਵੇ ਤਾਂ ਪ੍ਰਚਲਿਤ ਕਹਾਣੀ ਨੂੰ

ਸੁਖਦੇਵ ਸਿੰਘ ਜਰਮਨੀ

ਇੰਨ ਬਿੰਨ ਸੱਚ ਮੰਨਣ ਦੀ ਬਜਾਏ, ਗੁਰਮਤਿ ਦੀ ਰੌਸ਼ਨੀ ਵਿਚ ਉਸ ਦੀ ਪਰਖ ਪੜਚੋਲ ਕਰਨੀ ਚਾਹੀਦੀ ਹੈ।

ਗੁਰਬਾਣੀ ਅੰਦਰ ਉਦਾਹਰਣ ਦੇ ਤੌਰ 'ਤੇ ਸੰਕੇਤਕ ਰੂਪ ਵਿਚ ਵਰਤੇ ਇੱਕ ਪੌਰਾਣਿਕ ਪ੍ਰਸੰਗ ਦਾ ਗੁਰਮਤਿ ਦੀ ਰੌਸ਼ਨੀ ਵਿਚ ਵਿਸ਼ਲੇਸ਼ਣ ਕਰਕੇ ਨੁਕਤੇ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਗੌਤਮ ਰਿਸ਼ੀ, ਉਸ ਦੀ ਘਰਵਾਲੀ ਅਹੱਲਿਆ ਅਤੇ ਇੰਦਰ ਦੇਵਤੇ ਦਾ ਇੱਕ ਪ੍ਰਚਲਿਤ ਪ੍ਰਸੰਗ ਗੁਰਬਾਣੀ ਵਿਚ ਉਦਾਹਰਣ ਦੇ ਤੌਰ 'ਤੇ ਵਰਤਿਆ ਗਿਆ ਹੈ।

ਇੱਕ ਗੱਲ ਯਾਦ ਰਹੇ ਕਿ ਗੁਰਬਾਣੀ ਵਿਚ ਪੂਰੀ ਕਹਾਣੀ ਵਿਸਥਾਰ ਵਿਚ ਨਹੀਂ ਦਿੱਤੀ ਗਈ ਸਿਰਫ ਇਸ ਕਹਾਣੀ ਦਾ ਸੰਕੇਤਕ ਜ਼ਿਕਰ ਕੀਤਾ ਗਿਆ ਹੈ।

ਜਦ ਇਸ ਕਹਾਣੀ ਦਾ ਵਿਸਥਾਰ ਜਾਨਣ ਲਈ ਹਿੰਦੂ ਮੱਤ ਦੇ ਸਰੋਤਾਂ ਨੂੰ ਵੇਖੀਏ ਤਾਂ ਵੱਖ ਵੱਖ ਪੁਰਾਤਨ ਸਰੋਤਾਂ ਵਿਚ ਇਸ ਕਹਾਣੀ ਦੇ ਵੱਖ ਵੱਖ ਰੂਪ ਹਨ, ਪਰ, ਸਾਂਝੇ ਰੂਪ ਵਿਚ ਪ੍ਰਚਲਿਤ ਕਹਾਣੀ ਇਸ ਤਰ੍ਹਾਂ ਹੈ ਕਿ ਬ੍ਰਹਮਾ ਨੇ ਆਪਣੀ ਸ਼ਕਤੀ ਨਾਲ ਇੱਕ ਖੂਬਸੂਰਤ ਔਰਤ ਬਣਾ ਕੇ ਗੌਤਮ ਰਿਸ਼ੀ ਨੂੰ ਪਤਨੀ ਦੇ ਰੂਪ ਵਿਚ ਦੇ ਦਿੱਤੀ। ਉਸ ਔਰਤ ਦਾ ਨਾਮ ਅਹੱਲਿਆ ਸੀ। ਇੰਦਰ ਦੇਵਤਾ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਸੀ ਅਤੇ ਚੰਦਰਮਾਂ ਦੀ ਮਦਦ ਨਾਲ ਗੌਤਮ ਰਿਸ਼ੀ ਨੂੰ ਧੋਖਾ ਦੇ ਕੇ ਇੰਦਰ ਇਹ ਕੁਕਰਮ ਕਰਨ ਵਿਚ ਕਾਮਯਾਬ ਹੋ ਗਿਆ। ਕੁਝ ਸਰੋਤਾਂ ਮੁਤਾਬਕ ਇਸ ਧੋਖੇ ਵਿਚ ਅਹੱਲਿਆ ਨੇ ਵੀ ਇੰਦਰ ਦਾ ਸਾਥ ਦਿੱਤਾ ਸੀ।

ਜਦ ਗੌਤਮ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਇੰਦਰ ਨੂੰ ਸਰਾਪ ਦੇ ਕੇ ਉਸ ਦੇ ਸਰੀਰ ਤੇ ਇੱਕ ਹਜ਼ਾਰ ਦੀ ਗਿਣਤੀ ਵਿਚ ਔਰਤ ਦੇ ਜਣਨ ਅੰਗ ਦੇ ਨਿਸ਼ਾਨ ਬਣਾ ਦਿੱਤੇ ਅਤੇ ਇੰਦਰ ਦੇ ਅੰਡਕੋਸ਼ ਖਤਮ ਕਰ ਦਿੱਤੇ। ਜਦ ਇੰਦਰ ਆਪਣੇ ਸਾਥੀ ਦੇਵਤਿਆਂ ਕੋਲ ਜਾ ਕੇ ਰੋਇਆ ਤਾਂ ਉਨ੍ਹਾਂ ਨੇ ਇੱਕ ਭੇਡੂ ਦੇ ਅੰਡਕੋਸ਼ ਲਾਹ ਕੇ ਇੰਦਰ ਨੂੰ ਲਾ ਦਿੱਤੇ।

ਗੌਤਮ ਨੇ ਆਪਣੀ ਘਰਵਾਲੀ ਅਹੱਲਿਆ ਨੂੰ ਸਰਾਪ ਦੇ ਕੇ ਪੱਥਰ ਬਣਾ ਦਿੱਤਾ ਅਤੇ ਕਈ ਯੁੱਗ ਬਾਅਦ ਦਸ਼ਰਥ ਪੁੱਤਰ ਰਾਮ ਚੰਦਰ ਨੇ ਸਰਾਪ ਨੂੰ ਖਤਮ ਕਰ ਕੇ ਉਸ ਨੂੰ ਦੁਬਾਰਾ ਔਰਤ ਬਣਾਇਆ ਅਤੇ ਉਸ ਨੂੰ ਆਪਣੀ ਸ਼ਕਤੀ ਨਾਲ ਪਵਿੱਤਰ ਕਰ ਕੇ ਗੌਤਮ ਨੂੰ ਸੌਂਪ ਦਿੱਤੀ ਅਤੇ ਗੌਤਮ ਨੇ ਅਹੱਲਿਆ ਨੂੰ ਦੋਬਾਰਾ ਪਤਨੀ ਦੇ ਰੂਪ ਵਿਚ ਪ੍ਰਵਾਨ ਕਰ ਲਿਆ।

ਚੰਦਰਮਾਂ ਵੱਲੋਂ ਇੰਦਰ ਦਾ ਸਾਥ ਦੇਣ ਕਾਰਨ ਗੌਤਮ ਨੇ ਗੁੱਸੇ ਵਿਚ ਆ ਕੇ ਆਪਣਾ ਪਰਨਾ ਚੰਦਰਮਾਂ ਨੂੰ ਮਾਰਿਆ ਅਤੇ ਉਸ 'ਤੇ ਦਾਗ ਪੈ ਗਏ, ਜਿਹੜੇ ਅੱਜ ਵੀ ਨਜਰ ਆਉਂਦੇ ਹਨ। ਇਸ ਕਹਾਣੀ ਮੁਤਾਬਕ ਚੰਦਰਮਾਂ ਪਹਿਲਾਂ ਹਰ ਰਾਤ ਪੂਰਾ ਚਮਕਦਾ ਸੀ, ਪਰ ਗੌਤਮ ਰਿਸ਼ੀ ਦੇ ਸਰਾਪ ਕਾਰਨ ਇਸ ਦਾ ਆਕਾਰ ਘਟਣਾ-ਵਧਣਾ ਸ਼ੁਰੂ ਹੋ ਗਿਆ ਅਤੇ ਇਸ ਨਾਲ ਮੱਸਿਆ ਪੁੰਨਿਆ ਦਾ ਹੁਣ ਵਾਲਾ ਚੱਕਰ ਸ਼ੁਰੂ ਹੋ ਗਿਆ।

ਕੁਝ ਸੱਜਣਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਵੱਲੋਂ ਇਸ ਕਹਾਣੀ ਵੱਲ ਸੰਕੇਤ ਕਰਨ ਨਾਲ ਇਸ ਘਟਨਾ ਦੇ ਸੱਚੀ ਅਤੇ ਇਤਿਹਾਸਕ ਹੋਣ 'ਤੇ ਮੋਹਰ ਲੱਗ ਗਈ ਹੈ, ਪਰ, ਅਜਿਹੀ ਰਾਇ ਬਣਾਉਣ ਦੀ ਬਜਾਏ ਆਪਾਂ ਕੋਸ਼ਿਸ਼ ਕਰਾਂਗੇ ਕਿ ਇਸ ਪ੍ਰਸੰਗ ਨੂੰ ਗੁਰਮਤਿ ਸਿਧਾਂਤ ਦੀ ਰੌਸ਼ਨੀ ਵਿਚ ਸਮਝ ਸਕੀਏ।

ਸਭ ਤੋਂ ਪਹਿਲਾਂ ਇਸ ਨੁਕਤੇ ਨੂੰ ਵਿਚਾਰੀਏ ਕਿ ਗੁਰੂ ਸਾਹਿਬ ਨੇ ਇਸ ਕਹਾਣੀ ਦੀ ਉਦਾਹਰਣ ਕਿਓਂ ਵਰਤੀ ਤਾਂ ਇਸ ਦਾ ਸਿੱਧਾ ਕਾਰਨ ਜੋ ਮੈਨੂੰ ਸਮਝ ਆਉਂਦਾ ਹੈ ਕਿ ਇਸ ਕਹਾਣੀ ਵਿਚਲੇ ਪਾਤਰ ਆਮ ਲੋਕਾਂ ਦੀ ਨਿਗਾਹ ਵਿਚ ਬਹੁਤ ਮਹਾਨ ਹਸਤੀਆਂ ਹਨ ਅਤੇ ਗੁਰੂ ਜੀ ਇਸ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਬਹੁਤ ਮਹਾਨ ਮਿਥੇ ਗਏ ਲੋਕ ਵੀ ਬੁਰੇ ਕੰਮਾਂ ਦਾ ਫਲ ਭੋਗਣ ਤੋਂ ਬਚ ਨਹੀਂ ਸਕੇ ਇਸ ਲਈ ਬੁਰਾਈ ਦਾ ਰਾਹ ਛੱਡ ਕੇ ਸੱਚ ਦੇ ਰਾਹ 'ਤੇ ਤੁਰੋ।

ਹੁਣ ਗੁਰਮਤਿ ਦੀ ਰੌਸ਼ਨੀ ਵਿਚ ਇਸ ਘਟਨਾ ਦੇ ਵਿਸ਼ਲੇਸ਼ਣ ਵੱਲ ਆਈਏ ਤਾਂ ਸਭ ਤੋਂ ਪਹਿਲਾਂ 'ਜਪੁ' ਬਾਣੀ ਦੇ ਇਹ ਉਪਦੇਸ਼ ਧਿਆਨ ਵਿਚ ਰਖਣੇ ਪੈਣਗੇ।

'ਹੁਕਮੀ ਹੁਕਮੁ ਚਲਾਏ ਰਾਹੁ॥'

ਭਾਵ, ਕੁਦਰਤ ਦਾ ਹਰ ਕੰਮ ਰੱਬੀ ਨਿਯਮ ਵਿਚ ਬੱਝਾ ਹੋਇਆ ਚੱਲ ਰਿਹਾ ਹੈ।

'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥'

ਭਾਵ ਸਾਰਾ ਕੁਝ ਨਿਯਮ ਦੇ ਅਧੀਨ ਹੈ ਅਤੇ ਨਿਯਮ ਤੋਂ ਬਾਹਰ ਕੁਝ ਵੀ ਨਹੀਂ ਵਾਪਰਦਾ।

ਫਿਰ ਬੱਚੇ ਦੀ ਪੈਦਾਇਸ਼ ਦੇ ਨਿਯਮ ਬਾਰੇ ਗੁਰਬਾਣੀ ਦਾ ਨਜਰੀਆ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਬੜੇ ਸਪੱਸ਼ਟ ਉਪਦੇਸ਼ ਹਨ।

1. 'ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ।'

2. ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲ ਪਿੰਡ ਕੀਆ।

(ਬਾਕੀ ਅਗਲੇ ਸਫੇ 'ਤੇ)

# ਹਰ ਵੇਲੇ ਹੀ ਸਿੱਖਦੇ ਰਹੋ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080



ਮਨੁੱਖ ਸਾਰੀ ਉਮਰ ਹੀ ਸਿੱਖਦਾ। ਬਹੁਤ ਕੁਝ ਅਚੇਤ ਰੂਪ ਤੇ ਕਦੇ ਸੁਚੇਤ ਰੂਪ 'ਚ। ਕਦੇ ਦੇਖ, ਕਦੇ ਸੁਣ, ਕਦੇ ਪੜ੍ਹ। ਕਦੇ ਗੀਤ ਵਿਚੋਂ ਤੇ ਕਦੇ ਸੰਗੀਤ 'ਚੋਂ। ਕਦੇ ਕਥਾ-ਕਹਾਣੀਆਂ 'ਚੋਂ, ਕਦੇ ਕਿਤਾਬਾਂ 'ਚੋਂ ਤੇ ਕਦੇ ਕਿਸੇ ਵਿਅਕਤੀ ਕੋਲੋਂ। ਕਦੇ ਕਿਸੇ ਦੇ ਸਾਥ 'ਚ ਤੇ ਕਦੇ ਇਕੱਲਤਾ ਵਿਚ। ਖਦੇ ਖ਼ੁਦ ਨਾਲ ਵਾਰਤਾਲਾਪ ਕਰਦਿਆਂ ਅਤੇ ਕਦੇ ਆਪਣੇ ਆਪ ਤੋਂ ਦੂਰ ਹੁੰਦਿਆਂ।

ਸਿੱਖਣਾ, ਮਨੁੱਖੀ ਦਸਤੂਰ। ਸ਼ਖ਼ਸੀਅਤ ਉਸਾਰੀ ਦਾ ਸਬੱਬ। ਸਰਬਮੁਖੀ ਵਿਕਾਸ ਦਾ ਅਧਾਰ। ਆਪਣੀਆਂ ਕਮੀਆਂ ਅਤੇ ਔਗੁਣਾਂ ਨੂੰ ਦੂਰ ਕਰ ਕੇ ਖ਼ੁਦ ਨੂੰ ਸਰਗੁਣ ਸੰਪੂਰਨ ਕਰਨ ਦਾ ਉੱਦਮ। ਇਸ ਉੱਦਮਕਾਰੀ ਕਰਕੇ ਹੀ ਮਨੁੱਖੀ ਸ਼ਖ਼ਸੀਅਤ ਵਿਚ ਨਿਖਾਰ ਆਉਂਦਾ।

ਪਰ ਅਸੀਂ ਕੀ ਸਿੱਖਣਾ ਅਤੇ ਕਿਉਂ ਸਿੱਖਣਾ, ਇਹ ਸਭ ਕੁਝ ਮਨੁੱਖੀ ਫ਼ਿਤਰਤ 'ਤੇ ਨਿਰਭਰ। ਕੀ ਅਸੀਂ ਚੰਗਿਆਈ ਵਿਚੋਂ ਬੁਰਿਆਈ ਲੱਭਦੇ ਜਾਂ ਬੁਰਿਆਈ 'ਚੋਂ ਚੰਗਿਆਈ ਦੀ ਭਾਲ ਕਰਦੇ। ਕੀ ਅਸੀਂ ਅੱਧਾ ਗਲਾਸ ਭਰਿਆ ਕਹਿਣ ਦੇ ਆਦੀ ਜਾਂ ਅੱਧਾ ਖ਼ਾਲੀ ਕਹਿਣ ਵਾਲੇ? ਕੀ ਅਸੀਂ ਹਨੇਰੇ ਦੇ ਹਾਮੀ ਜਾਂ ਚਾਨਣ ਦੇ ਆਸਵੰਦ?

ਸਿੱਖਣ ਦਾ ਇਕ ਹੋਰ ਰੰਗ ਹੁੰਦਾ ਕਿ ਅਸੀਂ ਸਿੱਖਿਆ ਯਾਦ ਵੀ ਰੱਖਦੇ? ਇਸ 'ਤੇ ਅਮਲ ਵੀ ਕਰਦੇ ਜਾਂ ਸਿੱਖੇ ਹੋਏ ਨੂੰ ਵਿਸਾਰਨ ਦੀ ਆਦਤ? ਕੀ ਸਾਡੀ ਜੀਵਨ-ਸ਼ੈਲੀ ਵਿਚ ਅਮਲ ਵੀ ਕਰਦੇ? ਸਾਡੀ ਕਹਿਣੀ ਅਤੇ ਕਥਨੀ ਵਿਚ ਕਿੰਨਾ ਕੁ ਅੰਤਰ?

ਸਿੱਖਣ ਵਾਲੇ ਹਰ ਪਲ ਹੀ ਕੁਝ ਨਾ ਕੁਝ ਸਿੱਖਦੇ। ਉਹ ਹਰ ਕਿਰਿਆ ਦ੍ਰਿਸ਼, ਗਤੀਵਿਧੀ, ਕਾਰਜ, ਸੰਗਤ ਜਾਂ ਵਰਤਾਰੇ ਵਿਚੋਂ ਬਹੁਤ ਕੁਝ ਸਿੱਖਦੇ। ਉਨ੍ਹਾਂ ਵਿਚ ਸਿੱਖਣ ਲਈ ਕਿਸੇ ਵੀ ਵਰਤਾਰੇ ਜਾਂ ਪ੍ਰਤੀਕਿਰਿਆ ਦੀਆਂ ਵਿਭਿੰਨ ਪਰਤਾਂ ਫਰੋਲਣ ਦੀ ਆਦਤ। ਇਨ੍ਹਾਂ ਨੂੰ ਮਨੁੱਖੀ ਸਰੋਕਾਰਾਂ ਨਾਲ ਜੋੜਨ ਦੀ ਬਿਰਤੀ। ਤਾਂ ਹੀ ਅਜੇਹੇ ਲੋਕ ਮਿਕਨਾਤੀਸੀ ਵਿਅਕਤੀਤਵ ਦੇ ਮਾਲਕ ਹੁੰਦੇ। ਚਾਲ, ਢਾਲ, ਕਿਰਦਾਰ, ਗੁਫ਼ਤਾਰ ਅਤੇ ਅਚਾਰ ਵਿਚੋਂ ਜਿੱਥੇ ਬਹੁਤ ਕੁਝ ਸਿੱਖਦੇ ਅਤੇ ਸਮਾਜ ਦੀ ਝੋਲੀ ਵਿਚ ਵੀ ਪਾਉਂਦੇ। ਸਮਾਜ ਵਿਚ ਵਿਚਰਦਿਆਂ ਤੁਸੀਂ ਕਦੇ ਵੀ ਅਲੇਪ ਨਹੀਂ ਰਹਿ ਸਕਦੇ। ਤੁਸੀਂ ਕੁਝ ਦਿੰਦੇ ਵੀ ਹੋ ਅਤੇ ਲੈਂਦੇ ਵੀ।

ਕਦੇ ਬਰਫ਼ਬਾਰੀ ਦੌਰਾਨ ਕਿਸੇ ਬਿਨ-ਪੱਤਰੇ ਬਿਰਖ ਨੂੰ ਦੇਖਣਾ ਕਿ ਕਿਵੇਂ ਉਹ ਯਖ਼ ਮੌਸਮ ਵਿਚ ਆਪਣੀ ਅੰਦਰਲੀ ਅੱਗ ਨਾਲ ਖ਼ੁਦ ਨੂੰ ਜਿਊਂਦਾ ਰੱਖਦਾ। ਇਹੀ ਜਿਊਣਾ ਬਹਾਰ ਆਉਣ 'ਤੇ ਨਵੀਂ ਰੁੱਤ ਦੇ ਪੈਗ਼ਾਮ ਬਣ, ਉਸ ਦੇ ਪਿੰਡੇ ਦਾ ਹਰਿਆਵਲਾ ਲਿਬਾਸ ਬਣਦਾ। ਆਪਣੇ ਫਲਾਂ ਅਤੇ ਫੁੱਲਾਂ ਰਾਹੀਂ ਚਮਨ ਨੂੰ ਸੁੰਦਰਤਾ ਬਖ਼ਸ਼ਦਾ ਅਤੇ ਮਹਿਕਾਉਂਦਾ। ਮਨੁੱਖ ਨੂੰ ਸਿਖਾਉਂਦਾ ਕਿ ਔਕੜਾਂ ਸਾਹਵੇਂ ਡਟਣ ਵਾਲੇ ਹੀ ਬਦਲੇ ਮੌਸਮਾਂ ਵਿਚ ਪ੍ਰਾਪਤੀਆਂ ਦਾ ਸਿਰਨਾਵਾਂ ਬਣਦੇ। ਯਾਦ ਰਹੇ ਕਿ ਹਾਲਤਾਂ ਨੇ ਬਦਲਣਾ ਜ਼ਰੂਰ ਹੁੰਦਾ ਅਤੇ ਇਸ ਨੇ ਤੁਹਾਡੀ ਝੋਲੀ ਵਿਚ ਖ਼ੁਸ਼ੀਆਂ ਪਾਉਣੀਆਂ ਹੁੰਦੀਆਂ। ਬਿਰਖ ਵਰਗੇ ਲੋਕ ਹੀ ਜੀਵਨ ਦੇ ਸ਼ਾਹ-ਅਸਵਾਰ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ, ਸਮਾਜ ਦਾ ਹਾਸਲ।

ਬਿਰਖ ਨੂੰ ਛੂਹ ਕੇ ਪੱਤਿਆਂ ਵਿਚ ਸੰਗੀਤ ਪੈਦਾ ਕਰਦੀ ਪੌਣ ਦਾ ਅੰਦਾਜ਼ ਕਮਾਲ ਦਾ। ਰੁਮਕਦੀ ਪੌਣ ਜਿਹੇ ਵਰਤਾਰਿਆਂ ਵਿਚੋਂ ਹੀ ਮਨੁੱਖਵਾਦੀ ਚੇਤਨਾ ਪੈਦਾ ਹੁੰਦੀ। ਅਜੇਹੇ ਲੋਕ ਜੀਵਨ-ਦਾਨੀ ਬਣ ਕੇ ਲੋਕਾਂ ਦੀ ਜ਼ਿੰਦਗੀ ਵਿਚ ਰੰਗਤਾ ਪੈਦਾ ਕਰਦੇ। ਖ਼ੁਸ਼ੀਆਂ ਅਤੇ ਖੇੜਿਆਂ ਸੰਗ ਵਰਸੋਂਦੇ।

ਹਵਾ ਹੀ ਹੁੰਦੀ ਜੋ ਸਾਡੇ ਸੁਗਮ ਸੁਨੇਹੇ ਇਕ ਥਾਂ ਤੋਂ ਦੂਸਰੀ ਥਾਂ 'ਤੇ ਪਹੁੰਚਾਉਂਦੀ। ਸਾਨੂੰ ਸਾਡੇ ਪਿਆਰਿਆਂ ਦੀ ਸ਼ੁੱਭ-ਚੇਤਨਾ ਦਾ ਅਚੇਤ ਸੁਨੇਹਾ, ਸਾਡੀ ਜ਼ਿੰਦਗੀ ਦੇ ਨਾਮ ਲਾਉਂਦੀ। ਹਵਾ ਵਗਦੀ ਤਾਂ ਜੀਵਨ ਧੜਕਦਾ। ਹੁੱਸੜੀ ਹਵਾ, ਸਾਹਾਂ ਦਾ ਖ਼ੌਅ। ਜਦ ਹਵਾ ਬੰਦ ਹੋ ਜਾਵੇ ਤਾਂ ਕੁਝ ਅਣਕਿਆਸਿਆ ਮਾਰੂ ਤੂਫ਼ਾਨ ਜਿਹਾ ਵਾਪਰਦਾ। ਹਵਾ ਦੀ ਰਵਾਨਗੀ ਵਰਗੇ ਸੁਖਸੀ ਬਿੰਬ ਲਈ ਜ਼ਰੂਰੀ ਹੈ ਕਿ ਅਸੀਂ ਹਵਾ ਦੇ ਕਦਰਦਾਨੀ ਬਣੀਏ ਜੋ ਜੀਵਨ ਬਖ਼ਸ਼ ਕੇ ਕਦੇ ਗੁਮਾਨ ਨਹੀਂ ਕਰਦੀ।

ਕਦੇ ਵਗਦੇ ਦਰਿਆ ਨੂੰ ਧਿਆਨ ਨਾਲ ਦੇਖਣਾ। ਇਸ ਦੀਆਂ ਲਹਿਰਾਂ ਅਤੇ ਦੋਹਾਂ ਕੰਢਿਆਂ ਦਰਮਿਆਨ ਇਸ ਦੀ ਤੋਰ ਨੂੰ ਨਿਹਾਰਨ 'ਤੇ ਮਨੁੱਖ ਨੂੰ ਸਮਝ ਆਉਂਦੀ ਕਿ ਜੀਵਨ ਵਿਚ ਨਿਰੰਤਰਤਾ, ਕਿਸੇ ਦੀ ਝੋਲੀ ਵਿਚ ਸੁਗਾਤਾਂ ਪਾਉਣ ਦੀ ਤਮੰਨਾ ਅਤੇ ਇਕ ਡਸਿਪਲਿਨ ਵਿਚ ਰਹਿਣ ਦਾ ਸੁਭਾਅ ਹੋਵੇ ਤਾਂ ਉਹ ਆਪਣੀ ਮੰਜ਼ਲ ਪ੍ਰਾਪਤ ਕਰ ਹੀ ਲੈਂਦਾ। ਤਾਂ ਹੀ ਦਰਿਆ ਆਪਣੇ ਆਲ਼ੇ-ਦੁਆਲੇ ਖ਼ੁਸ਼ਹਾਲੀ ਵੰਡਦਾ, ਆਪਣੀ ਚਾਲ ਜਾਰੀ ਰੱਖਦਾ। ਮੈਦਾਨਾਂ ਨੂੰ ਫ਼ਸਲਾਂ ਦਾ ਵਰਦਾਨ ਦਿੰਦਾ, ਆਖ਼ਰ ਨੂੰ ਸਮੁੰਦਰ ਵਿਚ ਸਮਾ ਆਪਣੀ ਯਾਤਰਾ ਸਫਲਾ ਕਰ ਜਾਂਦਾ। ਦਰਿਆ ਵਾਂਗ ਵਗਦੇ ਰਹਿਣਾ ਜ਼ਰੂਰੀ ਕਿਉਂਕਿ ਖੜ੍ਹੇ ਪਾਣੀ ਸੜ੍ਹਾਂਦ ਮਾਰਨ ਲੱਗਦੇ। ਇਸ ਲਈ ਸਦੇਹਾਂ ਹੈ ਕਿ ਅਸੀਂ ਜੀਵਨ ਦੇ ਹਰ ਪੜਾਅ 'ਤੇ ਨਿਰੰਤਰਤਾ ਬਰਕਰਾਰ ਰੱਖੀਏ।

ਨਵੇਂ ਸੁਪਨੇ ਲਈਏ, ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣੀਏ। ਨਵੇਂ ਦਿਸਹੱਦਿਆਂ ਦੀ ਪ੍ਰਾਪਤੀ ਨਾਲ ਆਪਣੇ ਜੀਵਨ ਸਫ਼ਰ ਨੂੰ ਪੂਰਨ ਕਰੀਏ। ਸੀਮਤ ਅਤੇ ਸੁਰੱਖਿਅਤ ਦਾਇਰੇ ਵਿਚੋਂ ਬਾਹਰ ਨਿਕਲ ਕੇ ਹੀ ਕੋਈ ਵਿਅਕਤੀ ਅਣਛੋਹੇ ਮੁਕਾਮ ਹਾਸਲ ਕਰ ਸਕਦਾ।

ਕਈ ਵਾਰ ਮਨੁੱਖ ਇਕ ਪੜਾਅ ਨੂੰ ਮੁਕੰਮਲ ਸਮਝ ਕੇ ਸਦਾ ਲਈ ਰੁਕ ਜਾਂਦਾ। ਇਸ ਨਾਲ ਹੀ ਖ਼ਤਮ ਹੋ ਜਾਂਦੀ ਕੁਝ ਹੋਰ ਨਵਾਂ ਪ੍ਰਾਪਤ ਕਰਨ ਜਾਂ ਕੁਝ ਨਿਵੇਕਲਾ ਕਰਨ ਦੀ ਚਾਹਨਾਂ। ਇਹ ਦਰਅਸਲ ਕਿਸੇ ਵਿਅਕਤੀ ਦਾ ਆਪਣੀ ਅਸੀਮਤਾ ਨੂੰ ਸੀਮਤ ਕਰਨ ਅਤੇ ਆਪਣੀ ਸਮਰੱਥਾ ਪ੍ਰਤੀ ਨਾ-ਸਮਝੀ ਦਾ ਪ੍ਰਗਟਾਅ। ਮਹਾਨ ਵਿਅਕਤੀ ਕਦੇ ਵੀ ਸਿੱਖਣ ਤੋਂ ਆਨਾਕਾਨੀ ਨਹੀਂ ਕਰਦੇ। ਆਲ਼ੇ ਦੁਆਲੇ ਵਾਪਰ ਰਹੇ ਨਵੇਂ ਵਰਤਾਰਿਆਂ, ਤਕਨੀਕਾਂ ਨੂੰ ਸਮਝਣਾ ਅਤੇ ਯੰਤਰਾਂ ਦੀ ਵਰਤੋਂ ਬਾਰੇ ਜਾਣਨਾ ਹੀ ਉਸ ਨੂੰ ਬਦਲਦੇ ਸਮਾਜ ਦਾ ਹਾਣੀ ਰੱਖਦਾ। ਵਰਨਾ ਮਨੁੱਖ ਬਹੁਤ ਹੀ ਪਛੜ ਜਾਵੇਗਾ।

ਅਸੀਂ ਆਪਣੇ ਬੱਚਿਆਂ, ਵਿਦਿਆਰਥੀਆਂ ਅਤੇ ਸਹਿਕਰਮੀਆਂ ਕੋਲੋਂ ਵੀ ਬਹੁਤ ਕੁਝ ਸਿੱਖਦੇ। ਨੌਜਵਾਨ ਪੀੜ੍ਹੀ ਨਵੀਂ ਸੋਚ ਅਤੇ ਨਵੀਆਂ ਤਰਕੀਬਾਂ ਰਾਹੀਂ ਆਪਣੀ ਤਕਦੀਰ ਦੀ ਸਿਰਜਣਾ ਕਰਦੀ। ਇਹ ਤਕਨੀਕਾਂ ਅਗਰ ਤਾਂ ਸਾਡੇ ਸਮਿਆਂ ਵਿਚ ਨਹੀਂ ਸਨ ਅਤੇ ਜਾਂ ਸਾਨੂੰ ਬਹੁਤ ਘੱਟ ਗਿਆਨ ਸੀ। ਪਰ ਇਹ ਨਵੀਂ ਪੀੜ੍ਹੀ ਸਾਨੂੰ ਇਨ੍ਹਾਂ ਪ੍ਰਤੀ ਜਾਣਕਾਰੀ ਦਿੰਦੀ ਤਾਂ ਅਸੀਂ ਇਨ੍ਹਾਂ ਦੀ ਵਰਤੋਂ ਰਾਹੀ ਖ਼ੁਦ ਨੂੰ ਵਕਤ ਦਾ ਹਾਣੀ ਸਮਝਦੇ।

ਸਿੱਖਣ ਵਾਲੇ ਅਧਿਆਪਕ ਤਾਂ ਆਪਣੇ ਵਿਦਿਆਰਥੀਆਂ ਕੋਲੋਂ ਵੀ ਬਹੁਤ ਕੁਝ ਸਿੱਖਦੇ। ਨਵਾਂ ਲਹਿਜ਼ਾ, ਨਵੀਂ ਅਦਾ, ਨਵੇਂ ਤੌਰ-ਤਰੀਕੇ, ਨਵੀਂ ਪੇਸ਼ਕਾਰੀ। ਨਵੀਂ ਨਸਲ ਦਾ ਆਤਮ-ਵਿਸ਼ਵਾਸ, ਖ਼ੁਦ 'ਤੇ ਯਕੀਨ ਅਤੇ ਆਪਣੀ ਗੱਲ ਨੂੰ ਆਪਣੇ ਅੰਦਾਜ਼ ਵਿਚ ਕਹਿਣ ਦਾ ਹੁਨਰ। ਇਕ ਅਧਿਆਪਕ ਵਿਦਿਆਰਥੀਆਂ ਲਈ ਰੋਲ ਮਾਡਲ ਅਤੇ ਉਹ ਆਪਣੇ ਅਧਿਆਪਕ ਕੋਲੋਂ ਅਚੇਤ ਅਤੇ ਸੁਚੇਤ ਰੂਪ ਵਿਚ ਬਹੁਤ ਕੁਝ ਅਜੇਹਾ ਸਿੱਖਦੇ ਜਿਹੜਾ ਉਨ੍ਹਾਂ ਨੂੰ ਸਰਬਪੱਖੀ ਪ੍ਰਭਾਵਿਤ ਕਰਦਾ।

ਅਸੀਂ ਆਪਣੇ ਬਜ਼ੁਰਗਾਂ ਵੱਲੋਂ ਸੁਣਾਈਆਂ ਕਹਾਣੀਆਂ, ਉਨ੍ਹਾਂ ਦੇ ਜੀਵਨ-ਬਿਰਤਾਂਤ, ਉਨ੍ਹਾਂ ਵੱਲੋਂ ਜੀਵਨ ਵਿਚ ਦਰਪੇਸ਼ ਸਮੱਸਿਆਵਾਂ ਦਾ ਸਾਹਮਣਾ ਕਰਨ ਦਾ ਵੱਲ ਅਤੇ ਇਸ ਨੂੰ ਪਾਰ ਕਰ ਕੇ ਆਪਣੀ ਜ਼ਿੰਦਗੀ ਨੂੰ ਆਪਣੀਆਂ ਤਰਜੀਹਾਂ ਅਤੇ ਤਮੰਨਾਵਾਂ ਅਨੁਸਾਰ ਢਾਲਣਾ, ਬਹੁਤ ਕੁਝ ਸਾਡੇ ਮਨਾਂ ਵਿਚ ਟਿਕਾ ਜਾਂਦਾ ਜਿਸ ਨਾਲ ਅਸੀਂ ਆਪਣੇ ਭਵਿੱਖ ਨੂੰ ਸੁੰਦਰ ਰੂਪ ਵਿਚ ਸਿਰਜ ਸਕਦੇ। ਬਜ਼ੁਰਗਾਂ ਦਾ ਜੀਵਨ ਇਕ ਖੁੱਲ੍ਹੀ ਕਿਤਾਬ ਅਤੇ ਇਸ ਦਾ ਹਰ ਸਫ਼ਾ ਨਵੀਆਂ ਚੁਣੌਤੀਆਂ, ਸੰਭਾਵਨਾਵਾਂ, ਸੁਪਨਿਆਂ ਅਤੇ ਸਾਰਥਕ ਵਿਚਾਰਾਂ ਦੀ ਵਰਣਮਾਲਾ। ਅਸੀਂ ਇਸ ਨੂੰ ਆਪਣੇ ਜ਼ਿਹਨ ਵਿਚ ਕਿਹੜੇ ਰੂਪ ਵਿਚ ਉਤਾਰਦੇ, ਇਹ ਸਾਡੇ ਜੀਵਨ ਦੀ ਉੱਤਮ ਸਿੱਖਿਆ। ਅਸੀਂ ਵੀ ਤਾਂ ਆਪਣੇ ਜੀਵਨ ਵਿਚ ਅਜੇਹੇ ਹਾਲਤਾਂ ਵਿਚੋਂ ਖ਼ੁਦ ਸਿੱਝਣਾ ਅਤੇ ਸਰ ਕਰਨਾ ਹੁੰਦਾ।

ਕਦੇ ਘਰ ਵਿਚ ਰੱਖੇ ਪਾਲਤੂ ਕੁੱਤੇ ਦੀ ਫ਼ਰਮਾਬਰਦਾਰੀ ਦੇਖਣਾ ਜੋ ਝਿੜਕਣ 'ਤੇ ਵੀ ਆਪਣੇ ਮਾਲਕ ਦਾ ਦਰ ਕਦੇ ਨਹੀਂ ਛੱਡਦਾ। ਆਪਣੇ ਮਾਲਕ ਦੇਣਹਾਰੇ ਪ੍ਰਤੀ ਸਮਰਪਿਤਾ ਹੁੰਦੀ ਕਿ ਉਹ ਸਦਾ ਵਫ਼ਾਦਾਰ ਬਣਿਆ, ਜਾਨ 'ਤੇ ਖੇਡ ਕੇ ਪ੍ਰਿਤਪਾਲਕ ਨੂੰ ਕਦੇ ਆਂਚ ਨਹੀਂ ਆਉਣ ਦਿੰਦਾ। ਕੀ ਮਨੁੱਖ ਨੇ ਆਪਣੇ ਮਨ-ਮਸਤਕ ਵਿਚ ਅਜੇਹੀ ਆਂਢ ਪਾਲੀ। ਅਸੀਂ ਤਾਂ ਆਪਣੇ ਮੁਫ਼ਾਦ ਦੀ ਪੂਰਤੀ ਤੋਂ ਬਾਅਦ ਕਿਸੇ ਰਿਸ਼ਤੇ/ਸਬੰਧ ਨੂੰ ਨੈਪਕਿਨ ਵਾਂਗ ਵਰਤ ਕੂੜੇਦਾਨ ਵਿਚ ਸੁੱਟਣ ਲੱਗਿਆਂ ਪਲ ਵੀ ਨਹੀਂ ਲਾਉਂਦੇ।

ਸਭ ਤੋਂ ਵੱਡੇ ਅਤੇ ਅਹਿਮ ਸਬਕ ਸਾਨੂੰ ਸਾਡੀ ਮਾਂ ਦਿੰਦੀ। ਸਾਡੇ ਸੁਪਨੇ, ਸੰਵੇਦਨਾਵਾਂ, ਸਮਝ, ਸੁਹਜਤਾ ਅਤੇ ਸਹਿਜਤਾ ਮਾਂ ਸਾਨੂੰ ਅਚੇਤ ਰੂਪ ਵਿਚ ਦਿੰਦੀ। ਮਾਂ ਵਰਗੀ ਸਿਰੜ-ਸਾਧਨਾ ਅਤੇ ਸਮਰਪਿਤਾ ਕਿਸੇ ਕੋਲ ਨਹੀਂ। ਮਾਂ ਭੁੱਖੀ ਰਹਿ ਕੇ ਆਪਣੇ ਬੱਚਿਆਂ ਲਈ ਰੱਜ ਦਾ ਆਹਰ ਕਰਦੀ। ਕੀ ਅਸੀਂ ਆਪਣੇ ਮਾਂ ਨੂੰ ਉਹੀ ਸੁਖਨ ਕਦੇ ਦੇਣ ਦਾ ਯਤਨ ਕੀਤਾ? ਕੀ ਅਸੀਂ ਮਾਂ ਦੀ ਉਡੀਕ ਪੂਰੀ ਕੀਤੀ? ਕੀ ਮਾਂ ਦੀਆਂ ਦੁਆਵਾਂ ਲੈਣ ਲਈ ਕਦੇ ਉਸ ਬੁੱਢੇ ਘਰ ਨੂੰ ਮਿਲੇ ਹੋ ਜਿੱਥੋਂ ਕੇਰਾਂ ਪੈਰ ਪੁੱਟ ਕੇ ਤੁਸੀਂ ਵਾਪਸ ਮੁੜੇ ਹੀ ਨਹੀਂ? ਤੁਹਾਡੇ ਉੱਚੇ ਰੁਤਬਿਆਂ ਕਾਰਨ ਜਿੱਥੇ ਤੁਹਾਡੇ ਲਈ ਪੁਰਾਣਾ ਘਰ ਬੇਪਛਾਣ ਹੋ ਗਿਆ ਉੱਥੇ ਹੀ ਮਾਂ ਵੀ ਭੁੱਲ ਗਈ ਜਿਹੜੀ ਤੁਹਾਡੀ ਜਨਮ-ਦਾਤੀ, ਸੁਪਨਾ-ਦੇਣਹਾਰੀ ਅਤੇ ਤੁਹਾਡੀਆਂ ਬਲਾਵਾਂ ਉਤਾਰ, ਤੁਹਾਡੀਆਂ ਪ੍ਰਾਪਤੀਆਂ ਲਈ ਪੈੜਾਂ ਦੀ ਸਿਰਜਣਾ ਦਾ ਸਬੱਬ ਬਣਦੀ ਰਹੀ। ਕਦੇ ਮਾਂ ਵਰਗਾ ਬਣਨ ਦੀ ਲੋਚਾ ਮਨ ਵਿਚ ਜ਼ਰੂਰ ਪੈਦਾ ਕਰਨੀ ਕਿਉਂਕਿ ਮਾਂ ਬਹੁਤ ਕੁਝ ਸਾਡੀ ਸੋਚ ਧਰਾਤਲ ਵਿਚ ਅਛੋਪਲ਼ੇ ਜਿਹੇ ਹੀ ਧਰ ਜਾਂਦੀ। ਪਰ ਅਸੀਂ ਕੇਹੇ ਅਕ੍ਰਿਤਘਣ ਕਿ ਮਾਂ ਦੇ ਨਾਲ-ਨਾਲ, ਆਪਣਾ ਮੂਲ ਵੀ ਭੁੱਲ ਜਾਂਦੇ।

ਮਿੱਤਰਤਾ ਦੀ ਪ੍ਰਤੀਬੱਧਤਾ, ਯਾਰੀ ਨਿਭਾਉਣ ਦੀ ਰੀਤ ਅਤੇ ਯਾਰ ਦੀ ਯਾਰੀ ਦਾ ਮੁੱਲ ਪਾਉਣ ਵਾਲੇ ਮਿੱਤਰ ਕੋਲੋਂ ਅਸੀਂ ਬਹੁਤ ਕੁਝ ਅਜੇਹਾ ਸਿੱਖਦੇ ਜਿਹੜਾ ਸਾਨੂੰ ਸਾਡੇ ਪਰਿਵਾਰ ਵਿਚੋਂ ਨਹੀਂ ਮਿਲਦਾ। ਕਈ ਵਾਰ ਤੁਹਾਡਾ ਕਰੀਬੀ ਮਿੱਤਰ, ਰਿਸ਼ਤੇਦਾਰਾਂ ਨਾਲੋਂ ਵੀ ਜ਼ਿਆਦਾ ਨੇੜੇ ਹੁੰਦਾ ਜਿਸ ਨਾਲ ਤੁਸੀਂ ਜ਼ਿੰਦਗੀ ਦੇ ਹਰ ਰਾਜ਼ ਨੂੰ ਸਾਂਝਾ ਕਰਦੇ ਜੋ ਕਈ ਵਾਰ ਆਪਣਿਆਂ ਨਾਲ ਵੀ ਸਾਂਝਾ ਨਹੀਂ ਕਰਦੇ। ਰਾਜ਼ਦਾਰੀ ਰੱਖਣ ਦਾ ਵੱਲ, ਪਿਆਰੇ ਮਿੱਤਰ ਦੀ ਮਿਲੀ ਹੋਈ ਦੀਖਿਆ ਜਿਸ ਨੇ ਸਾਡੀ ਸੋਚ ਨੂੰ ਸਾਡੇ ਦੋਸਤ ਦਾ ਹਾਣੀ ਬਣਾਉਣਾ ਅਤੇ ਇਸ ਸਾਂਝ ਨੂੰ ਤਾਅ ਉਮਰ ਨਿਭਾਉਣਾ ਹੁੰਦਾ। ਐਵੇਂ ਤਾਂ ਨਹੀਂ ਕਹਿੰਦੇ ਕਿ ਯਾਰਾਂ ਨਾਲ ਬਹਾਰਾਂ। ਜੀਵਨ ਜਸ਼ਨ ਨਾਲ ਦਿਲਦਾਰਾਂ। ਸੱਜਣਾਂ ਨਾਲ ਟੁੱਣਕਣ ਦਿਲ ਦੀਆਂ ਤਾਰਾਂ ਜੋ ਬਣਦੀਆਂ ਜੀਵਨ-ਗੁਲਜ਼ਾਰਾਂ। ਸੱਜਣ ਮਿਲੇ ਤਾਂ ਰੱਬ ਮਿਲਦਾ, ਖ਼ੁਦ ਨੂੰ ਮਿਲਣ ਦਾ ਸਬੱਬ ਮਿਲਦਾ ਅਤੇ ਖ਼ੁਦ ਤੋਂ ਖ਼ੁਦ ਤੀਕ ਜਾਣ ਦਾ ਅਹਿਮ ਕਰਤਬ ਮਿਲਦਾ।

ਹਰੇਕ ਵਿਅਕਤੀ ਨੂੰ ਸੁਣੋ। ਉਸ ਕੋਲੋਂ ਕੁਝ ਨਾ ਕੁਝ ਸਿੱਖੋ ਕਿਉਂਕਿ ਕੋਈ ਵੀ ਵਿਅਕਤੀ ਸਭ ਕੁਝ ਨਹੀਂ ਜਾਣਦਾ ਹੁੰਦਾ ਪਰ ਉਹ ਕੁਝ ਨਾ ਕੁਝ ਤਾਂ ਜ਼ਰੂਰ ਜਾਣਦਾ ਹੁੰਦਾ। ਸਭ ਤੋਂ ਅਹਿਮ ਹੁੰਦਾ ਕਿ ਉਸ ਵਿਅਕਤੀ ਦੀ ਨੇੜਤਾ ਮਾਣੋ ਜੋ ਸੁਪਨੇ ਦੇਣ, ਅੱਗੇ ਵਧਣ ਲਈ ਪ੍ਰੇਰਤ ਕਰਨ, ਨਵਾਂ ਸਿਰਜਣ ਲਈ ਉਤਸ਼ਾਹਿਤ ਕਰਨ ਅਤੇ ਨਵੀਆਂ ਮੰਜ਼ਲਾਂ ਦੇ ਸਿਰਨਾਵਿਆਂ ਦੀ ਦੱਸ ਪਾਉਣ। ਬਿਨ-ਸਿਰਨਾਵਿਉਂ ਕਿਸੇ ਵੀ ਮੰਜ਼ਲ ਦੀ ਪ੍ਰਾਪਤੀ ਅਸੰਭਵ।

ਯਾਦ ਰਹੇ ਕਿ ਖ਼ੁਦ ਗ਼ਲਤੀਆਂ ਕਰ ਕੇ ਸਿੱਖਣਾ ਬਹੁਤ ਮਹਿੰਗਾ। ਸੋ ਜ਼ਰੂਰਤ ਹੈ ਕਿ ਕਿਸੇ ਦੀ ਗ਼ਲਤੀਆਂ ਤੋਂ ਸਿੱਖ ਕੇ, ਉਨ੍ਹਾਂ ਗ਼ਲਤੀਆਂ ਨੂੰ ਕਰਨ ਤੋਂ ਦੂਰ ਰਹਾਂਗੇ ਤਾਂ ਸਾਨੂੰ ਆਪਣੀ ਮੰਜ਼ਲ ਬਹੁਤ ਨੇੜੇ ਨਜ਼ਰ ਆਵੇਗੀ।

ਹਰ ਵਿਅਕਤੀ ਦੀ ਸੋਚ, ਰੂਹ ਅਤੇ ਭਾਵਨਾ ਵੱਖੋ-ਵੱਖਰੀ। ਜੇ ਤੁਹਾਡੇ ਮਨ ਵਿਚ ਹਰੇਕ ਕੋਲੋਂ ਕੁਝ ਸਿੱਖਣ ਦੀ ਭਾਵਨਾ ਹੋਵੇਗੀ ਤਾਂ ਤੁਸੀਂ ਆਪਣੇ ਹਿੱਸੇ ਦਾ ਕੁਝ ਵਧੀਆ ਜ਼ਰੂਰ ਗ੍ਰਹਿਣ ਕਰੋਗੇ। ਹਰੇਕ 'ਤੇ ਐਵੇਂ ਸ਼ੱਕ ਨਾ ਕਰਿਆ ਕਰੋ। ਪਰ ਸੁਚੇਤ ਜ਼ਰੂਰ ਰਿਹਾ ਕਰੋ ਕਿਉਂਕਿ ਤੁਸੀਂ ਕੀ ਸਿੱਖ ਰਹੇ ਹੋ, ਇਹ ਤਾਂ ਤੁਸੀਂ ਹੀ ਨਿਸ਼ਚਿਤ ਕਰਨਾ।

ਅਸੀਂ ਸਿੱਖਦੇ ਹਾਂ ਧਾਰਮਿਕ ਗ੍ਰੰਥਾਂ 'ਚੋਂ, ਸੱਚੇ ਸੰਤਾਂ ਦੀ ਸੰਗਤ ਵਿਚੋਂ, ਮਹਾਂ-ਪੁਰਖਾਂ ਦੇ ਪ੍ਰਵਚਨਾਂ ਵਿਚੋਂ ਅਤੇ ਉਨ੍ਹਾਂ ਦੀ ਕਰਮ ਸ਼ੈਲੀ ਵਿਚੋਂ ਕਿਉਂਕਿ ਕਰਮਯੋਗੀਆਂ ਦੀ ਕਰਮ ਯੋਗਤਾ ਬਹੁਤ ਕੁਝ ਅਜੇਹਾ ਸਾਡੀ ਸੰਵੇਦਨਾ ਦੇ ਨਾਮ ਲਾ ਜਾਂਦੀ ਜਿਸ ਦੀ ਸ਼ੁਕਰਗੁਜ਼ਾਰੀ ਨਾਲ ਸਮੇਂ ਦੀ ਸਿੱਤਮਜ਼ਰੀਫੀ ਜਰਦਿਆਂ ਵੀ, ਧੰਨਭਾਗਤਾ ਦੇ ਆਦੀ ਹੋ ਜਾਂਦਾ। ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਗੁਰੂ ਦੇ ਰੁਤਬੇ ਦਾ ਮਤਲਬ ਕਿ ਇਸ ਵਿਚ ਸਮੋਈ ਸਮਝ ਅਤੇ ਸੰਵੇਦਨਾ ਨੂੰ ਜੀਵਨੀ ਅੰਦਾਜ਼ ਦਾ ਹਿੱਸਾ ਬਣਾਓ। ਸਿਰਫ਼ ਪੜ੍ਹਨ ਨਾਲ ਕੁਝ ਨਹੀਂ ਸੰਵਾਰਦਾ। ਲੋੜ ਹੈ ਕਿ ਸ਼ਬਦ-ਗੁਰੂ ਅਨੁਸਾਰ ਜੀਵਨ ਨਿਰਧਾਰਿਤ ਕਰੀਏ ਅਤੇ ਸਮਾਜ ਲਈ ਇਕ ਵਧੀਆ ਉਦਾਹਰਨ ਬਣ ਕੇ ਨਵੇਂ ਸਮਾਜ ਦੀ ਸਿਰਜਣਾ ਕਰੀਏ।

ਅਸੀਂ ਇਤਿਹਾਸ ਕੋਲੋਂ ਬਹੁਤ ਕੁਝ ਸਿੱਖਦੇ ਕਿ ਬੀਤੇ ਵਿਚ ਅਜੇਹਾ ਕਿਉਂ ਹੋਇਆ? ਕਿਹੜੀਆਂ ਪ੍ਰਾਪਤੀਆਂ ਨੇ ਸਮਾਜ ਨੂੰ ਨਰੋਆਪਣ ਬਖ਼ਸ਼ਿਆ? ਕਿਹੜੇ ਵਰਤਾਰਿਆਂ ਨੇ ਰਸਾਤਲ ਦੀ ਨਿਸ਼ਾਨਦੇਹੀ ਕੀਤੀ? ਮਹਾਨ ਵਿਅਕਤੀਆਂ ਦੀ ਮਹਾਨਤਾ ਦਾ ਅਹਿਮ ਪੱਖ ਕਿਹੜਾ? ਕਿਵੇਂ ਉਹ ਵੱਡੇ ਵਿਅਕਤੀਆਂ, ਵਿਦਵਾਨਾਂ ਅਤੇ ਗਿਆਨਵਾਨਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ, ਲੋਕ ਚੇਤਿਆਂ ਵਿਚ ਸਦਾ ਲਈ ਵੱਸਦੇ।

ਅੰਬਰ ਦੀ ਵਸੀਹਤਾ ਅਤੇ ਸਮੁੰਦਰ ਦੀ ਅਸੀਮਤਾ ਵੀ ਬਹੁਤ ਕੁਝ ਮਨੁੱਖੀ ਚੇਤਨਾ ਵਿਚ ਧਰਦੀ ਕਿ ਅੰਬਰ ਹੁੰਦਿਆਂ ਹਰੇਕ ਲਈ ਸਿਰ ਦੀ ਛੱਤ ਬਣਿਆ ਜਾ ਸਕਦਾ। ਸਮੁੰਦਰ ਹੁੰਦਿਆਂ ਵੀ ਕਿਸੇ ਦੇ ਪੈਰਾਂ ਵਿਚ ਵਿਛਿਆ ਜਾ ਸਕਦਾ। ਤਪਦੇ ਪੈਰਾਂ ਨੂੰ ਠੰਢਕ ਪਹੁੰਚਾਈ ਜਾ ਸਕਦੀ। ਕੀਮਤੀ ਮੋਤੀਆਂ ਅਤੇ ਦਾਤਾਂ ਨਾਲ ਮਾਨਵਤਾ ਨੂੰ ਵਰਸੋਇਆ ਜਾ ਸਕਦਾ। ਯਾਦ ਰਹੇ ਕਿ ਇਹ ਅੰਬਰ ਦੀ ਛੱਤ ਹੀ ਹੁੰਦੀ ਜੋ ਕਿਸੇ ਛੱਤ ਹੀਣ ਲਈ ਓਹਲਾ ਬਣਦੀ। ਰਾਤ ਦੇ ਰੰਗਾਂ ਨੂੰ ਮਾਣਦਾ ਨੀਂਦ ਦੇ ਹਿਲੋਰਿਆਂ ਨਾਲ ਆਪਣੇ ਸੁਪਨਿਆਂ ਵਿਚ ਰੰਗੀਨੀ ਭਰਦਾ। ਅੰਬਰ ਤਾਂ ਆਪਣੇ ਵਿਹੜੇ ਵਿਚ ਸੂਰਜ, ਚੰਨ ਅਤੇ ਤਾਰੇ ਹੁੰਦਿਆਂ ਵੀ ਕਦੇ ਚਾਨਣ ਦਾ ਮਾਣ ਨਹੀਂ ਕਰਦਾ। ਸਗੋਂ ਇਹ ਧਰਤੀ ਦੇ ਹਰ ਜੀਵ ਨੂੰ ਵਰਤਾਉਂਦਾ, ਫ਼ਿਜ਼ਾ 'ਚ ਭਲਿਆਈ ਦਾ ਗੀਤ ਗੁਣਗੁਣਾਉਂਦਾ।

ਕਦੇ ਮਜ਼ਾਰ ਦੇ ਜਗਦੇ ਚਿਰਾਗ਼ ਤੋਂ ਸੁਮੱਤ ਲੈਣਾ ਕਿ ਉਹ ਪਸਰੇ ਹੋਏ ਹਨੇਰੇ ਵਿਚ ਚਾਨਣ ਦਾ ਵਣਜ ਕਰਦਾ। ਨਤਮਸਤਕ ਹੋਣ ਵਾਲੇ ਸ਼ਰਧਾਲੂ ਦੇ ਰਾਹ ਵਿਚ ਚਾਨਣ ਵਿਛਾਉਂਦਾ। ਰੌਸ਼ਨ ਕਾਤਰ ਉਸ ਦੇ ਅੰਤਰੀਵ ਵਿਚ ਵੀ ਧਰਦਾ। ਖ਼ੁਦ ਜਗ ਕੇ ਚਾਨਣ ਦੀ ਸੱਦ ਲਾਉਣ ਵਾਲੇ ਦਰਅਸਲ ਕਾਇਨਾਤ ਦਾ ਉਹ ਨਗ਼ਮਾ ਜੋ ਹਰ ਸਦੀ ਵਿਚ ਹਰ ਹੋਠ 'ਤੇ ਸਦਾ ਗਾਇਆ ਜਾਂਦਾ।

ਕਦੇ ਕਦਾਈ ਆਪਣੇ ਘਰ ਵਿਚ ਪਈਆਂ ਕਿਤਾਬਾਂ ਨਾਲ ਸੰਵਾਦ ਰਚਾਉਣਾ। ਇਸ ਦੇ ਇਸੇ ਵਿਚ ਜਗਦੇ ਅਰਥਾਂ ਦੇ ਜੁਗਨੂੰਆਂ ਦੀ ਰੌਸ਼ਨੀ ਵਿਚ ਆਪਣੇ ਆਪ ਨੂੰ ਪੜ੍ਹਨਾ। ਤੁਹਾਨੂੰ ਪਤਾ ਲੱਗੇਗਾ ਕਿ ਕਿਵੇਂ ਇਹ ਕਿਤਾਬਾਂ ਤੁਹਾਨੂੰ ਖ਼ੁਦ ਦੇ ਰੂਬਰੂ ਕਰ, ਸਮਾਜਿਕ ਵਰਤਾਰਿਆਂ, ਮਨੁੱਖੀ ਕਿਰਿਆਵਾਂ ਅਤੇ ਵਿਅਕਤੀਗਤ ਸੰਭਾਵਨਾਵਾਂ ਅਤੇ ਸੁਪਨਿਆਂ ਦੀ ਸੂਹ ਦੇ ਜਾਂਦੀਆਂ ਅਤੇ ਤੁਸੀਂ ਆਪਣੇ ਹਿੱਸੇ ਦਾ ਅੰਬਰ ਭਾਲਣ ਦੇ ਯੋਗ ਹੋ ਜਾਂਦੇ।

ਸਿੱਖਣ ਲਈ ਜ਼ਰੂਰੀ ਹੈ ਕਿ ਧਰਤੀ 'ਤੇ ਯਕੀਨ ਰੱਖੋ ਜਿਸ ਉੱਪਰ ਤੁਹਾਡੇ ਪੈਰ ਹਨ। ਹਵਾ 'ਤੇ ਸ਼ੱਕ ਨਾ ਕਰੋ ਜੋ ਤੁਹਾਨੂੰ ਜੀਵਨ ਦਿੰਦੀ। ਪਾਣੀ ਬਾਰੇ ਕੋਈ ਗ਼ਲਤਫ਼ਹਿਮੀ ਵਿਚ ਨਾ ਰਹੋ ਜਿਸ ਤੋਂ ਬਿਨਾਂ ਜਿਊਣਾ ਅਸੰਭਵ। ਅੰਬਰ ਨੂੰ ਸ਼ੱਕ ਨਾ ਦੇਖੋ ਕਿਉਂਕਿ ਅੰਬਰ ਤਾਂ ਤੁਹਾਡੀਆਂ ਬਲਾਵਾਂ ਉਤਾਰਦਾ। ਸੂਰਜ 'ਤੇ ਬੇਯਕੀਨੀ ਹੋ ਹੀ ਨਹੀਂ ਸਕਦੀ ਜੋ ਸਾਨੂੰ ਰੌਸ਼ਨੀ ਅਤੇ ਨਿੱਘ ਦਿੰਦਾ। ਕੁਦਰਤ ਵਿਚ ਰੰਗਾਂ ਦੀ ਕਲਾ-ਨੱਕਾਸ਼ੀ ਕਰਦਾ। ਇਹ ਕੁਦਰਤੀ ਨਿਆਮਤਾਂ ਤਾਂ ਖ਼ੁਦ ਅਰਪਿਤ ਹੋ ਤੁਹਾਨੂੰ ਬਹੁਤ ਕੁਝ ਸਿਖਾਉਂਦੇ।

---

*(ਪਿਛਲੇ ਸਫੇ ਦਾ ਬਾਕੀ)*

ਇਸ ਤਰ੍ਹਾਂ ਦੇ ਅਨੇਕਾਂ ਸ਼ਬਦ ਹਨ ਜਿਨ੍ਹਾਂ ਤੋਂ ਸਹਿਜੇ ਹੀ ਸਮਝ ਪੈ ਜਾਂਦੀ ਹੈ ਕਿ ਬੱਚੇ ਦੀ ਪੈਦਾਇਸ਼ ਬਾਰੇ ਗੁਰਮਤਿ ਦਾ ਨਜਰੀਆ ਬੜਾ ਸਪੱਸ਼ਟ ਅਤੇ ਵਿਗਿਆਨਕ ਹੈ ਅਤੇ ਅਹੱਲਿਆ ਦੀ ਪੈਦਾਇਸ਼ ਵਾਲੀ ਕਹਾਣੀ ਦੀ ਹਾਮੀ ਨਹੀਂ ਭਰਦਾ।

ਜੇ ਇਸ ਕਹਾਣੀ ਵਿਚਲੇ ਚੰਦਰਮਾਂ ਵਾਲੇ ਹਿੱਸੇ ਨੂੰ ਵਿਚਾਰੀਏ ਤਾਂ ਗੁਰਮਤਿ ਦਾ ਪੱਖ ਬੜਾ ਸਪੱਸ਼ਟ ਅਤੇ ਵਿਗਿਆਨਕ ਹੈ ਕਿ ਚੰਦ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ, ਜਦ ਸੂਰਜ ਦੀ ਰੌਸ਼ਨੀ ਚੰਦ ਉੱਤੇ ਪੈਂਦੀ ਹੈ ਤਾਂ ਉਹ ਚਮਕਦਾ ਹੈ।

'ਸਸਿ ਘਰਿ ਸੂਰ ਵਸੈ ਮਿਟੈ ਅੰਧਿਆਰਾ॥'

ਭਾਵ ਸਸਿ (ਚੰਦ) ਉੱਤੇ ਸੂਰ (ਸੂਰਜ) ਦੀ ਰੌਸ਼ਨੀ ਪੈਂਦੀ ਹੈ ਤਾਂ ਉਹ ਚਮਕਦਾ ਹੈ।

'ਸਸੀਅਰ ਕੈ ਘਰਿ ਸੂਰ ਸਮਾਵੈ॥'

ਭਾਵ ਚੰਦ ਵਿਚ ਵੀ ਸੂਰਜ ਦਾ ਹੀ ਚਾਨਣ ਨਜਰ ਆ ਰਿਹਾ ਹੈ।

ਇਨ੍ਹਾਂ ਸ਼ਬਦਾਂ ਤੋਂ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਗੁਰੂ ਸਾਹਿਬਾਨ ਗੌਤਮ ਰਿਸ਼ੀ ਦੇ ਚੰਦਰਮਾਂ ਨੂੰ ਸਰਾਪ ਵਾਲੀ ਮਨੌਤ ਵਿਚ ਯਕੀਨ ਨਹੀਂ ਰੱਖਦੇ।

ਵੈਸੇ ਵੀ ਜਦ ਗੁਰੂ ਸਾਹਿਬ ਤੀਰਥਾਂ 'ਤੇ ਜਾ ਕੇ ਸੂਰਜ ਨੂੰ ਪਾਣੀ ਦੇਣ ਵਾਲੇ ਲੋਕਾਂ ਨੂੰ ਸਮਝਾਉਂਦੇ ਹਨ ਕਿ ਇਸ ਤਰ੍ਹਾਂ ਪਾਣੀ ਸੂਰਜ ਤੱਕ ਨਹੀਂ ਪਹੁੰਚ ਸਕਦਾ ਤਾਂ ਅਸੀਂ ਕਿਵੇਂ ਸੋਚ ਸਕਦੇ ਹਾਂ ਕਿ ਗੁਰੂ ਸਾਹਿਬ ਗੌਤਮ ਰਿਸ਼ੀ ਦੇ ਪਰਨੇ ਨਾਲ ਚੰਦ 'ਤੇ ਦਾਗ ਪੈਣ ਵਾਲੀ ਕਹਾਣੀ ਵਿਚ ਯਕੀਨ ਰੱਖਦੇ ਹੋਣਗੇ।

ਇਸ ਵਿਚਾਰ ਦਾ ਤੱਤ ਸਾਰ ਇਹ ਹੈ ਕਿ ਬਾਣੀ ਅੰਦਰ ਉਦਾਹਰਣ ਰੂਪ ਵਿਚ ਵਰਤੇ ਪ੍ਰਸੰਗਾਂ ਦੀਆਂ ਪ੍ਰਚੱਲਿਤ ਕਹਾਣੀਆਂ ਨੂੰ ਇੰਨ-ਬਿੰਨ ਇਤਿਹਾਸਕ ਸੱਚ ਮੰਨਣ ਦੀ ਬਜਾਏ ਬਾਣੀ ਵਿਚ ਮੌਜੂਦ ਗੁਰਮਤਿ ਸਿਧਾਂਤ ਹਰ ਸਿੱਖ, ਖਾਸ ਕਰ ਪ੍ਰਚਾਰਕ ਵਰਗ ਦੇ ਦਿਮਾਗ ਵਿਚ ਸਪੱਸ਼ਟ ਰੂਪ ਵਿਚ ਵੱਸਿਆ ਹੋਵੇ ਅਤੇ ਕਿਸੇ ਵੀ ਘਟਨਾ ਦੀ ਵਿਆਖਿਆ ਵੇਲੇ ਉਸ ਸਿਧਾਂਤ ਨੂੰ ਹੀ ਕਸਵੱਟੀ ਬਣਾਇਆ ਜਾਵੇ।

## ਮਹਾਂ-ਦੌੜਾਂ ਦੀ ਸਿਰਮੌਰ ਦੌੜ

# ਸਾਲਾਨਾ ਸ੍ਰੀ ਚਿਨਮੁਆਇ ਸਵੈ-ਸਾਧਨਾ 3100 ਮੀਲ ਦੀ ਦੌੜ

ਇੰਜ ਈਸ਼ਰ ਸਿੰਘ
ਫੋਨ: 647-640-2014

ਅੱਜ-ਕੱਲ੍ਹ (30 ਅਗਸਤ ਤੋਂ 20 ਅਕਤੂਬਰ ਤੱਕ) ਅਮਰੀਕਾ ਦੇ ਨਿਊ ਯਾਰਕ ਮਹਾਂ-ਨਗਰ ਦੇ ਇੱਕ ਛੋਟੇ ਜਿਹੇ ਸ਼ਹਿਰ 'ਜਮਾਇਕਾ' ਵਿਚ ਇੱਕ ਦੌੜ ਚੱਲ ਰਹੀ ਹੈ ਜਿਸ ਦਾ ਨਾਉਂ ਹੈ '28ਵੀਂ ਸਾਲਾਨਾ ਸ੍ਰੀ ਚਿਨਮੁਆਇ ਸੈਲਫ-ਟਰਾਂਸੈਂਡੈਂਸ 3100 ਮੀਲ ਰੇਸ'। ਇਸ ਵਿਚ 12 ਦੌੜਾਕ ਹਿੱਸਾ ਲੈ ਰਹੇ ਹਨ, ਜਿਨ੍ਹਾਂ ਵਿਚੋਂ 2 ਔਰਤਾਂ ਹਨ। ਸਾਰੇ ਦੌੜਾਕ ਇਸ ਦੌੜ ਨੂੰ ਪੂਰਾ ਨਹੀਂ ਕਰ ਸਕਦੇ। ਇਹ ਦੁਨੀਆਂ ਦੀ ਸਭ ਤੋਂ ਲੰਬੀ, ਪਰਮਾਣਿਤ ਅਤੇ ਔਖੀ ਮਹਾਂ-ਦੌੜ ਹੈ ਜੋ ਹਰ ਸਾਲ ਸਤੰਬਰ-ਅਕਤੂਬਰ ਵਿਚ ਕੇਵਲ ਇਸੇ ਸ਼ਹਿਰ ਵਿਚ ਹੀ ਹੁੰਦੀ ਹੈ।

ਇਸ ਦੀ ਸ਼ੁਰੂਆਤ 1997 ਵਿਚ ਭਾਰਤ ਦੇ ਜੰਮਪਲ ਪ੍ਰਸਿੱਧ ਅਧਿਆਤਮਕ ਗੁਰੂ ਸ੍ਰੀ ਚਿਨਮੁਆਇ ਨੇ ਕੀਤੀ। ਆਪ ਦਾ ਜਨਮ 1931 ਵਿਚ ਬੰਗਾਲ ਦੇ ਇੱਕ ਵਿਦਵਾਨ ਪਰਿਵਾਰ ਵਿਚ ਹੋਇਆ ਅਤੇ 33 ਸਾਲ ਦੀ ਉਮਰ ਤੱਕ ਆਪ ਨੇ ਸ੍ਰੀ ਅਰਬਿੰਦੋ ਆਸ਼ਰਮ ਪਾਂਡੀਚਰੀ ਵਿਚ ਭਾਰਤੀ ਫ਼ਲਸਫ਼ੇ ਦਾ ਡੂੰਘਾ ਗਿਆਨ ਪ੍ਰਾਪਤ ਕੀਤਾ। ਉਸ ਤੋਂ ਬਾਅਦ 1964 ਵਿਚ ਆਪ ਨੇ ਨਿਊ ਯਾਰਕ ਸ਼ਹਿਰ ਵਿਚ ਆਪਣਾ ਆਸ਼ਰਮ ਖੋਲ੍ਹਿਆ ਅਤੇ ਸੰਸਾਰ ਵਿਚ 44 ਸਾਲ ਆਪਣੇ ਇਸ ਮੱਤ ਦਾ ਪ੍ਰਚਾਰ ਕੀਤਾ। ਆਪ ਵੇਦਾਂ ਸਣੇ ਅਧਿਆਤਮਵਾਦ ਦੇ ਸੰਪੰਨ ਗਿਆਤਾ, ਕਲਾਕਾਰ, ਅਤੇ ਸੰਗੀਤਕਾਰ ਹੋਣ ਦੇ ਨਾਲ-ਨਾਲ ਬਹੁਤ ਪ੍ਰਤਿਭਾਸ਼ਾਲੀ ਲੇਖਕ ਅਤੇ ਬੁਲਾਰੇ ਸਨ। ਆਪ ਕਈ ਪ੍ਰਕਾਰ ਦੀਆਂ ਖੇਡਾਂ ਵਿਚ ਨਿਪੁੰਨ, ਸਰੀਰਕ ਪੱਖੋਂ ਬਹੁਤ ਤਕੜੇ, ਪ੍ਰਸਿੱਧ ਅਥਲੀਟ, 'ਵੇਟ-ਲਿਫਟਰ' ਅਤੇ ਲੰਬੀ-ਦੂਰੀ ਦੇ ਦੌੜਾਕ ਸਨ। ਉਨ੍ਹਾਂ ਦਾ ਕਹਿਣਾ ਹੈ:

"ਸਵੈ-ਸਾਧਨਾ ਹੀ ਸੱਚੇ ਅਨੰਦ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਹੈ। ਇਸ ਵਾਸਤੇ ਲੰਬੀ ਦੂਰੀ ਦੀਆਂ ਦੌੜਾਂ ਸਾਧਕਾਂ ਦੀ ਬਹੁਤ ਸਹਾਇਤਾ ਕਰਦੀਆਂ ਹਨ ਭਾਵੇਂ ਇਸ ਵਿਚ ਉਨ੍ਹਾਂ ਨੂੰ ਕਿੰਨੀਆਂ ਵੀ ਔਕੜਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਅੰਤ ਨੂੰ ਜਦੋਂ ਦੌੜ ਸਮਾਪਤ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਸ ਮਹਾਨ ਪ੍ਰਾਪਤੀ ਦਾ ਅਨੁਭਵ ਹੁੰਦਾ ਹੈ"।

ਇਸ ਵਿਲੱਖਣ ਮਹਾਂ-ਦੌੜ ਦੀ ਵਡਿਆਈ ਸਮਝਣ ਵਾਸਤੇ ਦੌੜਾਂ, ਮਹਾਂ-ਦੌੜਾਂ ਅਤੇ ਖੇਡਾਂ ਦੇ ਖੇਤਰ 'ਤੇ ਨਜ਼ਰ-ਸਾਨੀ ਮਦਦਗਾਰ ਹੋਵੇਗੀ। ਸ਼ੁਰੂ ਤੋਂ ਹੀ ਸੰਸਾਰ ਦੇ ਹਰ ਖ਼ਿੱਤੇ ਵਿਚ ਉਸ ਦੇ ਭੂਗੋਲਿਕ, ਸਭਿਆਚਾਰਕ ਅਤੇ ਇਤਿਹਾਸਕ ਹਾਲਾਤਾਂ ਅਨੁਸਾਰ ਖੇਡਾਂ ਖੇਡੀਆਂ ਜਾਂਦੀਆਂ ਰਹੀਆਂ ਹਨ ਪਰ ਸਮੇਂ ਅਤੇ ਸਥਾਨ ਅਨੁਸਾਰ ਇਨ੍ਹਾਂ ਦਾ ਸਰੂਪ ਅਤੇ ਮੰਤਵ ਅੱਡ-ਅੱਡ ਰਿਹਾ ਹੈ। ਪਹਿਲੇ ਸਮਿਆਂ ਵਿਚ ਇਹ ਬਹੁਤਾ ਕਰਕੇ ਧਾਰਮਿਕ ਅਤੇ ਸਮਾਜਿਕ ਤਿਉਹਾਰਾਂ, ਮਨ-ਪ੍ਰਚਾਵੇ ਜਾਂ ਜੰਗਾਂ-ਯੁੱਧਾਂ ਦੀ ਤਿਆਰੀ ਆਦਿਕ ਨਾਲ ਜੁੜੀਆਂ ਹੁੰਦੀਆਂ ਸਨ। ਸਰੀਰਕ ਕਸਰਤ ਦੇ ਤੌਰ 'ਤੇ ਇਨ੍ਹਾਂ ਦੀ ਵਰਤੋਂ ਘੱਟ ਸੀ ਕਿਉਂਕਿ ਸਭ ਦਾ ਰੋਜ਼-ਮਰਾ ਦਾ ਜੀਵਨ ਹੀ ਮਿਹਨਤ-ਮੁਸ਼ੱਕਤ ਵਾਲਾ ਸੀ। ਪਰ ਅੱਜ ਦੇ ਮਸ਼ੀਨੀ ਯੁੱਗ ਵਿਚ ਮਨੁੱਖ ਦੀ ਜੀਵਨ-ਸ਼ੈਲੀ ਬੈਠਕ ਵਾਲੀ ਹੋ ਗਈ ਹੈ, ਸਭ ਨੂੰ ਸਰੀਰਕ ਕਸਰਤ ਦੀ ਲੋੜ ਹੈ ਅਤੇ ਖੇਡਾਂ ਹੀ ਇਸ (ਕਸਰਤ) ਦਾ ਮੁੱਖ ਸਾਧਨ ਰਹਿ ਗਈਆਂ ਹਨ। ਇਸ ਕਰਕੇ ਇਨ੍ਹਾਂ ਦੀ ਅਤੇ ਇਨ੍ਹਾਂ ਵਿਚ ਭਾਗ ਲੈਣ ਵਾਲਿਆਂ, ਦੋਹਾਂ ਦੀ, ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ। ਸੰਸਾਰੀਕਰਨ ਅਤੇ ਤਕਨਾਲੋਜੀ ਕਰਕੇ, ਵੱਡੇ ਪੱਧਰ 'ਤੇ ਇਨ੍ਹਾਂ ਦਾ ਪ੍ਰਬੰਧ ਕਰਨਾ ਜ਼ਰੂਰੀ ਵੀ ਹੋ ਗਿਆ ਹੈ ਅਤੇ ਸੰਭਵ ਵੀ ਹੋ ਸਕਿਆ ਹੈ। ਪਰ ਅੱਜ ਇਨ੍ਹਾਂ ਦਾ ਸਰੂਪ ਬਹੁਤਾ ਪੱਛਮੀ ਅਤੇ ਮੰਤਵ ਬਹੁਤਾ ਵਪਾਰਕ ਹੈ। ਇਸ ਦੇ ਬਾਵਜੂਦ ਖੇਡਾਂ ਮਨੁੱਖੀ ਸ਼ਕਤੀ, ਨਿਪੁੰਨਤਾ ਤੇ ਸਿਰੜ ਦਾ ਸਹੀ ਪ੍ਰਗਟਾਵਾ ਕਰਦੀਆਂ ਹਨ। ਖੇਡਾਂ ਨਾਲ ਖੇਡਣ, ਦੇਖਣ, ਸੁਣਨ, ਲਿਖਣ ਅਤੇ ਪੜ੍ਹਨ ਵਾਲਿਆਂ, ਸਭ ਦਾ ਸਾਰਥਕ ਮਨੋਰੰਜਨ ਹੁੰਦਾ ਹੈ ਜੋ ਮਾਨਵਤਾ ਦੀ ਭਲਾਈ ਵਿਚ ਬਹੁਤ ਸਹਾਈ ਹੋ ਰਿਹਾ ਹੈ।

ਖੇਡ ਤੋਂ ਭਾਵ ਸਾਰਥਕ ਮੁਕਾਬਲੇਬਾਜ਼ੀ ਦੀ ਕੋਈ ਐਸੀ ਸਰੀਰਕ ਜਾਂ ਦਿਮਾਗੀ ਕਾਰਵਾਈ ਹੈ, ਜਿਸ ਦਾ ਨਿਸ਼ਾਨਾ ਸਰੀਰਕ ਜਾਂ ਦਿਮਾਗੀ ਸਮਰੱਥਾ ਅਤੇ ਨਿਪੁੰਨਤਾ ਨੂੰ ਵਰਤਣ, ਸੰਭਾਲਣ ਜਾਂ ਵਿਕਾਸ ਕਰਨ ਦੇ ਨਾਲ-ਨਾਲ ਹਿੱਸੇਦਾਰਾਂ ਅਤੇ ਦਰਸ਼ਕਾਂ ਦਾ ਮਨ-ਪਰਚਾਵਾ ਵੀ ਹੋਵੇ। ਪਰ ਇਸ ਵਿਚ ਕੋਈ ਭਾਗਵਾਦੀ (ਜੂਏ ਆਦਿ ਦੀ ਤਰ੍ਹਾਂ) ਤੱਤ ਨਾ ਹੋਵੇ ਅਤੇ ਨਾ ਹੀ ਕਿਸੇ ਨੂੰ ਕੋਈ ਖ਼ਤਰਾ ਹੋਵੇ। ਖੇਡਾਂ ਖ਼ਾਸ ਨਿਯਮਾਂ ਅਨੁਸਾਰ ਖੇਡੀਆਂ ਜਾਂਦੀਆਂ ਹਨ ਅਤੇ ਇਹ ਸ਼ੌਕੀਆ (ਐਮਾਚਿਊਰ) ਵੀ ਹੋ ਸਕਦੀਆਂ ਹਨ ਅਤੇ ਕਿੱਤਾਮੁਖੀ ਜਾਂ ਮਾਇਕ ਲਾਭ-ਹਿਤ ਵੀ ਹੋ ਸਕਦੀਆਂ ਹਨ। ਇਹ ਸਰੀਰਕ ਵੀ ਹੁੰਦੀਆਂ ਹਨ ਜਿਵੇਂ ਕਿ ਦੌੜਨਾ ਅਤੇ ਕੁਸ਼ਤੀ ਕਰਨਾ; ਦਿਮਾਗੀ ਵੀ ਜਿਵੇਂ ਕਿ ਸ਼ਤਰੰਜ ਆਦਿਕ ਅਤੇ ਮਸ਼ੀਨਰੀ ਅਤੇ ਪਸ਼ੂਆਂ ਨਾਲ ਜੁੜੀਆਂ ਵੀ ਜਿਵੇਂ ਕਿ ਕਾਰਾਂ ਦੀਆਂ ਰੇਸਾਂ ਅਤੇ ਘੋੜ-ਸਵਾਰੀ ਆਦਿਕ। ਦਰਅਸਲ ਵਿਹਾਰਕ ਪੱਖ ਤੋਂ ਤਾਂ ਅਥਲੈਟਿਕਸ ਦੀਆਂ ਖੇਡਾਂ (ਖ਼ਾਸ ਕਰਕੇ ਫੀਲਡ ਅਤੇ ਟਰੈਕ ਦੀਆਂ ਖੇਡਾਂ) ਨੂੰ ਖੇਡਾਂ ਸਮਝਣਾ ਵਾਜਬ ਹੈ। ਇਨ੍ਹਾਂ ਵਿਚੋਂ ਦੌੜਨਾ ਸ਼ੁਰੂ ਤੋਂ ਹੀ ਪ੍ਰਮੁੱਖ ਰਿਹਾ ਹੈ। ਇਹ ਨਾ-ਸਿਰਫ ਆਪਣੇ-ਆਪ ਵਿਚ ਇੱਕ ਸੁਤੰਤਰ ਖੇਡ ਹੈ ਬਲਕਿ ਹਰ ਵੱਡੀ ਖੇਡ ਦਾ ਬਹੁਤ ਅਹਿਮ ਅੰਗ ਹੈ। ਉਦਾਹਰਣ ਵਜੋਂ ਸੰਸਾਰ ਦੀਆਂ ਚਾਰ ਸਭ ਤੋਂ ਵੱਡੀਆਂ ਖੇਡਾਂ ਸੌਕਰ (ਫੁਟਬਾਲ), ਕ੍ਰਿਕਟ, ਹਾਕੀ ਅਤੇ ਟੈਨਿਸ ਸਣੇ ਹੋਰ ਅਨੇਕਾਂ ਖੇਡਾਂ, ਪੂਰੀ ਤਰ੍ਹਾਂ ਖਿਡਾਰੀਆਂ ਦੀ ਦੌੜਨ ਦੀ ਨਿਪੁੰਨਤਾ ਅਤੇ ਸਮਰੱਥਾ 'ਤੇ ਨਿਰਭਰ ਹਨ। ਦੌੜਨਾ ਸਰਲ ਅਤੇ ਸਸਤੀ ਖੇਡ ਹੋਣ ਦੇ ਨਾਲ-ਨਾਲ ਬਹੁਤ ਪ੍ਰਭਾਵਕਾਰੀ ਹੈ, ਜਿਸ ਦਾ ਅਨੰਦ ਅਤੇ ਲਾਭ ਹਰ ਉਮਰ ਅਤੇ ਹਰ ਸਿਹਤ-ਪੱਧਰ ਦਾ ਇਨਸਾਨ ਲੈ ਸਕਦਾ ਹੈ। ਕੁੱਝ ਖ਼ਾਸ ਮੌਕਿਆਂ ਨੂੰ ਛੱਡ ਕੇ, ਇਸ ਵਾਸਤੇ ਕਿਸੇ ਟੀਮ, ਖ਼ਾਸ ਡਰੈੱਸ, ਮਹਿੰਗੇ ਸਮਾਨ ਜਾਂ ਖੇਡ-ਮੈਦਾਨ ਦੀ ਲੋੜ ਨਹੀਂ ਅਤੇ ਨਾ ਹੀ ਕਿਸੇ ਕਰੜੇ ਨਿਯਮ ਦਾ ਬੰਧਨ ਹੈ। ਇਸੇ ਕਰਕੇ ਅੱਜ ਸੰਸਾਰ ਵਿਚ, ਦੌੜਾਂ ਵਿਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ਹੋਰ ਕਿਸੇ ਵੀ ਖੇਡ ਵਿਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ਤੋਂ ਕਿਤੇ ਵੱਧ ਹੈ।

ਦੌੜਾਂ ਦੀਆਂ ਕਿਸਮਾਂ ਦਾ ਕੋਈ ਸ਼ੁਮਾਰ ਨਹੀਂ ਪਰ ਇਤਿਹਾਸਕ ਪਿਛੋਕੜ ਹੋਣ ਕਰਕੇ ਮੈਰਾਥਨ ਦੌੜ (42.2 ਕਿ.ਮੀ) ਦਾ ਇਨ੍ਹਾਂ ਵਿਚ ਖ਼ਾਸ ਸਥਾਨ ਹੈ। ਇਸ ਨੂੰ ਸਟੈਂਡਰਡ ਮੰਨਿਆ ਜਾਂਦਾ ਹੈ ਅਤੇ ਸਭ ਨੂੰ ਇਸ ਬਾਰੇ ਜਾਣਕਾਰੀ ਹੈ। ਇਸ ਤੋਂ ਵੱਡੀ ਹਰ ਦੌੜ ਨੂੰ ਮਹਾਂ-ਦੌੜ (ਅਲਟਰਾ-ਮੈਰਾਥਨ) ਕਿਹਾ ਜਾਂਦਾ ਹੈ ਜੋ ਬਹੁਤਾ ਕਰਕੇ ਸੌ ਕਿਲੋ-ਮੀਟਰ ਜਾਂ ਮੀਲਾਂ ਤੱਕ ਸੀਮਤ ਹਨ ਪਰ ਕਈ ਦੌੜਾਂ ਸੈਂਕੜੇ ਕਿਲੋ-ਮੀਟਰ/ਮੀਲਾਂ ਤੱਕ ਦੀਆਂ ਵੀ ਹਨ। ਇਸ ਤਰ੍ਹਾਂ ਦੀਆਂ 'ਫ਼ਾਸਲੇ' ਨਾਲ ਸਬੰਧਿਤ ਮਹਾਂ-ਦੌੜਾਂ ਤੋਂ ਇਲਾਵਾ 'ਸਮਾਂ-ਬੱਧ' ਮਹਾਂ-ਦੌੜਾਂ ਵੀ ਹੁੰਦੀਆਂ ਹਨ ਜਿਵੇਂ ਕਿ ਛੇ ਘੰਟਿਆਂ ਦੀਆਂ, 24 ਘੰਟਿਆਂ ਦੀਆਂ ਜਾਂ ਬਹੁ-ਦਿਵਸੀ ਦੌੜਾਂ। ਇਨ੍ਹਾਂ ਵਿਚ ਬਹੁਤ ਦਿਲਚਸਪੀ ਵਧ ਰਹੀ ਹੈ ਅਤੇ ਪਿਛਲੇ 25 ਸਾਲਾਂ ਅੰਦਰ ਮਹਾਂ-ਦੌੜਾਂ ਵਿਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ਵਿਚ 17 ਗੁਣਾਂ ਵਾਧਾ ਹੋਇਆ ਹੈ। ਉਦਾਹਰਣ ਵਜੋਂ ਸੰਸਾਰ ਦੀਆਂ ਕੁੱਝ ਮਸ਼ਹੂਰ ਸਾਲਾਨਾ ਮਹਾਂ-ਦੌੜਾਂ ਇਹ ਹਨ:

ਸਪਾਰਟੈਥਲਨ: ਐਥਨਜ਼ ਵਿਚ 36 ਘੰਟਿਆਂ ਵਿਚ 246 ਕਿ.ਮੀ।

ਅਲਟਰਾ ਐਕਸ ਜੌਰਡਨ: ਜੌਰਡਨ ਦੇ ਮਾਰੂਥਲ ਵਿਚ ਛੇ ਦਿਨਾਂ ਦੀ 260 ਕਿ.ਮੀ।

ਲਾ ਅਲਟਰਾ: ਭਾਰਤ ਦੇ ਹਿਮਾਲਿਆ ਪਰਬਤ ਵਿਚ 72 ਘੰਟੇ ਦੀ 333 ਕਿ.ਮੀ।

ਗ੍ਰੈਂਡ ਟੂ ਗ੍ਰੈਂਡ ਅਲਟਰਾ: ਉੱਤਰੀ ਅਮਰੀਕਾ ਵਿਚ 7 ਦਿਨਾਂ ਦੀ 275 ਕਿ.ਮੀ।

ਪਰ 'ਸ੍ਰੀ ਚਿਨਮੁਆਇ ਸਵੈ-ਸਾਧਨਾ ਮਹਾਂ-ਦੌੜ' ਇਨ੍ਹਾਂ ਸਭ ਤੋਂ ਵਿਲੱਖਣ ਹੈ।



ਅਧਿਆਤਮਵਾਦੀ ਮੰਤਵ ਨਾਲ ਸ੍ਰੀ ਚਿਨਮੁਆਇ ਨੇ ਪੰਜਾਹ ਤੋਂ ਵੱਧ ਦੇਸ਼ਾਂ ਵਿਚ ਸਾਧਨਾ-ਕੇਂਦਰ ਖੋਲ੍ਹੇ ਅਤੇ ਕਈ ਮਹਾਂ-ਦੌੜਾਂ ('ਅਲਟਰਾ-ਮੈਰਾਥਨਜ਼') ਅਤੇ ਬਹੁ-ਦਿਵਸੀ ('ਮਲਟੀ-ਡੇ') ਦੌੜਾਂ ਦੀ ਨੀਂਹ ਰੱਖੀ। ਵਿਚਾਰ-ਅਧੀਨ ਮਹਾਂ-ਦੌੜ ਇਨ੍ਹਾਂ ਸਭ ਵਿਚੋਂ ਵਿਲੱਖਣ ਹੈ ਅਤੇ ਇਸ ਦੇ ਰੋਚਕ, ਹੈਰਾਨੀ-ਜਨਕ ਅਤੇ ਦਿਲਚਸਪ ਤੱਥ ਹਨ:

* ਜਿਵੇਂ ਕਿ ਸ਼ੁਰੂ ਵਿਚ ਦੱਸਿਆ ਗਿਆ ਹੈ, ਇਹ 5, 000 ਕਿ.ਮੀ (3,100 ਮੀਲ) ਲੰਬੀ ਪਰਮਾਣਿਤ ਅਤੇ ਸਭ ਤੋਂ ਔਖੀ ਮਹਾਂ-ਦੌੜ ਹੈ।
* ਮਾਊਂਟ ਐਵਰੈਸਟ ਦੀ ਚੋਟੀ ਨੂੰ ਪਿਛਲੇ 72 ਸਾਲਾਂ ਵਿਚ ਸਰ ਕਰਨ ਵਾਲਿਆਂ ਦੀ ਗਿਣਤੀ 6, 664 ਹੈ ਜਦਕਿ ਇਸ ਮਹਾਂ-ਦੌੜ ਨੂੰ ਪਿਛਲੇ 27 ਸਾਲਾਂ (2023 ਤੱਕ) ਵਿਚ ਪੂਰਾ ਕਰਨ ਵਾਲਿਆਂ ਦੀ ਗਿਣਤੀ ਸਿਰਫ 64 ਹੈ।
* ਇਹ ਨਿਊ ਯਾਰਕ ਮਹਾਂ-ਨਗਰ ਦੇ ਇੱਕ ਬਲਾਕ ਦੇ ਆਲੇ-ਦੁਆਲੇ ਹੀ ਦੌੜੀ ਜਾਂਦੀ ਹੈ ਜਿਸ ਦਾ ਘੇਰਾ 883 ਮੀਟਰ ਹੈ ਅਤੇ ਇਹ ਕੰਕਰੀਟ ਦੀ ਸਾਈਡ-ਵਾਕ ਹੈ। ਦੌੜਾਕਾਂ ਵਾਸਤੇ ਕੋਈ ਖ਼ਾਸ ਵੱਖਰਾ ਰਸਤਾ ਨਹੀਂ ਬਣਾਇਆ ਹੋਇਆ, ਟਰੈਫ਼ਿਕ ਆਮ ਵਾਂਗ ਚਲਦੀ ਰਹਿੰਦੀ ਹੈ ਅਤੇ ਸਕੂਲੀ ਬੱਚੇ ਵੀ ਉਸੇ ਰਸਤੇ ਤੋਂ ਲੰਘਦੇ ਹਨ।
* ਇਸ ਨੂੰ ਪੂਰਾ ਕਰਨ ਵਾਸਤੇ 52 ਦਿਨਾਂ ਵਿਚ ਬਲਾਕ ਦੇ 5,650 ਗੇੜੇ ਕੱਢਣੇ ਪੈਂਦੇ ਹਨ ਅਰਥਾਤ ਘੱਟੋ-ਘੱਟ 108 ਗੇੜੇ ਹਰ ਰੋਜ਼।
* 52 ਦਿਨ ਦੌੜ-ਰੂਪੀ ਤਪੱਸਿਆ ਕਰਨ ਵਾਲੇ ਇਹ ਦੌੜਾਕ-ਸਾਧਕ ਇਸ ਨੂੰ ਦੌੜ ਨਾ ਸਮਝ ਕੇ ਤੀਰਥ-ਯਾਤਰਾ ਮੰਨਦੇ ਹਨ।
* ਦੌੜਾਕ ਹਰ ਰੋਜ਼ ਘੱਟੋ-ਘੱਟ 96 ਕਿਲੋ-ਮੀਟਰ ਦੌੜਦਾ ਹੈ ਅਰਥਾਤ ਸਵਾ ਦੋ ਮੈਰਾਥਨਾਂ ਦੇ ਬਰਾਬਰ ਅਤੇ ਉਸ ਦੇ ਦੌੜਨ ਦੀ ਦਿਸ਼ਾ ਹਰ ਰੋਜ਼ ਬਦਲਦੀ ਰਹਿੰਦੀ ਹੈ।
* ਉਹ ਹਰ ਰੋਜ਼ ਸਵੇਰੇ 6 ਤੋਂ ਰਾਤ 12 ਵਜੇ ਤੱਕ, 18 ਘੰਟੇ ਦੌੜਦਾ ਜਾਂ ਤੁਰਦਾ ਹੈ; ਉਸ ਨੂੰ ਸਿਰਫ ਛੇ ਘੰਟੇ ਸੌਣ ਅਤੇ ਹੋਰ ਸਰੀਰਕ ਕਿਰਿਆ-ਕਰਮ ਵਾਸਤੇ ਮਿਲਦੇ ਹਨ।
* ਇੱਕ ਅਥਲੀਟ ਨੂੰ ਚਾਰ ਬੰਦਿਆਂ ਜਿੰਨੀ ਖ਼ੁਰਾਕ ਦੀ ਲੋੜ ਪੈਂਦੀ ਹੈ ਅਤੇ ਉਹ ਦੌੜਦੇ ਹੋਏ ਹੀ ਖਾਂਦੇ ਰਹਿਣੀ ਪੈਂਦੀ ਹੈ।
* ਮੌਸਮ ਦਾ ਕੋਈ ਭਰੋਸਾ ਨਹੀਂ ਹੁੰਦਾ, ਕਈ ਵਾਰ ਤਾਪਮਾਨ 38 ਡਿਗਰੀ ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ ਅਤੇ ਅੰਤਾਂ ਦੀ ਹੁੰਮਸ ਹੋ ਜਾਂਦੀ ਹੈ। ਕਈ ਵਾਰ ਬਹੁਤ ਤੇਜ਼ ਮੀਂਹ ਪੈਣ ਲੱਗ ਜਾਂਦਾ ਹੈ ਅਤੇ ਦੌੜਾਕ ਛਤਰੀਆਂ ਲੈ ਕੇ ਦੌੜਦੇ ਹਨ।
* ਉਹ 15-20 ਦੇ ਕਰੀਬ ਸ਼ੂਅ ਜੋੜੇ ਤੋੜ ਦਿੰਦੇ ਹਨ।
* ਉਨ੍ਹਾਂ ਨੂੰ ਸਿਰਫ ਇੱਕ ਟਰਾਫੀ ਜਾਂ ਕੋਈ ਸਧਾਰਨ ਨਿਸ਼ਾਨੀ ਤੋਹਫ਼ੇ ਵਜੋਂ ਮਿਲਦੀ ਹੈ; ਕੋਈ ਨਕਦ ਇਨਾਮ ਨਹੀਂ ਮਿਲਦਾ।
* ਹੋਰ ਲੰਬੀਆਂ ਦੌੜਾਂ ਬਾਹਰ ਦੌੜੀਆਂ ਜਾਂਦੀਆਂ ਹਨ; ਅਥਲੀਟ ਦਾ ਬਦਲ ਰਹੇ ਕੁਦਰਤੀ ਨਜ਼ਾਰਿਆਂ ਕਰਕੇ ਮਨ-ਪਰਚਾਵਾ ਹੁੰਦਾ ਰਹਿੰਦਾ ਹੈ, ਜਿਸ ਨਾਲ ਦੌੜਨ ਵਿਚ ਸਹਾਇਤਾ ਹੁੰਦੀ ਹੈ। ਪਰ ਇਹ ਮਹਾਂ-ਦੌੜ ਅਕਾਊ ਹੈ।
* ਓਸੇ ਜਗ੍ਹਾ 'ਤੇ ਵਾਰ-ਵਾਰ ਗੇੜੇ ਕੱਢਣਾ ਨੀਰਸ ਜ਼ਰੂਰ ਲਗਦਾ ਹੈ ਪਰ ਪ੍ਰਬੰਧ ਦੇ ਪੱਖ ਤੋਂ ਇਸ ਦੇ ਆਪਣੇ ਫਾਇਦੇ ਹਨ। ਦੌੜਾਕ ਨੂੰ ਆਪਣਾ ਸਾਮਾਨ ਰੱਖਣ ਅਤੇ ਰਾਤ ਨੂੰ ਅਰਾਮ ਕਰਨ ਲਈ ਵਧੀਆ ਪ੍ਰਬੰਧ ਮਿਲ ਜਾਂਦਾ ਹੈ।
* ਦੌੜ ਸਮੇਂ ਸਾਰੇ ਇੱਕ-ਦੂਸਰੇ ਨੂੰ ਮਿਲਦੇ ਰਹਿੰਦੇ ਹਨ ਅਤੇ ਉਤਸ਼ਾਹਿਤ ਕਰਦੇ ਰਹਿੰਦੇ ਹਨ। ਗੁਆਂਢ ਦੇ ਲੋਕ ਅਤੇ ਹੋਰ ਦਰਸ਼ਕ ਹੱਲਾਸ਼ੇਰੀ ਦੇਣ ਆਉਂਦੇ ਹਨ।
* ਇਸ ਵਿਚ ਹਿੱਸਾ ਲੈਣ ਵਾਲਾ ਹਰ ਅਥਲੀਟ ਸੰਸਾਰ ਦੇ ਚੋਣਵੇਂ ਚੋਟੀ ਦੇ ਦੌੜਾਕਾਂ ਵਿਚੋਂ ਹੁੰਦਾ ਹੈ। ਓਹ ਸੈਂਕੜੇ ਮਹਾਂ-ਦੌੜਾਂ ਦੌੜ ਚੁੱਕਾ ਹੁੰਦਾ ਹੈ ਅਤੇ ਅਨੇਕਾਂ ਰਿਕਾਰਡ ਬਣਾ ਚੁੱਕਾ ਹੁੰਦਾ ਹੈ। ਜਿਵੇਂ ਕਿ:

ਅਮਰੀਕਨ ਬੀਬੀ ਸੁਪ੍ਰਭਾ ਬੈਕਜੌਰਡ ਸੰਸਾਰ ਦੀ ਇੱਕੋ-ਇੱਕ ਔਰਤ ਹੈ ਜੋ 1997 ਵਿਚ ਆਪਣੀ ਇਸ ਪਹਿਲੀ ਦੌੜ ਵਿਚ ਪਹਿਲੇ ਨੰਬਰ 'ਤੇ ਰਹੀ ਅਤੇ ਉਸ ਤੋਂ ਬਾਅਦ 2009 ਤੱਕ ਪੂਰੇ 13 ਸਾਲ ਪਹਿਲੇ ਨੰਬਰ 'ਤੇ ਹੀ ਆਉਂਦੀ ਰਹੀ। ਉਸ ਦਾ ਬਣਾਇਆ 1998 ਦਾ ਰਿਕਾਰਡ ਅੱਜ ਵੀ ਕਾਇਮ ਹੈ।

ਫਿਨਲੈਂਡ ਦੇ ਐਸ਼ਪਰਿਹੈਨਲ ਆਲਟੋ ਦਾ ਇਸ ਦੌੜ ਦਾ ਚਾਲੀ ਦਿਨ ਨੌਂ ਘੰਟੇ ਦਾ 2015 ਦਾ ਰਿਕਾਰਡ ਹੈ। ਉਹ 14 ਵਾਰ ਇਸ ਦੌੜ ਵਿਚ ਹਿੱਸਾ ਲੈ ਚੁੱਕਿਆ ਹੈ ਅਤੇ ਅੱਠ ਵਾਰ ਪਹਿਲੇ ਨੰਬਰ 'ਤੇ ਰਿਹਾ ਹੈ। ਇਸ ਵਾਰ ਵੀ ਉਹ ਹਿੱਸਾ ਲੈ ਰਿਹਾ ਹੈ ਅਤੇ ਦੂਜੇ ਨੰਬਰ 'ਤੇ ਚੱਲ ਰਿਹਾ ਹੈ।

2021 ਵਿਚ ਪਹਿਲੇ ਨੰਬਰ 'ਤੇ ਆਉਣ ਵਾਲਾ ਇਟਲੀ ਦੇ ਐਂਡਰੀਆ ਮੈਰਕੈਟੋ ਨੇ ਇਹ ਦੌੜ 52 ਦਿਨਾਂ ਦੀ ਬਜਾਇ ਸਿਰਫ 42 ਦਿਨ 17 ਘੰਟੇ ਵਿਚ ਪੂਰੀ ਕੀਤੀ। ਆਖ਼ਰੀ ਦਿਨ ਉਹ 122 ਕਿਲੋਮੀਟਰ ਦੌੜਿਆ ਅਤੇ ਇਸ ਸਾਲ ਵੀ ਪਹਿਲੇ ਨੰਬਰ 'ਤੇ ਚੱਲ ਰਿਹਾ ਹੈ। ਪਿਛਲੀਆਂ ਚਾਰ ਦੌੜਾਂ ਵਿਚ ਵੀ ਉਹ ਹੀ ਪਹਿਲੇ ਨੰਬਰ 'ਤੇ ਰਿਹਾ ਹੈ।

ਸਪਸ਼ਟ ਹੈ ਕਿ ਇਸ ਤਰ੍ਹਾਂ ਦੀਆਂ ਦੌੜਾਂ ਜਨ-ਸਧਾਰਨ ਦੌੜਾਕਾਂ ਵਾਸਤੇ ਨਹੀਂ ਹੁੰਦੀਆਂ। ਇਨ੍ਹਾਂ ਵਿਚ ਦਿਲਚਸਪੀ ਅਤੇ ਇਨ੍ਹਾਂ ਬਾਰੇ ਗਿਆਨ ਪ੍ਰਾਪਤ ਕਰਨ ਤੋਂ ਭਾਵ ਉਤਸ਼ਾਹਿਤ ਹੋਣ ਤੋਂ ਹੈ। ਆਪੋ-ਆਪਣੀ ਸਮਰੱਥਾ ਅਤੇ ਯੋਗਤਾ ਅਨੁਸਾਰ ਨਿਯਮਿਤ ਅਭਿਆਸ ਰਾਹੀਂ ਸਰੀਰਕ ਪੱਖੋਂ ਤੰਦਰੁਸਤ ਅਤੇ ਦਿਮਾਗੀ ਪੱਖੋਂ ਚੇਤੰਨ ਰਹਿਣਾ ਹੈ। ਇਨ੍ਹਾਂ ਤੋਂ ਸਾਡੇ ਸਿੱਖਣ ਵਾਲੀਆਂ ਕੁੱਝ ਗੱਲਾਂ ਇਹ ਹਨ:

ਸਾਡੀ ਸਰੀਰਕ ਸਮਰੱਥਾ ਸਾਡੇ ਕਿਆਸ ਤੋਂ ਕਿਤੇ ਵੱਧ ਹੈ, ਸਰਸਰੀ ਆਦਤਾਂ ਛੱਡ ਕੇ ਸੁਚੇਤ ਅਤੇ ਸੁਹਿਰਦ ਢੰਗ ਨਾਲ ਇਸ ਦਾ ਵਿਕਾਸ ਕਰਨਾ ਜ਼ਰੂਰੀ ਹੈ। ਤੰਦਰੁਸਤ ਸਰੀਰ ਹੀ ਤੰਦਰੁਸਤ ਮਨ ਦਾ ਅਧਾਰ ਹੈ।

ਇਸ ਵਾਸਤੇ ਸਿਰੜ, ਨਿਯਮਿਤ ਅਭਿਆਸ ਅਤੇ ਸੁਯੋਗ ਰਹਿਨੁਮਾਈ ਦੀ ਲੋੜ ਹੈ। ਇਨ੍ਹਾਂ ਦੀ ਘਾਟ ਕਰਕੇ ਹੋਈ ਅਸਫਲਤਾ ਨੂੰ ਅਸੀਂ ਆਪਣੀ ਪ੍ਰਤਿਭਾ ਅਤੇ ਸਮਰੱਥਾ ਦੀ ਘਾਟ ਸਮਝ ਬੈਠਦੇ ਹਾਂ ਅਤੇ ਉਪਰਾਲੇ ਛੱਡ ਬੈਠਦੇ ਹਾਂ।


ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਵਾਲਿਆਂ ਦਾ ਵੀ ਇਸ ਸੰਸਾਰ ਵਿਚ ਕੋਈ ਸ਼ੁਮਾਰ ਨਹੀਂ। ਇਹ ਵਿਚਾਰ ਕਰਕੇ ਕਿ ਅਸੀਂ ਕਿਸੇ ਗਿਣਤੀ ਵਿਚ ਨਹੀਂ, ਨਿਮਰਤਾ ਸਿੱਖਣੀ ਬਹੁਤ ਜ਼ਰੂਰੀ ਹੈ।

ਇਸ ਸਾਲ (2024) ਦੇ 30 ਸਤੰਬਰ ਤੋਂ ਸ਼ੁਰੂ ਹੋਈ ਇਹ ਮਹਾਂ-ਦੌੜ 20 ਅਕਤੂਬਰ ਨੂੰ ਪੂਰੀ ਹੋਣੀ ਹੈ ਅਤੇ ਦਿਲਚਸਪੀ ਰੱਖਣ ਵਾਲੇ ਪਾਠਕ, ਇਸ ਨੂੰ ਪੂਰਾ ਕਰ ਸਕਣ ਵਾਲੇ ਦੌੜਾਕਾਂ ਬਾਰੇ ਅਤੇ ਸਮਾਪਤੀ ਦੇ ਦਿਨ ਦੀ ਗਹਿਮਾ-ਗਹਿਮੀ ਬਾਰੇ ਇੰਟਰ-ਨੈੱਟ ਤੋਂ ਜਾਣ ਸਕਦੇ ਹਨ।

ਅੱਜ ਤੱਕ ਭਾਰਤ ਦੇ ਕਿਸੇ ਦੌੜਾਕ ਨੇ ਇਸ ਮਹਾਂ-ਦੌੜ ਵਿਚ ਹਿੱਸਾ ਨਹੀਂ ਲਿਆ। ਫਿਰ ਵੀ ਇਸ ਮਹਾਂ-ਦੌੜ ਤੋਂ ਉਤਸ਼ਾਹਿਤ ਹੋ ਕੇ ਮੱਧ-ਪ੍ਰਦੇਸ਼ ਦੇ ਮਿ. ਸਮੀਰ ਸਿੰਘ ਨੇ 2017 ਵਿਚ 100 ਦਿਨਾਂ ਵਿਚ ਹਰ-ਰੋਜ਼ 100 ਕਿ.ਮੀ. ਦੌੜ ਕੇ 10, 000 ਕਿਲੋਮੀਟਰ ਪੂਰੇ ਕੀਤੇ। ਭਾਰਤ ਦੇ ਮਸ਼ਹੂਰ ਡਾਕੂਮੈਂਟਰੀ ਪ੍ਰੋਡਿਊਸਰ ਮਿ. ਸੰਜੇ ਰਾਵਲ ਨੇ 2018 ਵਿਚ ਇਸ ਇਵੈਂਟ ਦੀ ਡਾਕੂਮੈਂਟਰੀ ਬਣਾਈ ਸੀ ਜੋ ਬਹੁਤ ਪ੍ਰਚੱਲਤ ਹੈ।

# ਅਮੀਆ ਕੁੰਵਰ ਵਲੋਂ ਇਮਰੋਜ਼ ਨੂੰ ਸ਼ਰਧਾਂਜਲੀ -ਇਮਰੋਜ਼ਨਾਮਾ

ਅਮੀਆ ਕੁੰਵਰ ਸਾਡੀ ਨਾਗਮਣੀ ਦੇ ਦਿਨਾਂ ਦੀ ਬਹੁਤ ਹੀ ਸੰਵੇਦਨਸ਼ੀਲ ਅਤੇ ਦੋਸਤ ਸ਼ਾਇਰਾ ਹੈ। ਜਦੋਂ ਨਾਗਮਣੀ ਆਪਣੇ ਪੂਰੇ ਜਲੌਅ ਵਿਚ ਹੁੰਦੀ ਸੀ ਤਾਂ ਅਸੀਂ ਨਾਗਮਣੀ ਵਿਚ ਉਸ ਦੀਆਂ ਕਵਿਤਾਵਾਂ ਅਕਸਰ ਪੜ੍ਹਦੇ ਰਹਿੰਦੇ ਸਾਂ। ਬਾਅਦ ਵਿਚ ਅੰਮ੍ਰਿਤਾ ਇਮਰੋਜ਼ ਜੀ ਨਾਲ ਮੇਲ ਹੋਇਆ ਤਾਂ ਅੰਮ੍ਰਿਤਾ ਹੁਰੀਂ ਅਕਸਰ ਅਮੀਆ ਦੀਆਂ ਗੱਲਾਂ ਕਰਦੇ ਅਤੇ ਉਸ ਦੀ ਤਾਰੀਫ ਕਰਦੇ। ਜਦੋਂ ਅੰਮ੍ਰਿਤਾ ਜੀ ਨੂੰ ਗਿਆਨਪੀਠ ਪੁਰਸਕਾਰ ਮਿਲਿਆ ਤਾਂ ਅੰਮ੍ਰਿਤਾ ਨੇ ਅਮੀਆ ਨੂੰ ਬਹੁਤ ਹੀ ਖ਼ੂਬਸੂਰਤ ਸੋਨੇ ਦਾ ਹਾਰ ਭੇਟ ਕੀਤਾ। ਇਹ ਗੱਲ ਅਮੀਆ ਨੇ ਹੀ ਮੈਨੂੰ ਦੱਸੀ। ਗੱਲ ਸੋਨੇ ਦੇ ਹਾਰ ਦੀ ਨਹੀਂ, ਗੱਲ ਤਾਂ ਸਾਰੀ ਮੁਹੱਬਤ ਦੀ ਹੈ। ਇਹ ਗੱਲ ਦੱਸਣ ਤੋਂ ਭਾਵ ਇਹ ਹੈ ਕਿ ਅੰਮ੍ਰਿਤਾ ਤੇ ਇਮਰੋਜ਼ ਅਮੀਆ ਨੂੰ ਕਿੰਨਾ ਪਿਆਰ ਕਰਦੇ ਸਨ ਅਤੇ ਅਮੀਆ, ਅੰਮ੍ਰਿਤਾ ਇਮਰੋਜ਼ ਦੇ ਕਿੰਨਾ ਨੇੜੇ ਸੀ। ਅੰਮ੍ਰਿਤਾ ਦੇ ਜਾਣ ਤੋਂ ਬਾਅਦ ਅਮੀਆ ਨੇ ਆਪਣਾ ਸਾਰਾ ਪਿਆਰ ਇਮਰੋਜ਼ ਲਈ ਰਾਖਵਾਂ ਕਰ ਦਿੱਤਾ। ਉਹ ਅਕਸਰ



ਇਮਰੋਜ਼ ਕੋਲ ਜਾਂਦੀ ਉਸ ਦਾ ਹਾਲ-ਚਾਲ ਪੁੱਛਦੀ ਅਤੇ ਉਸ ਦੀ ਖ਼ਬਰ ਪੰਜਾਬੀ ਸਾਹਿਤ ਦੇ ਪਾਠਕਾਂ ਤੱਕ ਪੁੱਜਦੀ ਕਰਦੀ। ਹੁਣ ਇਮਰੋਜ਼ ਦੇ ਤੁਰ ਜਾਣ ਤੋਂ ਬਾਅਦ ਅਮੀਆ ਦੀ ਪੁਸਤਕ 'ਇਮਰੋਜ਼ਨਾਮਾ' ਇਮਰੋਜ਼ ਦੇ ਲਈ ਬਹੁਤ ਵੱਡੀ ਸ਼ਰਧਾਂਜਲੀ ਦੇ ਰੂਪ ਵਿਚ ਸਾਹਮਣੇ ਆਈ ਹੈ। 280 ਸਫਿਆਂ 'ਤੇ ਫੈਲੀ ਇਹ ਪੁਸਤਕ ਇਮਰੋਜ਼ ਦੇ ਬਚਪਨ ਤੋਂ ਲੈ ਕੇ ਉਸ ਦੀ ਜਵਾਨੀ, ਉਸ ਦੀ ਕਲਾ, ਉਸਦੀ ਸਾਧਨਾ, ਉਸਦੇ ਰਿਸ਼ਤਿਆਂ, ਉਸਦੇ ਬਚਪਨ ਦੀਆਂ ਦੁਰਲਭ ਤਸਵੀਰਾਂ, ਉਸਦੇ ਰੇਖਾ ਚਿਤਰਾਂ ਦੇ ਬਾਰੇ ਬਹੁਤ ਹੀ ਪਿਆਰਾ ਸੰਵਾਦ ਸਿਰਜਦੀ ਹੈ। ਮੈਂ ਅਮੀਆਂ ਨੂੰ ਇਸ ਪੁਸਤਕ ਦੀ ਆਮਦ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਅੰਮ੍ਰਿਤਾ/ਇਮਰੋਜ਼ ਪ੍ਰਤੀ ਉਸ ਦੀ ਇਸ ਅਕੀਦਤ ਨੂੰ ਸਿਜਦਾ ਕਰਦਾ ਹਾਂ। ਅੱਜ ਦੇ ਸਵਾਰਥੀ ਯੁੱਗ ਵਿਚ ਜਦੋਂ ਲੋਕ ਬਿਨਾਂ ਮਤਲਬ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਯਾਦ ਨਹੀਂ ਕਰਦੇ ਪਰ ਮਨ ਦੇ ਰਿਸ਼ਤਿਆਂ ਨੂੰ ਸਾਹਿਤ ਦੇ ਇਤਿਹਾਸ ਵਿਚ ਸਹੇਜ ਤੇ ਸਾਂਭ ਲੈਣ ਵਾਲੀ ਅਮੀਆ ਦੀ ਇਹ ਪੁਸਤਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਲੰਮੇ ਸਮੇਂ ਤੱਕ ਅੰਮ੍ਰਿਤਾ/ਇਮਰੋਜ਼ ਨੂੰ ਪਿਆਰਨ ਵਾਲਿਆਂ ਲਈ ਇੱਕ ਹਰਦਿਲ ਅਜ਼ੀਜ਼ ਪੁਸਤਕ ਬਣੀ ਰਹੇਗੀ। ਅਮੀਆ ਕੁੰਵਰ ਨੂੰ ਇਸ ਪੁਸਤਕ ਲਈ ਬਹੁਤ ਹੀ ਪਿਆਰ ਅਤੇ ਬਹੁਤ ਬਹੁਤ ਮੁਬਾਰਕ।

ਕਿਤਾਬ ਸੱਚਲ ਪ੍ਰਕਾਸ਼ਨ ਨੇ ਛਾਪੀ ਹੈ ਤੇ ਪੁਸਤਕ ਪ੍ਰਾਪਤ ਕਰਨ ਲਈ ਹੇਠ ਲਿਖੇ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਅਮਰਜੀਤ ਕਾਉਂਕੇ*
*ਫੋਨ: 84470 75572*

# ਨਸ਼ਿਆਂ ਦੀ ਦਲਦਲ ਅਤੇ ਸਰਕਾਰਾਂ ਦੀ ਨੀਤੀ

ਕਈ ਵਾਰੀ ਸਾਡੀਆਂ ਇਤਿਹਾਸਕ ਜਾਂ ਫਿਰ ਮਿਥਿਹਾਸਕ ਕਥਾਵਾਂ ਬੜੀ ਸ਼ਿੱਦਤ ਨਾਲ ਯਾਦ ਆਉਂਦੀਆਂ ਹਨ। ਇਨ੍ਹਾਂ ਕਥਾਵਾਂ ਦੇ ਲੇਖਕਾਂ ਨੂੰ ਇਹ ਬਹੁਤ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਕਿਸੇ ਕਾਰਜ ਨੂੰ ਭਾਵੇਂ ਕਿਸੇ ਵਿਸ਼ੇਸ਼ ਵਿਅਕਤੀ ਨੇ ਸੰਪੂਰਨ ਕਰਨਾ ਹੁੰਦਾ ਹੈ ਜਾਂ ਫਿਰ ਉਹ ਕਾਰਜ ਬਣਿਆ ਹੀ ਉਸ ਵਿਅਕਤੀ ਵਾਸਤੇ ਹੁੰਦਾ ਹੈ ਪਰ ਉਸ ਤੋਂ ਪਹਿਲਾਂ ਬਹੁਤ ਸਾਰਿਆਂ ਨੂੰ ਜ਼ੋਰ-ਅਜ਼ਮਾਈ ਕਰਦਿਆਂ ਦਿਖਾਇਆ ਜਾਂਦਾ ਹੈ। ਸਿੱਟਾ ਇਹ ਕੱਢਣਾ ਹੁੰਦਾ ਹੈ ਕਿ ਕਾਰਜ ਨੂੰ ਸਿਰੇ ਲਾਉਣ ਵਾਲਾ ਵਿਅਕਤੀ ਇਨ੍ਹਾਂ ਸਾਰਿਆਂ ਤੋਂ ਵੱਧ ਤਾਕਤਵਰ ਅਤੇ ਗੁਣਵਾਨ ਹੈ ਜਿਵੇਂ ਸੀਤਾ ਸਵੰਬਰ ਵੇਲੇ ਰਾਮ ਚੰਦਰ ਜਾਂ ਫਿਰ ਦਰੋਪਦੀ

**ਗੁਰਦੀਪ ਢੁੱਡੀ**
**ਫੋਨ: +91-95010-20731**

ਸਵੰਬਰ ਵੇਲੇ ਅਰਜਨ ਨੂੰ ਦਿਖਾਇਆ ਜਾਂਦਾ ਹੈ ਪਰ ਸਾਡੇ ਹੁਣ ਦੇ ਸ਼ਾਸਕ ਰੀਸਾਂ ਤਾਂ ਰਮਾਇਣ ਜਾਂ ਮਹਾਂਭਾਰਤ ਦੀਆਂ ਕਰਦੇ ਹਨ ਪਰ ਤਿੰਨ ਦਹਾਕਿਆਂ ਤੋਂ ਵਧੇਰੇ ਸਮਾਂ ਬੀਤ ਗਿਆ ਹੈ, ਇਨ੍ਹਾਂ ਸ਼ਾਸਕਾਂ ਵਿਚੋਂ ਕੋਈ ਵੀ ਰਾਮ ਚੰਦਰ ਜਾਂ ਫਿਰ ਅਰਜਨ ਨਹੀਂ ਬਣਿਆ। ਵਿਰੋਧੀ ਧਿਰਾਂ ਹਾਕਮਾਂ 'ਤੇ ਦੋਸ਼ ਮੜ੍ਹਦੀਆਂ ਹਨ ਅਤੇ ਹਾਕਮ ਧਿਰਾਂ ਨਸ਼ਿਆਂ ਦੇ ਖ਼ਾਤਮੇ ਦੀਆਂ ਫੜ੍ਹਾਂ ਮਾਰਦੀਆਂ ਹਨ ਪਰ ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲ਼ਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ।

ਪੰਜਾਬ ਤ੍ਰਾਸਦੀ ਵਿਚੋਂ ਦੋ ਬੜੇ ਵੱਡੇ ਕਾਰਨ ਸਾਡੇ ਸਾਹਮਣੇ ਆਉਂਦੇ ਹਨ ਅਤੇ ਦੋਨਾਂ ਦਾ ਹੀ ਸਬੰਧ ਪੰਜਾਬ ਦੇ ਉਜਾੜੇ ਨਾਲ ਹੈ। ਪਹਿਲਾ ਉਜਾੜਾ ਰੁਜ਼ਗਾਰ ਖ਼ਾਤਰ ਆਪਣਾ ਦੇਸ਼-ਗਰਾਂ ਛੱਡ ਕੇ ਵਿਦੇਸ਼ੀ ਧਰਤੀ ਤੇ ਜਾਣ ਵਾਲੇ, ਹੁਣ ਰੁਜ਼ਗਾਰ ਨਾਲੋਂ ਕਿਤੇ ਜਿਆਦਾ ਹੋਰਨਾਂ ਕਾਰਨਾਂ ਕਰ ਕੇ, ਪੰਜਾਬੋਂ ਉੱਜੜ ਕੇ ਸੱਤ ਸਮੁੰਦਰੋਂ ਪਾਰ ਜਾਣ ਵਾਲੀ ਸਥਿਤੀ ਵਿਚ ਆ ਗਏ ਹਨ। ਦੂਸਰਾ ਉਜਾੜਾ ਨਸ਼ਿਆਂ ਦੀ ਦਲਦਲ ਨੇ ਪੈਦਾ ਕਰ ਦਿੱਤਾ ਹੈ। ਪਿੰਡਾਂ ਸ਼ਹਿਰਾਂ ਵਿਚ ਜਿੱਥੇ ਕਦੇ ਜਵਾਨੀਆਂ ਘਰ ਦੇ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਬਾਹੂ-ਬਲ ਵਧਾਉਣ ਤੇ ਜ਼ੋਰ ਲਾਇਆ ਕਰਦੀਆਂ ਸਨ, ਉੱਥੇ ਹੁਣ ਉਜਾੜ ਬੀਆਬਾਨ ਵਾਲੀਆਂ ਥਾਵਾਂ 'ਤੇ ਨਸ਼ੇ ਵਾਲੇ ਟੀਕੇ, ਚਿੱਟਾ, ਹੈਰੋਇਨ, ਗੋਲੀਆਂ ਆਦਿ ਵਰਗੇ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿਚ ਜਾਣ ਦੀਆਂ ਤਿਆਰੀਆਂ ਕਰ ਰਹੇ ਹੁੰਦੇ ਹਨ। ਇਨ੍ਹਾਂ ਨਸ਼ਿਆਂ ਕਾਰਨ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ; ਪਿੰਡਾਂ, ਘਰਾਂ ਵਿਚ ਹਰ ਰੋਜ਼ ਸੱਥਰ ਵਿਛ ਰਹੇ ਹਨ। ਘਰੇਲੂ ਲੋੜਾਂ ਦੀਆਂ ਚੀਜ਼ਾਂ ਇਨ੍ਹਾਂ ਦੇ ਨਸ਼ਿਆਂ ਦੀ ਪੂਰਤੀ ਦੀ ਭੇਟ ਚੜ੍ਹ ਰਹੀਆਂ ਹਨ ਅਤੇ ਮਾਵਾਂ ਭੈਣਾਂ ਕੀਰਨੇ ਪਾ ਰਹੀਆਂ ਹਨ।

ਅਕਾਲੀ-ਭਾਜਪਾ ਸਰਕਾਰ ਦੇ 2007 ਤੋਂ 2017 ਦੇ ਦੋ ਕਾਰਜਕਾਲਾਂ ਦੇ ਸਮੇਂ ਵਿਚ ਇਸ



ਦੇ ਨੇਤਾਵਾਂ, ਮੰਤਰੀਆਂ ਅਤੇ ਹੋਰ ਵੱਡੇ ਛੋਟੇ ਨੇਤਾਵਾਂ 'ਤੇ ਨਸ਼ਿਆਂ ਦੇ ਕਾਰੋਬਾਰ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ।

ਇਸ ਦੀ ਪੁਖਤਾ ਮਿਸਾਲ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੁਆਰਾ ਲਾਏ ਇਲਜ਼ਾਮਾਂ ਕਾਰਨ, ਉਨ੍ਹਾਂ ਤੇ ਦਰਜ ਹੋਏ ਹੱਤਕ ਇੱਜ਼ਤ ਦੇ ਕੇਸ ਹਨ। 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ, ਚੋਣਾਂ ਦੀ ਵਾਗਡੋਰ ਸੰਭਾਲਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਹੱਥ ਵਿਚ ਲੈ ਕੇ ਸਹੁੰ ਖਾਧੀ ਸੀ ਕਿ ਉਹ ਚਾਰ ਹਫ਼ਤਿਆਂ ਵਿਚ ਵਿਚ ਪੰਜਾਬ ਨੂੰ ਨਸ਼ਿਆਂ ਦੀ ਭਿਆਨਕਤਾ ਤੋਂ ਨਿਜ਼ਾਤ ਦਿਵਾ ਦੇਣਗੇ। ਉਨ੍ਹਾਂ ਨੇ ਪੰਜਾਬ 'ਤੇ ਪੰਜ ਸਾਲਾਂ ਤੋਂ ਥੋੜ੍ਹਾ ਜਿਹਾ ਘੱਟ ਸਮਾਂ ਰਾਜ ਕੀਤਾ ਅਤੇ ਕੇਵਲ ਰਾਜ ਹੀ ਕੀਤਾ। ਇਸ ਤੋਂ ਅੱਗੇ ਉਨ੍ਹਾਂ ਦੀ ਕੋਈ ਵਿਸ਼ੇਸ਼ਤਾ ਦੱਸਣ ਵਾਲਾ ਕੰਮ ਨਜ਼ਰ ਨਹੀਂ ਆਉਂਦਾ। ਚਰਨਜੀਤ ਸਿੰਘ ਚੰਨੀ ਦੇ ਪੰਜ ਮਹੀਨਿਆਂ ਦੇ ਰਾਜ ਦੀ ਕੋਈ ਗੱਲ ਕਰਨੀ ਨਹੀਂ ਬਣਦੀ ਹੈ। 2022 ਦੀਆਂ ਚੋਣਾਂ ਤੋਂ ਪਹਿਲਾਂ 'ਆਪ' ਦੇ ਅਰਵਿੰਦ ਕੇਜਰੀਵਾਲ ਸਮੇਤ ਭਗਵੰਤ ਮਾਨ ਨੇ ਸਿਹਤ ਅਤੇ ਸਿੱਖਿਆ ਵਿਚ ਗੁਣਵੱਤੀ ਸੁਧਾਰਾਂ ਦੀ ਗੱਲ ਕਰਨ ਦੇ ਨਾਲ ਹੀ ਪੰਜਾਬ ਵਿਚੋਂ ਨਸ਼ਿਆਂ ਦਾ ਸਫ਼ਾਇਆ ਕਰਨ ਦੀ ਗੱਲ ਵੀ ਕੀਤੀ ਸੀ। ਪੰਜਾਬ ਦੇ ਲੋਕਾਂ ਨੇ ਆਸਵੰਦ ਹੁੰਦਿਆਂ ਬੜੇ ਵੱਡੇ ਬਹੁਮਤ ਨਾਲ 92 ਸੀਟਾਂ ਨਾਲ 'ਆਪ' ਨੂੰ ਜਿਤਾਇਆ ਪਰ ਅਫ਼ਸੋਸ ਦੀ ਗੱਲ ਹੈ ਕਿ ਨਾ ਤਾਂ ਸਿਹਤ, ਸਿੱਖਿਆ ਵਿਚ ਕੋਈ ਗੁਣਵੱਤੀ ਸੁਧਾਰ ਹੋਇਆ ਅਤੇ ਨਾ ਹੀ ਨਸ਼ਿਆਂ ਦੇ ਕਾਰੋਬਾਰ ਨੂੰ ਕੋਈ ਠੱਲ੍ਹ ਪਈ।

ਇੱਥੇ ਮੈਨੂੰ ਮੇਰੇ ਗੁਆਂਢ ਵਿਚ ਰਹਿੰਦੇ ਏ.ਐੱਸ.ਆਈ. ਦੀ ਗੱਲ ਕਰਨ ਦੀ ਲੋੜ ਮਹਿਸੂਸ ਹੋ ਰਹੀ ਹੈ। ਸਾਧਾਰਨ ਗੱਲਬਾਤ ਕਰਦਿਆਂ ਉਹ ਦੱਸ ਰਿਹਾ ਸੀ, "ਸਾਨੂੰ ਆਪਣੇ ਏਰੀਏ ਵਿਚ ਹੋਣ ਵਾਲੇ ਹਰ ਕੰਮ ਦੀ ਜਾਣਕਾਰੀ ਹੁੰਦੀ ਹੈ। ਤੁਹਾਨੂੰ ਪਤੇ ਦੀ ਗੱਲ ਦੱਸਾਂ- ਓਨਾ ਤੁਹਾਨੂੰ ਤੁਹਾਡੇ ਆਪਣੇ ਬਾਰੇ ਪਤਾ ਨਹੀਂ ਹੋਣਾ, ਜਿੰਨੀ ਸਾਨੂੰ ਤੁਹਾਡੇ ਬਾਰੇ ਜਾਣਕਾਰੀ ਹੈ।" ਇਹ ਗੱਲ ਸਹੀ ਵੀ ਜਾਪਦੀ ਹੈ। ਨਸ਼ੇ ਵਰਤਣ ਵਾਲਿਆਂ ਬਾਰੇ ਤਾਂ ਪੁਲਿਸ ਨੂੰ ਸਾਰੀ ਜਾਣਕਾਰੀ ਹੁੰਦੀ ਹੀ ਹੈ ਬਲਕਿ ਨਸ਼ੇ ਦੇ ਸੌਦਾਗਰਾਂ ਦੀ ਵੀ ਪੁਲਿਸ ਕੋਲ ਪੂਰੀ ਸੂਹ ਹੁੰਦੀ ਹੈ। ਫਿਰ ਕੀ ਕਾਰਨ ਹਨ ਕਿ ਨਸ਼ਾ ਵਰਤਣ ਵਾਲੇ ਕੁਝ ਕੁ ਵਿਅਕਤੀਆਂ ਨੂੰ ਤਾਂ ਪੁਲਿਸ ਦੋ ਚਾਰ ਦਿਨਾਂ ਵਾਸਤੇ ਥਾਣਿਆਂ ਵਿਚ ਲੈ ਆਉਂਦੀ ਹੈ ਪਰ ਨਸ਼ਿਆਂ ਦੀ 'ਸਪਲਾਈ ਲਾਈਨ' ਕਿਤਿਓਂ ਵੀ ਟੁੱਟਣ ਦਾ ਪਤਾ ਨਹੀਂ ਲੱਗਦਾ। ਨਸ਼ੇ ਦੇ ਇਕ ਵੀ ਸੌਦਾਗਰ ਨੂੰ ਤਾਂ ਹੱਥ ਪਾਉਣ ਤੋਂ ਪਹਿਲਾਂ 'ਉਪਰਾਲਿਆਂ' ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਨਸ਼ਿਆਂ ਦੇ ਖ਼ਾਤਮੇ ਲਈ ਨਸ਼ਾ ਵਰਤਣ ਵਾਲੇ ਨਾਲੋਂ ਨਸ਼ਿਆਂ ਦੇ ਸੌਦਾਗਰ ਨੂੰ ਫੜਨਾ ਵਧੇਰੇ ਜ਼ਰੂਰੀ ਹੈ ਪਰ ਪੁਲਿਸ ਸੇਰ ਵਿਚੋਂ ਪੂਣੀ ਕੱਤ ਕੇ ਇਸ ਨੂੰ ਵੱਡੀ ਖ਼ਬਰ ਬਣਾ ਕੇ ਅਖ਼ਬਾਰਾਂ ਦਾ ਸ਼ਿੰਗਾਰ ਬਣਾ ਕੇ ਆਪਣੇ ਵੱਲੋਂ ਬਹੁਤ ਵੱਡਾ ਕੀਤਾ ਗਿਆ ਕੰਮ ਦਰਸਾਉਣ ਦਾ ਭੁਲੇਖਾ ਪਾਲਦੀ ਹੈ। ਹਕੀਕਤ ਵਿਚ ਨਸ਼ੇ ਹਰ ਰੋਜ਼ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੇ ਹਨ।

ਸਰਕਾਰ ਵੱਲੋਂ ਆਪਣੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਨਿੱਤ ਦਿਹਾੜੇ ਬਦਲੀਆਂ ਕਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਕੋਈ ਅਧਿਕਾਰੀ, ਕਰਮਚਾਰੀ ਜੇਕਰ ਕੰਮ ਨਹੀਂ ਕਰ ਰਿਹਾ ਹੈ ਤਾਂ ਉਸ ਬਾਰੇ ਬਰੀਕ ਛਾਣਨਾ ਲਾ ਕੇ ਦੇਖਣ-ਜਾਣਨ ਦੀ ਲੋੜ ਹੈ ਕਿ ਉਸ ਦੇ ਨਿਕੰਮੇਪਣ ਪਿੱਛੇ ਕੋਈ ਸਿਆਸੀ ਹੱਥ ਜਾਂ ਵੱਡਾ ਅਧਿਕਾਰੀ ਤਾਂ ਨਹੀਂ ਹੈ। ਕੋਈ ਵੀ ਕਰਮਚਾਰੀ ਜਾਂ ਅਧਿਕਾਰੀ ਆਪਣੇ ਪੱਧਰ ਤੇ ਕੋਈ ਗਲਤ ਕੰਮ ਕਰਨ ਦੀ ਜ਼ਹਿਮਤ ਨਹੀਂ ਉਠਾ ਸਕਦਾ। ਉਸ ਨੂੰ ਸਿਆਸੀ ਸ਼ਹਿ ਹੁੰਦੀ ਹੈ। ਅਗਸਤ ਮਹੀਨੇ ਵਿਚ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰ ਪ੍ਰਕਾਸ਼ਤ ਹੋਈ ਸੀ ਕਿ ਪਹਿਲੀਆਂ ਪਾਰਟੀਆਂ ਦੀ ਤਰਜ਼ ਦੇ ਵਰਤਮਾਨ ਸਰਕਾਰ ਨੇ ਵੀ ਆਪਣੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੂੰ ਆਪਣੀ ਮਰਜ਼ੀ ਦੇ ਅਫਸਰ/ਕਰਮਚਾਰੀ ਆਪਣੇ ਹਲਕੇ ਵਿਚ ਲੁਆਉਣ ਦੇ ਅਧਿਕਾਰ ਦੇ ਦਿੱਤੇ ਹਨ। ਕੀ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਦੇ ਕੇਵਲ ਅਧਿਕਾਰ ਹੀ ਹਨ? ਜਾਂ ਫਿਰ ਉਨ੍ਹਾਂ ਸਿਰ ਕੋਈ ਜ਼ਿੰਮੇਵਾਰੀ ਵੀ ਲਾਈ ਗਈ ਹੈ। ਇਕ ਗੱਲ ਲੋਹੇ 'ਤੇ ਲਕੀਰ ਵਾਂਗ ਹੈ ਕਿ ਜਿੰਨਾ ਚਿਰ ਅਧਿਕਾਰਾਂ ਅਤੇ ਫ਼ਰਜ਼ਾਂ ਵਿਚ ਸੰਤੁਲਨ ਕਾਇਮ ਨਾ ਕੀਤਾ ਜਾਵੇ, ਓਨਾਂ ਚਿਰ ਕੰਮ ਵਿਚ ਗੁਣਵੱਤੀ ਸੁਧਾਰਾਂ ਦੀ ਉਮੀਦ ਹੀ ਨਹੀਂ ਕੀਤੀ ਜਾ ਸਕਦੀ। ਇਸ ਲਈ ਵਿਧਾਇਕਾਂ, ਹਲਕਾ ਇੰਚਾਰਜਾਂ ਸਮੇਤ ਜ਼ਿੰਮੇਵਾਰ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਹੋਣੀ ਬੇਹੱਦ ਜ਼ਰੂਰੀ ਹੈ। ਪਿੰਡਾਂ ਵਿਚੋਂ ਹਕੀਕਤ ਵਿਚ ਸਰਕਾਰ ਚਲਾਉਣ ਵਾਸਤੇ ਮੀਟਿੰਗਾਂ ਵਿਚ ਆਮ ਵਿਅਕਤੀਆਂ ਦੀ ਹਾਜ਼ਰੀ ਹੋਣੀ ਚਾਹੀਦੀ ਹੈ। ਆਮ ਬੰਦਾ ਸਰਕਾਰੀ ਕੰਮਾਂ ਦੀਆਂ ਖ਼ੂਬੀਆਂ ਗਿਣਾਵੇ ਜਾਂ ਨਾ ਪਰ ਉਹ ਸਰਕਾਰ ਦੀਆਂ ਨਾਕਾਮੀਆਂ ਹਰ ਹਾਲਤ ਗਿਣਾ ਦੇਵੇਗਾ। ਅਫ਼ਸੋਸ! ਪਿੰਡਾਂ ਵਿਚੋਂ ਸਰਕਾਰ ਕੇਵਲ ਸਰਕਾਰ ਪੱਖੀ ਬੰਦਿਆਂ ਦੀ ਗੱਲ ਹੀ ਸੁਣਦੀ ਹੈ।

ਪੰਜਾਬ ਨਸ਼ਿਆਂ ਦੀ ਦਲਦਲ ਵਿਚ ਧਸ ਹੀ ਨਹੀਂ ਰਿਹਾ ਸਗੋਂ ਗਰਕ ਰਿਹਾ ਹੈ। ਅੱਜ ਕੁਝ ਨੌਜਵਾਨ ਵਿਦੇਸ਼ੀ ਧਰਤੀ 'ਤੇ ਜਾਣ ਲਈ ਮਜਬੂਰ ਹਨ; ਇਸ ਨਾਲੋਂ ਵੱਡੀ ਗਿਣਤੀ ਵਿਚ ਨਸ਼ਿਆਂ ਦੀ ਮਾਰ ਜਵਾਨੀ ਨੂੰ ਖ਼ਤਮ ਕਰ ਰਹੀ ਹੈ ਜਿਸ ਦੇ ਫ਼ਲਸਰੂਪ ਘਰਾਂ ਵਿਚ ਜਾਂ ਤਾਂ ਬੁਢਾਪਾ ਰਹਿ ਰਿਹਾ ਹੈ ਅਤੇ ਜਾਂ ਫਿਰ ਲਾਚਾਰ ਔਰਤਾਂ ਦਾ ਵਾਸਾ ਹੈ।

ਇਹ ਦੋਨੋ ਉਜਾੜੇ ਪੰਜਾਬ ਦਾ ਇਤਿਹਾਸ ਲਿਖਣਗੇ ਅਤੇ ਇਸ ਲਈ ਜ਼ਿੰਮੇਵਾਰ ਲੋਕਾਂ ਦੀ ਗਿਣਤੀ ਆਉਣ ਵਾਲੀਆਂ ਪੀੜ੍ਹੀਆਂ ਨੇ ਕਰਨੀ ਹੈ। ਇਸ ਗਿਣਤੀ ਵਿਚ ਵਾਅਦੇ ਕਰ ਕੇ ਪੂਰੇ ਨਾ ਉਤਰਨ ਵਾਲੇ ਸ਼ਾਸਕ ਪਹਿਲੀਆਂ ਵਿਚ ਕੋਸੇ ਜਾਇਆ ਕਰਨਗੇ। ਇਸ ਨੂੰ ਲੋਕਰਾਜ ਦੇ ਮੱਥੇ ਤੇ ਕਲੰਕ ਵਜੋਂ ਵੀ ਦੇਖਿਆ ਜਾਇਆ ਕਰੇਗਾ ਕਿਉਂਕਿ ਆਮ ਵਿਅਕਤੀ ਤੋਂ ਸ਼ਾਸਕ ਬਣੇ ਲੋਕਾਂ ਨੇ ਜਿਹੜੇ ਵਾਅਦੇ ਕਰ ਕੇ ਲੋਕਾਂ ਦੀਆਂ ਵੋਟਾਂ ਬਟੋਰੀਆਂ ਹੁੰਦੀਆਂ ਹਨ, ਉਨ੍ਹਾਂ ਸਿਰ ਬਹੁਤ ਵੱਡੀ ਜ਼ਿੰਮੇਵਾਰੀ ਆਇਦ ਹੁੰਦੀ ਹੈ।

# ਅਮਰੀਕਾ ਵਿਚ ਨਸ਼ਿਆਂ ਦੀ ਸਿਆਸਤ

ਜੇਕਰ ਅਜੋਕੇ ਵਿਸ਼ਵ ਵਪਾਰ ਖੇਤਰ 'ਤੇ ਗਹੁ ਨਾਲ ਝਾਤ ਮਾਰੀ ਜਾਏ ਤਾਂ ਸਭ ਤੋਂ ਵੱਡੇ ਵਪਾਰ ਤਿੰਨ ਵਸਤਾਂ 'ਤੇ ਕੇਂਦਰਤ ਹਨ; ਇਹ ਹਨ: ਪੈਟਰੋਲੀਅਮ ਪਦਾਰਥ ਜਿਨ੍ਹਾਂ ਨੂੰ ਕਾਲਾ ਸੋਨਾ ਵੀ ਕਿਹਾ ਜਾਂਦਾ ਹੈ, ਮਾਰੂ ਜੰਗੀ ਹਥਿਆਰ ਅਤੇ ਸਭ ਤੋਂ ਭਿਆਨਕ ਪੱਧਰ 'ਤੇ ਸੰਗਠਿਤ ਨਸ਼ੀਲੇ ਪਦਾਰਥਾਂ ਦਾ ਵਪਾਰ।

ਨਸ਼ੀਲੇ ਪਦਾਰਥਾਂ, ਖਾਸ ਕਰ ਕੇ ਸਿੰਥੈਟਿਕ

**ਦਰਬਾਰਾ ਸਿੰਘ ਕਾਹਲੋਂ**
**ਫੋਨ: +1-289-829-2929**

ਨਸ਼ਿਆਂ ਦਾ ਵਪਾਰ ਤਾਂ ਪੂਰੇ ਵਿਸ਼ਵ ਦੀ ਰਾਜਨੀਤੀ ਵਿਚ ਘੁਸਿਆ ਪਿਆ ਹੈ। ਮੈਕਸੀਕੋ, ਮਿਆਂਮਾਰ, ਅਫਗਾਨਿਸਤਾਨ, ਕੋਲੰਬੀਆ, ਬ੍ਰਾਜ਼ੀਲ, ਅਮਰੀਕਾ, ਕੁਝ ਪੱਛਮੀ ਤੇ ਏਸ਼ੀਆਈ ਦੇਸ਼ਾਂ, ਕੀਨੀਆ ਆਦਿ ਵਿਚ ਨਸ਼ਿਆਂ ਦੇ ਸਰਗਣੇ ਸਸਤਾ ਕੈਮੀਕਲ ਚੀਨ ਦੀ ਮੰਡੀ ਵਿੱਚੋਂ ਖਰੀਦ ਕੇ ਪੂਰੇ ਵਿਸ਼ਵ ਵਿਚ ਸਪਲਾਈ ਕਰਦੇ ਹਨ। ਚੋਣਾਂ ਦੌਰਾਨ ਵੋਟ ਰਾਜਨੀਤੀ ਖਾਤਰ ਪੂਰੇ ਵਿਸ਼ਵ ਦੇ ਦੇਸ਼ਾਂ ਵਿਚ ਧੜੱਲੇ ਨਾਲ ਇਸ ਦੀ ਸਪਲਾਈ ਘਰੋ-ਘਰੀ, ਗਲੀਆਂ ਮੁਹੱਲਿਆਂ ਅਤੇ ਬਾਜ਼ਾਰਾਂ ਵਿਚ ਹੁੰਦੀ ਹੈ।

ਇਸ ਵਪਾਰ ਵਿਚ ਰਾਜਨੀਤੀਵਾਨ, ਅਫਸਰਸ਼ਾਹ, ਪੁਲਿਸ ਪ੍ਰਸ਼ਾਸਨ, ਡਰੱਗ ਗੈਂਗਸਟਰ, ਜ਼ਮੀਨੀ ਪੱਧਰ ਦੇ ਸਪਲਾਈ ਕਰਤਾ ਸ਼ਾਮਲ ਹਨ। ਅਪਰੈਲ ਮਈ 2024 ਵਿਚ ਭਾਰਤ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਨੁਸਾਰ 10000 ਕਰੋੜ ਨਕਦੀ, 4381 ਕਰੋੜ ਕੀਮਤ ਦੇ ਨਸ਼ੀਲੇ ਪਦਾਰਥ ਫੜੇ ਗਏ। ਚੋਣਾਂ ਤੋਂ ਬਾਅਦ ਭਾਰਤ ਦੇ ਗ੍ਰਹਿ ਮੰਤਰੀ ਨਾਰਕੋ ਕੋਆਰਡੀਨੇਸ਼ਨ ਸੈਂਟਰ ਦੀ ਮੀਟਿੰਗ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸਿੰਡੀਕੇਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕਰਦੇ ਹਨ। ਉਹ ਖੁਲਾਸਾ ਕਰਦੇ ਹਨ ਕਿ ਜਿੱਥੇ 2004 ਤੋਂ 2013 ਤੱਕ 5933 ਕਰੋੜ ਦੀ 1.52 ਲੱਖ ਕਿਲੋ ਡਰੱਗ ਫੜੀ ਗਈ ਸੀ ਉਥੇ 2014 ਤੋਂ 2024 ਤੱਕ ਦਸ ਸਾਲਾਂ ਵਿਚ 22000 ਕਰੋੜ ਦੀ 5.43 ਲੱਖ ਕਿਲੋ ਡਰੱਗ ਫੜੀ ਗਈ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਖਾ ਕੇ ਮੁੱਖ ਮੰਤਰੀ ਬਣਨ ਦੇ ਚਾਰ ਹਫ਼ਤੇ ਵਿਚ ਨਸ਼ੀਲੇ ਪਦਾਰਥਾਂ ਦਾ ਐਲਾਨ ਕੀਤਾ ਸੀ। ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦੋ ਮਹੀਨੇ ਵਿਚ ਨਸ਼ੀਲੇ ਪਦਾਰਥਾਂ ਦੇ ਖਾਤਮੇ ਦੀ ਗਰੰਟੀ ਦਿਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਢਾਈ ਸਾਲਾਂ ਤੋਂ ਰਟ ਲਗਾ ਰਿਹਾ ਹੈ। ਉਲਟਾ ਆਏ ਦਿਨ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨ ਮਰ ਰਹੇ ਹਨ। ਨਸ਼ੀਲੇ ਪਦਾਰਥਾਂ ਦੀ ਹੋਮ ਡਿਲਿਵਰੀ ਜਾਰੀ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ, ਤਕਨੀਕੀ ਸੰਸਥਾਵਾਂ, ਪਿੰਡਾਂ ਦੀਆਂ ਦੁਕਾਨਾਂ, ਸੱਥਾਂ, ਗਲੀਆਂ, ਮੁਹੱਲਿਆਂ, ਵੱਡੀਆਂ-ਵੱਡੀਆਂ ਚਾਰ ਦੀਵਾਰੀ ਵਾਲੀਆਂ ਜੇਲ੍ਹਾਂ, ਸਾਡੇ ਨਸ਼ੀਲੇ ਪਦਾਰਥਾਂ ਦੇ ਅੱਡੇ ਬਣੇ ਪਏ ਹਨ। ਪੁਲਿਸ ਪ੍ਰਸ਼ਾਸਨ ਦੀ ਚੱਕ-ਥੱਲ, ਛਾਪੇ, ਫਰੋਲਾ-ਫਰਾਲੀ, ਡਰਾਮਈ ਕਵਾਇਦ ਤੋਂ ਇਲਾਵਾ ਕੁਝ ਨਹੀਂ। ਇਹ ਤਾਂ ਬਹੁਤ ਵੱਡੇ ਪੱਧਰ ਦੀ ਕੌਮਾਂਤਰੀ ਨਸ਼ਾ ਸਰਗਣਿਆਂ, ਏਜੰਟਾਂ, ਬਦਨਾਮ ਕਾਰਪੋਰੇਟਰਾਂ, ਰਾਜਨੀਤੀਵਾਨਾਂ, ਅਫਸਰਸ਼ਾਹ ਏਜੰਟਾਂ, ਹਥਿਆਰਬੰਦ ਗੈਂਗਸਟਰਾਂ ਦੀ ਖੇਡ ਹੈ।

ਅਮਰੀਕਾ ਜੋ ਵਿਸ਼ਵ ਪੱਧਰ ਦੀ ਇੱਕੋ-ਇਕ ਮਹਾਂ ਸ਼ਕਤੀ ਹੈ ਉੱਥੇ 5 ਨਵੰਬਰ 2024 ਨੂੰ ਰਾਸ਼ਟਰਪਤੀ ਪਦ ਲਈ ਹੋ ਰਹੀਆਂ ਚੋਣਾਂ ਵਿਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਬੜੇ ਵਿਧੀਵਤ ਢੰਗ ਨਾਲ ਮਨਸੂਬੇ ਬਣ ਚੁੱਕੇ ਹਨ। ਜੋ ਕੁਝ ਹੋ ਰਿਹਾ ਹੈ, ਉਹ ਅਤਿ ਹੈਰਾਨੀਜਨਕ ਹੋਣ ਦੇ ਨਾਲ-ਨਾਲ ਅਤਿ ਚਿੰਤਾਜਨਕ ਹੈ। ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਮਾਰੂ ਸਿੰਥੈਟਿਕ ਨਸ਼ੇ ਦੀ ਸਪਲਾਈ ਧੜੱਲੇ ਨਾਲ ਕੀਤੀ ਜਾਵੇਗੀ। ਚੋਣਾਂ ਵਿਚ ਹਾਰ-ਜਿੱਤ ਦਾ ਪਾਸਾ ਪਲਟਣ ਵਜੋਂ ਜਾਣੀਆਂ ਜਾਂਦੀਆਂ 7 ਸਟੇਟਾਂ ਅੰਦਰ 10 ਵਿਚੋਂ 8 ਵੋਟਰ ਇਨ੍ਹਾਂ ਭੈੜੇ ਅਤੇ ਮਾਰੂ ਸਿੰਥੈਟਿਕ ਨਸ਼ਿਆਂ ਨਾਲ ਪ੍ਰਭਾਵਿਤ ਕੀਤੇ ਜਾਣਗੇ। ਅਮਰੀਕੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਿੱਥੇ ਯੂਕਰੇਨ ਜੰਗ, ਗਾਜ਼ਾ ਪੱਟੀ ਨਸਲਘਾਤ, ਵਾਤਾਵਰਨ ਸੰਭਾਲ, ਗਰਭਪਾਤ, ਬੰਦੂਕ ਸਭਿਆਚਾਰ, ਆਰਥਿਕਤਾ ਆਦਿ ਮੁੱਦੇ ਉਭਾਰੇ ਜਾਣਗੇ ਉੱਥੇ ਸਭ ਤੋਂ ਵੱਡਾ ਪ੍ਰਭਾਵ ਨਸ਼ੀਲੇ ਪਦਾਰਥ ਪਾਉਣਗੇ।

ਫੈਂਟਾਨਾਈਲ ਨਸ਼ੇ ਦਾ ਵਪਾਰ ਅਮਰੀਕਾ ਅੰਦਰ ਅਤਿ ਬਦਨਾਮ ਹੈ। ਕੋਵਿਡ-19 ਮਹਾਮਾਰੀ ਵੇਲੇ ਨਵੰਬਰ 2019 ਤੋਂ ਅਕਤੂਬਰ 2023 ਤੱਕ ਦੀ ਜਾਣਕਾਰੀ ਅਨੁਸਾਰ ਦੇਸ਼ ਵਿਚ 2,70,000 ਲੋਕ ਇਸ ਨਸ਼ੇ ਦੀ ਓਵਰਡੋਜ਼ ਨਾਲ ਮਰ ਗਏ। ਇਹ ਡੇਟਾ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ ਨੇ ਜਾਰੀ ਕੀਤਾ ਹੈ। ਸਮਾਜਿਕ ਪੱਧਰ 'ਤੇ ਹੀ ਨਹੀਂ ਬਲਕਿ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕੰਮ ਵਾਲੀਆਂ ਥਾਵਾਂ 'ਤੇ ਇਸ ਨਸ਼ੇ ਦਾ ਕਹਿਰ ਵਧ ਰਿਹਾ ਹੈ। ਗੁਆਂਢੀ ਕੈਨੇਡਾ ਅਤੇ ਮੈਕਸੀਕੋ ਦਾ ਵੀ ਇਹੀ ਹਾਲ ਹੈ।

ਇਸ ਨਸ਼ੇ ਨੂੰ ਵੱਡੇ ਪੈਮਾਨੇ 'ਤੇ ਫੈਲਾਉਣ ਅਤੇ ਸਪਲਾਈ ਕਰਨ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਪਰਵਾਸੀ ਹਨ ਜੋ ਲੱਖਾਂ ਦੀ ਤਾਦਾਦ ਵਿਚ ਅਮਰੀਕਾ ਅੰਦਰ ਘੁਸਣ ਲਈ ਸਰਹੱਦਾਂ 'ਤੇ ਡੇਰੇ ਲਾਈ ਬੈਠੇ ਹਨ। ਰਾਸ਼ਟਰਪਤੀ ਜੋਅ ਬਾਇਡਨ ਨੇ ਰਿਪਬਲਿਕਨ ਪਾਰਟੀ ਨਾਲ ਸਬੰਧਿਤ ਕਾਂਗਰਸ ਪ੍ਰਤੀਨਿਧਾਂ ਅਤੇ ਸੈਨੇਟਰਾਂ ਸਿਰ ਦੋਸ਼ ਮੜ੍ਹਿਆ ਕਿ ਉਹ ਸਿੰਥੈਟਿਕ ਨਸ਼ੇ ਰੋਕਣ ਲਈ ਪ੍ਰਤੀਬੱਧ ਨਹੀਂ। ਨਸ਼ਾ ਰੋਕੂ ਸਖਤ ਕਾਨੂੰਨ ਪਾਸ ਕਰਨ ਅਤੇ ਸਖ਼ਤ ਕਦਮ ਚੁੱਕਣ ਲਈ ਸੰਜੀਦਾ ਨਹੀਂ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਬਾਇਡਨ ਪ੍ਰਸ਼ਾਸ਼ਨ 'ਤੇ ਦੋਸ਼ ਲਾਉਂਦੇ ਹਨ ਕਿ ਉਨਾਂ ਨੇ ਮੈਕਸੀਕੋ ਸਰਹੱਦ 'ਤੇ ਸੁਰੱਖਿਆ ਦਸਤੇ ਤਾਇਨਾਤ ਕਰਨ ਅਤੇ ਡਰੱਗ ਸਮਗਲਰਾਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਤੋਂ ਜਾਣ ਬੁੱਝ ਕੇ ਕੰਨੀ ਕਤਰਾਈ। ਰਿਪਬਲਿਕਨ ਰਾਸ਼ਟਰੀ ਕਮੇਟੀ ਦੇ ਬੁਲਾਰੇ ਨੇ ਦੋਸ਼ ਲਗਾਇਆ ਕਿ ਅਮਰੀਕਾ ਨੂੰ ਅੰਦਰੋਂ ਹੀ ਨਸ਼ੇ ਦਾ ਜ਼ਹਿਰ ਦਿੱਤਾ ਜਾ ਰਿਹਾ ਹੈ। ਅਮਰੀਕਾ ਨੂੰ ਡਰੱਗ ਮੁਕਤ ਸਿਰਫ ਅਤੇ ਸਿਰਫ ਟਰੰਪ ਹੀ ਬਣਾ ਸਕਦਾ ਹੈ।

ਅਮਰੀਕੀ ਇਹ ਵੀ ਮੰਨਦੇ ਹਨ ਕਿ ਮੈਕਸੀਕੋ ਅਤੇ ਕੌਮਾਂਤਰੀ ਡਰੱਗ ਸਰਗਣਿਆਂ ਤੋਂ ਇਲਾਵਾ ਸਿੰਥੈਟਿਕ ਨਸ਼ਾ ਕੈਨੇਡਾ ਤੋਂ ਵੀ ਸਪਲਾਈ ਹੋ ਰਿਹਾ ਹੈ। ਅਮਰੀਕਾ ਅੰਦਰ ਨਸ਼ੀਲੇ ਪਦਾਰਥਾਂ ਨਾਲ ਮੌਤਾਂ ਪੂਰੇ ਦੇਸ਼ ਵਿਚ ਹੋ ਰਹੀਆਂ ਹਨ। ਰੈੱਡ ਕਾਰਪੋਰੇਸ਼ਨ ਰਿਪੋਰਟ ਅਨੁਸਾਰ 10 ਵਿੱਚੋਂ 4 ਡਰੱਗ ਓਵਰਡੋਜ਼ ਨਾਲ ਮਰ ਰਹੇ ਹਨ। ਫੈਂਟਾਨਾਈਲ ਦੀ 2 ਮਿਲੀਗ੍ਰਾਮ ਮਾਤਰਾ ਬਹੁਤ ਮਾਰੂ ਹੁੰਦੀ ਹੈ। ਹੈਰਾਨੀ ਹੈ ਕਿ ਹਰ ਗਲੀ ਮੁਹੱਲੇ ਵਿਚ ਸਿੰਥੈਟਿਕ ਗੋਲੀ ਦਾ ਰੇਟ ਬਦਲਦਾ ਹੈ। ਮੈਕਸੀਕੋ ਨਾਲ ਲਗਦੇ ਉਨ੍ਹਾਂ ਰਾਜਾਂ ਵਿਚ ਫੈਂਟਾਨਾਈਲ ਨਸ਼ੇ ਨਾਲ ਮਰਨ ਵਾਲਿਆਂ ਦੀ ਗਿਣਤੀ ਵੱਧ ਹੈ ਜੋ ਰਾਸ਼ਟਰਪਤੀ ਚੋਣਾਂ ਵੇਲੇ ਜਿੱਤ-ਹਾਰ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਐਰੀਜ਼ੋਨਾ ਇਸ ਦੀ ਮਿਸਾਲ ਹੈ। ਐਮਰਜੈਂਸੀ ਸੇਵਾਵਾਂ ਅਨੁਸਾਰ, ਰੋਜ਼ਾਨਾ ਦੋ ਫੋਨ ਓਵਰਡੋਜ਼ ਕੇਸਾਂ ਸਬੰਧੀ ਆਉਂਦੇ ਹਨ। ਫੀਨਿਕਸ ਸ਼ਹਿਰ ਦੇ ਪੂਰਬ ਵਿਚ 1,86,000 ਲੋਕ ਵਸਦੇ ਹਨ। ਇੱਥੋਂ ਪਿਛਲੇ ਸਾਲ 4-5 ਮਿਲੀਅਨ ਫੈਂਟਾਨਾਈਲ ਗੋਲੀਆਂ ਅਤੇ 140 ਪੌਂਡ ਪਾਊਡਰ ਮਿਲਿਆ ਜੋ ਸਿਨੋਲੀਆ ਦੇ ਨਸ਼ਾ ਸਰਗਣੇ ਨੇ ਸਪਲਾਈ ਕੀਤੇ ਸਨ। ਟੈਂਪੇ ਪੁਲਿਸ ਸਾਰਜੈਂਟ ਰੌਬ ਫਰੈਰੋ ਦਾ ਮੰਨਣਾ ਹੈ ਕਿ ਇਸ ਖੇਤਰ ਵਿਚ ਫੈਂਟਾਨਾਈਲ ਨਸ਼ੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਕਰ ਕੇ ਫੈਲੇ। ਟਰੰਪ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਅਮਰੀਕਾ ਵਰਗੀ ਮਹਾਂ ਸ਼ਕਤੀ ਅੰਦਰ ਨਸ਼ੀਲੇ ਪਦਾਰਥਾਂ ਦੀ ਦਾਸਤਾਨ ਬਿਆਨ ਕਰਦੀ ਹੈ ਕਿ ਇਹ ਮਾਨਵਤਾ ਮਾਰੂ ਕਾਰੋਬਾਰ ਤਦੂੰਏ ਵਾਂਗ ਕਿਸ ਕਦਰ ਪੂਰੇ ਵਿਸ਼ਵ ਵਿਚ ਫੈਲਿਆ ਹੋਇਆ ਹੈ। ਇਸ ਦੇ ਭਿਆਨਕ ਵਾਰ ਦਾ ਸ਼ਿਕਾਰ ਵਿਸ਼ਵ ਭਰ ਦੀ ਨੌਜਵਾਨ ਪੀੜ੍ਹੀ ਹੈ ਅਤੇ ਇਸ ਲਈ ਪ੍ਰਮੁੱਖ ਤੌਰ 'ਤੇ ਦੋਸ਼ੀ ਸੱਤਾ ਤੇ ਧਨ-ਦੌਲਤ ਮੋਹ, ਅਸੀਮ ਸ਼ਕਤੀਆਂ, ਐਸ਼ੋ-ਇਸ਼ਰਤ ਵਾਲੀ ਰਾਜਨੀਤੀ ਹੈ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਰਾਜਨੀਤੀ ਰਾਜਨੇਤਾਵਾਂ ਲਈ ਨਹੀਂ, ਨੌਜਵਾਨਾਂ ਦਾ ਭਵਿੱਖ ਸੰਵਾਰਨ ਲਈ ਹੋਣੀ ਚਾਹੀਦੀ ਹੈ।

# ਕੁਲਵਿੰਦਰ ਦੀ ਕਾਵਿ-ਸੰਵੇਦਨਾ

## ਪੁਸਤਕ ਚਰਚਾ

ਅਮਰੀਕਾ ਵਿਚ ਸਥਾਈ ਤੌਰ 'ਤੇ ਪਰਵਾਸ ਕਰਨ ਵਾਲਾ ਸ਼ਾਇਰ ਕੁਲਵਿੰਦਰ ਹੁਣ ਤੱਕ 'ਬਿਰਖਾਂ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦੇ ਸੇਕ' ਨਾਲ ਗ਼ਜ਼ਲ ਸਾਹਿਤ ਦੇ ਖੇਤਰ ਵਿਚ ਆਪਣੀ ਗੂੜ੍ਹੀ ਛਾਪ ਲਾ ਚੁੱਕਾ ਹੈ। ਉਸਦੀ ਕਾਵਿ-ਪ੍ਰਤਿਭਾ ਦੀ ਸਾਰਥਕਤਾ ਅਤੇ ਜਲੌਅ ਅਜਿਹਾ ਹੈ ਜੋ ਮੁੱਢ ਤੋਂ ਹੀ ਉਸਦੀ ਕਾਵਿ-ਸਾਧਨਾ ਨਾਲ ਤੁਰਿਆ ਆ ਰਿਹਾ ਹੈ। ਉਹ ਜਦੋਂ ਵੀ ਕਿਸੇ ਗ਼ਜ਼ਲ-ਸੰਗ੍ਰਹਿ ਦੀ ਪ੍ਰਕਾਸ਼ਨਾ ਕਰਦਾ ਹੈ ਤਾਂ ਦੇਸ਼ ਅਤੇ ਵਿਦੇਸ਼ ਵਿਚ ਪੰਜਾਬੀ ਪਾਠਕਾਂ, ਸਮੀਖਿਅਕਾਂ ਅਤੇ ਸਨੇਹੀਆ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਹੈ। ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੀ ਰਚਨਾ ਦੀ ਪ੍ਰਕਾਸ਼ਨਾ ਲਈ ਕਾਹਲ ਨਹੀਂ ਕਰਦਾ। ਗ਼ਜ਼ਲ ਇਕ ਅਜਿਹੀ ਸਿਨਫ਼ ਹੈ ਜੋ ਲੰਮੀ ਸਾਧਨਾ ਦੀ ਮੰਗ ਕਰਦੀ ਹੈ, ਜਦੋਂ ਗ਼ਜ਼ਲ ਦੇ ਸ਼ਿਅਰਾਂ ਦੀ ਆਮਦ ਹੁੰਦੀ ਹੈ ਤਾਂ ਆਮ ਤੌਰ 'ਤੇ ਕਵੀ ਉਨ੍ਹਾਂ ਨੂੰ ਕੋਰੇ



**ਸੁਹਿੰਦਰ ਬੀਰ**

ਕਾਗ਼ਜ਼ 'ਤੇ ਝਰੀਟ ਲੈਂਦੇ ਹਨ ਤੇ ਫਿਰ ਸਹਿਜੇ-ਸਹਿਜੇ ਉਨ੍ਹਾਂ ਨੂੰ ਨਿਖਾਰਦੇ, ਸੰਵਾਰਦੇ ਅਤੇ ਬਹਿਰ ਮੁਤਾਬਿਕ ਢਾਲਦੇ ਰਹਿੰਦੇ ਹਨ। ਮੈਨੂੰ ਨਹੀਂ ਲੱਗਦਾ ਕਿ ਕਦੇ ਇਸ ਤਰ੍ਹਾਂ ਹੋਇਆ ਹੋਵੇਗਾ ਕਿ ਕਿਸੇ ਨੇ ਗ਼ਜ਼ਲ ਪਹਿਲੀ ਵਾਰ ਲਿਖੀ ਤੇ ਉਹ ਮੁਕੰਮਲ ਹੋ ਗਈ ਹੋਵੇਗੀ। ਉਸ ਨੂੰ ਉਸ ਨੇ ਕਾਵਿ-ਸ਼ਿਲਪ ਮੁਤਾਬਿਕ ਤਬਦੀਲ ਨਾ ਕੀਤਾ ਹੋਵੇ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਗ਼ਜ਼ਲ ਡਾਢੀ ਕਾਵਿ-ਸਾਧਨਾ ਦੀ ਮੰਗ ਕਰਦੀ ਹੈ। ਗ਼ਜ਼ਲ ਲਿਖਣਾ ਇਕ ਤਪੱਸਿਆ ਵਾਂਗ ਹੈ, ਕਿਉਂਕਿ ਗ਼ਜ਼ਲ ਦਾ ਚੌਖਟਾ ਵੀ ਅਜਿਹਾ ਹੁੰਦਾ ਹੈ, ਜਿਸ ਲਈ ਢੁਕਵੇਂ ਅਤੇ ਗ਼ਜ਼ਲ ਦੇ ਪੈਮਾਨੇ ਮੁਤਾਬਿਕ ਅਕਸਰ ਸ਼ਬਦਾਂ ਦੀ ਤਲਾਸ਼ ਵੀ ਕਰਨੀ ਪੈਂਦੀ ਹੈ।

ਗ਼ਜ਼ਲ ਦੇ ਵਿਧੀ-ਵਿਧਾਨ ਬਾਰੇ ਕੁਲਵਿੰਦਰ ਨੇ ਇਕ ਪ੍ਰਸ਼ਨ ਅਤੇ ਨੁਕਤਾ ਵੀ ਆਪਣੀ ਇਕ ਗ਼ਜ਼ਲ ਵਿਚ ਉਠਾਇਆ ਹੈ:

ਉਹ ਕਹਿੰਦੇ ਨੇ ਗ਼ਜ਼ਲ ਬਹਿਰਾਂ ਲਈ ਹੈ
ਮੈਂ ਸੋਚਾਂ ਇਹ ਤਾਂ ਅਹਿਸਾਸਾਂ ਲਈ ਹੈ।

ਕਵੀ ਏਂ ਤੂੰ ਹਕੀਕਤ ਭਾਲਦਾ ਰਹਿ,
ਇਹ ਜਗਦਾ ਚੰਦ ਤਾਂ ਖ਼ਾਬਾਂ ਲਈ ਹੈ

ਇਹਦੇ ਪੈਰਾਂ 'ਚ ਝਾਂਜਰ ਪਾ ਕੇ ਕਹਿੰਦੇ
ਗ਼ਜ਼ਲ ਇਹ ਸੁੰਨਿਆਂ ਰਾਹਾਂ ਲਈ ਹੈ।

ਇਨ੍ਹਾਂ ਸ਼ਿਅਰਾਂ ਤੋਂ ਇਲਾਵਾ ਵੀ ਕੁਲਵਿੰਦਰ ਨੇ ਕੁਝ ਨੁਕਤੇ ਉਠਾਏ ਹਨ, ਪਰ ਮੈਂ ਅਜੇ ਇਨ੍ਹਾਂ ਬਾਰੇ ਹੀ ਗੱਲ ਕਰਨੀ ਹੈ। ਪਹਿਲਾ ਨੁਕਤਾ ਬਹਿਰ ਤੇ ਅਹਿਸਾਸ ਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਗ਼ਜ਼ਲ ਬਹਿਰ ਲਈ ਹੈ, ਜਾਂ ਅਹਿਸਾਸ ਲਈ ਹੈ।

ਮੇਰੀ ਸਮਝ ਮੁਤਾਬਿਕ ਜੇ ਕਿਸੇ ਸ਼ਾਇਰ ਨੇ ਗ਼ਜ਼ਲ ਲਿਖਣੀ ਹੈ ਤਾਂ ਉਸਨੂੰ ਬਹਿਰ ਦਾ ਗਿਆਨ ਹੋਣਾ ਚਾਹੀਦਾ ਹੈ। ਬਹਿਰ ਦੇ ਗਿਆਨ ਤੋਂ ਬਿਨਾਂ ਗ਼ਜ਼ਲ ਆਪਣੇ ਪ੍ਰਮਾਣਕ ਮਿਆਰ ਤੱਕ ਨਹੀਂ ਪੁੱਜ ਸਕਦੀ। ਜੇ ਬਹਿਰ ਨੂੰ ਤਿਲਾਂਜਲੀ ਦੇਣੀ ਹੈ ਤਾਂ ਫਿਰ ਅਸੀਂ ਜਿਹੜੀ ਵੀ ਰਚਨਾ ਲਿਖਾਂਗੇ, ਉਸ ਨੂੰ ਗ਼ਜ਼ਲ ਦਾ ਨਾਮ ਨਾ ਦੇਣਾ ਹੀ ਵਾਜਿਬ ਹੋਵੇਗਾ। ਜੇ ਗ਼ਜ਼ਲ ਲਿਖਣੀ ਹੈ ਤਾਂ ਉਸ ਦੇ ਵਿਧੀ-ਵਿਧਾਨ ਤੋਂ ਜਾਣੂ ਹੋਣਾ ਜ਼ਰੂਰੀ ਹੈ, ਜਿਵੇਂ ਕਿ ਇਕ ਕਾਰ ਚਾਲਕ ਨੂੰ ਕਾਰ ਚਲਾਉਣ ਲੱਗਿਆਂ ਕਾਰ ਡਰਾਈਵਿੰਗ ਦੇ ਨਿਯਮਾਂ ਦਾ ਪਤਾ ਹੋਣਾ ਚਾਹੀਦਾ। ਇਸੇ ਤਰ੍ਹਾਂ ਗ਼ਜ਼ਲ ਦੇ ਕਰਤਾ ਨੂੰ ਗ਼ਜ਼ਲ ਦੇ ਵਿਧਾਨ ਦਾ ਗਿਆਨ ਉਸਦੀ ਰਚਨਾਤਮਕਤਾ ਵਿਚ ਸਾਰਥਕਤਾ ਭਰ ਸਕਦਾ ਹੈ। ਜੇ ਗਿਆਨ ਅਧੂਰਾ ਹੋਵੇਗਾ ਤਾਂ ਉਸਦੀ ਗ਼ਜ਼ਲ ਕਮਜ਼ੋਰ ਰਹਿ ਸਕਦੀ ਹੈ। ਸਾਰਥਕ ਗਿਆਨ ਸਾਰਥਕ ਸਿਰਜਣਾ ਲਈ ਸਹਾਇਕ ਹੋ ਸਕਦਾ ਹੈ। ਇਹ ਮੇਰਾ ਆਪਣਾ ਖ਼ਿਆਲ ਹੈ ਗ਼ਜ਼ਲ ਦੇ ਸਿਰਜਕਾਂ ਦੀ ਵੱਖਰੀ ਰਾਏ ਵੀ ਹੋ ਸਕਦੀ ਹੈ।

ਦੂਸਰੀ ਗੱਲ ਅਹਿਸਾਸ ਦੀ ਹੈ, ਅਹਿਸਾਸਾਂ ਤੋਂ ਬਗ਼ੈਰ ਜਾਂ ਮਨੁੱਖ ਦੀ ਸੰਵੇਦਨਾ ਤੋਂ ਬਗੈਰ ਸ਼ਾਇਰੀ ਨਹੀਂ ਰਚੀ ਜਾ ਸਕਦੀ। ਅਹਿਸਾਸਾਂ ਤੋਂ ਬਗ਼ੈਰ ਤਾਂ ਕੋਈ ਵੀ ਰਚਨਾ ਲਿਖੀ ਹੀ ਨਹੀਂ ਜਾ ਸਕਦੀ। ਅਹਿਸਾਸ ਹਰ ਹਾਲ ਵਿਚ ਸਾਹਿਤ ਦੇ ਰੂਪ ਵਿਚ ਸ਼ਾਮਿਲ ਹੁੰਦੇ ਹਨ। ਇਹ ਅਹਿਸਾਸ ਮਨੁੱਖ ਦੇ ਮਗ਼ਜ਼ ਵਿਚ ਅਮੂਰਤ ਰੂਪ ਵਿਚ ਆਉਂਦੇ ਹਨ, ਜਿਹੜੇ ਲੋਕ ਸ਼ਾਇਰ ਜਾਂ ਸਾਹਿਤਕਾਰ ਨਹੀਂ ਹੁੰਦੇ, ਉਹ ਅਮੂਰਤ ਨੂੰ ਸਮੂਰਤ ਨਹੀਂ ਕਰ ਸਕਦੇ ਅਤੇ ਵਿਚਾਰ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ। ਵਿਚਾਰ ਉਦੋਂ ਹੀ ਸਾਹਮਣੇ ਆਉਂਦਾ ਹੈ ਜਦੋਂ ਅਮੂਰਤ ਨੂੰ ਸਮੂਰਤ ਰੂਪ ਵਿਚ ਢਾਲ ਕੇ ਪੇਸ਼ ਕੀਤਾ ਜਾਵੇ। ਅਮੂਰਤ ਨੂੰ ਸਮੂਰਤ ਵਿਚ ਢਾਲਣ ਦੀ ਕਲਾ ਹੀ ਸਾਹਿਤਕਾਰ ਦੀ ਸਾਧਨਾ ਨੂੰ ਦਰਸਾਉਂਦੀ ਹੈ। ਇਹ ਸਾਧਨਾ ਹਰ ਕਵੀ ਦੀ ਵੱਖਰੀ ਹੁੰਦੀ ਹੈ, ਜਿਹੜੀ ਉਸਨੂੰ ਸ਼ੈਲੀ ਪ੍ਰਦਾਨ ਕਰਦੀ ਹੈ।

ਕਵੀ ਦੇ ਦਿਮਾਗ ਵਿਚ ਅਮੂਰਤ ਰੂਪ ਵਿਚ ਜਦੋਂ ਵਿਚਾਰ ਆਉਂਦਾ ਹੈ ਤਾਂ ਉਹ ਇਸ ਨੂੰ ਆਪਣੀ ਰੂਹ ਰਾਹੀਂ ਉਤਾਰਦਾ ਹੈ। ਉਸ ਨਾਪ ਤੋਲ ਵਿਚ ਸਚਾਈ ਜ਼ਾਹਿਰ ਹੁੰਦੀ ਹੈ। ਇੱਥੇ ਕਵੀ ਸਚਾਈ ਤੋਂ ਖਿੜਕ ਨਹੀਂ ਸਕਦਾ। ਕਵੀ ਨੇ ਆਪਣੀ ਰੂਹ ਨਾਲ ਇਨਸਾਫ਼ ਕਰਨਾ ਹੁੰਦਾ ਹੈ, ਜੇ ਕਵੀ ਰੂਹ ਨਾਲ ਇਨਸਾਫ਼ ਨਹੀਂ ਕਰੇਗਾ ਤਾਂ ਉਸਦੀ ਕਵਿਤਾ ਵਿਚ ਕਚਿਆਈ ਆ ਜਾਵੇਗੀ। ਪਾਠਕ ਉਸ ਨੂੰ ਸਵੀਕਾਰ ਨਹੀਂ ਕਰੇਗਾ। ਕੁਲਵਿੰਦਰ ਆਪਣੇ ਰੂਹ ਦੇ ਮੁਤਾਬਿਕ ਬੋਲ ਕਹਿਣ ਵਾਲਾ ਸ਼ਾਇਰ ਹੈ, ਉਹ ਹਕੀਕਤ ਭਾਲਦਾ ਰਹਿੰਦਾ ਹੈ, ਜਦ ਤੱਕ ਉਸ ਨੂੰ ਹਕੀਕਤ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀ, ਉਹ ਰੂਹ ਦੇ ਉੱਤੇ ਪੂਰੀ ਤਰ੍ਹਾਂ ਤੁਲਦੀ ਨਹੀਂ, ਜੇ ਉਸਦੀ ਰੂਹ ਉਸਨੂੰ ਇਜਾਜ਼ਤ ਨਹੀਂ ਦਿੰਦੀ ਤਾਂ ਉਹ ਉਸ ਸਚਾਈ ਨੂੰ ਪੇਸ਼ ਨਹੀਂ ਕਰਦਾ। ਜਦੋਂ ਸਚਾਈ ਨੰਗੀ-ਚਿੱਟੀ ਹੋ ਕੇ ਸਾਹਮਣੇ ਜ਼ਾਹਿਰ ਹੁੰਦੀ ਹੈ ਤਾਂ ਉਸਨੂੰ ਬੋਲ ਪ੍ਰਦਾਨ ਕਰਦਾ ਹੈ ਇਹ ਉਸਦੀ ਖ਼ਾਸੀਅਤ ਹੈ।

ਅਗਲਾ ਨੁਕਤਾ ਮੇਰਾ ਇਹ ਹੈ ਕਿ ਗ਼ਜ਼ਲ ਸੁੰਨੇ ਰਾਹਾਂ ਲਈ ਨਹੀਂ ਹੈ। ਗ਼ਜ਼ਲ ਸਮਾਜ-ਸਭਿਆਚਾਰ ਵਿਚ ਰਚਿਆ ਜਾਣ ਵਾਲਾ ਇਕ ਸਾਹਿਤਕ ਰੂਪ ਹੈ ਅਤੇ ਇਹ ਅਜਿਹਾ ਸਾਹਿਤ ਰੂਪ ਹੈ, ਜਿਸ ਨੇ ਸਮਾਜ-ਸਭਿਆਚਾਰ ਨੂੰ ਕੋਈ ਨਾ ਕੋਈ ਸਾਰਥਕ ਸੇਧ ਦੇਣੀ ਹੁੰਦੀ ਹੈ। ਜਿਹੜਾ ਵੀ ਸਾਹਿਤ ਕਿਸੇ ਸਮਾਜ ਨੂੰ ਕੋਈ ਸਾਰਥਕ ਸੇਧ ਨਹੀਂ ਦਿੰਦਾ ਉਸਦੀ ਸਾਰਥਕਤਾ ਵੀ ਸੰਦੇਸ਼ ਹੀਣ ਹੋ ਜਾਂਦੀ ਹੈ। ਉਸਦੀ ਹੋਂਦ ਵੀ ਵਿਅਰਥ ਹੁੰਦੀ ਹੈ।

ਅਗਲਾ ਨੁਕਤਾ ਜੋ ਸ਼ਾਇਰ ਕੁਲਵਿੰਦਰ ਦੇ ਇਸ ਸੰਗ੍ਰਹਿ ਵਿਚ ਸਾਹਮਣੇ ਆਉਂਦਾ ਹੈ ਉਹ ਅਤੀਤਮੁਖਤਾ ਵਾਲਾ ਹੈ। ਅਤੀਤਮੁਖਤਾ ਦਾ ਇਥੇ ਵਿਸ਼ੇਸ਼ ਸੰਦਰਭ ਹੈ, ਉਹ ਸੰਦਰਭ ਪਰਵਾਸੀ ਮਨੁੱਖ ਦੀ ਚੇਤਨਾ-ਅਵਚੇਤਨਾ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਕੁਲਵਿੰਦਰ ਦੀ ਗ਼ਜ਼ਲ ਵਿਚ ਇਹ ਪਿੰਡ ਅਤੇ ਪਿੰਡ ਤੋਂ ਪਰਵਾਸ, ਦੁਰਾਢੇ ਸਫ਼ਰ ਵਿਚ ਪਰ ਮਾਨਸਿਕਤਾ ਦੇ ਪੱਧਰ 'ਤੇ ਇਹ ਨੇੜਤਾ ਦੇ ਰੂਪ ਵਿਚ ਜੁੜਿਆ ਹੋਇਆ ਹੈ। ਜਿਸ ਨੂੰ ਰਤਾ ਪਿੰਡ ਅਤੇ ਸ਼ਹਿਰ ਦੇ ਸੰਦਰਭ ਵਿਚ ਸਮਝਿਆ ਜਾਵੇ ਤਾਂ ਵੀ ਇਹ ਨੁਕਤਾ ਬਹੁਤ ਹੀ ਅਹਿਮੀਅਤ ਵਾਲਾ ਬਣ ਜਾਂਦਾ ਹੈ। ਅਜੋਕੀ ਨਵੀਂ ਟੈਕਨੋਲੋਜੀ ਨੇ ਮਨੁੱਖ ਦੇ ਸੁਭਾਅ, ਜੀਵਨ ਸ਼ੈਲੀ, ਰਹਿਣ-ਸਹਿਣ ਅਤੇ ਆਦਰਸ਼ਕ ਕਦਰਾਂ-ਕੀਮਤਾਂ ਨੂੰ ਜਿਸ ਤਰ੍ਹਾਂ ਤਹਿਸ-ਨਹਿਸ ਕੀਤਾ ਹੈ ਉਹ ਇਕ ਸੰਵੇਦਨਸ਼ੀਲ ਮਨੁੱਖ ਨੂੰ ਬਹੁਤ ਬੇਚੈਨ ਕਰਦਾ ਹੈ। ਇੱਥੇ ਮੈਂ ਕੇਵਲ ਕੁਲਵਿੰਦਰ ਦੇ ਪਰਵਾਸ ਨਾਲ ਸੰਦਰਭ ਜੋੜ ਕੇ ਹੀ ਗੱਲ ਕਰਾਂਗਾ।

ਕੁਲਵਿੰਦਰ ਹੋਰਾਂ ਦੀ ਇੱਕ ਗਜ਼ਲ ਹੈ:

ਸਿਖਰ ਦੁਪਹਿਰ ਅੰਦਰ ਭਾਲਦੇ ਨੇ ਛਾਵਾਂ ਨੂੰ
ਪਰਿੰਦੇ ਜਾ ਰਹੇ ਨੇ ਅੰਨ੍ਹੀਆਂ ਦਿਸ਼ਾਵਾਂ ਨੂੰ।

ਗੁਆ ਕੇ ਪਿੰਡ ਵਿਚ ਵਸਦੇ ਘਰਾਂ ਤੇ ਮਾਵਾਂ ਨੂੰ
ਸ਼ਹਿਰ ਚ ਭਾਲਦੇ ਹੋ ਕਿਸਦੀਆਂ ਦੁਆਵਾਂ ਨੂੰ।

ਕਿਸੇ ਦੀ ਪੈੜ ਤੱਕ ਮੈਨੂੰ ਨਜ਼ਰ ਨਹੀਂ ਆਉਂਦੀ
ਇਹ ਡੰਡੀ ਜਾ ਰਹੀ ਅਣਦੇਖੀਆਂ ਹੀ ਰਾਹਵਾਂ ਨੂੰ।

ਜਿਨ੍ਹਾਂ ਨੇ ਵੇਦਨਾ ਤੱਕ ਵੀ ਗੁਆ ਲਈ ਆਪਣੀ
ਉਹ ਲੋਕ ਮੁੜ ਰਹੇ ਨੇ ਸ਼ਹਿਰ ਚੋਂ ਗਰਾਵਾਂ ਨੂੰ।


ਗ਼ਜ਼ਲ ਵਿਚਲੇ ਚਾਰੇ ਸ਼ਿਅਰ ਪਿੰਡ ਤੇ ਪਰਵਾਸ ਦੇ ਅਨੁਭਵ ਨੂੰ ਗਹਿਰੀ ਸੰਵੇਦਨਾ ਨਾਲ ਪੇਸ਼ ਕਰਦੇ ਹਨ। ਪਿੰਡ ਤੋਂ ਪਰਵਾਸ ਤੱਕ ਦਾ ਸਫ਼ਰ ਕਵੀ ਦੇ ਦੁੱਖ ਨੂੰ ਚਿੰਤਨਸ਼ੀਲ ਬਣਾਉਂਦਾ ਹੈ। ਮਨੁੱਖ ਦਾ ਸੁਭਾਅ ਹੈ ਕਿ ਉਹ ਤੁਲਨਾਤਮਕ ਪਰਿਪੇਖ ਵਿਚ ਵਿਚਰਦਾ ਰਹਿੰਦਾ ਹੈ। ਅਤੀਤ ਅਤੇ ਵਰਤਮਾਨ ਨੂੰ ਇੱਕ ਦੂਸਰੇ ਦੇ ਸਾਹਮਣੇ ਟਾਕਰੇ ਵਿਚ ਨਿਰਖਦਾ-ਪਰਖਦਾ ਰਹਿੰਦਾ ਹੈ। ਉਹ ਜਦੋਂ ਵਰਤਮਾਨ ਵਿਚ ਕਿਸੇ ਦੂਸਰੇ ਸਥਾਨ 'ਤੇ ਪਹੁੰਚਦਾ ਹੈ ਪਰ ਉਸ ਨੂੰ ਲੱਗਦਾ ਹੈ ਕਿ ਮੈਂ ਜਿਸ ਸਥਾਨ 'ਤੇ ਆਇਆ ਹਾਂ ਕਿਤੇ ਇਹ ਅਤੀਤ ਨਾਲੋਂ ਮੇਰੀ ਹੋਂਦ-ਹਸਤੀ ਨੂੰ ਘਟਾ ਤਾਂ ਨਹੀਂ ਰਿਹਾ ਜਾਂ ਕੀ ਨਵਾਂ ਸਥਾਨ ਉਸਦੀ ਹੋਂਦ-ਹਸਤੀ ਨੂੰ ਵਧਾ ਰਿਹਾ ਹੈ ਜਾਂ ਮੇਰੀ ਜ਼ਿੰਦਗੀ ਨੂੰ ਕਿਸੇ ਵੱਲੋਂ ਮਨਫੀ ਤਾਂ ਨਹੀਂ ਕਰ ਰਿਹਾ ਜਾਂ ਜੇ ਇਸ ਵਿਚ ਕੋਈ ਵਾਧਾ ਹੋਇਆ ਹੈ ਤਾਂ ਉਹ ਕੀ ਹੈ? ਇਹ ਮਨਫੀ, ਇਹ ਵਾਧੇ-ਘਾਟੇ, ਇਨ੍ਹਾਂ ਸਾਰਿਆਂ ਨੂੰ ਇਕ ਸੰਵੇਦਨਸ਼ੀਲ ਮਨੁੱਖ, ਇਕ ਫ਼ਲਸਫ਼ੀ ਮਨੁੱਖ ਵਾਂਗ ਤਾਰਕਿਕਤਾ ਨਾਲ ਸੋਚਦਾ-ਵਿਚਾਰਦਾ ਸਿਰਜਣਾ ਦੀ ਕੁਠਾਲੀ ਵਿਚ ਢਾਲਦਾ ਰਹਿੰਦਾ ਹੈ। ਇਹੀ ਜ਼ਿੰਦਗੀ ਦੇ ਅਨੁਭਵ ਦੀ ਕਲਾਤਮਕ ਪੇਸ਼ਕਾਰੀ ਹੈ। ਉਂਝ ਤਾਂ ਸਾਡਾ ਸਾਰਾ ਦੇਸ਼ ਪਰਵਾਸ ਲਈ ਕਾਹਲਾ ਪਿਆ ਹੋਇਆ ਹੈ। ਮੈਨੂੰ ਨਹੀਂ ਲੱਗਦਾ ਕਿ ਦੁਨੀਆ ਦਾ ਕੋਈ ਅਜਿਹਾ ਖਿੱਤਾ ਹੋਵੇ ਜਿੱਥੇ ਭਾਰਤੀ ਤੇ ਵਿਸ਼ੇਸ਼ ਕਰਕੇ ਪੰਜਾਬੀ ਮਨੁੱਖ ਨਾ ਪਹੁੰਚਿਆ ਹੋਵੇ। ਨਵੀਆਂ ਥਾਵਾਂ 'ਤੇ ਸਥਾਈ ਵਸੇਬਾ ਕਰਨਾ ਸ਼ਾਇਦ ਪੰਜਾਬੀਆਂ ਦੇ ਹਿੱਸੇ ਹੀ ਆਇਆ ਹੈ। ਪਰ ਕਵੀ ਮੁਤਾਬਿਕ ਇਹ ਝੁਕਾਅ ਜਾਂ ਰੁਝਾਨ ਜੀਵਨ ਦਾ ਪਾਜ਼ੇਟਿਵ ਹਾਸਲ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਕੋਈ ਵੀ ਮਨੁੱਖ ਪਰਵਾਸ ਧਾਰਨ ਕਰਦਾ ਹੈ ਤਾਂ ਉਸਨੂੰ ਆਪਣਾ ਬਹੁਤ ਗੌਰਵਮਈ ਵਿਰਸਾ ਨਾ ਚਾਹੁੰਦੇ ਹੋਏ ਵੀ ਤਿਆਗਣਾ ਪੈਂਦਾ ਹੈ।

ਪਿੰਡ ਅਤੇ ਸ਼ਹਿਰ ਦਾ ਸਭਿਆਚਾਰਕ ਤੌਰ 'ਤੇ ਜੋ ਵੱਡਾ ਵਖਰੇਵਾਂ ਹੈ ਮੇਰੇ ਜਾਤੀ ਅਨੁਭਵ ਦੇ ਮੁਤਾਬਿਕ ਜ਼ਿੰਦਗੀ ਦੀ ਸਰਲਤਾ, ਸਾਦਗੀ, ਮਾਸੂਮੀਅਤ, ਭੋਲਾਪਨ ਤੋਂ ਛਲ, ਕਪਟ, ਫਰੇਬ ਸਨਅਤ ਤਕਨੀਕ ਭੱਜ-ਦੌੜ ਵਿਅਕਤੀਗਤ-ਹਿਤ ਅਤੇ ਮੋਹ-ਹੀਣਤਾ ਤੱਕ ਦਾ ਸਫਰ ਹੈ।

ਡਾਕਟਰ ਹਰਿਭਜਨ ਸਿੰਘ ਨੇ ਆਪਣੀ ਸਾਹਿਤਕ ਸਵੈ-ਜੀਵਨੀ 'ਚੋਲਾ ਟਾਕੀਆਂ ਵਾਲਾ' ਵਿਚ ਸਾਹਿਤਕਾਰੀ ਲਈ ਦੁੱਖ, ਨਾਰੀ ਅਤੇ ਮਾਸੂਮੀਅਤ ਨੂੰ ਅਹਿਮ ਨੁਕਤਿਆਂ ਵਜੋਂ ਉਭਾਰਿਆ ਹੈ। ਇਹ ਮਾਸੂਮੀਅਤ ਹੀ ਹੈ ਜੋ ਮਨੁੱਖ



ਸ਼ਾਇਰ ਕੁਲਵਿੰਦਰ




*ਕੁਲਵਿੰਦਰ ਦੀ ਕਿਤਾਬ 'ਸ਼ਾਮ ਦੀ ਸ਼ਾਖ਼ 'ਤੇ ਦਾ ਸਰਵਰਕ।*

ਨੂੰ ਸੰਵੇਦਨਸ਼ੀਲ ਬਣਾਉਂਦੀ ਹੈ ਤੇ ਇਹ ਸੰਵੇਦਨਸ਼ੀਲਤਾ ਹੀ ਹੈ ਜੋ ਮਨੁੱਖ ਨੂੰ ਸਿਰਜਕ ਬਣਾਉਂਦੀ ਹੈ। ਅਸੀਂ ਇੱਥੇ ਗੱਲ ਕਰ ਰਹੇ ਆਂ ਪਿੰਡ ਦੀ ਮਾਸੂਮੀਅਤ ਦੀ ਅਤੇ ਸ਼ਹਿਰ ਦੀ ਆਧੁਨਿਕ ਸੋਚ ਦੀ। ਇਹ ਗੱਲ ਵੀ ਕੁਲਵਿੰਦਰ ਦੀ ਕਵਿਤਾ ਦੇ ਹਵਾਲੇ ਨਾਲ ਕਰ ਰਹੇ ਹਾਂ। ਕੁਲਵਿੰਦਰ ਦਾ ਕਹਿਣਾ ਹੈ ਕਿ ਅਸੀਂ ਪਿੰਡ ਦੇ ਵੱਸਦੇ ਘਰ ਅਤੇ ਰੱਬ ਵਰਗੀਆਂ ਆਪਣੀਆਂ ਮਾਵਾਂ ਤੋਂ ਵਿਛੁੰਨੇ ਗਏ ਹਾਂ ਤੇ ਅਸੀਂ ਸ਼ਹਿਰੀ ਜ਼ਿੰਦਗੀ ਦਾ ਅੰਗ ਬਣ ਕੇ ਪੇਂਡੂ ਮਾਵਾਂ ਵਰਗੀ ਸੰਵੇਦਨਾ ਦੀ ਆਸ ਕਰ ਰਹੇ ਹਾਂ। ਇਸ ਵਿਚ ਜੋ ਤਬਦੀਲੀ ਹੋਈ ਹੈ ਉਹ ਇਤਿਹਾਸਕ ਹੈ, ਜਿਸਨੂੰ ਰੋਕਣਾ ਲਗਭਗ ਮਨੁੱਖ ਲਈ ਅਸੰਭਵ ਸੀ ਕਿਉਂਕਿ ਪਰਵਾਸ ਦਾ ਵਰਤਾਰਾ ਅਜਿਹਾ ਰਿਹਾ ਹੈ ਜਿਹੜਾ ਆਦਮ ਮਨੁੱਖ ਤੋਂ ਲੈ ਕੇ ਅੱਜ ਤੱਕ ਨਿਰੰਤਰ ਭਰਪੂਰ ਗਤੀ ਨਾਲ ਵਹਿ ਰਿਹਾ ਹੈ, ਇਸ ਪਰਿਵਰਤਨ ਦੇ ਨਾਲ ਸਭਿਆਚਾਰ ਅਤੇ ਸਨਅਤੀ ਤਬਦੀਲੀਆਂ ਦੇ ਨਾਲ ਮਨੁੱਖ ਦੀ ਸੋਚ ਵਿਚ ਸੰਕੀਰਣਤਾ ਦਾ ਆਉਣਾ ਸਹਿਜ ਹੋ ਗਿਆ ਹੈ ਪਰ ਕਵੀ ਇਕ ਅਜਿਹਾ ਸ਼ਖ਼ਸ ਹੁੰਦਾ ਹੈ ਜੇ ਉਹ ਵਰਤਮਾਨ ਵਿਚ ਕੋਈ ਨਗੇਸ਼ਨ ਵਾਲੀ ਚੀਜ਼ ਦੇਖਦਾ ਹੈ ਅਤੇ ਪੁਰਾਤਨਤਾ ਨੂੰ ਰੋਮਾਂਸਕਾਰੀ ਲਹਿਜ਼ੇ ਵਿਚ ਵਾਪਸ ਲਿਆਉਣਾ ਚਾਹੁੰਦਾ ਹੈ, ਜਦੋਂ ਪ੍ਰੋਫੈਸਰ ਪੂਰਨ ਸਿੰਘ ਕਵਿਤਾ ਲਿਖ ਰਿਹਾ ਸੀ ਤਾਂ ਉਹ ਬਾਰ-ਬਾਰ ਲਿਖਦਾ ਸੀ:

ਆ ਵੀਰਾ ਰਾਂਝਿਆ
ਆ ਭੈਣੇ ਹੀਰੇ
ਸਾਨੂੰ ਛੋੜ ਨਾ ਜਾਓ
ਬਿਨ ਤੁਸਾਂ ਅਸੀਂ ਸੱਖਣੇ !
ਜਾਂ
ਸੋਹਣਿਆ ਦੱਸ ਨਾ ਉਹ ਵੇਲੇ ਕਿੱਧਰ ਲੱਦ ਗਏ?

ਇਹ ਸੰਵੇਦਨਸ਼ੀਲਤਾ ਨਾਲ ਲਬਰੇਜ਼ ਹੋਈਆਂ ਭਾਵਨਾਵਾਂ ਨੇ,

ਇਹ ਭਾਵਨਾਵਾਂ ਅਜਿਹੀਆਂ ਜਾਂ ਇੰਨੀਆਂ ਗੌਰਵਮਈ ਹੁੰਦੀਆਂ ਨੇ ਜਿਨ੍ਹਾਂ ਤੋਂ ਮਨੁੱਖ ਆਪਣੇ ਆਪ ਨੂੰ ਅਧੂਰਾ ਸਮਝਦਾ ਹੈ। ਮਨੁੱਖ ਚਾਹੁੰਦਾ ਹੈ ਕਿ ਸ਼ਹਿਰ ਵਿਚ ਆ ਕੇ ਵੀ ਉਸਨੂੰ ਉਸਦੇ ਪਿੰਡ ਵਰਗੀਆਂ ਮਾਵਾਂ, ਉਨ੍ਹਾਂ ਦੀਆਂ ਦੁਆਵਾਂ ਮਿਲਣ ਅਤੇ ਉਹ ਸਮੂਹ ਸਭਿਆਚਾਰ ਉਸ ਦੇ ਨਾਲ ਤੁਰੇ। ਮਨੁੱਖ ਜਦੋਂ ਤੁਰਦਾ ਹੈ ਤਾਂ ਸੋਚਦਾ ਤਾਂ ਇਹ ਹੈ ਕਿ ਸਭਿਆਚਾਰ ਮੇਰੇ ਨਾਲ ਤੁਰੇ ਪਰ ਅਤੀਤ ਨਹੀਂ ਤੁਰ ਸਕਦਾ। ਅਤੀਤ ਪਿੱਛੇ ਰਹਿ ਜਾਂਦਾ ਹੈ, ਵਰਤਮਾਨ ਉਸਨੂੰ ਅਤੀਤ ਨਾਲੋਂ ਤੋੜ ਦਿੰਦਾ ਹੈ, ਕਵੀ ਇਸ ਹੇਰਵੇ ਨੂੰ ਇਸ ਨਿਖੇਧਮੁਖਤਾ ਨੂੰ ਤੁਲਨਾਤਮਕ ਪਰਿਪੇਖ ਵਿਚ ਉਸਾਰਦਾ ਹੈ। ਮਨੁੱਖ ਦੀ ਹੋਂਦ ਨੂੰ ਛਾਂਗਣ ਵਾਲੇ ਅਜਿਹੇ ਹੀ ਵਿਹਾਰ ਹੁੰਦੇ ਹਨ ਜੋ ਉਸਨੂੰ ਮਨਫੀ ਦਰ ਮਨਫੀ ਕਰੀ ਜਾਂਦੇ ਹਨ ਪਰ ਕਵੀ ਦਾ ਕਾਰਜ ਅਹਿਸਾਸਾਂ ਨੂੰ ਪੇਸ਼ ਕਰਨਾ ਹੈ। ਜੇ ਸਾਹਿਤਕਾਰ ਅਤੀਤ ਮੁਖੀ ਕਦਰਾਂ-ਕੀਮਤਾਂ ਨੂੰ ਪੇਸ਼ ਕਰਦਾ ਹੈ ਤਾਂ ਉਹ ਆਧੁਨਿਕ ਜੀਵਨ ਵਿਚ ਖਤਮ ਹੋ ਰਹੇ ਆਦਰਸ਼ਾਂ ਨੂੰ ਮੁੜ ਜੀਵਤ ਕਰਨ ਵਿਚ ਸਹਾਇਕ ਹੁੰਦਾ ਹੈ। ਅਸੀਂ ਸਮਝਦੇ ਹਾਂ ਕਿ ਉਹੋ ਜਿਹੀਆਂ ਮਾਵਾਂ-ਦੁਆਵਾਂ ਦੂਰ-ਦਰਾਜ਼ ਰਹਿ ਗਈਆਂ ਹਨ ਅਤੇ ਉਨ੍ਹਾਂ ਦਾ ਅਹਿਸਾਸ ਅਜੋਕੀਆਂ ਪੀੜ੍ਹੀਆਂ ਨੂੰ ਸ਼ਿੱਦਤ ਨਾਲ ਹੋ ਰਿਹਾ ਹੈ। ਇਹ ਚੇਤਨਾ ਦਾ ਵੇਰਵਾ ਹੈ। ਇਹ ਵੇਰਵਾ ਮਨੁੱਖ ਨੂੰ ਦਾਰਸ਼ਨਿਕਤਾ ਵੱਲ ਲੈ ਜਾਂਦਾ ਹੈ।

ਮੈਂ ਸਮਝਦਾ ਹਾਂ ਕਿ ਅਜੋਕੀ ਜ਼ਿੰਦਗੀ ਵਿਚ ਸੁਹਿਰਦਤਾ ਦਾ ਕਾਲ ਪਿਆ ਹੋਇਆ ਹੈ। ਹਰ ਇਕ ਦੀ ਜ਼ਿੰਦਗੀ ਵਿਚ ਕਾਹਲ ਤੇਜ਼ੀ, ਪ੍ਰਾਪਤੀ ਅੱਗੇ ਵਧਣ ਦੀ ਲੋਚਾ, ਵੱਧ ਤੋਂ ਵੱਧ ਸ਼ੁਹਰਤ/ਸਰਮਾਇਆ ਇਕੱਠਾ ਕਰਨ ਦੀ ਭਾਵਨਾ ਅਤੇ ਹੋਰ ਕਿੰਨਾ ਕੁਝ ਨਾਂਹ-ਮੁਖਤਾ ਵਾਲਾ ਰੁਝਾਨ ਸ਼ਾਮਿਲ ਹੋ ਗਿਆ ਹੈ। ਇਹ ਸਾਰਾ ਕੁਝ ਮਨੁੱਖ ਦੀ ਮਨੁੱਖਤਾ ਅਤੇ ਮਾਨਵਤਾ ਨੂੰ ਮਨਫੀ ਕਰੀ ਜਾ ਰਿਹਾ ਹੈ, ਕਾਟੇ ਹੇਠ ਰੱਖ ਰਿਹਾ ਹੈ। ਅਜਿਹੇ ਮਾਹੌਲ ਵਿਚ ਪਲਿਆ ਹੋਇਆ ਬੰਦਾ ਜਦੋਂ ਆਪਣੇ ਪਿੰਡ ਵਾਪਸ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਅਸੰਵੇਦਨਾ/ਵਿਤਰੇਕਤਾ ਅਤੇ ਬੇਗਾਨਗੀ ਦੇ ਅਹਿਸਾਸ ਵਿਚ ਮਹਿਸੂਸ ਕਰਦਾ ਹੈ। ਸੋ ਕਵੀ ਦੇ ਮੁਤਾਬਿਕ ਇੱਕ ਬਹੁਤ ਵੱਡਾ ਖਲਾਅ ਹੈ ਜੋ ਖ਼ੈਰ-ਸੁੱਖ ਦੀ ਸ਼ੁੱਧ-ਭਾਵਨਾ, ਮਨੁੱਖ ਨੂੰ ਮਾਨਵਤਾ ਦੇ ਧਰਾਤਲ ਤੋਂ ਦੂਰ ਲਿਜਾ ਰਹੀ ਹੈ। ਕਹਿਣ ਨੂੰ ਮਨੁੱਖ ਨੇ ਬਹੁਤ ਵਿਕਾਸ ਕੀਤਾ ਹੈ ਪਰ ਹਕੀਕਤ ਵਿਚ ਮਨੁੱਖ ਦਾ ਮਨੁੱਖਤਾ ਤੇ ਮਾਨਵਤਾ ਦੇ ਪੱਖ ਤੋਂ ਬਹੁਤ ਵੱਡਾ ਵਿਨਾਸ਼ ਹੋਇਆ ਹੈ। ਜਿਸ ਨੂੰ ਕੁਲਵਿੰਦਰ ਬਾਖ਼ੂਬੀ ਪੇਸ਼ ਕਰਦਾ ਹੈ ਉਸ ਪਾਸ ਅਜਿਹਾ ਅਨੁਭਵ ਨਿੱਜਤਾ ਤੋਂ ਪੈਦਾ ਹੋਇਆ ਹੈ, ਉਹ ਜ਼ਿੰਦਗੀ ਨੂੰ ਗਹਿਰਾਈ ਨਾਲ ਸੋਚਦਾ ਹੈ। ਕਵੀ ਆਪਣੇ ਆਪ ਨੂੰ ਸਮਾਜ ਨਾਲ, ਆਪਣੇ ਸਭਿਆਚਾਰ ਨਾਲ ਸੁਹਿਰਦਤਾ ਹੁੰਦੀ ਹੈ ਅਤੇ ਇਹੀ ਸੁਹਿਰਦਤਾ ਹੈ ਜੋ ਕਵੀ ਨੂੰ ਕਵੀ ਬਣਾਉਂਦੀ ਹੈ। ਜਿਸ ਮਨੁੱਖ ਪਾਸ ਅਜਿਹੀ ਸੁਹਿਰਦਤਾ ਨਹੀਂ ਉਹ ਕਵੀ ਨਹੀਂ ਹੋ ਸਕਦਾ, ਸੰਵੇਦਨਸ਼ੀਲ ਨਹੀਂ ਹੋ ਸਕਦਾ।

ਕੁਲਵਿੰਦਰ ਦੇ ਮੁਤਾਬਿਕ ਅਜਿਹਾ ਮਨੁੱਖ ਕੋਈ ਆਮ ਮਨੁੱਖ ਨਹੀਂ। ਸੰਵੇਦਨਸ਼ੀਲ ਅਤੇ ਸੁਹਿਰਦ ਮਨੁੱਖ ਅਜਿਹਾ ਹੈ ਜੋ ਬੁੱਝੇ ਹੋਏ ਦੀਪ ਜਗਾ ਰਿਹਾ ਹੈ, ਜੋ ਹਨੇਰਿਆਂ ਵਿਚ ਰੌਸ਼ਨੀ ਕਰ ਰਿਹਾ ਹੈ, ਜੋ ਭਟਕਿਆਂ ਨੂੰ ਰਸਤਾ ਦਿਖਾ ਰਿਹਾ ਹੈ, ਜੋ ਗੁਰਬਤ ਵਿਚ ਪੀਸੇ ਜਾ ਰਹੇ ਮਨੁੱਖਾਂ ਬਾਰੇ ਸੋਚਦਾ ਹੈ ਕਿ ਜੇ ਇਨ੍ਹਾਂ ਮਨੁੱਖਾਂ ਦੇ ਜੀਵਨ ਵਿਚ ਵੀ ਪ੍ਰਕਾਸ਼ ਆ ਜਾਵੇ ਤਾਂ ਇਨ੍ਹਾਂ ਦਾ ਵੀ ਜੀਵਨ ਰੋਸ਼ਨ ਹੋ ਸਕਦਾ ਹੈ। ਉਹ ਲਿਖਦਾ ਹੈ:

ਸ਼ਾਇਰ ਜਾਂ ਪੈਗ਼ੰਬਰ ਜਾਂ ਇਹ ਦਰਵੇਸ਼ ਹੈ ਕੋਈ,
ਇਹ ਕੌਣ ਜੋ ਰਾਤਾਂ ਨੂੰ ਬੁਝੇ ਦੀਪ ਜਗਾਵੇ।

ਇਸ ਸੰਵੇਦਨਸ਼ੀਲਤਾ ਦੀ ਕਮਾਲਤਾ ਦਾ ਅਹਿਸਾਸ ਮੈਨੂੰ ਉਦੋਂ ਵੀ ਹੋਇਆ ਜਦੋਂ ਡਾਕਟਰ ਹਰਿਭਜਨ ਸਿੰਘ ਨੇ ਲਿਖਿਆ ਕਿ ਮੇਰੀ ਬਗਲੀ ਦੇ ਵਿਚ ਉਨ੍ਹਾਂ ਘਰਾਂ ਵਿਚ ਵੀ ਦੀਪ ਜਗਾਵਣ ਦੀ ਖਾਹਿਸ਼ ਹੈ ਜਿਨ੍ਹਾਂ ਮੈਨੂੰ ਖ਼ਤਮ ਕਰਨ ਵਾਸਤੇ ਮੇਰੀ ਹੋਂਦ-ਹਸਤੀ ਨੂੰ ਮਿਟਾਵਣ ਵਾਸਤੇ ਪੂਰਾ ਜ਼ੋਰ ਲਗਾਇਆ ਸੀ। ਕਮਾਲ ਦੇ ਅਹਿਸਾਸ ਨੇ ਡਾਕਟਰ ਹਰਿਭਜਨ ਸਿੰਘ ਦੇ। ਬੰਦਾ ਉਨ੍ਹਾਂ ਨੂੰ ਖ਼ਤਮ ਕਰਨ ਜਾ ਰਿਹਾ ਹੈ ਲੇਕਿਨ ਡਾਕਟਰ ਹਰਿਭਜਨ ਸਿੰਘ ਦੀ ਇੱਛਾ ਹੈ ਕਿ ਮੈਂ ਉਨ੍ਹਾਂ ਦੇ ਘਰਾਂ ਵਿਚ ਵੀ ਦੀਪ ਜਗਾਵਾਂ। ਉਨ੍ਹਾਂ ਦੇ ਘਰ ਵੀ ਵਸਦੇ-ਰਸਦੇ ਅਤੇ ਵਿਕਾਸ ਕਰਦੇ ਰਹਿਣ।

ਇਸੇ ਹੀ ਅਹਿਸਾਸ ਨੂੰ ਕੁਲਵਿੰਦਰ ਨੇ ਆਪਣੀ ਰਚਨਾ ਵਿਚ ਪੇਸ਼ ਕੀਤਾ ਹੈ। ਵਿਚਾਰ ਟਰੈਵਲ ਕਰਦਾ ਹੈ। ਵਾਕਿਆ ਹੀ ਅਜਿਹੇ ਬੰਦੇ ਜੋ ਅਜਿਹੀ ਭਾਵਨਾ ਰੱਖਦੇ ਹਨ ਉਹ ਸਾਧਾਰਨ ਨਹੀਂ, ਕੁਝ ਸ਼ਾਇਰ ਹੋ ਸਕਦੇ ਨੇ, ਪੈਗ਼ੰਬਰ ਹੋ ਸਕਦੇ ਨੇ, ਦਰਵੇਸ਼ ਹੋ ਸਕਦੇ ਨੇ, ਮੇਰਾ ਖ਼ਿਆਲ ਹੈ ਕਿ ਰੱਬ ਕਿਸੇ ਨੇ ਦੇਖਿਆ ਨਹੀਂ ਤੇ ਇਹ ਜਿਹੜਾ ਰੱਬ ਹੈ, ਇਹ


*(ਬਾਕੀ ਅਗਲੇ ਸਫੇ 'ਤੇ)*

# ਉੱਤਰ-ਪੱਛਮੀ ਭਾਰਤ ਦੇ ਲੋਕ-ਨਾਚਾਂ ਬਾਰੇ ਜਾਣਕਾਰੀ ਭਰਪੂਰ ਪੁਸਤਕ

**ਪੁਸਤਕ ਪੜਚੋਲ**

**ਪੁਸਤਕ :** ਉੱਤਰ-ਪੱਛਮੀ ਭਾਰਤ ਦੇ ਲੋਕ-ਨਾਚ : ਸੱਭਿਆਚਾਰਕ ਇਤਿਹਾਸ
**ਲੇਖਕ :** ਡਾ. ਜਗੀਰ ਸਿੰਘ ਨੂਰ
**ਪਬਲਿਸ਼ਰ :** 5 ਆਬ ਪ੍ਰਕਾਸ਼ਨ, ਜਲੰਧਰ
**ਕੀਮਤ :** 395/- (ਸਜਿਲਦ) ਪੰਨੇ 200

ਪੰਜਾਬੀ ਸੱਭਿਆਚਾਰ ਅਤੇ ਲੋਕ-ਨਾਚ ਦਾ ਜ਼ਿਕਰ ਆਵੇ ਤਾਂ ਡਾ. ਜਗੀਰ ਸਿੰਘ ਨੂਰ ਦਾ ਨਾਮ ਸਪਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਉਨ੍ਹਾਂ ਦੁਆਰਾ ਕੀਤੇ ਪੰਜਾਬੀ ਖੇਤਰ ਨਾਲ ਸਬੰਧਿਤ ਲੋਕ-ਨਾਚਾਂ ਅਤੇ ਸੱਭਿਆਚਾਰ ਨਾਲ ਜੁੜੇ ਖੋਜ-ਕਾਰਜ ਸ਼ਲਾਘਾਯੋਗ ਹਨ। ਅਜਿਹਾ ਹੀ ਇਕ ਖੋਜ-ਕਾਰਜ ਉਨ੍ਹਾਂ ਦੀ ਨਵੀਂ "ਉੱਤਰ-ਪੱਛਮੀ ਭਾਰਤ ਦੇ ਲੋਕ-ਨਾਚ : ਸੱਭਿਆਚਾਰਕ ਇਤਿਹਾਸ" ਨਾਮਕ ਪੁਸਤਕ ਰਾਹੀਂ



**ਸ਼ਹਿਬਾਜ਼ ਖ਼ਾਨ**
**ਫੋਨ: 70874-15886**


ਪਾਠਕਾਂ ਦੇ ਸਨਮੁੱਖ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਡਾ. ਨੂਰ ਪੰਜਾਬੀ, ਹਿੰਦੀ ਅਤੇ ਸੰਪਾਦਿਤ ਪੁਸਤਕਾਂ ਰਾਹੀਂ ਕਹਾਣੀਆਂ, ਨਿਬੰਧ, ਸੱਭਿਆਚਾਰਕ ਖੋਜ, ਕਵਿਤਾ, ਸਵੈ-ਜੀਵਨੀ ਅਤੇ ਸਾਹਿਤਕ ਆਲੋਚਨਾ ਆਦਿ ਦੇ ਕਾਰਜ ਪੱਖੋਂ ਜਾਣੇ ਜਾਂਦੇ ਹਨ। ਹੁਣ ਤੱਕ ਤਕਰੀਬਨ 15 ਪੰਜਾਬੀ, 5 ਹਿੰਦੀ ਮੌਲਿਕ ਪੁਸਤਕਾਂ, 6 ਸੰਪਾਦਿਤ ਪੰਜਾਬੀ ਪੁਸਤਕਾਂ ਅਤੇ ਹਿੰਦੀ ਤੋਂ ਪੰਜਾਬੀ ਭਾਸ਼ਾ ਵਿਚ 2 ਅਨੁਵਾਦ ਕੀਤੀਆਂ ਪੁਸਤਕਾਂ ਸਾਹਿਤ ਖੇਤਰ ਨੂੰ ਸਮਰਪਿਤ ਕਰ ਚੁਕੇ ਡਾ. ਜਗੀਰ ਸਿੰਘ ਨੂਰ ਨੂੰ "ਪੰਜਾਬੀ ਰਹਿਤਲ" ਪੁਸਤਕ ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਰਸਕਾਰ ਦਿੱਤਾ ਗਿਆ। ਸਮੇਂ-ਸਮੇਂ ਉੱਤੇ ਉਨ੍ਹਾਂ ਨੂੰ ਵੱਖ-ਵੱਖ ਸਾਹਿਤਕ ਅਦਾਰਿਆਂ ਵਲੋਂ ਸਨਮਾਨਾਂ ਨਾਲ ਵੀ ਨਿਵਾਜਿਆ ਗਿਆ ਹੈ। ਉਕਤ ਪੁਸਤਕ ਵਿਚ ਉਨ੍ਹਾਂ ਨੇ ਭਾਰਤ ਦੇ ਉੱਤਰੀ-ਪੱਛਮੀ ਖੇਤਰਾਂ ਜਿਵੇਂ ਕਿ ਪੰਜਾਬ, ਹਿਮਾਚਲ, ਹਰਿਆਣਾ ਅਤੇ ਜੰਮੂ ਕਸ਼ਮੀਰ ਦੀ ਸੱਭਿਅਤਾ ਨਾਲ ਜੁੜੇ ਲੋਕ-ਨਾਚਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਵੱਖ-ਵੱਖ ਨਾਚਾਂ ਦੇ ਸਮੇਂ, ਰੁੱਤ, ਜਗ੍ਹਾ, ਪਹਿਰਾਵੇ, ਸਾਜ਼ਾਂ, ਗੀਤਾਂ ਅਤੇ ਮੁਦਰਾਵਾਂ ਬਾਰੇ ਵੀ ਬਹੁਤ ਸਪਸ਼ਟ ਅਤੇ ਡੂੰਘੀ ਜਾਣਕਾਰੀ ਦਿੱਤੀ ਗਈ ਹੈ।

ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਨਾਚ ਸਰੀਰਕ ਮੁਦਰਾਵਾਂ ਅਤੇ ਸੰਗੀਤ ਦਾ ਇੱਕ ਬਿਹਤਰੀਨ ਸੁਮੇਲ ਹੈ ਜਿਸਦਾ ਮੂਲ ਆਧਾਰ ਕੁਦਰਤ ਹੈ। ਚਾਹੇ ਉਹ ਰੁੱਖ ਹਨ, ਪੰਛੀ, ਅੱਗ, ਪਰਿੰਦੇ, ਜਾਨਵਰ, ਬੱਦਲ ਜਾਂ ਪਾਣੀ। ਕੁਦਰਤ ਦੇ ਹਰ ਕਣ ਵਿਚ ਨਾਚ ਦਾ ਵਾਸਾ ਹੈ ਜਿਥੋਂ ਮਨੁੱਖ ਨੇ ਨੱਚਣ ਦੀ ਕਲਾ ਨੂੰ ਜਾਣਿਆ ਅਤੇ ਆਪਣੀ ਸਮਝ ਮੁਤਾਬਿਕ ਹੌਲੀ-ਹੌਲੀ ਵਿਕਸਿਤ ਵੀ ਕੀਤਾ। ਇਹ ਨਾਚ ਕੇਵਲ ਖੁਸ਼ੀ ਹੀ ਨਹੀਂ ਸਗੋਂ ਕ੍ਰੋਧ, ਦੁੱਖ ਅਤੇ ਯੁੱਧ ਆਦਿ ਦਾ ਵੀ ਪ੍ਰਤੀਕ ਨੇ। ਹਰ ਸੱਭਿਅਤਾ ਵਿਚ ਨਾਚ ਨੂੰ ਅਲੱਗ-ਅਲੱਗ ਦ੍ਰਿਸ਼ਟੀਕੋਣ ਤੋਂ ਵੇਖਿਆ, ਸਮਝਿਆ, ਨਿਭਾਇਆ ਅਤੇ ਮਾਣਿਆ ਜਾਂਦਾ ਰਿਹਾ ਹੈ। ਮਨੁੱਖ ਨੇ ਨ੍ਰਿਤ ਨੂੰ ਪਹਿਲਾਂ ਸਿਰਫ਼ ਕੁੱਝ ਇਸ਼ਾਰਿਆਂ ਅਤੇ ਸੰਕੇਤਾਂ ਦੇ ਆਧਾਰ ਉੱਤੇ ਨਿਭਾਉਣਾ ਸ਼ੁਰੂ ਕੀਤਾ ਤੇ ਸਮੇਂ ਦੀ ਤਬਦੀਲੀ ਦੇ ਨਾਲ-ਨਾਲ ਇਹ ਮੁਦਰਾਵਾਂ ਸਾਰਥਕ ਅਤੇ ਸੋਧੇ ਹੋਏ ਰੂਪ ਵਿਚ ਟਿਕ ਗਈਆਂ। ਫ਼ਿਰ ਨਾਚ ਖੇਤਰ, ਭੂਗੋਲਿਕ ਸਥਿਤੀ, ਧਰਮ, ਕੰਮ-ਕਾਜ, ਸਮਾਜਿਕ ਰੀਤੀ ਰਿਵਾਜਾਂ ਅਤੇ ਲਿੰਗ ਅਨੁਸਾਰ ਵੀ ਆਪਣਾ ਰੂਪ ਬਦਲਦੇ ਰਹੇ। ਹਰ ਇੱਕ ਨਾਚ ਵਿਚਲੇ ਗੀਤ, ਮੌਕਾ ਅਤੇ ਵਰਤੇ ਜਾਣ ਵਾਲੇ ਸਾਜ਼ ਵੀ ਭਿੰਨ-ਭਿੰਨ ਹਨ। ਸਮਾਜਿਕ ਰਸਮਾਂ, ਰੀਤਾਂ ਅਤੇ ਸਰੋਕਾਰਾਂ ਨਾਲ ਜੁੜੇ ਲੋਕ-ਨਾਚਾਂ ਬਾਰੇ ਲੇਖਕ ਨੇ ਇਸ ਪੁਸਤਕ ਵਿਚ ਬਹੁਤ ਬਾਰੀਕ ਜਾਣਕਾਰੀ ਦਿੱਤੀ ਹੈ। ਲੇਖਕ ਨੇ ਉੱਤਰੀ ਅਤੇ ਪੱਛਮੀ ਭਾਰਤ ਦੇ ਚਾਰ ਮਹੱਤਵਪੂਰਨ ਖਿੱਤਿਆਂ ਜੰਮੂ-ਕਸ਼ਮੀਰ, ਪੰਜਾਬ, ਹਿਮਾਚਲ ਅਤੇ ਹਰਿਆਣਾ ਦੇ ਲੋਕ-ਨਾਚਾਂ, ਉਨ੍ਹਾਂ ਦੇ ਮੂਲ, ਉਨ੍ਹਾਂ ਦੇ ਵਿਕਾਸ ਅਤੇ ਰੂਪ-ਰੇਖਾ ਬਾਰੇ ਬਹੁਤ ਸੂਖਮ ਪੱਧਰ ਤੱਕ ਖੋਜ ਕੀਤੀ ਹੈ।

ਇਸ ਕਿਤਾਬ ਦੇ ਅਨੁਸਾਰ ਬਹੁਤ ਸਾਰੇ ਲੋਕ-ਨਾਚ ਅਜਿਹੇ ਵੀ ਹਨ ਜਿਹੜੇ ਸਮੇਂ ਦੀ ਚਾਲ ਦੇ ਨਾਲ-ਨਾਲ ਅਲੋਪ ਹੋ ਚੁੱਕੇ ਨੇ। ਲੇਖਕ ਨੇ ਇਸ ਖੋਜ ਕਾਰਜ ਰਾਹੀਂ ਜੰਮੂ-ਕਸ਼ਮੀਰ ਦੀ ਲੋਕ-ਨਾਚ ਪਰੰਪਰਾ ਨੂੰ ਇਸਦੇ ਭੂਗੋਲਿਕ ਇਤਿਹਾਸ ਅਤੇ ਸੱਭਿਆਚਾਰਕ ਸੰਦਰਭ ਦੇ ਨਜ਼ਰੀਏ ਤੋਂ ਵਿਚਾਰਿਆ ਹੈ। ਜੰਮੂ-ਕਸ਼ਮੀਰ ਦੇ ਲੋਕ-ਨਾਚ ਮੈਦਾਨੀ ਭਾਗ, ਹੇਠਲੀਆਂ ਪਹਾੜੀਆਂ ਵਾਲੇ ਭਾਗ ਅਤੇ ਪਰਬਤੀ ਭਾਗ ਵਿਚ ਵੰਡੇ ਹੋਏ ਹਨ। ਇੱਥੋਂ ਦੇ ਲੋਕ-ਨਾਚਾਂ ਵਿਚ ਡੋਗਰੀ ਭਾਸ਼ਾ ਨਾਲ ਜੁੜੇ ਲੋਕ ਗੀਤ ਗਾਏ ਜਾਂਦੇ ਹਨ। ਕੁੰਡ ਲੋਕ-ਨਾਚ, ਫੁੰਮਣੀਆਂ, ਰੋਫ਼ ਲੋਕ-ਨਾਚ, ਬੱਚ ਨਗਮਾ, ਹਿਕਟ ਲੋਕ-ਨਾਚ, ਦਮਾਲਿਆ ਲੋਕ-ਨਾਚ ਆਦਿ ਜੰਮੂ ਅਤੇ ਕਸ਼ਮੀਰ ਇਲਾਕੇ ਦੇ ਪ੍ਰਮੁੱਖ ਲੋਕ-ਨਾਚ ਹਨ। ਲੋਕ-ਨਾਚਾਂ ਦੀ ਵਿਲੱਖਣਤਾ ਬਾਰੇ ਚਰਚਾ ਕਰਦੇ ਹੋਏ ਲੇਖਕ ਨੇ ਪੰਜਾਬ ਦੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀ ਲੋਕ-ਨਾਚ ਪਰੰਪਰਾ ਦਾ ਖੇਤਰੀ, ਇਤਿਹਾਸਕ ਅਤੇ ਸੰਸਕ੍ਰਿਤਕ ਅਧਿਐਨ ਕੀਤਾ ਹੈ। ਖ਼ੂਬਸੂਰਤ ਪਰਬਤਾਂ ਵਿਚ ਘਿਰਿਆ ਹਿਮਾਚਲ ਪ੍ਰਦੇਸ਼ ਲੋਕ-ਨਾਚਾਂ ਦੀ ਆਪਣੀ ਹੀ ਇੱਕ ਵਿਲੱਖਣ ਸ਼ੈਲੀ ਰੱਖਦਾ ਹੈ। ਇੱਥੋਂ ਦੇ ਲੋਕਾਂ ਦੇ ਵੱਖ-ਵੱਖ ਧਰਮ ਅਨੁਸ਼ਠਾਨ ਹਨ ਜਿਨ੍ਹਾਂ ਦੀ ਨਿਭਾਓ-ਪ੍ਰਸੰਗਤਾ ਇਨ੍ਹਾਂ ਦੇ ਨਾਚਾਂ ਦੀ ਪੇਸ਼ਕਾਰੀ ਅਤੇ ਸ਼ੈਲੀ ਦੇ ਮੁਹਾਂਦਰੇ ਤੋਂ ਹੀ ਪਛਾਣੀ ਜਾ ਸਕਦੀ ਹੈ। ਲਾਵਲੀ-ਬਗਾਵਲੀ, ਨਾਟੀ, ਛਮ ਜਾਂ ਪ੍ਰੇਤ, ਚੌਰਾਹਾ, ਵਣਜਾਰਾ, ਝਾਮਕੜ, ਘੁਗਤੀ, ਡੰਡਾਰਸ ਅਤੇ ਡੰਡੀ ਲੋਕ-ਨਾਚ ਆਦਿ ਬਾਰੇ ਇਸ ਕਿਤਾਬ ਵਿਚ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਹੈ ਜੋ ਇਸ ਖੋਜ ਕਾਰਜ ਦਾ ਅਹਿਮ ਹਿੱਸਾ ਹੈ।

ਇਸ ਮਹੱਤਵਪੂਰਨ ਜਾਣਕਾਰੀ ਨੂੰ ਅੱਗੇ ਤੋਰਦਿਆਂ ਡਾ. ਜਗੀਰ ਸਿੰਘ ਨੂਰ ਨੇ ਪੰਜਾਬ ਦੇ ਲੋਕ-ਨਾਚਾਂ ਦੇ ਇਤਿਹਾਸ ਅਤੇ ਇਸਦੀ ਵਿਲੱਖਣਤਾ ਉੱਤੇ ਚਾਨਣਾ ਪਾਉਂਦਿਆਂ ਦੱਸਿਆ ਹੈ ਕਿ ਪੰਜਾਬੀ ਲੋਕ ਮੁੱਢ ਤੋਂ ਹੀ ਸੂਰਵੀਰ ਅਤੇ ਅਲਬੇਲੀ ਤਬੀਅਤ ਦੇ ਧਾਰਨੀ ਰਹੇ ਨੇ। ਇੱਥੋਂ ਦੇ ਨਾਚਾਂ ਵਿਚ ਜੋਸ਼, ਰੋਹ, ਊਰਜਾ, ਮੁਸ਼ਕਿਲ ਮੁਦਰਾਵਾਂ ਅਤੇ ਮਨ ਮੋਹ ਲੈਣ ਵਾਲੇ ਲੋਕ ਗੀਤਾਂ ਦਾ ਸੁਮੇਲ ਰਿਹਾ ਹੈ। ਭੰਗੜਾ, ਗਿੱਧਾ, ਲੁੱਡੀ, ਝੂੰਮਰ, ਸੰਮੀ, ਘੂੰਮਰ ਅਤੇ ਕਿੱਕਲੀ ਆਦਿ ਨਾਚ ਇਸਦਾ ਸ਼ਿੰਗਾਰ ਹਨ। ਲੋਕ-ਨਾਚ ਧਾਰਮਿਕ ਹੀ ਨਹੀਂ, ਲੌਕਿਕ ਹੁੰਦੇ ਹਨ। ਇਹ ਗੱਲ ਵੀ ਜ਼ਿਕਰਯੋਗ ਹੈ ਕਿ ਲੇਖਕ ਦੀ ਛਾਣਬੀਣ ਅਨੁਸਾਰ ਪੰਜਾਬੀ ਖਿੱਤੇ ਦੇ ਬਹੁਤ ਸਾਰੇ ਲੋਕ-ਨਾਚ ਜਿਵੇਂ ਸੁਥਰਾ ਨਾਚ, ਮਰਕਤ ਨਾਚ, ਬਾਘਾ, ਲੰਗੂਰ ਨਾਚ, ਗੁੱਗਾ ਨਾਚ, ਸਲ ਨਾਚ ਅਤੇ ਭਗਤ ਨਾਚ ਆਦਿ ਲੁਪਤ ਹੋ ਗਏ ਹਨ।

ਹਰਿਆਣਾ ਦੇ ਲੋਕ-ਨਾਚਾਂ ਦੀ ਗੌਰਵਮਈ ਲੋਕ ਜੀਵਨ ਸ਼ੈਲੀ ਅਤੇ ਵਿਭਿੰਨ ਵੰਨਗੀਆਂ ਉੱਤੇ ਚਾਨਣ ਪਾਉਂਦਿਆਂ ਲੇਖਕ ਨੇ ਇਹ ਵੇਰਵਾ ਦਿੱਤਾ ਹੈ ਕਿ ਹਰਿਆਣਵੀ ਲੋਕ-ਨਾਚ ਤਿੰਨ




ਪ੍ਰਮੁੱਖ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ। ਇਸਤਰੀ, ਮਰਦ ਅਤੇ ਦੋਹਾਂ ਦੇ ਸਾਂਝੇ ਲੋਕ ਨਾਚ। ਇਸ ਖੇਤਰ ਦੀ ਜੀਵਨ ਸ਼ੈਲੀ ਪੰਜਾਬ ਨਾਲ ਕਾਫ਼ੀ ਮਿਲਦੀ-ਜੁਲਦੀ ਹੋਣ ਕਰਕੇ ਇੱਥੋਂ ਦੇ ਨਾਚਾਂ ਵਿਚ ਵੀ ਸੱਸ-ਨੂੰਹ, ਦਰਾਣੀ-ਜਠਾਣੀ, ਸੌਂਕਣ ਅਤੇ ਬਜ਼ੁਰਗ ਔਰਤ ਵਰਗੇ ਪਾਤਰ ਸ਼ਾਮਿਲ ਹੋ ਜਾਂਦੇ ਹਨ। ਅਜਿਹੇ ਸਾਂਗ ਭਰਪੂਰ ਪਾਤਰ ਨਾਚ ਨੂੰ ਹੋਰ ਵੀ ਲੁਭਾਵਣਾ ਬਣਾ ਦਿੰਦੇ ਹਨ। ਇਸ ਖੇਤਰ ਦੇ ਲੋਕ ਨਾਚਾਂ ਬਾਰੇ ਗੱਲ ਕਰਦਿਆਂ ਡਾ. ਜਗੀਰ ਸਿੰਘ ਨੂਰ ਨੇ ਖੋਰੀਆ, ਘੂੰਮਰ, ਝੂੰਮਰ, ਤੀਜ-ਨਾਚ, ਗਣਗੌਰ ਨਾਚ, ਡੱਫ, ਗੁੱਗਾ ਆਦਿ ਹਰਿਆਣਾ ਦੀ ਗੌਰਵਮਈ ਪਰੰਪਰਾ ਨੂੰ ਦਰਸਾਉਂਦੇ ਹੋਰ ਵੀ ਕਈ ਲੋਕ-ਨਾਚਾਂ ਦਾ ਜ਼ਿਕਰ ਕੀਤਾ ਹੈ।

ਲੇਖਕ ਦਾ ਇਹ ਆਖਣਾ ਹੈ ਕਿ ਇਨ੍ਹਾਂ ਸਭ ਲੋਕ ਨਾਚਾਂ ਉੱਤੇ ਬਹੁਤ ਸਾਰੇ ਤੱਤਾਂ ਨੇ ਵਿਪਰੀਤ ਪ੍ਰਭਾਵ ਵੀ ਪਾਏ ਹਨ ਜਿਸ ਕਰਕੇ ਇਨ੍ਹਾਂ ਲੋਕ-ਨਾਚਾਂ ਵਿਚ ਕਈ ਬਦਲਾਵ ਆਏ। ਭੂਗੋਲਿਕ ਵੰਡ, ਸਮਾਜ ਦੇ ਬਾਹਰੀ ਅਤੇ ਅੰਦਰੂਨੀ ਪ੍ਰਭਾਵ, ਭਾਸ਼ਾਈ ਤਬਦੀਲੀਆਂ, ਕੰਮ-ਧੰਦਿਆਂ ਵਿਚ ਆਈ ਤਬਦੀਲੀ, ਲੋਕ-ਬੋਲੀਆਂ ਅਤੇ ਗੀਤਾਂ ਵਿਚ ਆਈ ਬੇਲੋੜੀ ਰੰਗਤ ਅਤੇ ਆਧੁਨਿਕ ਸਾਧਨਾਂ ਦੀ ਦਖ਼ਲ-ਅੰਦਾਜ਼ੀ ਕਰ ਕੇ ਵੀ ਇਨ੍ਹਾਂ ਗੌਰਵਮਈ ਲੋਕ-ਨਾਚਾਂ ਦੀ ਸ਼ੈਲੀ ਉੱਤੇ ਡੂੰਘਾ ਅਸਰ ਪਿਆ ਹੈ। ਲੇਖਕ ਦਾ ਇਹ ਵੀ ਮੰਨਣਾ ਹੈ ਕਿ ਸਿਰਫ਼ ਲੋਕ-ਬੋਲੀਆਂ ਅਤੇ ਗੀਤ ਹੀ ਨਹੀਂ, ਸਗੋਂ ਇਨ੍ਹਾਂ ਨਾਚਾਂ ਵਿਚ ਵਰਤੇ ਜਾਣ ਵਾਲੇ ਸਾਜ਼ ਜਿਵੇਂ ਢੋਲ, ਢੋਲਕੀ, ਬੀਨ, ਅਲਗੋਜ਼ੇ, ਮਿਰਦੰਗ, ਖੜਤਾਲਾਂ, ਛੈਣੇ, ਘੁੰਗਰੂ ਆਦਿ ਦੀ ਵਰਤੋਂ ਵਿਚ ਵੀ ਬਹੁਤ ਵੱਡਾ ਬਦਲਾਵ ਆਇਆ ਹੈ, ਜਿਸ ਬਾਰੇ ਲੇਖਕ ਨੇ ਬਹੁਤ ਸਾਰੇ ਪਹਿਲੂਆਂ ਨੂੰ ਉਜਾਗਰ ਕੀਤਾ ਹੈ। ਲੇਖਕ ਇਸ ਗੱਲ ਪ੍ਰਤੀ ਵੀ ਸੁਚੇਤ ਹੈ ਕਿ ਕਈ ਸਰਕਾਰੀ, ਅਰਧ-ਸਰਕਾਰੀ, ਸੱਭਿਆਚਾਰਕ ਕੇਂਦਰ, ਅਕਾਦਮੀਆਂ ਲੋਕ ਸਾਹਿਤ ਕੇਂਦਰ ਇਨ੍ਹਾਂ ਲੋਕ ਕਲਾਵਾਂ ਨੂੰ ਬਚਾਉਣ ਲਈ ਬੜਾ ਚੰਗਾ ਕੰਮ ਕਰ ਰਹੇ ਹਨ ਜੋ ਕਿ ਇਨ੍ਹਾਂ ਲੋਕ ਨਾਚਾਂ ਅਤੇ ਸਾਡੇ ਸਭ ਲਈ ਇੱਕ ਸ਼ੁੱਭ ਸੰਕੇਤ ਹਨ। ਸਾਡਾ ਸਭ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਮਹੱਤਵਪੂਰਨ ਲੋਕ-ਕਲਾਵਾਂ ਨੂੰ ਸੰਭਾਲ ਕੇ ਰੱਖੀਏ। ਵੱਖ-ਵੱਖ ਹਵਾਲੇ, ਟਿੱਪਣੀਆਂ, ਲੇਖਕਾਂ ਦੀਆਂ ਪਰਿਭਾਸ਼ਾਵਾਂ ਅਤੇ ਇਸ ਵਿਸ਼ੇ ਨਾਲ ਜੁੜੀਆਂ ਸਹਾਇਕ ਪੁਸਤਕਾਂ ਦੇ ਸਹਿਯੋਗ ਨਾਲ ਇਸ ਵਿਲੱਖਣ ਖੋਜ ਕਾਰਜ ਨੂੰ ਸੋਹਣਾ ਅਤੇ ਜਾਣਕਾਰੀ ਨਾਲ ਭਰਪੂਰ ਰੂਪ ਦਿੱਤਾ ਗਿਆ ਹੈ। ਵੇਰਵੇ ਵਿਚ ਸ਼ਾਮਿਲ ਕੀਤੇ ਗਏ ਵੱਖ-ਵੱਖ ਖੇਤਰਾਂ ਦੇ ਲੋਕ-ਗੀਤ ਵੀ ਇਸ ਦੇ ਵਿਸ਼ਾ-ਵਸਤੂ ਨੂੰ ਹੋਰ ਸਪਸ਼ਟ ਕਰਦੇ ਨੇ। ਕਿਤਾਬ ਵਿਚ ਵਿਰਲੀ-ਟਾਵੀਂ ਸ਼ਬਦ ਜੋੜਾਂ ਦੀ ਗਲਤੀ ਵੀ ਨਜ਼ਰੀਂ ਪੈਂਦੀ ਹੈ। ਪੁਸਤਕ ਦੀ ਦਿੱਖ ਬਹੁਤ ਸੋਹਣੀ ਹੈ।

ਪੁਸਤਕ ਰੂਪੀ ਸਮੁੱਚਾ ਖੋਜ-ਕਾਰਜ ਇਕ ਨਿਵੇਕਲਾ ਕਾਰਜ ਹੈ। ਲੋਕ ਨਾਚਾਂ ਅਤੇ ਇਨ੍ਹਾਂ ਚਾਰ ਖੇਤਰਾਂ ਦੀ ਅਮੀਰ ਸੱਭਿਆਚਾਰ ਵਿਚ ਦਿਲਚਸਪੀ ਰੱਖਣ ਵਾਲੇ ਪਾਠਕ ਜਾਂ ਵਿਦਿਆਰਥੀ ਲਈ ਵੀ ਇਹ ਕਿਤਾਬ ਬਹੁਤ ਲਾਹੇਵੰਦ ਸਾਬਿਤ ਹੋ ਸਕਦੀ ਹੈ। ਉੱਤਰੀ-ਪੱਛਮੀ ਭਾਰਤ ਦੇ ਇਨ੍ਹਾਂ ਚਾਰ ਰਾਜਾਂ ਦੀ ਸੱਭਿਅਤਾ, ਬੋਲੀ, ਪਹਿਰਾਵਾ, ਭੋਜਨ, ਕੰਮ ਧੰਦੇ, ਧਾਰਮਿਕ ਰੀਤਾਂ, ਸਮਾਜਿਕ ਰਿਵਾਜ, ਭੂਗੋਲਿਕ ਖੇਤਰ ਦੀ ਬਣਤਰ ਅਤੇ ਇੱਥੋਂ ਦੇ ਲੋਕਾਂ ਦੇ ਸੁਭਾਅ ਤੇ ਤਾਸੀਰ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਇਹ ਖੋਜ ਪ੍ਰਸ਼ੰਸਾ ਦੀ ਹੱਕਦਾਰ ਹੈ। ਮੈਂ ਇਸ ਪੁਸਤਕ ਦੇ ਲੇਖਕ ਡਾ. ਜਗੀਰ ਸਿੰਘ ਨੂਰ ਨੂੰ ਉਨ੍ਹਾਂ ਦੀ ਲੋਕ ਨਾਚਾਂ ਨਾਲ ਜੁੜੀ ਮਹੱਤਵਪੂਰਨ ਅਤੇ ਸੱਭਿਆਚਾਰਕ ਜਾਣਕਾਰੀ ਭਰਪੂਰ ਇਸ ਕਿਤਾਬ ਲਈ ਸ਼ੁੱਭ ਇੱਛਾਵਾਂ ਦਿੰਦਾ ਹਾਂ। ਉਨ੍ਹਾਂ ਦੀ ਸੁਪਤਨੀ ਪ੍ਰੋ. ਪਰਮਜੀਤ ਕੌਰ ਨੂਰ ਦੀ ਸਾਹਿਤਕ ਸਮਝ ਅਤੇ ਸੋਧ-ਸੋਝੀ ਨੇ ਕਿਤਾਬ ਦੇ ਪ੍ਰਭਾਵ ਨੂੰ ਹੋਰ ਵਧਾਇਆ ਹੈ। ਮੈਨੂੰ ਪੂਰਨ ਆਸ ਹੈ ਕਿ ਡਾ. ਜਗੀਰ ਸਿੰਘ ਨੂਰ ਭਵਿੱਖ ਵਿਚ ਵੀ ਆਪਣੀ ਸਾਹਿਤਕ ਅਤੇ ਵਿਸ਼ਲੇਸ਼ਕ ਦੀਰਘ ਦ੍ਰਿਸ਼ਟੀ ਤੋਂ ਆਪਣੇ ਪਾਠਕਾਂ ਲਈ ਅਜਿਹੀਆਂ ਲਾਹੇਵੰਦ ਪੁਸਤਕਾਂ ਲਿਖਣ ਦਾ ਸਫ਼ਰ ਨਿਰੰਤਰ ਜਾਰੀ ਰੱਖਣਗੇ।

---

*(ਪਿਛਲੇ ਸਫੇ ਦੀ ਬਾਕੀ)*

ਇਨ੍ਹਾਂ ਦੇ ਜ਼ਰੀਏ ਹੀ ਧਰਤੀ 'ਤੇ ਆਉਂਦਾ ਹੈ। ਸ਼ਾਇਰਾਂ, ਦਰਵੇਸ਼ਾਂ, ਪੈਗੰਬਰਾਂ ਦੇ ਰਾਹੀਂ ਪਰਮਾਤਮਾ ਆਪਣੇ ਬੋਲ ਅਲਾਪਦਾ ਹੈ।

ਮਨੁੱਖੀ ਜ਼ਿੰਦਗੀ ਵਿਚ ਇੱਛਾਵਾਂ ਦਾ ਕੀ ਦਖਲ ਹੈ? ਮੈਂ ਇਹ ਵੀ ਸ਼ਾਇਰ ਕੁਲਵਿੰਦਰ ਦੇ ਹਵਾਲੇ ਨਾਲ ਹੀ ਕੁਝ ਗੱਲਾਂ ਕਰਾਂਗਾ। ਉਹ ਲਿਖਦਾ ਹੈ:

ਮਨ ਦੇ ਜੰਗਲ ਵਿਚ ਖਾਮੋਸ਼ੀ ਵੀ ਹੈ ਤੇ ਖੜ-ਖੜ ਵੀ
ਇੱਕੋ ਵਕਤ ਬਹਾਰ ਤੇ ਇੱਕੋ ਵੇਲੇ ਹੈ ਪੱਤਝੜ ਵੀ।

ਫੁੱਲਾਂ ਲੱਦੀਆਂ ਸ਼ਾਖ਼ਾਂ ਨੇ ਵੀ ਜੇ ਸੁੰਨੀਆਂ ਸੀ ਹੋਣਾ
ਮੈਨੂੰ ਹੈ ਵਿਸ਼ਵਾਸ ਕਿ ਆਖਰ ਲੰਘ ਜਾਊ ਪੱਤਝੜ ਵੀ

ਉਦਾਸੀ ਦੇ ਸਿਆਹ ਜੰਗਲ ਦੀ ਭਟਕਣ ਵਿਚ ਮੇਰੇ ਲੋਕੀਂ
ਬੁਝੇ ਨੈਣਾਂ ਚ ਵੀ ਖ਼ਾਬਾਂ ਦੇ ਹੀ ਦੀਵੇ ਜਗਾਉਂਦੇ ਨੇ।
ਹਵਾ, ਜਲ, ਅਗਨ, ਅੰਬਰ ਦਾ ਖਲਾ ਮਿੱਟੀ ਦੀ ਖ਼ੁਸ਼ਬੂ
ਮੇਰੇ ਸ਼ਿਅਰਾਂ ਚ ਇਹ ਅਨੁਵਾਦ ਸਾਰੇ ਹੋ ਗਏ ਨੇ।

ਮਨੋਵਿਗਿਆਨੀਆਂ ਦਾ ਇਹ ਕਹਿਣਾ ਦਰੁਸਤ ਹੈ ਕਿ ਇਹ ਜੋ ਮਨੁੱਖ ਦਾ ਮਨ ਹੈ ਇਹ ਇਕਹਿਰੀ ਪਰਤ ਦਾ ਮਾਲਕ ਨਹੀਂ, ਇਸ ਅੰਦਰ ਬਹੁਤ ਸਾਰੀਆਂ ਉਚਾਣਾਂ-ਨਿਵਾਣਾਂ, ਆਸ਼ਾ-ਨਿਰਾਸ਼ਾ, ਸਵੇਰ-ਸ਼ਾਮ, ਚਾਨਣ-ਹਨੇਰਾ, ਜ਼ਿੰਦਗੀ ਦੇ ਅਣਗਿਣਤ ਪਹਿਲੂ ਇਹਦੇ ਵਿਚ ਘੁੰਮਦੇ ਰਹਿੰਦੇ ਹਨ।

ਮਨੁੱਖ ਦੀ ਹਸਤੀ ਇਹੋ ਜਿਹੀ ਬਣੀ ਹੈ ਕਿ ਇਹ ਘੋਰ ਨਿਰਾਸ਼ਾ ਦੇ ਆਲਮ ਵਿਚ ਜਾ ਕੇ ਵੀ ਜੀਵਨ ਦੇ ਯਾਤਰਾ ਨੂੰ ਖ਼ਤਮ ਨਹੀਂ ਕਰਦਾ, ਆਸ਼ਾ-ਨਿਰਾਸ਼ਾ ਅਤੇ ਇਸ ਨਿਰਾਸ਼ਾ ਵਿਚੋਂ ਆਸ਼ਾ ਦਾ ਸੰਕਲਪ ਜੀਵਤ ਰਹਿੰਦਾ ਹੈ। ਵਿਸ਼ਵ ਭਰ ਦੇ ਮੁੱਢਲੇ ਚਿੰਤਕ ਅਰਸਤੂ ਨੇ ਕਿਹਾ ਸੀ ਕਿ ਸਾਹਿਤ ਸੰਭਾਵਿਤਾ ਦੇ ਨੇਮ ਮੁਤਾਬਿਕ ਲਿਖਿਆ ਜਾਂਦਾ ਹੈ, ਜੋ ਕੁਝ ਕਲਪਿਤ ਕੀਤਾ ਜਾ ਸਕਦਾ ਹੈ ਉਹ ਵਾਪਰ ਵੀ ਸਕਦਾ ਹੈ। ਜ਼ਿੰਦਗੀ ਇੱਕ ਪ੍ਰਵਾਹ ਹੈ ਇਸ ਪ੍ਰਵਾਹ ਵਿਚ ਖੁਸ਼ੀਆਂ-ਗ਼ਮੀਆਂ, ਹਰਿਆਵਲ-ਸੋਕਾ, ਮੰਜ਼ਿਲਾਂ-ਭਟਕਣਾ ਆਦਿ ਸਾਰਾ ਕੁਝ ਨਾਲ-ਨਾਲ ਚਲਦਾ ਰਹਿੰਦਾ ਹੈ। ਸਭਿਆਚਾਰਕ ਪਰਿਵਰਤਨਾਂ ਦੇ ਨਾਲ ਇਨ੍ਹਾਂ ਵਿਚ ਤਬਦੀਲੀ ਜ਼ਰੂਰ ਆਉਂਦੀ ਹੈ ਅਤੇ ਕਵੀ ਇਨ੍ਹਾਂ ਤਬਦੀਲੀਆਂ ਨੂੰ ਪ੍ਰਤਿਭਾਸ਼ਾਲੀ ਚੇਤਨਾ ਨਾਲ ਵੇਖਦਾ, ਪਰਖਦਾ-ਨਿਰਖਦਾ ਅਤੇ ਨਿਹਾਰਦਾ ਰਹਿੰਦਾ ਹੈ। ਸਾਹਿਤਕਾਰ ਕੋਈ ਸਾਧਾਰਨ, ਸਹਿਜ ਜਾਂ ਖਾਮੋਸ਼ੀ ਧਾਰਨ ਵਾਲਾ ਮਨੁੱਖ ਨਹੀਂ ਹੁੰਦਾ, ਉਹ ਤਾਂ ਇੱਕ ਬੇਚੈਨ ਮਨੁੱਖ ਹੁੰਦਾ ਹੈ ਜਦੋਂ ਸਮਾਜ, ਦੇਸ਼ ਇਸ ਧਰਤੀ ਉੱਤੇ ਕੋਈ ਮਨਫ਼ੀ ਰੁਝਾਨ ਵਾਲਾ ਵਰਤਾਰਾ ਸਾਹਮਣੇ ਆਉਂਦਾ ਹੈ ਤਾਂ ਉਹਦੇ ਮਨ ਨੂੰ ਵੱਡੀ ਠੇਸ ਪਹੁੰਚਦੀ ਹੈ। ਉਹ ਆਪਣੀ ਰੂਹ ਨਾਲ ਅਰਦਾਸ ਕਰਦਾ ਹੈ, ਸੱਚੇ ਮਨ ਨਾਲ ਅਰਦਾਸ ਕਰਦਾ ਹੈ ਕਿ ਵਰਤਾਰਾ ਜਲਦੀ ਤੋਂ ਜਲਦੀ ਖ਼ਤਮ ਹੋਵੇ ਤੇ ਮਨੁੱਖ ਸੁਖਾਵੇਂ ਰਸਤੇ ਦਾ ਰਾਹਗੀਰ ਬਣੇ।

ਮੈਂ ਸਾਹਿਤਕਾਰ ਨੂੰ ਬੇਚੈਨ ਇਸ ਕਰਕੇ ਕਿਹਾ ਹੈ ਕਿ ਕੁਲਵਿੰਦਰ ਦੀ ਰਚਨਾ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਹੈ ਕਿ ਉਹ ਉਦਾਸੀ, ਇਕੱਲਤਾ, ਦੁਖ, ਚਿੰਤਾ ਦੇ ਅਹਿਸਾਸ ਵਿਚ ਗ੍ਰਸਿਆ ਹੋਇਆ ਹੈ। ਇਹ ਸਾਰੀਆਂ ਅਲਾਮਤਾਂ ਉਸਦੀਆਂ ਕੋਈ ਨਿੱਜੀ ਨਹੀਂ ਹਨ ਕਿ ਮੈਂ ਆਖਾਂ ਕੁਲਵਿੰਦਰ ਨੂੰ ਕੋਈ ਚੀਜ਼ ਪ੍ਰਾਪਤ ਨਹੀਂ ਹੋਈ ਤੇ ਇਸ ਕਰਕੇ ਉਹ ਉਦਾਸ ਹੈ ਜਾਂ ਇਕੱਲਤਾ ਦੀ ਹੋਣੀ ਭੋਗ ਰਿਹਾ ਹੈ। ਉਹ ਉਦਾਸ ਇਸ ਕਰਕੇ ਹੈ ਕਿ ਸਾਡੇ ਪਿੰਡ ਖਿੰਡ ਰਹੇ ਹਨ, ਪਿੰਡਾਂ ਤੋਂ ਜੋ ਦੂਰ ਆ ਗਏ ਨੇ, ਸ਼ਹਿਰਾਂ ਵਿਚ, ਪਰਵਾਸ ਵਿਚ, ਉਨ੍ਹਾਂ ਦੀ ਹੋਣੀ, ਵਿਹਾਰ ਅਤੇ ਜੀਵਨ ਦਾ ਰਹਿਣ-ਸਹਿਣ ਬਦਲ ਰਿਹਾ ਹੈ। ਉਨ੍ਹਾਂ ਦੇ ਜੀਵਨ ਵਿਹਾਰ ਵਿਚੋਂ ਉਨ੍ਹਾਂ ਦਾ ਜੋ ਅਸਲੀ ਖਾਸਾ ਸੀ, ਉਹ ਅਲੋਪ ਹੋ ਰਿਹਾ ਹੈ। ਸਮੂਹ ਸਮਾਜ ਦੀ ਭਲਾਈ ਚਾਹੁਣ ਵਾਲੇ ਮਨੁੱਖ ਗਾਇਬ ਹੋ ਰਹੇ ਹਨ, ਇਸ ਕਰਕੇ ਉਹ ਸ਼ਬਦਾਂ ਦੀ ਡਾਇਰੀ ਲਹੂ ਨਾਲ ਲਿਖਦਾ ਹੈ। ਉਹ ਮਨੁੱਖ ਦੇ ਉਜਲੇ ਭਵਿੱਖ ਦੀ ਕਾਮਨਾ ਕਰਦਾ ਹੈ। ਕੁਲਵਿੰਦਰ ਸੋਚਦਾ ਹੈ ਕਿ ਅਮੀਰੀ ਅਤੇ ਗਰੀਬੀ ਦਾ, ਤਾਰਿਆਂ ਦੀ ਛਾਵੇਂ ਸੁੱਤੇ ਮਨੁੱਖ ਦਾ, ਮਹਿਲਾਂ ਵਿਚ ਰਹਿਣ ਵਾਲੇ ਮਨੁੱਖ ਦਾ ਪਾੜਾ ਜੋ ਨਿਰੰਤਰ ਵਧ ਰਿਹਾ ਹੈ, ਉਹ ਕਿਸੇ ਨਾ ਕਿਸੇ ਤਰੀਕੇ ਘਟਾਇਆ ਜਾਵੇ। ਉਹ ਆਪਣੀ ਇਸ ਚੇਤਨਾ ਨੂੰ ਆਪਣੇ ਬੋਲਾਂ ਰਾਹੀਂ ਅਵਾਮ, ਦੁਨੀਆ, ਸਮਾਜ ਤੱਕ ਪਹੁੰਚਾਉਣਾ ਚਾਹੁੰਦਾ ਹੈ, ਇਹ ਇੱਕ ਜੀਵਤ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਕਵੀ ਬਸਤੀਆਂ ਦਾ ਬਾਦਸ਼ਾਹ ਹੁੰਦਾ ਹੈ। ਉਸਦਾ ਕਹਿਣਾ ਹੈ :

ਮੇਰੇ ਅੰਦਰ ਸੀ ਜੋ ਰੋਜ਼ ਮੱਚਦਾ ਰਿਹਾ
ਖ਼ਬਰੇ ਉਹੀ ਨਵੇਂ ਗੀਤ ਰਚਦਾ ਰਿਹਾ
ਉਸ ਜਲਨ ਤੋਂ ਬਿਨਾਂ ਉਸ ਤਪਸ਼ ਤੋਂ ਬਿਨਾਂ
ਹੋਂਦ ਮੇਰੀ ਦਾ ਕੋਈ ਵੀ ਸਾਇਆ ਨਾ ਸੀ।

ਕੁਲਵਿੰਦਰ ਦੀ ਚੇਤਨਾ ਇਸ ਗੱਲ ਵਿਚ ਹੈ ਕਿ ਉਹ ਸੋਚਦਾ ਹੈ ਕਿ ਵਿਸ਼ਵੀਕਰਨ ਅਤੇ ਸਭਿਆਚਾਰਕ ਵਿਕਾਸ ਨੇ ਜੋ ਮਨੁੱਖੀ ਜੀਵਨ ਦੇ ਇਤਿਹਾਸ ਵਿਚ ਤਬਦੀਲੀ ਕਰਨੀ ਸੀ, ਉਹ ਨਹੀਂ ਹੋ ਸਕੀ। ਮਸਲਨ ਜੇ ਸਵੇਰ ਆਉਂਦੀ ਤਾਂ ਉਸ ਵਿਚ ਸਵੇਰ ਦੀ ਖੁਸ਼ਬੂ ਹੁੰਦੀ, ਮਹਿਕ ਹੁੰਦੀ, ਬਾਵਾ ਬਲਵੰਤ ਦੀ ਕਵਿਤਾ ਵਰਗੀ ਊਸ਼ਾ ਦੀ ਭਾਵਨਾ ਹੁੰਦੀ ਪਰ ਹੋਇਆ ਕੀ, ਕੁਲਵਿੰਦਰ ਰਾਹੀਂ, ਸੁਣਦੇ ਹਾਂ:

ਆਏ ਨੇ ਜੋ ਦਿਨ ਕਿਸ ਤਰ੍ਹਾਂ ਦੇ ਦਿਨ ਨੇ ਇਹ ਆਏ
ਉਫ਼ ਰਾਤ ਤੋਂ ਕਾਲੇ ਨੇ ਸਵੇਰੇ ਦੇ ਹੀ ਸਾਏ
ਕਾਫੀ ਸਾਲ ਹੋ ਗਏ ਮੈਂ ਇੱਕ ਰਚਨਾ ਲਿਖੀ ਸੀ
ਪਰਬਤਾਂ ਦੇ ਉਹਲੇ ਹੈ ਪਰਬਤਾਂ ਦਾ ਡੇਰਾ,
ਸਵੇਰ ਦੀਆਂ ਬੁੱਕਲਾਂ ਚ ਕਹਿਰ ਦਾ ਹਨੇਰਾ।

ਜਿਹੜਾ ਵੀ ਇਸ ਧਰਤੀ 'ਤੇ ਇਕ ਸੰਵੇਦਨਸ਼ੀਲ ਕਵੀ ਹੈ, ਉਹ ਸਵੇਰ ਦੇ ਉਜਾਲੇ ਅਤੇ ਸਵੇਰ ਦੀ ਮਹਿਕ ਦੀ ਉਡੀਕ ਕਰਦਾ ਹੈ। ਧਰਤੀ 'ਤੇ ਰਹਿਣ ਵਾਲੇ ਸਾਰੇ ਬਾਸ਼ਿੰਦਿਆਂ ਤੇ ਉਸਦੀ ਲੋਅ-ਪ੍ਰਕਾਸ਼ ਅਜਿਹਾ ਹੋਵੇ ਕਿ ਧਰਤੀ ਦਾ ਹਰ ਮਨੁੱਖ ਤਰੱਕੀ ਕਰ ਸਕੇ। ਜੀਵਨ ਖੇਤਰੋਂ ਭਰਪੂਰ ਹੋਵੇ। ਉਹਦੀ ਜ਼ਿੰਦਗੀ ਵਿਚ ਸਵਰਗ ਉਸਦੇ ਪਾਸ ਹੀ ਹੋਵੇ। ਸਵਰਗ ਸੁਪਨਾ ਨਾ ਬਣਿਆ ਰਹੇ। ਜੰਨਤ ਹਕੀਕਤ ਦਾ ਰੂਪ ਧਾਰ ਕੇ ਉਸਦੇ ਸਨਮੁਖ ਹੋਵੇ।

ਕਵੀ ਕੁਲਵਿੰਦਰ ਦੀਆਂ ਲਾਈਨਾਂ ਹਨ:

ਮੀਲ ਪੱਥਰ ਤਾਂ ਸੈਆਂ ਸਫ਼ਰ ਵਿੱਚ ਮਿਲੇ
ਪਰ ਨਾ ਮੰਜ਼ਿਲ ਦੀ ਕੋਈ ਵੀ ਚਾਹਤ ਰਹੀ
ਰੇਤ ਤਪਦੀ ਵੀ ਸੀ ਪੈਰ ਸੜਦੇ ਵੀ ਸਨ
ਰਸਤਿਆਂ ਨਾਲ ਫਿਰ ਵੀ ਮੁਹੱਬਤ ਰਹੀ

ਕੁਲਵਿੰਦਰ ਦਾ ਤਰਕ ਸਹੀ ਹੈ ਕਿ ਜੇ ਰਸਤਿਆਂ ਦੇ ਨਾਲ ਮੁਹੱਬਤ ਨਹੀਂ ਰਹੇਗੀ ਤਾਂ ਇਨਸਾਨ ਮੀਲ ਪੱਥਰ 'ਤੇ ਜਾ ਕੇ ਰੁਕ ਜਾਵੇਗਾ ਤੇ ਜ਼ਿੰਦਗੀ ਆਪਣੇ ਆਦਰਸ਼ ਨੂੰ ਪ੍ਰਾਪਤ ਨਹੀਂ ਕਰ ਸਕੇਗੀ। ਜ਼ਿੰਦਗੀ ਸੰਘਰਸ਼ ਅਤੇ ਲੰਮੀ ਪਰਵਾਜ਼ ਦਾ ਨਾਮ ਹੈ। ਠੀਕ ਹੈ ਜ਼ਿੰਦਗੀ ਵਿਚ ਦੁੱਖ-ਦਰਦ ਅਤੇ ਨਿਰਾਸ਼ਾ ਦਾ ਆਲਮ ਪਸਰਿਆ ਰਹਿੰਦਾ ਹੈ ਪਰ ਇਹ ਸਾਰਾ ਕੁਝ ਦੁੱਖ-ਦਰਦ, ਨਿਰਾਸ਼ਾ, ਬੇਚੈਨੀ ਮਨੁੱਖ ਨੂੰ ਸੰਵੇਦਨਸ਼ੀਲ ਬਣਾਉਂਦੇ ਨੇ। ਇਸ ਵੇਦਨਾ ਵਿਚ ਮਨੁੱਖ ਜੋ ਸਿਰਜਕ ਹੈ ਉਸ ਬਾਰੇ ਸ਼ੇਕਸਪੀਅਰ ਨੇ ਕਿਹਾ ਸੀ ਕਿ ਕਵੀ ਦੀ ਕਲਪਨਾ ਆਕਾਸ਼ ਅਤੇ ਪਤਾਲ ਨੂੰ ਇੱਕ ਪਲ ਵਿਚ ਹੀ ਗਾਹ ਲੈਂਦੀ ਹੈ। ਕਵੀ ਆਪਣੇ ਆਪ ਤੱਕ ਸੀਮਿਤ ਨਹੀਂ ਹੁੰਦਾ, ਆਪਣੇ ਆਪ ਤੱਕ ਘਿਰਿਆ ਨਹੀਂ ਹੁੰਦਾ। ਉਹ ਸਾਗਰ ਦੀ ਵਿਸ਼ਾਲਤਾ ਵਾਂਗ ਅਸੀਮ ਅਤੇ ਆਤਮ ਤੋਂ ਪਾਰ ਅਨਾਤਮ ਤੱਕ ਜਾਣ ਦੀ ਸਮਰੱਥਾ ਰੱਖਦਾ ਹੈ। ਇਹ ਸਾਰੇ ਨੁਕਤੇ ਸ਼ਾਇਰ ਕੁਲਵਿੰਦਰ ਦੇ ਮਨੋ-ਮਸਤਕ ਵਿਚ ਟਿਮਟਿਮਾਉਂਦੇ ਹਨ। ਕਿਹਾ ਜਾ ਸਕਦਾ ਹੈ ਕਿ ਉਹ ਜਾਗਰੂਕ, ਚਿੰਤਕ ਅਤੇ ਮਨੁੱਖਤਾ ਨਾਲ ਪ੍ਰਤੀਬੱਧਤਾ ਵਾਲਾ ਅਤੇ ਸੁਹਿਰਦਤਾ ਵਾਲਾ ਨਾਤਾ ਰੱਖਦਾ ਹੈ। ਇਹੀ ਨਾਤਾ ਉਸਨੂੰ ਇੱਕ ਹੋਣਹਾਰ ਸਿਰਜਕ ਦੇ ਰੂਪ ਵਿਚ ਪੇਸ਼ ਕਰਦਾ ਹੈ। ਉਸ ਦੀ ਹੱਥਲੀ ਕਿਰਤ 'ਸ਼ਾਮ ਦੀ ਸ਼ਾਖ 'ਤੇ' ਦਾ ਸਵਾਗਤ ਕਰਨਾ ਬਣਦਾ ਹੈ, ਜਿਸ ਵਿਚ ਬਹੁਤ ਹੀ ਅਣਮੁੱਲੇ ਵਿਚਾਰ ਹਨ, ਦਾਰਸ਼ਨਿਕ ਲਹਿਜ਼ੇ ਵਿਚ ਲਿਖੀ ਹੋਈ ਇਸ ਕਵਿਤਾ ਨੂੰ ਪੜ੍ਹਨ ਲਈ ਮੈਂ ਪਾਠਕਾਂ ਨੂੰ ਪੁਰਜ਼ੋਰ ਅਪੀਲ ਵੀ ਕਰਦਾ ਹਾਂ ਅਤੇ ਰਚਨਾ ਦਾ ਸਵਾਗਤ ਵੀ ਕਰਦਾ ਹਾਂ।

# ਅੱਧੀ ਛੁੱਟੀ ਸਾਰੀ

ਕਹਾਣੀ

''ਛੋਟੇ! ਨੀਲੇ ਰੰਗ ਦਾ ਵੱਡਾ ਪੇਚਕਸ ਕਿੱਥੇ ਰੱਖਿਆ ਏ?''

''ਲਿਆਇਆ ਉਸਤਾਦ ਜੀ...।''

''ਛੋਟੇ! ਏਧਰ ਆ। ਇਹ ਚਿੱਟੀ ਗੱਡੀ 'ਤੇ ਟਾਕੀ ਮਾਰ...।''

''ਅੱਛਾ ਭਾਈ ਜੀ...।''

''ਛੋਟੇ! ਕਿੱਥੇ ਮਰ ਗਿਆ ਏਂ? ਆ ਜ਼ਰਾ ਏਧਰ ਆ।''

''ਆਇਆ ਛੋਟੇ ਉਸਤਾਦ ਜੀ...।''

''ਇਕ ਤੇ ਇਹ ਛੋਟਾ ਨਜ਼ਰ ਨਹੀਂ ਆਉਂਦਾ। ਛੋਟੇ! ਉਇ ਛੋਟੇ...।''

''ਜੀ ਭਾਈ ਜੀ! ਮੈਂ ਏਥਾਂ ਆਂ, ਕਾਲ਼ੀ ਗੱਡੀ ਦੇ ਥੱਲੇ...।''

ਛੋਟਾ ਸਵੇਰ ਤੋਂ ਸ਼ਾਮ ਤੋੜੀ ਇਨ੍ਹਾਂ ਵਾਜਾਂ ਨੂੰ ਸੁਣਦਾ ਤੇ ਨੱਸਦਾ-ਭੱਜਦਾ ਰਹਿੰਦਾ ਸੀ। ਛੋਟੇ ਦਾ ਅਸਲੀ ਨਾਂ ਤੇ ਜਮੀਲ ਸੀ ਪਰ ਜਦੋਂ ਦਾ ਉਹ ਏਸ ਵਰਕਸ਼ਾਪ ਵਿਚ ਆਇਆ ਸੀ, ਓਦੋਂ ਦਾ ਆਪੂੰ ਵੀ ਆਪਣਾ ਪੱਕਾ ਨਾਂ ਭੁੱਲ ਗਿਆ ਸੀ। ਉਹਨੂੰ ਇਵੇਂ ਜਾਪਦਾ ਸੀ ਪਈ ਜਿਵੇਂ ਉਹਦੇ ਮਾਂ-ਪਿਉ ਨੇ ਈ ਉਹਦਾ ਨਾਂ 'ਛੋਟਾ' ਰੱਖ ਦਿੱਤਾ ਹੋਵੇ।



***ਲਹੌਰ ਸ਼ਹਿਰ ਵਿਚ ਇਕ ਪਾਸੇ ਤੇ ਵੱਡੀਆਂ-ਵੱਡੀਆਂ ਤੇ

**ਕਹਾਣੀਕਾਰ: ਜਾਵੇਦ ਮੁਗ਼ਲ ਤੈਮੂਰੀ**
**ਸ਼ਾਹਮੁਖੀ ਤੋਂ ਲਿੱਪੀਅੰਤਰ: ਸੁਰਿੰਦਰ ਸੋਹਲ**

ਸੋਹਣੀਆਂ-ਸੋਹਣੀਆਂ ਬਿਲਡਿੰਗਾਂ ਨੇ, ਜਿਨ੍ਹਾਂ ਨੂੰ ਪੂਰਾ ਵੇਖਣ ਲੱਗੀਏ ਤੇ ਟੋਪੀ ਡਿੱਗ ਪਵੇ। ਦੂਜੇ ਪਾਸੇ ਇਹੋ ਜਿਹੇ ਕਈ ਮਹੱਲੇ ਸ਼ਹਿਰ ਵਿਚ ਜੜ੍ਹੀ-ਬੂਟੀਆਂ ਵਾਂਙ ਖਿਲਰੇ ਹੋਏ ਨੇ, ਜਿਨ੍ਹਾਂ ਨੂੰ ਵੱਡੇ ਲੋਕੀ ਕੁਝ ਆਬਾਦੀਆਂ ਆਖਦੇ ਨੇ। ਉਨ੍ਹਾਂ ਬਸਤੀਆਂ ਵਿਚ ਹੁਣ ਵਾਲੇ ਵਸਨੀਕਾਂ ਨਾਲ਼ ਕਈ ਵਾਰੀ ਮਾਲਕਾਨਾ ਹਕੂਕ ਦਾ ਧਰੋਹ ਕਰ ਕੇ ਕਈ ਉੱਚੇ ਲੋਕ ਚੋਣਾਂ ਜਿੱਤਦੇ ਰਹੇ ਨੇ। ਉਨ੍ਹਾਂ ਮੁਹੱਲਿਆਂ ਵਿਚ ਰਹਿਣ ਵਾਲੇ ਵਾਸੀਆਂ ਨੂੰ ਹਰ ਵੇਲੇ ਇਹੋ ਡਰ ਲੱਗਾ ਰਹਿੰਦਾ ਏ ਪਈ ਉਨ੍ਹਾਂ ਨੂੰ ਜੇਕਰ ਘਰੋਂ ਕੱਢ ਦਿੱਤਾ ਤੇ ਫਿਰ ਉਹ ਕਿੱਥੇ ਜਾਣਗੇ?

ਛੋਟੇ ਦਾ ਘਰ ਇਨ੍ਹਾਂ ਮੁਹੱਲਿਆਂ ਵਿਚ ਈ ਇਕ ਮੁਹੱਲੇ 'ਨਸੀਰ ਦੀ ਹੱਟੀ' ਵਿਚ ਸੀ। ਇਹ ਪੂਰੀ ਬਸਤੀ ਉਨ੍ਹਾਂ ਲੋਕਾਂ ਨੇ ਆਬਾਦ ਕੀਤੀ ਸੀ, ਜਿਹੜੇ ਪਾਕਿਸਤਾਨ ਬਣਨ ਵੇਲੇ ਹਿੰਦੋਸਤਾਨ ਤੋਂ ਤੇ ਆ ਗਏ ਸਨ ਪਰ ਉਨ੍ਹਾਂ ਨੂੰ ਸਿਰ ਛੁਪਾਉਣ ਲਈ ਚੰਗੇ ਘਰ ਨਾ ਲੱਭ ਸਕੇ ਸੀ। ਉਨ੍ਹਾਂ ਦੇ ਅਲਾਟ ਕੀਤੇ ਘਰ ਦੂਜੇ ਲੋਕਾਂ ਮੱਲ ਲਏ ਸਨ।

ਛੋਟੇ ਦੇ ਘਰ ਜਾਵਣ ਲਈ ਦੋ-ਤਿੰਨ ਤੰਗ ਗਲ਼ੀਆਂ ਵਿੱਚੋਂ ਲੰਘਣਾ ਪੈਂਦਾ ਏ। ਕਈ ਤੇ ਨਾਲ਼ੀਆਂ ਟੱਪਣੀਆਂ ਪੈਂਦੀਆਂ ਨੇ ਤੇ ਫੇਰ ਕਿੱਧਰੇ ਜਾ ਕੇ ਘਰ ਦਾ ਬੂਹਾ ਨਜ਼ਰੀਂ ਆਉਂਦਾ ਏ। ਬੂਹੇ ਦਾ ਰੰਗ ਘਸਮੈਲਾ ਹਰਾ ਏ। ਰੰਗ ਖੌਰੇ ਵਰ੍ਹਿਆਂ ਪਹਿਲਾਂ ਹੋਇਆ ਸੀ ਜਦੋਂ ਇਹ ਬੂਹਾ ਨਵਾਂ ਲੱਗਾ ਹੋਣਾ ਏਂ। ਇਹ ਘਰ ਦੋ ਕਮਰਿਆਂ ਦਾ ਇਕ ਨਿੱਕਾ ਜਿਹਾ ਮਕਾਨ ਸੀ। ਇਕ ਕਮਰਾ ਸੌਣ-ਪੈਣ ਤੇ ਉੱਠਣ-ਬੈਠਣ ਲਈ ਸੀ, ਦੂਜਾ ਰੋਟੀ ਪਕਾਉਣ ਲਈ ਬਾਵਰਚੀਖਾਨਾ ਵੀ ਤੇ ਨਾਲੇ ਨਹਾਉਣ ਲਈ ਗੁਸਲਖਾਨਾ ਵੀ ਸੀ। ਬਸ ਇਕ ਟਾਟ ਦੇ ਛੋਟੇ ਟੋਟੇ ਨਾਲ਼ ਈ ਫ਼ਰਕ ਪਾਉਣ ਦਾ ਚਾਰਾ ਕੀਤਾ ਗਿਆ ਸੀ ਪਰ ਇਹ ਕਮਰਾ ਗੁਸਲਖਾਨਾ ਵੀ ਤੇ ਬਾਵਰਚੀਖਾਨਾ ਵੀ ਏ।

ਸਾਉਣ ਭਾਦਰੋਂ ਦੇ ਮਹੀਨਿਆਂ ਵਿਚ ਕੋਠੇ ਚੋਣ ਲੱਗ ਜਾਂਦੇ ਸਨ। ਫਿਰ ਘਰ ਦੇ ਸਾਰੇ ਈ ਜੀਅ ਮਿਲ ਕੇ ਕੋਠੇ ਲਿੰਪਦੇ ਸਨ। ਘਰ ਕਹਿਣ ਨੂੰ ਤੇ ਪੱਕਾ ਬਣਿਆ ਹੋਇਆ ਸੀ ਪਰ ਇੰਞ ਦਾ ਪੱਕਾ ਸੀ ਪਈ ਪਲੱਸਤਰ ਕਈ ਵਰ੍ਹਿਆਂ ਤੋਂ ਉੱਖੜਿਆ ਹੋਇਆ, ਸਫੈਦੀ ਕਦੇ ਵੀ ਨਹੀਂ ਸੀ ਹੋਈ। ਇੱਟਾਂ ਕੁਝ ਉੱਖੜੀਆਂ ਤੇ ਕੁਝ ਨਿਕਲਣ ਵਾਲੀਆਂ ਸਨ। ਛੱਤ ਸ਼ਤੀਰੀ ਨਾਲ਼ ਖਲ੍ਹਾਰੀ ਹੋਈ ਸੀ। ਪਰਾਹੁਣੇ ਜੇਕਰ ਭੁੱਲ ਕੇ ਆ ਜਾਂਦੇ ਤੇ ਉਨ੍ਹਾਂ ਨੂੰ ਬਿਠਾਉਣ ਦੀ ਕਿਧਰੇ ਥਾਂ ਨਾ ਲੱਭਦੀ ਸੀ।

ਛੋਟੇ ਦਾ ਪਿਉ ਇਕ ਦੁਕਾਨ 'ਤੇ ਕੰਮ ਕਰਦਾ ਸੀ, ਜਿੱਥੇ ਖਾਦ ਵੇਚੀ ਜਾਂਦੀ ਸੀ। ਘਰ ਦਾ ਖ਼ਰਚ ਕਿਸੇ ਨਾ ਕਿਸੇ ਤਰ੍ਹਾਂ ਚਲਾਉਂਦਾ ਈ ਪਿਆ ਸੀ। ਉਹਦੇ ਕੰਮ ਕਰਦਿਆਂ ਘਰ ਵਿਚ ਕਦੀ ਕੋਈ ਔਕੜ ਨਹੀਂ ਸੀ ਆਈ। ਪਿਛਲੇ ਸਾਲ ਆਪਣੀਆਂ ਲੱਤਾਂ ਟੁੱਟਣ ਬਾਝੋਂ ਮੰਜੀ 'ਤੇ ਪਿਆ ਹੋਇਆ ਸੀ।

ਇਕ ਵੱਡਾ ਪੁੱਤਰ ਸੀ, ਉਹ ਸੋਹਣੇ-ਸੋਹਣੇ ਬੋਦੇ ਵਾਹ ਲੈਂਦਾ ਤੇ ਫ਼ਿਲਮਾਂ ਬਣਾਉਣ ਵਾਲੇ ਲੋਕਾਂ ਪਿੱਛੇ ਚੱਕਰ ਲਾਉਂਦਾ ਰਹਿੰਦਾ। ਉਹਨੂੰ ਐਕਟਰ ਬਣਨ ਦਾ ਡਾਢਾ ਚਾਅ ਸੀ। ਐਕਟਰ ਬਣਨ ਲਈ ਉਹ ਸਾਰੀ-ਸਾਰੀ ਦਿਹਾੜੀ ਸਟੂਡੀਓ ਅੱਗੇ ਆਵਾਰਾਗਰਦੀ ਕਰਦਾ ਰਹਿੰਦਾ ਤੇ ਰਾਤੀਂ ਮਾਂ-ਪਿਉ ਕੋਲੋਂ ਰੱਜ ਕੇ ਕੁੱਟ ਖਾਂਦਾ ਸੀ।

ਮਾਂ ਲੋਕਾਂ ਦੇ ਘਰ ਭਾਂਡੇ ਮਾਂਜਣ ਜਾਂਦੀ ਸੀ। ਉਹ ਮਾਂ, ਜਿਹਨੇ ਕਦੀ ਕੰਮ-ਕਾਜ ਲਈ ਘਰ ਦਾ ਬੂਹਾ ਨਹੀਂ ਸੀ ਟੱਪਿਆ। ਜਮੀਲ ਦੇ ਪਿਉ ਦੇ ਲੱਤਾਂ ਟੁੱਟਣ ਬਾਝੋਂ ਉਹਨੂੰ ਘਰੋਂ ਬਾਹਰ ਨਿਕਲ਼ ਕੇ ਲੋਕਾਂ ਦੇ ਝੂਠੇ ਭਾਂਡੇ ਮਾਂਜਣੇ ਪਏ ਸਨ। ਇਕ ਵੱਡੀ ਭੈਣ ਸੀ, ਜਿਹੜੀ ਘਰ ਬਹਿ ਕੇ ਥੋੜ੍ਹੀ-ਬਹੁਤੀ ਸਿਲਾਈ ਕਢਾਈ ਕਰਦੀ ਤਾਂ ਕਿਧਰੇ ਜਾ ਕੇ ਘਰ ਦਾ ਅੰਨ-ਪਾਣੀ ਚਲਦਾ ਸੀ।

***

ਜਮੀਲ ਜੰਮਿਆ ਤੇ ਉਹਦੇ ਘਰ ਵਿਚ ਕੋਈ ਚਾਅ ਨਾ ਚੜ੍ਹਿਆ। ਕੋਈ ਖੁਸਰੇ ਨਾ ਨੱਚੇ। ਕੋਈ ਗਾਨੇ ਬੂਹੇ ਨਾ ਬੰਨ੍ਹੇ ਗਏ। ਏਸ ਤੋਂ ਅੱਡ ਇੰਞ ਜਾਪਦਾ ਸੀ ਪਈ ਘਰ ਦੇ ਸਾਰੇ ਈ ਜੀਅ ਇਕ-ਦੂਜੇ ਕੋਲੋਂ ਰੁਸ ਗਏ ਸਨ। ਘਰ ਦਾ ਅੰਨ-ਪਾਣੀ ਅੱਗੋਂ ਈ ਬੜੀ ਮੁਸ਼ਕਿਲ ਨਾਲ ਚੱਲਦਾ ਰਿਹਾ ਸੀ ਤੇ ... ਇਹ ਕੀ...!

ਇਕ ਹੋਰ ਜੀਅ ... ਇਹ ਖਾਣ ਨੂੰ ਵੀ ਮੰਗੇਗਾ ... ਪਾਉਣ ਨੂੰ ਵੀ ਮੰਗੇਗਾ ... ਖ਼ੌਰੇ ਹੋਰ ਕੀ ਕੁਝ ਮੰਗੇਗਾ। ਸਬਰ ਸ਼ੁਕਰ ਕੀਤਾ ... ਕਿਉਂ ਜੇ ਸਬਰ ਸ਼ੁਕਰ ਈ ਉਹ ਕਰ ਸਕਦੇ ਸਨ।

ਮਾਂ-ਧੀ ਨੇ ਆਪਣੇ ਅੰਨ-ਪਾਣੀ ਦਾ ਖ਼ਰਚਾ ਘਟਾ ਕੇ ਜਮੀਲ ਨੂੰ ਦੁੱਧ ਪਿਆਉਣ ਦਾ ਚਾਰਾ ਕੀਤਾ।



ਵੇਲਾ ਹੌਲੀ-ਹੌਲੀ ਲੰਘਣ ਲੱਗ ਪਿਆ...।

ਜਮੀਲ ਨੇ ਮਾਂ-ਪਿਉ ਆਖਣਾ ਸਿੱਖਿਆ ਤੇ ਉਨ੍ਹਾਂ ਦਾ ਦੁੱਧ ਦਾ ਖ਼ਰਚਾ ਬਚਿਆ ਤੇ ਉਹਦੀ ਰੋਟੀ ਦੀ ਫ਼ਿਕਰ ਹੋਈ। ਜਮੀਲ ਨੂੰ ਰੋਟੀ ਵੀ ਇੰਞ ਲੱਭੀ ਪਈ ਕਦੀ ਖਾ ਲਈ ਤੇ ਕਦੀ 'ਰੋਟੀ-ਰੋਟੀ' ਕਰਦਾ ਸੌਂ ਗਿਆ। ਜਮੀਲ ਦੀ ਮਾਂ ਨੂੰ ਜਮੀਲ ਤੋਂ ਅੱਡ ਆਪਣੀ ਧੀ ਦੇ ਵਿਆਹੁਣ ਦੀਆਂ ਈ ਸੋਚਾਂ ਸਨ। ਉਹ ਹਰ ਵੇਲੇ ਆਪਣੀ ਵੱਡੀ ਹੁੰਦੀ ਹੋਈ ਧੀ ਨੂੰ ਤੱਕਦੀ ਤੇ ਹਉਕੇ ਭਰਦੀ ਸੀ, ਜਿਹਦੀ ਉਮਰ ਲੰਘਦੀ ਜਾ ਰਹੀ ਸੀ। ਚਿਹਰਾ ਮੁਰਝਾਅ ਰਿਹਾ ਸੀ ਪਰ ਉਹ ਇਹ ਵੀ ਸੋਚਦੀ ਸੀ ਜੇਕਰ ਧੀ ਨੂੰ ਡੋਲੀ ਚੜ੍ਹਾਅ ਈ ਦਿੱਤਾ ਤੇ ਫਿਰ ਘਰ ਦਾ ਖ਼ਰਚਾ ਕਿਵੇਂ ਚੱਲੇਗਾ? ਕਿਉਂ ਜੇ ਧੀ ਵੀ ਘਰ ਦੇ ਖ਼ਰਚੇ ਵਿਚ ਹੱਥ ਵੰਡਾਉਂਦੀ ਸੀ।

ਦੂਜੇ ਪਾਸੇ ਮਾਂ ਇਹ ਵੀ ਸੋਚਦੀ ਸੀ ਪਈ ਧੀ ਨੂੰ ਵਿਆਹੁਣ ਲਈ ਦਾਜ ਕਿੱਥੋਂ ਆਵੇਗਾ? ਕਿਉਂ ਜੇ ਦਾਜ ਬਾਝੋਂ ਧੀ ਦੂਜੇ ਘਰ ਸੁਖੀ ਨਹੀਂ ਰਹਿ ਸਕਦੀ। ਏਸ ਲਈ ਉਹ ਆਪਣੀ ਧੀ ਡੋਲੀ ਪਾਉਣ ਦੀ ਸੋਚ ਦਾ ਮਨ ਕਈ ਵਾਰੀ ਬੰਦ ਕਰ ਚੁੱਕੀ ਸੀ।

ਵੇਲਾ ਲੰਘਦਾ ਰਿਹਾ...।

ਵੇਲੇ ਨੇ ਲੰਘਣਾ ਈ ਸੀ...।

ਜਮੀਲ ਨੂੰ ਪੜ੍ਹਾਉਣ ਦੀ ਤੌਫ਼ੀਕ ਤੇ ਜਮੀਲ ਦੇ ਮਾਂ-ਪਿਉ ਕੋਲ਼ ਕੋਈ ਨਹੀਂ ਸੀ। ਕਿਉਂ ਜੇ ਜਮੀਲ ਦੀ ਰੋਟੀ-ਪਾਣੀ ਦਾ ਖ਼ਰਚਾ ਈ ਬੜੀ ਮੁਸ਼ਕਿਲ ਚੁੱਕ ਰਹੇ ਸਨ।

ਫ਼ੈਸਲਾ ਇਹ ਹੋਇਆ ਪਈ ਜਮੀਲ ਨੂੰ ਪੜ੍ਹਾਉਣ ਦੀ ਬਜਾਏ ਕਿਸੇ ਵਰਕਸ਼ਾਪ ਵਿਚ ਸ਼ਾਗਿਰਦ ਪਾ ਦਿੱਤਾ ਜਾਏ। ਕਿਉਂ ਜੇ ਕੰਮ ਸਿੱਖਣ ਦੇ ਨਾਲ਼-ਨਾਲ਼ ਆਪਣੀ ਰੋਟੀ ਆਪੂੰ ਕਮਾ ਲਵੇਗਾ।

***

ਜਮੀਲ ਦਾ ਵੱਡਾ ਭਰਾ ਆਵਾਰਾ ਫਿਰਨ ਤੋਂ ਅੱਡ ਹੋਰ ਕੁਝ ਨਹੀਂ ਸੀ ਕਰਦਾ ਪਰ ਉਸ ਦਾ ਇਕ ਬੇਲੀ ਸੀ, ਜਿਹੜਾ ਉਹਦੇ ਵਾਂਙੂ ਐਕਟਰ ਬਣਨ ਦਾ ਸ਼ੌਕ ਤੇ ਰੱਖਦਾ ਸੀ ਪਰ ਨਾਲ਼-ਨਾਲ਼ ਆਪਣੇ ਖ਼ਰਚੇ ਪਾਣੀ ਲਈ ਇਕ ਵਰਕਸ਼ਾਪ ਵਿਚ ਕੰਮ ਵੀ ਕਰਦਾ ਸੀ। ਉਹ ਵਰਕਸ਼ਾਪ ਵਿਚ ਮਕੈਨਿਕ ਸੀ। ਗੱਡੀਆਂ ਦੀਆਂ ਖ਼ਰਾਬੀਆਂ ਲੱਭਦਾ ਤੇ ਠੀਕ ਕਰਦਾ ਸੀ। ਉਹਨੇ ਇਹ ਕੰਮ ਏਸੇ ਈ ਵਰਕਸ਼ਾਪ ਵਿੱਚੋਂ ਸਿੱਖਿਆ ਸੀ।

ਜਮੀਲ ਦਾ ਭਰਾ ਜਮੀਲ ਨੂੰ ਇਕ ਦਿਨ ਏਸ ਵਰਕਸ਼ਾਪ ਵਿਚ ਛੱਡਣ ਲਈ ਲਿਆਇਆ ਤੇ ਆਪਣੇ ਯਾਰ ਨੂੰ ਆਖਣ ਲੱਗਾ, ''ਇਹ ਮੇਰਾ ਨਿੱਕਾ ਭਰਾ ਏ ਤੇ ਇਨੂੰ ਏਥੇ ਕੰਮ ਸਿੱਖਣ ਲਈ ਲਿਆਇਆ ਵਾਂ। ਇਨੂੰ ਚੰਗੀ ਤਰ੍ਹਾਂ ਕੰਮ ਸਿਖਾਉਣਾ ਏ ਤਾਂ ਜੇ ਇਹ ਆਪਣੇ ਜੋਗਾ ਵੀ ਹੋਵੇ ਤੇ ਨਾਲ਼ ਘਰ ਜੋਗਾ ਵੀ ਤੇ ਇਹ ਸਾਰੀ ਤੇਰੀ ਜ਼ਿੰਮੇਵਾਰੀ ਏ।''

***

ਏਸ ਵਰਕਸ਼ਾਪ ਵਿਚ ਕਿੰਨ੍ਹੇ ਈ ਬੰਦੇ ਤੇ ਮੁੰਡੇ ਕੰਮ ਕਰਦੇ ਸਨ। ਇਹ ਇਕ ਵੱਡੀ ਵਰਕਸ਼ਾਪ ਸੀ। ਇਹਦੇ ਵਿਚ ਗੱਡੀਆਂ ਦਾ ਹਰ ਕਿਸਮ ਦਾ ਕੰਮ ਹੁੰਦਾ ਸੀ। ਗੱਡੀ ਖ਼ਰਾਬ ਹੋ ਜਾਏ, ਗੱਡੀ ਕਿਧਰੇ ਵੱਜ ਜਾਏ, ਗੱਡੀ ਨੂੰ ਨਵਾਂ ਰੰਗ ਕਰਵਾਉਣਾ ਹੋਏ, ਗੱਡੀ ਦੀਆਂ ਸੀਟਾਂ ਉੱਤੇ ਕੱਪੜਾ ਚੜ੍ਹਾਉਣਾ ਹੋਵੇ, ਹਰ ਉਹ ਕੰਮ ਜਿਹੜਾ ਕਿਸੇ ਗੱਡੀ ਨਾਲ ਹੋ ਸਕਦਾ ਸੀ ਜਾਂ ਫਿਰ ਜਿਹੜਾ ਕਿਸੇ ਵੀ ਗੱਡੀ ਦੀ ਲੋੜ ਸੀ- ਉਹ ਏਸ ਵਰਕਸ਼ਾਪ ਵਿਚ ਹੁੰਦਾ ਸੀ। ਵਰਕਸ਼ਾਪ ਕੀ ਸੀ, ਪੂਰੀ ਮੰਡੀ ਸੀ ਗੱਡੀਆਂ ਦੀ। ਏਥੇ ਗੱਡੀਆਂ ਦਾ ਕੰਮ ਤੇ ਹੁੰਦਾ ਈ ਸੀ, ਗੱਡੀਆਂ ਦੇ ਪੁਰਜ਼ੇ ਤੇ ਨਾਲ਼ੇ ਉਨ੍ਹਾਂ ਦੇ ਪਾਰਟਸ ਵੀ ਲੱਭ ਜਾਂਦੇ ਸਨ।

***

ਜਮੀਲ ਵਰਕਸ਼ਾਪ ਵਿਚ ਕੀ ਆਇਆ ... ਉਹ ਵਿਚਾਰਾ ਓਸ ਦਿਹਾੜੇ ਤੋਂ ਈ ਜਮੀਲ ਨਾ ਰਿਹਾ ਤੇ 'ਛੋਟਾ' ਬਣ ਗਿਆ ਸੀ।

ਕਦੀ ਏਧਰੋਂ ਵਾਜ

ਕਦੀ ਓਧਰੋਂ ਵਾਜ

ਸਵੇਰ ਤੋਂ ਸ਼ਾਮ ਤੱਕ ਨੱਸਦਾ-ਭੱਜਦਾ...

ਇਹ 'ਛੋਟਾ' ਆਪਣਾ ਰੱਖਿਆ ਅਸਲ ਨਾਂ ਭੁਲ ਗਿਆ ਸੀ 'ਛੋਟਾ' ਯਾਦ ਰੱਖ ਲਿਆ ਸੂ।

ਹਯਾਤੀ ਦੇ ਦਿਹਾੜੇ ਲੰਘਣ ਲੱਗ ਪਏ।

ਛੋਟਾ ਨੱਸਦਾ-ਭੱਜਦਾ...।

ਵਰਕਸ਼ਾਪ ਵਿਚ ਕੰਮ ਸਿੱਖਦਾ ਰਿਹਾ...।

ਵੇਲਾ ਲੰਘਦਾ ਰਿਹਾ...।

ਵੇਲੇ ਨੇ ਲੰਘਣਾ ਈ ਸੀ...।

ਕਰਨਾ ਰੱਬ ਦਾ ਇਹ ਹੋਇਆ ਕਿ...

ਥੋੜ੍ਹੇ ਦਿਨ ਪਹਿਲਾਂ ਏਸ ਵਰਕਸ਼ਾਪ ਦੇ ਲਾਗੇ ਇਕ ਸਰਕਾਰੀ ਸਕੂਲ ਬਣਿਆ। ਇਹ ਸਕੂਲ ਏਥੇ ਨਵਾਂ ਨਹੀਂ ਸੀ ਬਣਿਆ ਬਲਕਿ ਇਕ ਦੂਜੇ ਮੁਹੱਲੇ ਵਿੱਚੋਂ ਏਸ ਇਲਾਕੇ ਵਿਚ ਮੁਨਤਕਿਲ (ਬਦਲ ਕੇ ਆਉਣਾ) ਹੋਇਆ ਸੀ। ਕਿਉਂ ਜੇ ਉਹ ਇਮਾਰਤ ਡਾਢੀ ਕਮਜ਼ੋਰ ਹੋ ਗਈ ਸੀ, ਜਿਹਦੇ ਵਿਚ ਪਹਿਲਾਂ ਇਹ ਸਕੂਲ ਚਲਦਾ ਪਿਆ ਸੀ ਤੇ ਕਿਸੇ ਵੀ ਵੇਲੇ ਇਹਦੀ ਛੱਤ ਡਿੱਗ ਸਕਦੀ ਸੀ।

ਸਕੂਲ ਖੁੱਲ੍ਹਣ ਮਗਰੋਂ ਬੱਚਿਆਂ ਦਾ ਆਉਣ-ਜਾਣ ਏਸ ਵਰਕਸ਼ਾਪ ਦੇ ਅੱਗੋਂ ਈ ਹੋ ਗਿਆ ਸੀ।

ਛੋਟਾ ਆਪਣੇ ਕੰਮ ਵਿਚ ਮਗਨ ਆਪਣੇ ਦਿਨ ਲੰਘਾ ਰਿਹਾ ਸੀ। ਉਹਨੂੰ ਕੀ ਲੱਗੇ ਸਕੂਲ ਕਿਉਂ ਓਥੇ ਆਇਆ!

***

ਜਨਵਰੀ ਦੀ ਇਕੱਤੀ ਤਰੀਕ ਸੀ।

ਸਵੇਰੇ-ਸਵੇਰੇ ਬੜੀ ਧੁੰਦ ਪਈ ਹੋਈ ਸੀ...।

ਅਜੇ ਸੁਬਹ ਦੇ ਸੱਤ ਈ ਵੱਜੇ ਸਨ...।

ਜਮੀਲ ਨੂੰ ਉਹਦੀ ਮਾਂ ਨੇ ਜਗਾਇਆ ਤੇ ਕੰਮ 'ਤੇ ਘੱਲਿਆ...।

ਜਮੀਲ ਵਰਕਸ਼ਾਪ ਆਇਆ ਤੇ ਹੌਲੀ-ਹੌਲੀ ਦੂਜੇ ਮੁੰਡੇ, ਬੱਚੇ ਤੇ ਮਿਸਤਰੀ ਵੀ ਆਉਂਦੇ ਰਹੇ। ਵਰਕਸ਼ਾਪ ਦਾ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਹੋ ਗਿਆ।

ਸੂਰਜ ਹਾਲਾਂ ਪੂਰੀ ਤਰ੍ਹਾਂ ਉਤਾਂਹ ਵੀ ਨਹੀਂ ਸੀ ਹੋਇਆ। ਧੁੰਦ ਦੀ ਵਜ੍ਹਾ ਨਾਲ਼ ਸਾਫ਼ ਨਜ਼ਰ ਵੀ ਨਹੀਂ ਸੀ ਆ ਰਿਹਾ। ਸਰਦੀ ਆਪਣੇ ਪੂਰੇ ਜੋਬਨ ਦਿਸ ਰਹੀ ਸੀ।

ਤੇ ਠੰਢ ਨਾਲ ਠਰਦਾ...

ਛੋਟਾ...

ਆਪਣੇ ਕੰਮ ਵਿਚ ਮਸਰੂਫ਼...

ਕਦੀ ਏਧਰ ਤੇ ਕਦੀ ਉਧਰ ਜਾ ਰਿਹਾ ਸੀ...।

ਉਹਦੇ ਕੰਨਾਂ ਵਿਚ ਵਾਜ ਪਈ...

ਅੱਧੀ ਛੁੱਟੀ ਸਾਰੀ
ਮੀਆਂ ਮੱਖੀ ਮਾਰੀ
ਮੀਆਂ ਗਿਆ ਦਿੱਲੀ
ਓਥੋਂ ਲਿਆਂਦੀ ਬਿੱਲੀ
ਬਿੱਲੀ ਦਿੱਤੇ ਬੱਚੇ
ਅੱਲ੍ਹਾ ਮੀਆਂ ਸੱਚੇ

ਅੱਜ ਮਹੀਨੇ ਦੀ ਆਖ਼ਰੀ ਤਰੀਕ ਸੀ ਤੇ ਸਕੂਲ ਵਾਲੇ ਮਹੀਨੇ ਦੀ ਆਖ਼ਰੀ ਤਰੀਕ ਨੂੰ ਅੱਧੀ ਛੁੱਟੀ ਸਾਰੀ ਦੇ ਦੇਂਦੇ ਸਨ। ਉਨ੍ਹਾਂ ਨੇ ਅਗਲਾ ਮਹੀਨਾ ਸ਼ੁਰੂ ਹੋਣ ਤੋਂ ਪਹਿਲਾਂ ਨਵੇਂ ਰਜਿਸਟਰ ਬਣਾਉਣੇ ਹੁੰਦੇ ਸਨ ਤੇ ਨਾਲ਼ੇ ਹੋਰ ਵੀ ਕਈ ਕੰਮ ਕਰਨੇ ਹੁੰਦੇ ਸਨ, ਜਿਨ੍ਹਾਂ ਦੀ ਲੋੜ ਸਾਰੇ ਮਹੀਨੇ ਪੈਂਦੀ ਸੀ। ਆਖ਼ਰੀ ਤਰੀਕ ਨੂੰ ਇਕ ਮੀਟਿੰਗ ਰਾਹੀਂ ਕਈ ਮੁਸ਼ਕਿਲਾਂ ਤੇ ਕਈ ਬਾਤਾਂ ਨੂੰ ਗੱਲ-ਬਾਤ ਦੇ ਨਾਲ਼ ਹੱਲ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਸੀ। ਏਸ ਲਈ ਸਕੂਲੀ ਬਾਲਾਂ ਨੂੰ ਛੇਤੀ ਘਰਾਂ ਨੂੰ ਘੱਲ ਦਿੰਦੇ ਸਨ।

ਸਕੂਲ ਵਾਲਿਆਂ ਅੱਜ ਅੱਧੀ ਛੁੱਟੀ ਸਾਰੀ ਦੇ ਦਿੱਤੀ ਸੀ। ਬਾਲ ਚਾਈਂ-ਚਾਈਂ ਖ਼ੁਸ਼ੀ ਨਾਲ਼ ਗਾਉਂਦੇ ਜਾ ਰਹੇ ਸਨ...। ਜਿਵੇਂ ਉਨ੍ਹਾਂ ਨੂੰ 'ਅੱਧੀ ਛੁੱਟੀ ਸਾਰੀ' ਨਹੀਂ ਕੋਈ ਗਵਾਚਾ ਖ਼ਜ਼ਾਨਾ ਲੱਭ ਗਿਆ ਹੋਵੇ।

ਛੋਟਾ ਆਪਣੇ ਸਾਰੇ ਕੰਮ ਛੱਡ ਕੇ ਬਾਹਰ ਲੰਘਦੇ ਹੋਏ ਸਕੂਲੀ ਬਾਲਾਂ ਨੂੰ ਤੱਕਣ ਲੱਗ ਪਿਆ...। ਉਹਨੇ ਕਦੇ ਇਹ ਵਾਜ ਨਹੀਂ ਸੁਣੀ ਸੀ। ਇਹ ਓਪਰੀ ਵਾਜ ਚੰਗੀ ਲੱਗੀ।

ਆਪਣੇ ਮੂੰਹ ਵਿਚ ਉਹ ਗਾਉਣ ਲੱਗ ਪਿਆ...

ਤੇ ਖ਼ੌਰੇ ਕਿੱਥੇ ਦਾ ਕਿੱਥੇ ਅੱਪੜ ਗਿਆ...

ਅੱਧੀ ਛੁੱਟੀ ਸਾਰੀ
ਮੀਆਂ ਮੱਖੀ ਮਾਰੀ
ਮੀਆਂ ਗਿਆ ਦਿੱਲੀ
ਓਥੋਂ ਲਿਆਂਦੀ ਬਿੱਲੀ
ਬਿੱਲੀ ਦਿੱਤੇ ਬੱਚੇ
ਅੱਲ੍ਹਾ ਮੀਆਂ ਸੱਚੇ

***

''ਛੋਟੇ ਉਇ ਛੋਟੇ! ਕਿੱਥੇ ਮਰ ਗਿਆ ਏਂ?''

''ਐ ਜ਼ਰਾ ਰਸ਼ੀਦ ਛੋਟੇ ਨੂੰ ਤੇ ਵੇਖੀਂ...।''

''ਛੋਟੇ ਉਇ ਛੋਟੇ...!''

''ਛੋਟੇ...!''

''ਕਿੱਥੇ ਤੱਕ ਰਿਹਾ ਏਂ...?''

''ਤੇਰਾ ਧਿਆਨ ਕਿੱਥੇ ਵੇ...?''

''ਏਧਰ ਲਿਆ ਏਹ ਪਾਨਾ...।''

''ਹਾਲੇ ਤਾਂ ਬੜਾ ਕੰਮ ਖਿਲਰਿਆ ਹੋਇਆ ਏ...।''

''ਛੋਟੇ ਉਇ ਛੋਟੇ...!''

ਛੋਟੇ ਨੂੰ ਇਕ-ਦਮ ਹੋਸ਼ ਆਇਆ ਤੇ ਉਹ ਨੱਸ ਕੇ ਆਪਣੇ ਉਸਤਾਦ ਕੋਲ਼ ਜਾ ਅੱਪੜਿਆ, ''ਐ ਲਓ ਉਸਤਾਦ ਜੀ ਪਾਨਾ...।''

## * ਯਾਦ ਰੱਖਣ ਯੋਗ ਗੱਲਾਂ *

* ਇਨਸਾਨ ਤਕਲੀਫ ਨੂੰ ਭੁੱਲ ਜਾਂਦਾ ਹੈ ਪਰ ਜਾਣ-ਬੁੱਝ ਕੇ ਤਕਲੀਫ ਦੇਣ ਵਾਲੇ ਨੂੰ ਕਦੇ ਨਹੀਂ ਭੁੱਲਦਾ।

* ਜਿਹੜੀ ਕੌਮ ਆਪਣੇ ਬਾਰੇ ਸੋਚਣਾ ਬੰਦ ਕਰ ਦਿੰਦੀ ਹੈ, ਤਾਂ ਦੂਸਰੀ ਕੌਮ ਉਸ ਦੇ ਬਾਰੇ ਆਪਣੇ ਫ਼ੈਸਲੇ ਕਰਨਾ ਸ਼ੁਰੂ ਕਰ ਦਿੰਦੀ ਹੈ। (ਇਲਿਆਸ ਮਖਦੂਮ)

* ਕੰਮ ਕਰੋ ਥੋਹਰ (ਕੈਕਟਸ) ਬਣ ਕੇ, ਬਿਜ਼ਨਸ ਕਰੋ ਖਜੂਰ ਦਾ ਬੂਟਾ ਬਣ ਕੇ, ਘਰ ਵਿਚ ਵਿਚਰੋ ਲਾਜਵੰਤੀ ਦਾ ਬੂਟਾ ਬਣ ਕੇ।



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

* ਫੈਕਟਰੀ ਵਿਚ ਕੰਮ ਕਰਨ ਵਾਲੇ ਵਰਕਰਾਂ ਕਾਰਨ ਫੈਕਟਰੀ ਮਾਲਕ ਅਮੀਰ ਹੁੰਦੇ ਹਨ ਅਤੇ ਕਰਜ਼ਾ ਲੈਣ ਵਾਲਿਆਂ ਕਾਰਨ ਬੈਂਕ ਅਮੀਰ ਹੁੰਦੇ ਹਨ। (ਵਾਰੇਨ ਬਫ਼ੇ)

* ਸਪੈਨਿਸ਼ ਭਾਸ਼ਾ ਦੀ ਗੱਲ ਹੈ ਜਿਸ ਦੇ ਕਰਨ ਵਾਲੇ ਮੁਤਾਬਿਕ ਅਰਥ ਬਦਲ ਜਾਂਦੇ ਹਨ। ਮਾਲਕ ਕਹਿੰਦਾ ਹੈ (ਮੁੱਚੋ ਦਿਨੇਰੋ ਪਕੀਤੋ ਤਰਵਾਹੋ) ਮਤਲਬ ਹੁੰਦਾ ਹੈ ਪੈਸੇ ਜ਼ਿਆਦਾ ਲੈਂਦਾ ਹੈਂ ਤੇ ਕੰਮ ਘੱਟ ਕਰਦਾ ਹੈਂ, ਜਦੋਂ ਇਹੋ ਗੱਲ ਵਰਕਰ ਕਰਦਾ ਹੈ ਤਾਂ ਕਹਿੰਦਾ ਹੈ ਕਹੇਗਾ (ਮੁਚੋ ਤਰਵਾਹੋ ਪਕੀਤੋ ਦਿਨੇਰੋ) ਭਾਵ ਕੰਮ ਜ਼ਿਆਦਾ ਕਰਵਾਉਂਦਾ ਹੈਂ ਤੇ ਪੈਸੇ ਘੱਟ ਦੇਂਦਾ ਹੈਂ।

* ਅੱਜ ਦੇ ਜ਼ਮਾਨੇ ਵਿਚ ਮੂਰਖ ਬਣੇ ਰਹੋ ਤਾਂ ਰਿਸ਼ਤੇ ਚਲਦੇ ਰਹਿੰਦੇ ਹਨ, ਸੋਚ ਸਮਝ ਕੇ ਚੱਲਣ ਲੱਗੇ ਤਾਂ ਰਿਸ਼ਤੇ ਟੁੱਟਣੇ ਸ਼ੁਰੂ।

* ਖ਼ੁਸ਼ੀ ਅਸਥਾਈ ਤੌਰ 'ਤੇ ਸਬਰ ਦੇਂਦੀ ਹੈ ਪਰ ਸਬਰ ਸਥਾਈ ਖ਼ੁਸ਼ੀਆਂ ਦੇਣ ਦੇ ਸਮਰੱਥ ਹੁੰਦਾ ਹੈ।

# ਖ਼ੁਦਕੁਸ਼ੀ : ਭਾਰਤ 'ਚ ਫੈਲੀ ਮਹਾਂਮਾਰੀ

ਆਰਥਿਕ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਦੇਸ਼ ਦੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਹਨ। ਸਾਧਨ ਵਿਹੂਣੇ ਖੇਤ ਮਜ਼ਦੂਰ, ਮਜ਼ਦੂਰ ਵੀ ਬੇਵਸ ਹਨ, ਅਣਿਆਈ ਮੌਤੇ ਮਰ ਰਹੇ ਹਨ। ਦੇਸ਼ ਦੇ ਨੌਜਵਾਨ ਖ਼ਾਸ ਕਰਕੇ ਵਿਦਿਆਰਥੀ ਬੇਰੁਜ਼ਗਾਰੀ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਭੇਦਭਾਵ ਅਤੇ ਦੁਰਵਿਵਹਾਰ ਕਾਰਨ ਨਿੱਤ ਦਿਹਾੜੇ ਖ਼ੁਦਕੁਸ਼ੀਆਂ ਕਰ ਰਹੇ ਹਨ। ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ, ਖ਼ੁਦਕੁਸ਼ੀ ਕਰਨ ਲਈ ਮਜਬੂਰ ਹਨ। ਖ਼ੁਦਕੁਸ਼ੀਆਂ 'ਚ ਦੇਸ਼ ਵਿਚ ਸਾਲ-ਦਰ-ਸਾਲ ਵਾਧਾ ਹੋ ਰਿਹਾ ਹੈ।



ਖ਼ੁਦਕੁਸ਼ੀ, ਮਹਾਂਮਾਰੀ ਦਾ ਰੂਪ ਧਾਰਨ ਕਰ ਰਹੀ ਹੈ। 28 ਅਗਸਤ, 2024 ਨੂੰ ਐਨ.ਸੀ.ਆਰ.ਬੀ. (ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ) ਦੇ ਅੰਕੜਿਆਂ ਦੇ ਅਧਾਰ 'ਤੇ ਇੱਕ

**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਰਿਪੋਰਟ ਅਨੁਸਾਰ ਛੋਟੀ ਉਮਰ ਦੇ ਨੌਜਵਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ 54 ਫ਼ੀਸਦੀ ਸਿਹਤ ਸਮੱਸਿਆਵਾਂ, 36 ਫ਼ੀਸਦੀ ਨਕਾਰਾਤਮਕ ਪਰਿਵਾਰਕ ਮੁੱਦੇ, 23 ਫ਼ੀਸਦੀ ਸਿੱਖਿਆ ਸਮੱਸਿਆਵਾਂ ਅਤੇ 20 ਫ਼ੀਸਦੀ ਸਮਾਜਿਕ ਅਤੇ ਜੀਵਨ ਸ਼ੈਲੀ ਕਾਰਕ ਹਨ। ਉਂਜ ਹਿੰਸਾ ਕਾਰਨ 22 ਫ਼ੀਸਦੀ, ਆਰਥਿਕ ਸੰਕਟ ਕਾਰਨ 9.1 ਫ਼ੀਸਦੀ ਅਤੇ ਭਾਵਾਤਮਕ ਸਬੰਧਾਂ ਕਾਰਨ 9 ਫ਼ੀਸਦੀ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ। ਸਰੀਰਕ ਅਤੇ ਯੌਨ ਸ਼ੋਸ਼ਣ, ਘੱਟ ਉਮਰ 'ਚ ਮਾਂ ਬਣਨਾ, ਘਰੇਲੂ ਹਿੰਸਾ, ਲਿੰਗਕ ਭੇਦਭਾਵ ਅਤੇ ਕਈ ਐਸੇ ਕਾਰਨ ਹਨ, ਜਿਨ੍ਹਾਂ ਕਾਰਨ ਨੌਜਵਾਨ ਲੜਕੀਆਂ ਖ਼ੁਦਕੁਸ਼ੀ ਕਰਦੀਆਂ ਹਨ।

ਵਿਦਿਆਰਥੀਆਂ 'ਚ ਵਧਦੀਆਂ ਖ਼ੁਦਕੁਸ਼ੀਆਂ ਪੂਰੇ ਸਮਾਜ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ। 3 ਦਸੰਬਰ 2023 ਦੀ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ) ਵਲੋਂ ਜਾਰੀ ਸਾਲਾਨਾ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਭਾਰਤ ਵਿਚ 1,70,924 ਖ਼ੁਦਕੁਸ਼ੀਆਂ ਸਾਲ 2022 ਵਿਚ ਰਿਕਾਰਡ ਕੀਤੀਆਂ ਗਈਆਂ ਹਨ। ਇਹ ਗਿਣਤੀ 2021 ਨਾਲੋਂ 4.2 ਫ਼ੀਸਦੀ ਅਤੇ 2018 ਦੀ ਤੁਲਨਾ 'ਚ 27 ਫ਼ੀਸਦੀ ਵੱਧ ਹੈ। ਇਹ ਅੰਕੜਾ ਪ੍ਰਤੀ ਇੱਕ ਲੱਖ 'ਤੇ 12.4 ਹੈ, ਜੋ ਭਾਰਤ ਵਿਚ ਹਰ ਵਰ੍ਹੇ ਦਰਜ ਕੀਤੇ ਜਾਣ ਵਾਲੇ ਆਤਮ-ਹੱਤਿਆ ਦੇ ਅੰਕੜਿਆਂ 'ਚ ਉੱਚੇ ਦਰਜੇ 'ਤੇ ਹੈ।

ਵਿਦਿਆਰਥੀ ਜਦੋਂ ਆਪਣੇ ਪਰਿਵਾਰ ਤੋਂ ਦੂਰ, ਕੋਚਿੰਗ ਸੈਂਟਰਾਂ ਦੇ ਨਵੇਂ ਮਾਹੌਲ ਵਿਚ ਆਉਂਦੇ ਹਨ, ਤਾਂ ਬਹੁਤ ਕੁਝ ਉਨ੍ਹਾਂ ਨਾਲ ਅਜਿਹਾ ਹੁੰਦਾ ਹੈ, ਜਿਸ ਬਾਰੇ ਉਨ੍ਹਾਂ ਪਹਿਲਾਂ ਸੋਚਿਆ ਵੀ ਨਹੀਂ ਹੁੰਦਾ। ਵਿੱਤੀ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਉਤੇ ਤਾਂ ਜਲਦੀ ਤੋਂ ਜਲਦੀ ਕੁਝ ਬਣ ਕੇ ਆਪਣੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਹੁੰਦੀ ਹੈ, ਲੇਕਿਨ ਨੌਕਰੀ ਨਾ ਮਿਲਣ ਜਾਂ ਪਲੇਸਮੈਂਟ ਨਾ ਹੋਣ ਦੀ ਸੰਭਾਵਨਾ ਵੀ ਕਾਫ਼ੀ ਹੁੰਦੀ ਹੈ। ਅਜਿਹੇ 'ਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਲਈ ਕੋਚਿੰਗ ਸੈਂਟਰ ਵੀ ਜ਼ਿੰਮੇਵਾਰ ਬਣਦੇ ਹਨ, ਜੋ ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਉੱਚੇ ਸਬਜ਼ ਬਾਗ ਦਿਖਾਉਂਦੇ ਹਨ।

ਜੇਕਰ ਭਾਰਤ 'ਚ ਖ਼ੁਦਕੁਸ਼ੀਆਂ ਦੇ ਵਧਦੇ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਤਾਂ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੇ ਨਾਲ-ਨਾਲ ਦੇਸ਼ ਭਰ ਦੇ ਵਿਦਿਆਰਥੀਆਂ 'ਚ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ।

ਕਿਧਰੇ ਕੋਈ ਐਮ.ਬੀ.ਬੀ.ਐਸ. ਦਾ ਵਿਦਿਆਰਥੀ ਖ਼ੁਦਕੁਸ਼ੀ ਕਰ ਕਰਦਾ ਹੈ, ਕਿਧਰੇ ਆਈ.ਆਈ.ਟੀਜ਼ ਤੋਂ ਖ਼ੁਦਕੁਸ਼ੀ ਦੀ ਖ਼ਬਰ ਆਉਂਦੀ ਹੈ। ਕਾਰਨ ਪੜ੍ਹਾਈ ਦਾ ਦਬਾਅ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ 2018 ਤੋਂ 2023 ਦੇ 5 ਸਾਲਾਂ ਵਿਚ ਆਈ ਆਈ ਟੀ, ਐਨ.ਆਈ.ਟੀ., ਆਈ. ਆਈ. ਐਮ, ਜਿਹੀਆਂ ਦੇਸ਼ ਦੇ ਉੱਚ ਸਿੱਖਿਆ ਸੰਸਥਾਵਾਂ ਵਿਚ 60 ਤੋਂ ਜ਼ਿਆਦਾ ਵਿਦਿਆਰਥੀਆਂ ਨੇ ਆਪਣੇ ਉਤੇ ਪੈਟਰੋਲ ਛਿੜਕ ਕੇ, ਹੋਸਟਲ ਦੀ ਉੱਚੀ ਮੰਜ਼ਿਲ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕੀਤੀ। ਇਨ੍ਹਾਂ ਵਿਚੋਂ 34 ਵਿਦਿਆਰਥੀ ਆਈ.ਆਈ.ਟੀ. ਸੰਸਥਾਵਾਂ ਦੇ ਸਨ।

ਦਰਅਸਲ ਸਿੱਖਿਆ ਅਤੇ ਕਰੀਅਰ ਵਿਚ ਮਾਤਾ-ਪਿਤਾ ਤੇ ਅਧਿਆਪਕਾਂ ਦੀ ਆਪਣੇ ਬੱਚਿਆਂ ਤੋਂ ਚੰਗੀ ਕਾਰਗੁਜ਼ਾਰੀ ਦੀ ਹੋੜ ਦੇ ਚਲਦਿਆਂ ਵਿਦਿਆਰਥੀਆਂ ਉਤੇ ਪੜ੍ਹਾਈ ਦਾ ਨਕਾਰਾਤਮਕ ਅਸਰ ਵੱਡਾ ਹੈ। ਸਾਡੀ ਸਿੱਖਿਆ ਪ੍ਰਣਾਲੀ ਅੰਕਾਂ 'ਤੇ ਅਧਾਰਤ ਹੈ। ਇਸ ਵਿਚ ਮਾਤਾ-ਪਿਤਾ ਦਾ ਦਬਾਅ ਬਚਪਨ ਤੋਂ ਹੀ ਬੱਚਿਆਂ 'ਤੇ ਜ਼ਿਆਦਾ ਰਹਿੰਦਾ ਹੈ। ਸਕੂਲਾਂ ਵਿਚ ਵੀ ਅਧਿਆਪਕ ਵਿਦਿਆਰਥੀਆਂ ਦੀ ਯੋਗਤਾ ਅੰਕਾਂ ਤੋਂ ਪਰਖਦੇ ਹਨ। ਜਿਹੜਾ ਬੱਚਿਆਂ ਦੇ ਮਾਨਸਿਕ ਵਿਕਾਸ 'ਚ ਵੱਡੀ ਰੁਕਾਵਟ ਬਣ ਰਿਹਾ ਹੈ। ਇਸ ਤੋਂ ਵੀ ਅੱਗੇ ਇੰਟਰਨੈੱਟ ਦੇ ਪਸਾਰ ਨੇ ਵਿਦਿਆਰਥੀਆਂ ਦੀ ਸੋਚ ਉਤੇ ਵੱਡਾ ਅਸਰ ਪਾਇਆ ਹੈ। ਇੱਕ ਖੋਜ ਅਨੁਸਾਰ ਵੀਹ ਫ਼ੀਸਦੀ ਕਾਲਜ ਵਿਦਿਆਰਥੀ, ਇੰਟਰਨੈੱਟ ਦੇ ਆਦੀ ਹਨ, ਇਨ੍ਹਾਂ ਵਿਚੋਂ ਇੱਕ ਤਿਹਾਈ ਸਾਈਬਰ ਠੱਗੀ ਦਾ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਵਿਚੋਂ ਇੱਕ ਤਿਹਾਈ ਖ਼ੁਦਕੁਸ਼ੀ ਕਰ ਲੈਂਦੇ ਹਨ।

ਰਾਜਸਥਾਨ ਵਿਚ ਕੋਟਾ ਸ਼ਹਿਰ ਵਿਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀਆਂ ਵਧ ਰਹੀਆਂ ਘਟਨਾਵਾਂ ਦੀ ਦਰ ਨਾਲ ਹਰ ਕੋਈ ਦੁਖੀ ਹੈ। ਇਥੇ ਨੀਟ, ਜੇ.ਈ.ਈ. ਅਤੇ ਹੋਰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਨ ਵਾਲੇ ਨੌਜਵਾਨ ਵਿਦਿਆਰਥੀ ਨਿਰੰਤਰ ਆਪਣੀ ਜਾਨ ਦਿੰਦੇ ਰਹੇ ਹਨ। ਕੀ ਅਜਿਹੀਆਂ ਘਟਨਾਵਾਂ ਨੂੰ ਵਾਪਰਣ ਤੋਂ ਰੋਕਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ ਹੈ?

ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਮਾਮਲੇ 'ਚ ਮਨੋਚਕਿਤਸਕਾਂ ਦਾ ਵਿਚਾਰ ਹੈ ਕਿ ਵਿਦਿਆਰਥੀਆਂ 'ਚ ਵਧ ਰਹੀਆਂ ਖ਼ੁਦਕੁਸ਼ੀਆਂ ਦਾ ਕਾਰਨ ਪੜ੍ਹਾਈ ਦਾ ਸਮਰੱਥਾ ਤੋਂ ਵੱਧ ਬੋਝ ਅਤੇ ਇਮਤਿਹਾਨਾਂ ਵਿਚ ਵੱਧ ਤੋਂ ਵੱਧ ਅੰਕ ਲੈਣ ਦੀ ਹੋੜ ਹੈ। ਅਸਲ 'ਚ ਮਾਪੇ ਆਪਣੇ ਬੱਚਿਆਂ ਤੋਂ ਇਸ ਗੱਲ ਦੀ ਬੇਲੋੜੀ ਆਸ ਰੱਖਦੇ ਹਨ ਕਿ ਜੋ ਕੁਝ ਉਹ ਜ਼ਿੰਦਗੀ 'ਚ ਨਹੀਂ ਬਣ ਸਕੇ, ਉਨ੍ਹਾਂ ਦੇ ਬੱਚੇ ਉਹ ਕੁਝ ਬਣਨ। ਇਹੋ ਇੱਛਾ ਵਿਦਿਆਰਥੀ ਦੀ ਮਾਨਸਿਕ ਸਿਹਤ ਉਤੇ ਬੁਰਾ ਅਸਰ ਪਾਉਂਦੀ ਹੈ।

ਮੌਜੂਦਾ ਦੌਰ 'ਚ ਜਦੋਂ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਜਿਹੇ ਮਹਾਂ ਦੈਂਤ ਦੇ ਜਬਾੜੇ ਹੇਠ ਹੈ। ਨੌਜਵਾਨ ਪ੍ਰਵਾਸ ਦੇ ਰਾਹ ਪੈਣ ਲਈ ਮਜਬੂਰ ਹਨ। ਵਿਦਿਆਰਥੀ ਵੀਜ਼ਾ ਜਾਂ ਵਰਕ ਪਰਮਿਟ ਲੈ ਕੇ ਉਹ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ 'ਚ ਜਾਂਦੇ ਹਨ। ਉਥੇ ਪੜ੍ਹਾਈ ਅਤੇ ਕੰਮ ਦਾ ਏਨਾ ਬੋਝ ਹੁੰਦਾ ਹੈ ਕਿ ਵਿਦਿਆਰਥੀ, ਨੌਜਵਾਨ ਮਾਨਸਿਕ ਤਣਾਅ 'ਚ ਰਹਿੰਦੇ ਹਨ। ਖ਼ਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਹਾਰਟ ਅਟੈਕ ਜਿਹੀਆਂ ਬੀਮਾਰੀਆਂ ਤਣਾਅ ਕਾਰਨ ਹੀ ਹੋ ਰਹੀਆਂ ਹਨ। ਕੈਨੇਡਾ ਤੇ ਹੋਰ ਮੁਲਕਾਂ ਤੋਂ ਆਈਆਂ ਭਾਰਤੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਕਿਸਾਨ ਖ਼ੁਦਕੁਸ਼ੀਆਂ ਦਾ ਮਾਮਲਾ ਤਾਂ ਦੇਸ਼ ਵਾਸੀਆਂ ਦਾ ਧਿਆਨ ਪਹਿਲਾਂ ਹੀ ਖਿਚਦਾ ਰਿਹਾ ਹੈ। ਘਾਟੇ ਦੀ ਖੇਤੀ ਉਨ੍ਹਾਂ ਦੀ ਜਾਨ ਦਾ ਖੌਅ ਬਣਦੀ ਹੈ। 5 ਏਕੜ ਤੋਂ ਘੱਟ ਜ਼ਮੀਨ ਮਾਲਕੀ ਵਾਲਾ ਛੋਟਾ ਕਿਸਾਨ ਲਗਾਤਾਰ ਕਰਜ਼ਈ ਰਹਿੰਦਾ ਹੈ। ਹੁਣ ਤਾਂ ਮੱਧ ਵਰਗੀ ਕਿਸਾਨ ਵੀ ਕਰਜ਼ੇ ਦੀ ਲਪੇਟ 'ਚ ਆਇਆ ਹੋਇਆ ਹੈ। ਕੁਲ ਮਿਲਾ ਕੇ ਦੇਸ਼ ਦੇ 92 ਫ਼ੀਸਦੀ ਕਿਸਾਨ ਛੋਟੇ ਅਤੇ ਮੱਧ ਵਰਗੀ ਹਨ। ਇਨ੍ਹਾਂ ਵਿਚ ਕਾਸ਼ਤਕਾਰ, ਪੱਟੇਦਾਰ ਸ਼ਾਮਲ ਹਨ। ਦੇਸ਼ 'ਚ ਸਿੱਕੇ ਬੰਦ 'ਖੇਤੀ ਨੀਤੀ' ਨਾ ਹੋਣ ਕਾਰਨ, ਇਹ ਕਿਸਾਨ ਮੁਸੀਬਤਾਂ 'ਚ ਫਸੇ ਰਹਿੰਦੇ ਹਨ। 2022 ਦੀ ਇੱਕ ਰਿਪੋਰਟ ਅਨੁਸਾਰ 11290 ਖੇਤੀ ਸੈਕਟਰ ਦੇ ਲੋਕਾਂ, ਜਿਨ੍ਹਾਂ ਵਿਚ 5270 ਕਿਸਾਨ ਅਤੇ 6083 ਖੇਤ ਮਜ਼ਦੂਰ ਸ਼ਾਮਲ ਸਨ, ਨੇ ਖ਼ੁਦਕੁਸ਼ੀਆਂ ਕੀਤੀਆਂ। ਇਹ ਦੇਸ਼ 'ਚ ਕੁਲ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦਾ 6.6 ਫ਼ੀਸਦੀ ਸੀ। ਕਾਰਨ ਮੁੱਖ ਰੂਪ ਵਿਚ ਕਰਜ਼ਾ, ਮੌਨਸੂਨ ਦੀ ਘਾਟ, ਫ਼ਸਲਾਂ 'ਤੇ ਕਰੋਪੀ ਆਦਿ ਰਹੇ ਹਨ। ਪਰ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੀ ਦਰ ਹਰ ਸਾਲ ਵਧਦੀ ਜਾ ਰਹੀ ਹੈ। ਪਿਛਲੇ ਇੱਕ ਦਹਾਕੇ ਵਿਚ ਖੇਤੀ ਸੈਕਟਰ ਦੇ 1,12,000 ਲੋਕਾਂ ਨੇ ਖ਼ੁਦਕੁਸ਼ੀ ਕੀਤੀ।

ਦੇਸ਼ 'ਚ ਔਰਤਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਹੈਰਾਨੀਜਨਕ ਢੰਗ ਨਾਲ ਵਧੀ ਹੈ। ਸਾਲ 2022 ਦੌਰਾਨ 48000 ਔਰਤਾਂ ਨੇ ਜਦਕਿ 1,22,000 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਦੇਸ਼ 'ਚ ਸਾਲ 2021 'ਚ 1,64,033 ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਸੀ। ਇਸ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨੌਜਵਾਨ ਔਰਤਾਂ 'ਚ ਖ਼ੁਦਕੁਸ਼ੀ ਜ਼ਿਆਦਾ ਹੋ ਰਹੀ ਹੈ। ਖ਼ੁਦਕੁਸ਼ੀ ਕਰਨ ਦਾ ਕਾਰਨ ਔਰਤਾਂ 'ਚ ਮੁੱਖ ਤੌਰ 'ਤੇ ਪਰਿਵਾਰਕ, ਬੀਮਾਰੀ, ਇਕੱਲੇਪਨ ਦੀ ਭਾਵਨਾ, ਔਲਾਦ ਪੈਦਾ ਨਾ ਹੋਣਾ, ਵਿਆਹ ਟੁੱਟਣਾ ਆਦਿ ਰਿਹਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਗਿਣਤੀ 31 ਫ਼ੀਸਦੀ ਰਹੀ।ਿ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।

ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਜਿਹੜੀਆਂ ਰਿਪੋਰਟਾਂ ਸਰਕਾਰੀ ਤੌਰ 'ਤੇ ਛਾਇਆ ਹੁੰਦੀਆਂ ਹਨ, ਉਨ੍ਹਾਂ ਤੋਂ ਵੱਖਰੀਆਂ ਰਿਪੋਰਟਾਂ ਹੋਰ ਏਜੰਸੀਆਂ ਵਲੋਂ ਮੀਡੀਆ 'ਤੇ ਉਪਲੱਬਧ ਹਨ। ਜਿਹੜੀਆਂ ਇਹ ਵਿਖਾਉਂਦੀਆਂ ਹਨ ਕਿ ਸਰਕਾਰੀ ਅੰਕੜਿਆਂ ਤੋਂ ਵੱਧ ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਉਦਾਹਰਨ ਦੇ ਤੌਰ 'ਤੇ 2010 ਦੇ ਸਰਕਾਰੀ ਅੰਕੜੇ 1,34,600 ਖ਼ੁਦਕੁਸ਼ੀਆਂ ਦੱਸਦੇ ਹਨ, ਜਦਕਿ ਮੈਡੀਕਲ ਮੈਗਜ਼ੀਨ 'ਦੀ ਲਾਂਸਿਟ' ਆਪਣੀ ਰਿਪੋਰਟ 1,87,000 ਮੌਤਾਂ ਦੀ ਵਿਖਾਉਂਦੀ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਪਿੰਡਾਂ ਜਾਂ ਦੂਰ-ਦੁਰੇਡੇ ਦੇ ਲੋਕ ਖ਼ੁਦਕੁਸ਼ੀ ਦੇ ਮਾਮਲਿਆਂ ਨੂੰ ਲੁਕੋਅ ਲੈਂਦੇ ਹਨ ਤਾਂ ਕਿ ਉਨ੍ਹਾਂ ਦੀ ਸਮਾਜ ਵਿਚ ਬਦਨਾਮੀ ਨਾ ਹੋਏ।

ਭਾਵੇਂ ਬਹੁਤ ਸਾਰੇ ਕਾਰਨ ਖ਼ੁਦਕੁਸ਼ੀ ਦੇ ਮਾਮਲੇ 'ਤੇ ਗਿਣਾਏ ਜਾਂਦੇ ਹਨ, ਪਰ ਮੁੱਖ ਕਾਰਨ ਕੰਗਾਲੀ, ਬਦਹਾਲੀ, ਬੇਰੁਜ਼ਗਾਰੀ, ਸਿੱਖਿਆ ਤੇ ਸਿਹਤ ਸੇਵਾਵਾਂ ਦੀ ਘਾਟ ਅਤੇ ਜਨਤਕ ਨਿਆਂ ਨਾ ਮਿਲਣਾ ਹੈ। ਦੇਸ਼ ਇਸ ਵੇਲੇ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਆਮ ਆਦਮੀ ਨਿਆਂ ਲੱਭ ਰਿਹਾ ਹੈ। ਰੋਟੀ ਲੱਭ ਰਿਹਾ ਹੈ। ਸਿੱਖਿਆ, ਸਿਹਤ, ਸੇਵਾਵਾਂ ਤੋਂ ਵਿਰਵਾ ਹੈ। ਸਾਧਨ ਵਿਹੂਣਾ ਹੈ। ਇਹੋ ਜਿਹੀਆਂ ਹਾਲਤਾਂ ਮਨੁੱਖ ਲਈ ਮਾਨਸਿਕ ਸੰਕਟ ਪੈਦਾ ਕਰਦੀਆਂ ਹਨ। ਆਰਥਿਕ ਤੇ ਮਾਨਸਿਕ ਸਥਿਤੀਆਂ ਦਾ ਟਾਕਰਾ ਨਾ ਕਰ ਸਕਣ ਕਾਰਨ ਉਹ ਮੌਤ ਨੂੰ ਹੀ ਆਖ਼ਰੀ ਹੱਲ ਲੱਭ ਲੈਂਦਾ ਹੈ।

ਸਮੇਂ ਸਮੇਂ 'ਤੇ ਫੈਲੀਆਂ ਜਾਂ ਫੈਲਾਈਆਂ ਗਈਆਂ ਕਰੋਨਾ ਵਾਇਰਸ ਵਰਗੀਆਂ ਬੀਮਾਰੀਆਂ, ਜਿਨ੍ਹਾਂ ਦੇ ਅਣਦਿਸਦੇ ਕਾਰਨਾਂ ਕਰਕੇ ਸਮਾਜ ਨੂੰ ਵੱਡੀ ਪ੍ਰੇਸ਼ਾਨੀ ਝੱਲਣੀ ਪਈ, ਉਸ ਤੋਂ ਵੀ ਵੱਡੀ ਪ੍ਰੇਸ਼ਾਨੀ "ਖ਼ੁਦਕੁਸ਼ੀ ਮਹਾਂਮਾਰੀ" ਹੈ, ਜੋ ਦੇਸ਼ ਦੇ ਦਰਪੇਸ਼ ਹੈ। ਇਹ ਘੁਣ ਵਾਂਗਰ ਦੇਸ਼ ਨੂੰ, ਦੇਸ਼ ਦੇ ਲੋਕਾਂ ਨੂੰ ਖਾ ਰਹੀ ਹੈ।

ਇਸ ਮਹਾਂਮਾਰੀ ਨੂੰ ਠੱਲ੍ਹਣ ਅਤੇ ਇਸ ਤੋਂ ਨਿਜਾਤ ਪਾਉਣ ਲਈ ਵੱਡੇ ਜਨਤਕ ਯਤਨ ਤਾਂ ਲੋੜੀਂਦੇ ਹੀ ਹਨ, ਨਾਲ ਦੀ ਨਾਲ ਲੋਕਾਂ 'ਚ ਸਿਆਸੀ ਚੇਤਨਾ ਪੈਦਾ ਕਰ ਕੇ ਲੋਕ ਹਿਤੈਸ਼ੀ ਸਰਕਾਰਾਂ ਅੱਗੇ ਲਿਆਉਣ ਦੀ ਵੀ ਲੋੜ ਹੈ ਤਾਂ ਕਿ ਲੋਕਾਂ 'ਚ ਪੈਦਾ ਹੋਏ ਨਕਾਰਾਤਮਕ ਵਿਚਾਰ ਖ਼ਤਮ ਹੋ ਸਕਣ ਅਤੇ ਉਹ ਇੱਕ ਨਿਵੇਕਲੀ ਉਮੀਦ ਨਾਲ ਸਾਂਵੀ ਪੱਧਰੀ, ਖ਼ੁਸ਼ਹਾਲ ਜ਼ਿੰਦਗੀ ਜੀਊਣ ਦੇ ਸੁਪਨੇ ਉਣ ਸਕਣ।

## ਕਾਵਿ-ਕਿਆਰੀ

### ਲੋਕ ਸੱਚਾਈਆਂ

ਲੰਘਿਓ ਉਮਰ ਤੇ ਪਾਣੀ, ਪਿੱਛੇ ਨਹੀਂ ਮੁੜਦੇ
ਸੂਰਜ, ਚੜ੍ਹੀ ਜਵਾਨੀ, ਪਿੱਛੇ ਨਹੀਂ ਮੁੜਦੇ।
ਡੌਂਕੀ ਲਾ ਕੇ ਦੇਸੀ, ਪਿੱਛੇ ਨਹੀਂ ਮੁੜਦੇ
ਛੇਤੀ ਪੁੱਤ ਪਰਦੇਸੀ, ਪਿੱਛੇ ਨਹੀਂ ਮੁੜਦੇ।

ਜ਼ਹਿਰੀ ਅੱਖ ਦੇ ਮਾਰੇ, ਪਿੱਛੇ ਨਹੀਂ ਮੁੜਦੇ
ਅੰਬਰੋਂ ਟੁੱਟਿਓ ਤਾਰੇ, ਪਿੱਛੇ ਨਹੀਂ ਮੁੜਦੇ।
ਹੰਝੂ ਨਿੱਕਲੇ ਅੱਖ 'ਚੋਂ, ਪਿੱਛੇ ਨਹੀਂ ਮੁੜਦੇ
ਬੱਚੇ ਨਿੱਕਲੇ ਹੱਥ 'ਚੋਂ, ਪਿੱਛੇ ਨਹੀਂ ਮੁੜਦੇ।

ਮੂੰਹ 'ਚੋਂ ਨਿੱਕਲੇ ਬੋਲੇ, ਪਿੱਛੇ ਨਹੀਂ ਮੁੜਦੇ
ਭੇਦ ਦਿਲਾਂ ਦੇ ਖੋਲ੍ਹੇ, ਪਿੱਛੇ ਨਹੀਂ ਮੁੜਦੇ।
ਜਿਹੜੇ ਖਾਂਦੇ ਮਿੱਠਾ, ਪਿੱਛੇ ਨਹੀਂ ਮੁੜਦੇ
ਮੂੰਹ ਨੂੰ ਲੱਗ ਜੇ ਚਿੱਟਾ, ਪਿੱਛੇ ਨਹੀਂ ਮੁੜਦੇ।

ਤੁਰ ਜਾਣ ਏਸ ਜਹਾਨੋਂ, ਪਿੱਛੇ ਨਹੀਂ ਮੁੜਦੇ
ਉੱਤਰੇ ਰੰਗ ਮਕਾਨੋਂ, ਪਿੱਛੇ ਨਹੀਂ ਮੁੜਦੇ।
ਕਬਰਾਂ ਦੇ ਵਿਚ ਸੁੱਤੇ, ਪਿੱਛੇ ਨਹੀਂ ਮੁੜਦੇ
ਜਿਹੜੇ ਤੁਰਗੇ ਉੱਤੇ, ਪਿੱਛੇ ਨਹੀਂ ਮੁੜਦੇ।

ਮਨ ਬਣਾ ਕੇ ਤੁਰਿਓ, ਪਿੱਛੇ ਨਹੀਂ ਮੁੜਦੇ
ਸਾਹ ਪਿੰਡਿਆਂ 'ਚੋਂ ਉੜਿਓ, ਪਿੱਛੇ ਨਹੀਂ ਮੁੜਦੇ।
ਵੈਰੀ ਧੌਣੋਂ ਫੜਿਓ, ਪਿੱਛੇ ਨਹੀਂ ਮੁੜਦੇ
ਸਾਡੇ ਧੱਕੇ ਚੜ੍ਹਿਓ, ਪਿੱਛੇ ਨਹੀਂ ਮੁੜਦੇ।

ਨਿੱਕਲੇ ਤੀਰ ਕਮਾਨੋਂ, ਪਿੱਛੇ ਨਹੀਂ ਮੁੜਦੇ
ਸੂਰੇ ਮਰਦ ਜ਼ੁਬਾਨੋਂ, ਪਿੱਛੇ ਨਹੀਂ ਮੁੜਦੇ।
ਡਾਣਸੀਵਾਲੀਆ ਬਾਗੀ, ਪਿੱਛੇ ਨਹੀਂ ਮੁੜਦੇ
ਅਣਖੀ ਪੁੱਤ ਪੰਜਾਬੀ, ਪਿੱਛੇ ਨਹੀਂ ਮੁੜਦੇ।
***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778 863 2472***

---

### .ਗ਼ਜ਼ਲ

ਮਿੱਤਰ ਰੰਗਲੇ ਗੂੜ੍ਹੇ, ਅਣਜਾਣ ਹੋ ਗਏ।
ਸਾਂਝ ਸੰਘਣੀ ਨੂੰ ਛੱਡ, ਬੇ-ਪਛਾਣ ਹੋ ਗਏ।
ਰੁੱਕੇ ਪਾ ਕੇ ਪਿਆਰ, ਜੋ ਅਸਾਂ ਲਿਖ ਭੇਜੇ,
ਉਹ ਤਾਂ ਗਰਦਾਂ ਖਾਧੇ, ਕੁਰਬਾਣ ਹੋ ਗਏ।
ਅੰਤ ਤੱਕ ਨਿਭਣ ਦਾ ਜੋ ਕਰਦੇ ਸੀ ਕੌਲ,
ਜਦੋਂ ਪਰਖ ਪਈ ਸਭ ਬੇ-ਜਾਨ ਹੋ ਗਏ।

ਸੁੱਚੀ ਹਵਾ, ਬਾਗ਼ ਉਹ ਨਿੱਤਰੇ ਪਾਣੀ,
ਸਭ ਹੋਏ ਰੋਗੀ, ਬੀਆਬਾਨ ਹੋ ਗਏ।

ਸੁਰਗ, ਨਰਕ, ਦੋਜ਼ਖ਼ ਤੇ ਬਹਿਸ਼ਤਾਂ ਵਾਲੇ,
ਸਾਊ ਭੇਖ ਪਹਿਨ ਕੇ, ਸ਼ੈਤਾਨ ਹੋ ਗਏ।

ਪੂਜਾ ਅਰਚਾ ਸਭ ਕਰਮ-ਕਾਂਡ ਹੋ ਗਏ,
ਵਿਕਣ ਵਾਲੇ ਵੀ, ਸਨਮਾਨ ਹੋ ਗਏ।

ਸਿਰਜਨਹਾਰਿਆ! ਦੁਨੀਆਂ ਦੇ ਮਾਲਕਾ,
ਅੱਜ ਵੇਖ! ਕੀ ਤੇਰੇ ਇਨਸਾਨ ਹੋ ਗਏ!

ਝਾੜ ਪੂੰਝ ਤਾਂ ਅਸੀਂ ਕਰਦੇ ਰਹਿ ਗਏ,
ਘਰ ਆ ਕੇ ਪ੍ਰਾਹੁਣੇ ਈ ਮੇਜ਼ਬਾਨ ਹੋ ਗਏ।

'ਨਾਕਾਮ' ਤਾਂ ਆਦਰਸ਼! ਆਦਰਸ਼! ਕੂਕਦਾ ਰਿਹਾ,
ਹੁਣ ਤਾਂ ਆਦਰਸ਼ ਵੀ, ਲਾਭ-ਹਾਣ ਹੋ ਗਏ।
***-ਗੁਰਬਖਸ਼ ਸਿੰਘ 'ਨਾਕਾਮ'***
***+1 864 318 5500***

---

### ਸਿਆਸਤਦਾਨ ਸਰਬ-ਸ਼ਕਤੀਮਾਨ

ਇੱਕ ਸਟੇਟ ਜਾਂ ਦੇਸ਼ ਦੀ ਗੱਲ ਨਹੀਂ,
ਗੱਲ ਹੈ ਪੂਰੇ ਅੰਤਰਰਾਸ਼ਟਰੀ ਦੇਸ਼ਾਂ ਦੀ।
ਥੱਲੇ ਵਾਲੇ ਢਾਂਚੇ ਨੂੰ ਲੜਾਈਆਂ-ਝਗੜੇ ਕਰਵਾ ਕੇ,
ਵਾਗਡੋਰ ਆਪਣੇ ਹੱਥਾਂ 'ਚ ਲੈਂਦੇ ਹਮੇਸ਼ਾ ਲਈ।

ਕੁਰੱਪਟ ਬਣਾਉਂਦੇ ਨੀਚੇ ਵਾਲੇ ਪੱਧਰ ਨੂੰ,
ਕਰਮਚਾਰੀਆਂ, ਅਧਿਕਾਰੀਆਂ, ਨੌਕਰਸ਼ਾਹਾਂ ਨੂੰ।
ਇਮਾਨਦਾਰਾਂ ਨੂੰ ਆਪਣਾ ਫਰਜ਼ ਨਿਭਾਣਾ ਦੁੱਭਰ ਹੋਇਆ,
ਜਵਾਬ-ਤਲਬ ਹੋਣਾ ਪੈਂਦਾ, ਚਲਾਕ ਲੂੰਬੜ ਤਾਨਾਸ਼ਾਹਾਂ ਨੂੰ।
ਅੱਜ ਦੇ ਹਾਲਾਤ ਵਿੱਚ ਸੁਪਰੀਮ ਤੇ ਹਾਈ ਕੋਰਟਾਂ ਨੂੰ,
ਪੁਲਿਸ ਬਲਾਂ ਤੇ ਪੁਲਿਸ ਸਟੇਸ਼ਨਾਂ 'ਤੇ
ਇਤਬਾਰ ਕੱਕਾ ਹੋ ਗਿਆ।
ਉਨ੍ਹਾਂ ਦੀ ਪੇਸ਼ੇਵਰ ਮੁਹਾਰਤ, ਦਿਆਨਤਦਾਰੀ 'ਤੇ ਸ਼ੱਕ,
ਸੂਬਾਈ ਸਰਕਾਰਾਂ ਤੇ ਹੇਠਲੀ ਜੁਡੀਸ਼ਰੀ 'ਤੇ ਪੱਕਾ ਹੋ ਗਿਆ।

ਹੱਤਿਆਵਾਂ ਅਤੇ ਜਿਨਸੀ ਸ਼ੋਸ਼ਣ ਦਾ ਬੋਲ-ਬਾਲਾ ਹੋ ਰਿਹਾ,
ਹਰ ਰੋਜ਼ ਕੋਈ ਨਾ ਕੋਈ ਘੁਟਾਲਾ ਹੋ ਰਿਹਾ।
ਅੰਨ੍ਹਾ ਵੰਡੇ ਰਿਓੜੀਆਂ, ਆਪਣਿਆਂ ਨੂੰ ਕਰ ਕੇ ਦਾਨ,
ਚੇਲੇ-ਚੱਪਟਿਆਂ ਦਾ ਕੋਈ ਅੰਤ ਨਾ,
ਜੈ ਸਿਆਸਤਦਾਨ, ਸਰਬ-ਸ਼ਕਤੀਮਾਨ।

ਸਾਡੇ ਵੀ ਕਾਮਰੇਡਾਂ ਦੇ ਪੁੱਤ,
ਵੱਡੇ ਸਿਆਸਤਦਾਨ ਬਣ ਕੇ ਘੱਟ ਨ੍ਹੀਂ ਗੁਜ਼ਾਰਦੇ।
ਦਿਖਾਵੇ ਦੀ ਖਾਤਰ, ਘੁੱਟ ਲਾ ਕੇ,
ਗਮ ਨੂੰ ਭੁਲਾ ਕੇ, ਰੱਬ ਦੀ ਆਰਤੀ ਨੇ ਉਤਾਰਦੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

### ਚਿੜੀਆਂ

ਪੱਤਝੜ ਦੀ ਇਹ ਹੈ ਇੱਕ ਸੁਬਾਹ,
ਭੁੱਖੀਆਂ ਚਿੜੀਆਂ ਕਰਨ ਸਲਾਹ।
ਮਾਰ ਉਡਾਰੀ ਹੁਣ ਕਿੱਥੇ ਜਾਈਏ,
ਬੰਦ ਦਰਵਾਜ਼ੇ ਹਰ ਪਾਸੇ ਪਾਈਏ।

ਖੇਤਾਂ ਵਿਚ ਦਾਣੇ ਤਾਂ ਜ਼ਹਿਰੀ ਹੋਏ,
ਦੂਜੇ ਪਾਣੀਓਂ ਬਿਨ ਤਿਰਹਾਏ ਮੋਏ।
ਜ਼ਾਲਿਮਾਂ ਰੁੱਖਾਂ 'ਤੇ ਚਲਾ ਕੁਹਾੜਾ,
ਸਾਡੀ ਜਾਨ ਨੂੰ ਪਾਇਆ ਪੁਆੜਾ।

ਘਰਾਂ ਦੇ ਬੂਹੇ, ਬਾਰੀਆਂ ਬੰਦ ਕੀਤੇ,
ਅਸਾਡੇ ਸੁੱਖ-ਚੈਨ ਨੂੰ ਲਾਏ ਪਲੀਤੇ।
ਬੇਘਰਿਆਂ ਦੀ ਕਾਹਦੀ ਜ਼ਿੰਦਗੀ,
ਭੁੱਖਿਆਂ ਰਹਿ ਨਹੀਂ ਹੁੰਦੀ ਬੰਦਗੀ।

ਜਿੱਥੇ ਕੁੱਲੀ, ਜੁੱਲੀ, ਗੁੱਲੀ ਨ੍ਹੀਂ ਰਹੀ,
ਫਿਰ ਉਹ ਥਾਂ ਵਡਮੁੱਲੀ ਨ੍ਹੀਂ ਰਹੀ।
ਮਾਰੋ ਉਡਾਰੀ ਕਰੋ ਦੂਰ ਕਿਨਾਰਾ,
ਰਹਿਣਯੋਗ ਨ੍ਹੀਂ ਵਤਨ ਪਿਆਰਾ।
***-ਸੇਵਾ ਸਿੰਘ "ਨੂਰਪੁਰੀ"***

---

### ਜਾਂਬਾਜ਼ੀ

ਕਿਸੇ ਦੀ ਕਿਸੇ 'ਤੇ ਛੱਡ ਕੇ, ਤੂੰ ਆਪਣਾ ਦੇਖ ਲੈ ਸਰਦਾ।
ਤੇਰੇ ਚਿੱਤ ਤੇ ਤੇਰੇ ਵਿਚਕਾਰ, ਦੇਖੀਂ ਕਿ ਰਹੇ ਨਾ ਪਰਦਾ।

ਤੈਨੂੰ ਤਾਂ ਪਤਾ ਹੈ ਕਿ ਪਹਿਲਾਂ ਵਾਲ਼ੀ ਗੱਲ ਨਹੀਂ ਅੱਜ-ਕਲ,
ਬਨੇਰੇ ਤੋਂ ਕਦੀ, ਥਹੁ ਲੱਗ ਜਾਂਦਾ ਸੀ, ਕਿਸੇ ਘਰ ਦਾ।
ਹੁਣ ਤਾਂ ਹਾਏ-ਬਾਏ ਤਕ ਰਹਿ ਗਏ ਨੇ ਲਹੂ ਦੇ ਰਿਸ਼ਤੇ,
ਪੇਸ਼ ਪਰ ਜਾਣ ਨਹੀਂ ਦਿੰਦਾ, ਮਨਾਂ 'ਤੇ ਮੋਹ ਦਾ ਗਰਦਾ।

ਪਤਾ ਹੈ ਸੱਚ ਦਾ ਸੱਚ, ਕੱਚ ਦਾ ਕੱਚ ਰਹਿ ਜਾਣਾ ਆਖ਼ਰ,
ਕਿਹੜੇ ਕੰਮ ਨਾਟਕੀ ਦੱਸੋ, ਜੋ ਰਿਸ਼ਤਾ ਅੰਦਰੋਂ ਮਰਦਾ।

ਕਦੀ ਰੰਬਾ ਤੇ ਮੁੰਡਾ ਚੰਡ ਕੇ ਹੀ ਸੂਤ ਅਉਂਦੇ ਸੀ,
ਹੁਣ ਤਾਂ ਹਰ ਕੋਈ ਮਾਪਾ ਨਿਆਣੇ ਤੋਂ ਰਹੇ ਡਰਦਾ।

ਗਲੇ ਨਾਲ ਗਲੇ ਆ ਲੱਗਣ, ਫੇਰ ਅਣਜਾਣੀਆਂ ਬਾਹਾਂ,
ਅੰਦਰਲੇ ਓਪਰੇਪਨ 'ਤੇ, ਜੋ ਹੱਥ ਧੋ ਕੇ ਰਹੂ ਵਰ੍ਹਦਾ।

ਜਾਨ ਦੇ ਜਾਨੀ ਲਈ ਤਾਂ, ਜਾਨ ਦੀ ਜਾਂਬਾਜ਼ੀ ਚਾਹੀਦੀ,
ਬਹੁਤਾ ਸੋਚ ਕੇ ਕੋਈ ਇਸ਼ਕ ਦੇ ਪਿੜ ਪੱਬ ਨਹੀਂ ਧਰਦਾ।

ਮੁਹੱਬਤ ਸਦਾ ਹੈ ਸੰਭਵ, ਬਦੌਲਤ ਸ਼ਬਦ ਦੇ ਯਾਰੋ,
ਸੁਣ ਕੇ ਤੇ ਸੁਣਾ ਕੇ, ਭਾਗਾਂ ਵਾਲਾ ਰੂਹ ਰਹੇ ਭਰਦਾ।

ਨਸਾਂ ਨਾ ਜੰਮ ਜਾਣ ਦੇਖੀਂ, ਜੀਅ ਦੇ ਨਿੱਘ ਬਿਨਾ 'ਢੇਸੀ',
ਕੱਕਰ ਤੇ ਕੋਰੇ ਵਿਚ ਵੀ ਫੇਰ ਤਾਂ, ਤੂੰ ਉੱਕਾ ਨਹੀਂ ਠਰਦਾ।
***-ਕੁਲਵੰਤ ਸਿੰਘ ਢੇਸੀ***

# ਮੈਂ, ਮੇਰੇ ਅਧਿਆਪਕ ਤੇ ਵਿਦਿਆਰਥੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ ਆਪਣੀ ਉਮਰ ਦੇ ਨੱਬੇ ਸਾਲ ਹੰਢਾ ਚੁੱਕਿਆ ਹਾਂ। ਸਰਕਾਰੀ ਤੇ ਗੈਰ-ਸਰਕਾਰੀ ਨੌਕਰੀਆਂ ਵੀ ਕੀਤੀਆਂ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨਸੰਚਾਰ ਦਾ ਅਧਿਆਪਕ ਵੀ ਰਿਹਾ। ਹਥਲੀ ਗੱਲ ਦਾ ਸਬੰਧ ਅਧਿਆਪਨ ਸਮੇਂ ਨਾਲ ਹੈ। ਮੇਰੇ ਅਧਿਆਪਨ ਕਾਲ ਸਮੇਂ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੀ ਜਿਹੜਾ ਨਵੀਂ ਦਿੱਲੀ ਵਾਲੇ ਕਵੀ ਤੇ ਅਧਿਆਪਕ ਹਰਿਭਜਨ ਸਿੰਘ ਦਾ ਵਿਦਿਆਰਥੀ ਰਹਿ ਚੁੱਕਿਆ ਸੀ ਤੇ ਮੇਰੀ ਹਰਿਭਜਨ ਸਿੰਘ ਨਾਲ ਨੇੜਤਾ ਸਦਕਾ ਮੈਨੂੰ ਵੀ ਆਪਣੇ ਅਧਿਆਪਕਾਂ ਵਰਗਾ ਮਾਣ ਦਿੰਦਾ ਸੀ। ਮੈਨੂੰ ਪੰਜਾਬੀ ਯੂਨੀਵਰਸਿਟੀ ਦਾ ਫੈਲੋ ਨਿਯੁਕਤ ਕਰਨ ਵਾਲਾ ਵੀ ਉਹੀਓ ਸੀ ਜਿਸਦਾ ਅਧਿਕਾਰੀ ਮੈਂ ਅੱਜ ਤੱਕ ਚਲਿਆ ਆ ਰਿਹਾ ਹਾਂ। ਪਰ ਅੱਜ ਦੀ ਗੱਲ ਇਕ ਹੋਰ ਤਰ੍ਹਾਂ ਦੇ ਵਿਦਿਆਰਥੀ ਬਣੇ, ਉਹਦੇ ਬਾਰੇ ਨਹੀਂ।

ਮੇਰੇ ਯੂਨੀਵਰਸਿਟੀ ਦੇ ਬੈਂਕ ਵਾਲੀ ਪਾਸ ਬੁੱਕ ਬਣਨੀ ਸੀ। ਉਮਰਾ ਮੇਰੇ ਚੰਡੀਗੜ੍ਹ ਤੋਂ ਪਟਿਆਲਾ ਦੇ ਸਫਰ ਵਿਚ ਅੜਿੱਕਾ ਬਣੀ ਹੋਈ ਸੀ। ਅਚਾਨਕ ਹੀ ਮੇਰੇ ਸੁਰਗਵਾਸੀ ਮਿੱਤਰ ਸੁਰਜੀਤ ਹਾਂਸ ਦੇ ਵਿਦਿਆਰਥੀ ਗੁਰਨਾਇਬ ਸਿੰਘ ਦਾ ਫੋਨ ਆ ਗਿਆ। ਉਹ ਨੇੜੇ ਹੀ ਅਰਬਨ ਅਸਟੇਟ ਰਹਿੰਦਾ ਹੈ। ਉਸਦੇ ਕਹਿਣ ਉੱਤੇ ਮੈਂ ਉਸਨੂੰ ਪੁਰਾਣੀ ਪਾਸ ਬੁੱਕ ਦਾ ਸਬੰਧਤਾ ਪੰਨਾ ਵਟਸਐਪ 'ਤੇ ਭੇਜ ਦਿੱਤਾ। ਉਸਨੇ ਨਵੀਂ ਪਾਸਬੁੱਕ ਬਣਵਾ ਕੇ ਭੇਜ ਦਿੱਤੀ। ਕੰਮ ਸੌਖਾ ਨਹੀਂ ਸੀ। ਬੈਂਕ ਵਾਲੇ ਆਨਾਕਾਨੀ ਕਰ ਰਹੇ ਸੀ। ਉਸਦੇ ਇੱਕ ਵਾਕ ਨੇ ਚੁੱਪ ਕਰਵਾ ਦਿੱਤੇ। ਉਹ ਇਹ ਕਿ ਮੈਂ ਉਸਦਾ ਅਧਿਆਪਕ ਰਹਿ ਚੁੱਕਾ ਹਾਂ। ਸੁਰਜੀਤ ਹਾਂਸ ਦਾ ਵਿਦਿਆਰਥੀ ਮੇਰਾ ਵੀ ਵਿਦਿਆਰਥੀ ਸੀ। ਕਿਉਂ ਨਾ ਹੁੰਦਾ? ਮੈਂ ਹਾਂਸ ਦਾ ਮਿੱਤਰ ਜੋ ਸਾਂ।

ਇੱਕ ਹੋਰ ਗੱਲ। ਇਸ ਤੋਂ ਵੱਡੀ। ਮੈਂ ਕੇਵਲ ਚਾਰ ਸਾਲ ਅਧਿਆਪਕ ਰਿਹਾ। ਪਰ ਉਥੋਂ ਪੱਤਰਕਾਰੀ ਪੜ੍ਹਨ ਵਾਲੇ ਚਰਨਜੀਤ ਭੁੱਲਰ ਤੇ ਦਵੀ ਦਵਿੰਦਰ ਵਰਗੇ ਬਹੁਤ ਪੁਰਾਣੇ ਤੋਂ ਬਹੁਤ ਨਵੇਂ ਵਿਦਿਆਰਥੀ ਵੀ ਆਪਣੇ ਆਪ ਨੂੰ ਮੇਰਾ ਵਿਦਿਆਰਥੀ ਕਹਿ ਕੇ ਮੈਨੂੰ ਨਿਵਾਜਦੇ ਹਨ। ਹੈ ਕਿ ਨਹੀਂ ਅਧਿਆਪਕ ਤੇ ਵਿਦਿਆਰਥੀ ਰਿਸ਼ਤੇ ਦਾ ਕਮਾਲ!

ਇਕ ਬਹੁਤ ਪੁਰਾਣੀ ਤੇ ਸੱਚੀ ਘਟਨਾ। 1947 ਦੀ। ਮੈਂ ਖਾਲਸਾ ਹਾਈ ਸਕੂਲ ਮਾਹਿਲਪੁਰ ਵਿਚ ਨੌਵੀਂ ਸ਼੍ਰੇਣੀ ਦਾ ਵਿਦਿਆਰਥੀ ਸਾਂ। ਮਿੱਤਰ ਪਿਆਰਿਆਂ ਦੇ ਕਹਿਣ ਉੱਤੇ ਚੋਣਵੇਂ ਵਿਸ਼ਿਆਂ ਵਿਚ ਸਾਇੰਸ ਲੈ ਬੈਠਾ। ਆਪਣੀ ਪਕੜ ਤੋਂ ਬਾਹਰ ਦਾ ਵਿਸ਼ਾ। ਇੱਕ ਦਿਨ ਸਾਇੰਸ ਮਾਸਟਰ ਬਖਤਾਵਰ ਸਿੰਘ ਨੇ ਕੋਈ ਸਵਾਲ ਪੁੱਛਿਆ। ਮੈਨੂੰ ਉਤਰ ਨਾ ਅਹੁੜਿਆ। ਉਹ ਮੈਨੂੰ ਵਿਸ਼ਾ ਬਦਲਣ ਦੀ ਸਲਾਹ ਦੇਣ ਲੱਗ ਪਿਆ। ਕਲਾਸਾਂ ਲਗਦਿਆਂ ਚਾਰ ਮਹੀਨੇ ਬੀਤ ਚੁੱਕੇ ਸਨ। ਵਿਸ਼ਾ ਬਦਲਾਉਣ ਦੀ ਜ਼ਿੰਮੇਵਾਰੀ ਉਹਨੇ ਸੰਭਾਲ ਲਈ ਤੇ ਮੈਨੂੰ ਮੇਰੇ ਨਾਲ ਜਾ ਕੇ ਪੰਜਾਬੀ ਪੜ੍ਹਨ ਵਾਲਿਆਂ ਦੀ ਕਲਾਸ ਵਿਚ ਬਿਠਾ ਆਇਆ। ਸੈਕੰਡ ਮਾਸਟਰ ਸੀ। ਸਾਰੇ ਮੰਨ ਗਏ। ਮੈਨੂੰ ਪੰਜਾਬੀ ਦੇ ਰਾਹ ਤੋਰਨ ਵਾਲਾ ਮੇਰਾ ਸਾਇੰਸ ਮਾਸਟਰ ਸੀ। ਪੰਜਾਬੀ ਲੇਖਕ ਬਣਨ ਦੀ ਨੀਂਹ ਰੱਖਣ ਵਾਲਾ ਵੀ। ਅੱਜ ਦੇ ਅਧਿਆਪਕਾਂ ਦਾ ਆਪਣੇ ਵਿਦਿਆਰਥੀਆਂ ਨਾਲ ਇਹੋ ਜਿਹਾ ਨਾਤਾ ਨਹੀਂ ਬਣਦਾ। ਰਾਹ ਵਿਚ ਰੁਕਾਵਟਾਂ ਹਨ; ਮਸ਼ੀਨਾਂ, ਇੰਟਰਨੈੱਟ ਤੇ ਮੋਬਾਈਲ।

**ਗੁਰਸ਼ਰਨ ਸਿੰਘ ਨਾਟਕਕਾਰ ਤੇ ਚੇਲੇ ਬਾਲਕੇ**

ਪੰਜਾਬੀ ਰੰਗਮੰਚ ਨੂੰ ਪਰਨਾਏ ਨਾਟਕਕਾਰਾਂ ਵਿਚੋਂ ਗੁਰਸ਼ਰਨ ਸਿੰਘ ਦੇ ਸਿਧਾਏ ਚੇਲੇ ਬਾਲਕੇ ਉਸਦੇ ਨਾਂ ਦੀ ਮਸ਼ਾਲ ਉਸਦੇ ਚਲਾਣੇ ਤੋਂ ਪਿੱਛੋਂ ਵੀ ਬਾਲੀ ਰਖਦੇ ਹਨ। ਆਪੂੰ ਸਥਾਪਤ ਕੀਤੀ ਸੁਚੇਤਕ ਰੰਗਮੰਚ ਸੰਸਥਾ ਦੁਆਰਾ ਜਿਸਦੇ ਬੋਲ ਚਾਨਣ ਵੰਡਦੇ ਹਾਂ:

'ਮਸ਼ਾਲਾਂ ਬਾਲ ਕੇ ਰੱਖਣਾ ਜਦੋਂ ਤੱਕ ਰਾਤ ਬਾਕੀ ਹੈ।'

ਸਾਹਿਤ ਚਿੰਤਨ ਵਾਲਾ ਸਰਦਾਰਾ ਸਿੰਘ ਹਰ ਮਹੀਨੇ ਕੋਈ ਨਾ ਕੋਈ ਗੋਸ਼ਟੀ ਕਰਵਾਉਂਦਾ ਹੈ ਤੇ ਅਨੀਤਾ ਸ਼ਬਦੀਸ਼ ਜੋੜੀ ਨਾਟਕ ਉਤਸਵ ਜਾਂ ਮੇਲ ਮਿਲਾਪ। ਉਹ ਜੋੜੀ ਆਪਣਾ ਪਤਾ ਟਿਕਾਣਾ ਤਾਂ ਬਦਲਦੀ ਰਹਿੰਦੀ ਹੈ ਪਰ ਉਸਦੀ ਯਾਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਨਹੀਂ ਭੁਲਦੀ। ਉਸਦੇ ਪਰਲੋਕ ਸਿਧਾਰਨ ਜਾਂ ਜਨਮ ਦਿਨ ਨੂੰ ਆਧਾਰ ਬਣਾ ਕੇ। ਹੁਣ ਜਦੋਂ ਕਿ ਉਨ੍ਹਾਂ ਨੇ ਆਪਣਾ ਪੱਕਾ ਟਿਕਾਣਾ ਮੁਹਾਲੀ ਦੇ 70 ਸੈਕਟਰ ਵਿਚ ਬਣਾ ਲਿਆ ਹੈ ਤਾਂ ਉਥੇ ਇਲਾਕਾ ਨਿਵਾਸੀਆਂ ਨੂੰ ਐਕਟਿੰਗ ਵੀ ਸਿਖਾਉਂਦੇ ਹਨ ਅਤੇ ਗੁਰਸ਼ਰਨ ਸਿੰਘ ਸਮੇਤ ਉਸਦੇ ਸਾਥੀਆਂ



ਗੁਰਸ਼ਰਨ ਸਿੰਘ

ਜੋਗਿੰਦਰ ਬਾਹਰਲਾ ਤੇ ਦੇਬੀ ਮਖਸੂਸਪੁਰੀ ਨੂੰ ਵੀ ਚੇਤੇ ਕਰਦੇ ਹਨ। ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਗੁਰਸ਼ਰਨ ਸਿੰਘ ਨਾਟ ਉਸਤਵ ਮਨਾਉਣ ਦਾ ਐਲਾਨ ਤਾਂ ਡੇਢ ਮਹੀਨਾ ਪਹਿਲਾਂ ਹੀ ਕਰ ਚੁੱਕੇ ਹਨ। ਉਸਦੀ ਬੇਟੀ ਅਰੀਤ ਤਾਂ ਅੱਖਾਂ ਦੇ ਮਰੀਜ਼ ਦੇਖਦੀ ਹੈ ਪਰ ਅਨੀਤਾ ਤੇ ਸਬਦੀਸ਼ ਗੁਰਸ਼ਰਨ ਸਿੰਘ ਦੀ ਮਸ਼ਾਲ ਨੂੰ ਬਾਲੀ ਰਖਣਾ ਨਹੀਂ ਭੁਲਦੇ। ਚੇਲੇ ਹੋਣ ਤਾਂ ਇਹੋ ਜਿਹੇ।

**ਪੰਜਾਬੀ ਕਾਵਿ ਅੰਗਰੇਜ਼ੀ ਭਾਸ਼ਾ**

ਨਿੱਕ ਸੁੱਕ ਦੇ ਵਿਹੜੇ ਮਦਨ ਵੀਰਾ ਦੀਆਂ ਚੋਣਵੀਆਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਪਹੁੰਚਣਾ ਇੱਕ ਨਵੀਂ ਗੱਲ ਹੈ। ਤ੍ਰਲੋਕ ਚੰਦ ਘਈ ਦਾ ਉੱਦਮ ਬਹੁਤ ਕੁਝ ਕਹਿੰਦਾ ਹੈ। ਦੱਬੇ ਕੁਚਲਿਆਂ ਦਾ ਬਿਰਤਾਂਤ ਵੀ ਤੇ ਪੰਜਾਬੀ ਭਾਸ਼ਾ ਦਾ ਵਿਸਤਾਰ ਵੀ। ਭਾਖਿਆ (2001), ਨਾਬਰਾਂ ਦੀ ਇਬਾਰਤ (2009), ਤੰਦ ਤਾਣੀ (2011), ਖਾਰਾ ਪਾਣੀ (2013) ਤੇ ਘੇਰੇ ਤੋਂ ਬਾਹਰ (2022) ਤੱਕ ਦਾ ਸਫਰ। ਇਹ ਅਨੁਵਾਦ ਮੂਲ ਲੇਖਕ ਦੀ ਪੈੜ ਵੀ ਨੱਪਦਾ ਹੈ ਤੇ ਉਡਾਰੀ ਵੀ ਸਿਆਣਦਾ ਹੈ। ਰਚਨਾਕਾਰੀ ਵਿਚ ਸੁਹਜ, ਸੁੰਦਰਤਾ ਤੇ ਸਹਿਜ ਹੈ। ਇਸਨੂੰ ਮਾਤ ਭਾਸ਼ਾ ਤੋਂ ਬਾਹਰ ਦੀ ਭਾਸ਼ਾ ਵਿਚ ਪਰੋਣਾ ਸੌਖਾ ਤਾਂ ਨਹੀਂ ਪਰ ਅਨੁਵਾਦਕ ਨੇ ਕੀਤਾ ਜ਼ਰੂਰ ਹੈ। ਸਵਾਗਤ ਕਰਨਾ ਬਣਦਾ ਹੈ। ਹੁਸ਼ਿਆਰਪੁਰੀਆਂ ਦੀ ਸਰ ਜ਼ਮੀਂ ਕਹਿ ਕੇ!

ਅੰਤਿਕਾ

ਵਨੀਤਾ ਦੀ 'ਮੁਰਕੀਆਂ ਵਿਚੋਂ'॥
ਕੀ ਹੋਇਆ ਜੇ ਕੈਂਚੀ ਹੈਂ ਤੂੰ
ਜਾਣਦੀ ਕੱਟਣਾ ਕਟਾਉਣਾ।
ਸੂਈ ਧਾਗਾ ਹਾਂ ਮੈਂ ਵੀ
ਜਾਣਦੀ ਸਿਊਣ ਸਿਵਾਉਣਾ।

# "ਦੇ ਕੇ ਰਖੀਏ ਲਗਾਮ ਜ਼ੁਬਾਨ ਨੂੰ"

ਵਿਅੰਗ

ਜਿਨ੍ਹਾਂ ਲੋਕਾਂ ਦੀ ਜ਼ੁਬਾਨ ਨੂੰ ਜੁਲਾਬ ਲੱਗੇ ਰਹਿੰਦੇ ਹਨ ਜਾਂ ਜਿਨ੍ਹਾਂ ਦੀ ਜੀਭ ਗਿੱਠ ਭਰ ਲੰਮੀ ਹੁੰਦੀ ਹੈ, ਉਨ੍ਹਾਂ ਨੂੰ ਆਪਣੀ ਜ਼ੁਬਾਨ ਨੂੰ ਲਗਾਮ ਦੇਣ, ਜੀਭ 'ਤੇ ਜੰਦਰਾ ਮਾਰ ਕੇ ਜਾਂ ਜੀਭ ਸੰਭਾਲ ਕੇ ਰੱਖਣ ਦੀ ਲੋਹੜੇ ਦੀ ਲੋੜ ਹੁੰਦੀ ਹੈ। ਕਈ ਲੋਕਾਂ ਦੀ ਤਾਂ ਜੀਭ ਸੁਕਦੀ ਹੀ ਨਹੀਂ ਅਤੇ ਕਈਆਂ ਦੀ ਜੀਭ ਖੁੱਲ੍ਹੀ ਹੀ ਰਹਿੰਦੀ ਹੈ। ਅਜਿਹੇ ਸੱਜਣਾਂ/ ਸੱਜਣੀਆਂ ਨੂੰ ਅੰਗਰੇਜ਼ੀ ਵਾਲੇ 'ਮੋਟਰ-ਮਾਊਥ' (ਜਿਨ੍ਹਾਂ ਦੇ ਮੂੰਹ ਨੂੰ ਮੋਟਰ ਲੱਗੀ ਹੋਵੇ) ਜਾਂ 'ਲੂਜ਼-ਟੰਗ' (ਢਿੱਲੀ ਜ਼ੁਬਾਨ ਵਾਲੇ) ਕਹਿੰਦੇ ਹਨ।



ਕਈਆਂ ਦੀ ਜ਼ੁਬਾਨ ਕਾਲੀ ਹੁੰਦੀ ਹੈ। ਭਾਵੇਂ ਰੰਗ ਉਨ੍ਹਾਂ ਦੀ ਜੀਭ ਦਾ ਵੀ ਆਮ ਜੀਭਾਂ ਵਰਗਾ ਹੀ ਹੁੰਦੈ ਪਰ ਉਹ ਜੋ ਵੀ ਭੈੜਾ ਬੋਲਣਗੇ (ਤੇ ਉਹ ਸਦਾ ਭੈੜਾ ਈ ਬੋਲਦੇ ਹਨ) ਉਹ ਕਈ ਵਾਰ ਸੱਚ ਸਾਬਤ ਹੋ ਜਾਂਦੈ (ਮੰਨਿਆਂ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਇਵੇਂ ਈ ਜਾਂਦੈ)। ਅਜਿਹੇ ਕਾਲੀ ਜੀਭ ਵਾਲਿਆਂ ਤੋਂ ਤਾਂ ਕਾਲ-ਕਲੂਟਾ ਤੇ ਮੂਧੇ ਤਵੇ ਵਰਗਾ 'ਸੁੰਦਰ' ਬੰਦਾ ਵੀ ਕੰਨੀਂ ਕਤਰਾ ਕੇ ਜਾਂ ਅੱਖ ਬਚਾ ਕੇ ਲੰਘ ਜਾਣਾ ਬਿਹਤਰ ਸਮਝੇਗਾ।

ਸਿਆਣੇ ਕਹਿੰਦੇ ਹਨ ਕਿ ਮੰਦਾ ਬੋਲ ਨਾ ਬੋਲੀਏ ਕਰਤਾਰੋਂ ਡਰੀਏ! ਪਰ ਜਿਨ੍ਹਾਂ ਦੀ ਜੀਭ ਨੂੰ ਖੁਜਲੀ ਹੁੰਦੀ ਰਹਿੰਦੀ ਹੈ ਉਹ ਭਲਾ ਸਿਆਣਿਆਂ ਦੀ ਕਦ ਸੁਣਦੇ ਹਨ? ਆਹ ਦੇਖ ਲਓ ਬੀਬੀ ਕੰਗਣਾ ਰਣੌਤ ਨੂੰ। ਹਰ ਚੜ੍ਹੇ ਸੂਰਜ ਕੋਈ ਨਾ ਕੋਈ ਬੇਹੂਦਾ ਬਿਆਨ ਦਾਗਦੀ ਰਹਿੰਦੀ ਹੈ। ਬੋਲਣ ਵੇਲੇ ਉਸ ਨੂੰ ਭੁੱਲ ਹੀ ਜਾਂਦਾ ਹੈ ਕਿ ਉਹ ਹੁਣ ਭਾਜਪਾ ਦੀ ਸਾਂਸਦ ਹੈ ਨਾ ਕਿ ਫਿਲਮ ਸਟਾਰ। ਕਦੀ ਪੰਜਾਬੀਆਂ, ਖਾਸ ਕਰਕੇ ਸਿੱਖਾਂ ਵਿਰੁਧ ਜ਼ਹਿਰ ਉਗਲਦੀ ਰਹਿੰਦੀ ਹੈ ਤੇ ਕਦੀ ਸੰਘਰਸ਼ ਕਰ ਰਹੇ ਕਿਸਾਨਾਂ ਵਿਰੁੱਧ। ਪ੍ਰਧਾਨ ਮੰਤਰੀ ਵਲੋਂ 3 ਵਿਵਾਦਪੂਰਨ ਖੇਤੀ ਕਾਨੂੰਨ ਵਾਪਸ ਲੈਣ ਉਪਰੰਤ ਵੀ ਕੰਗਣਾ ਨੇ ਇਨ੍ਹਾਂ ਕਾਨੂੰਨਾਂ ਨੂੰ ਫਿਰ ਤੋਂ ਲਾਗੂ ਕੀਤੇ ਜਾਣ ਦੀ ਸਲਾਹ ਦਿੱਤੀ ਹੈ।

ਹਰਿਆਣੇ ਵਿਚ ਵਿਧਾਨ ਸਭਾ ਦੀਆਂ ਚੋਣਾਂ ਲਈ ਹੋ ਰਹੇ ਚੋਣ-ਪ੍ਰਚਾਰ ਦੀ ਚਰਮ ਸੀਮਾ ਸਮੇਂ ਦਿੱਤੇ ਇਸ ਸੁਝਾਅ ਨੇ ਭਾਜਪਾ ਨੂੰ ਕਸੂਤੀ ਸਥਿਤੀ ਵਿਚ ਫਸਾ ਦਿਤਾ। ਪਾਰਟੀ ਦੇ ਹਰਿਆਣਾ ਇਕਾਈ ਅਤੇ ਕਈ ਹੋਰ ਨੇਤਾਵਾਂ ਵਲੋਂ ਇਸ ਬਿਆਨ ਤੋਂ ਕਿਨਾਰਾ ਕਰਨ ਮਗਰੋਂ ਸ਼ਾਇਦ ਕੰਗਣਾ ਨੂੰ ਹਾਈ ਕਮਾਂਡ ਤੋਂ ਕੋਈ ਝਾੜ ਪਈ ਕਿ ਉਸ ਨੇ ਨਾ ਸਿਰਫ ਆਪਣਾ ਬਿਆਨ ਹੀ ਵਾਪਸ ਲਿਆ ਸਗੋਂ ਇਸ ਉਪਰ 'ਖੇਦ' ਵੀ ਪ੍ਰਗਟਾਇਆ।

ਕੀ ਸੱਚੀਂ-ਮੁੱਚੀਂ ਕੰਗਣਾ ਨੂੰ ਖੇਦ ਹੈ? ਕੀ ਉਸ ਦੇ ਬਿਆਨ ਭਾਜਪਾ ਦੀ ਮਰਜ਼ੀ ਤੋਂ ਬਿਨਾਂ ਹੀ ਦਿੱਤੇ ਜਾ ਰਹੇ ਹਨ? ਜਾਂ ਫਿਰ ਭਾਜਪਾ ਆਪਣੇ ਬੜਬੋਲੇ ਨੇਤਾਵਾਂ ਤੋਂ ਵਿਵਾਦਪੂਰਨ ਬਿਆਨ ਦਿਵਾ ਕੇ ਵਹਿੰਦੇ ਪਾਣੀਆਂ ਦੀ ਗਹਿਰਾਈ ਮਾਪਣਾ ਚਾਹੁੰਦੀ ਹੈ? ਜੇ ਵਿਰੋਧ ਹੋਇਆ ਤਾਂ ਬਿਆਨ ਤੋਂ ਕਿਨਾਰਾ ਕਰ ਲਓ ਨਹੀਂ ਤਾਂ ਲੋਕਾਂ 'ਚ ਵੰਡੀਆਂ ਪਾਉਣ ਦੀ ਸਿਆਸਤ ਗਰਮਾਈ ਰੱਖੋ।

ਕੰਗਣਾ ਤਾਂ ਚਲੋ ਕੰਗਣਾ ਹੋਈ ਪਰ ਕਰਨਾਟਕਾ ਹਾਈ ਕੋਰਟ ਦੇ ਇੱਕ ਜੱਜ ਦੀ ਜ਼ਬਾਨ ਨੂੰ ਵੀ ਖਾਰਸ਼ ਹੋ ਗਈ! ਜਸਟਿਸ ਸ੍ਰੀਸ਼ਾਨੰਦਾ ਨੇ ਬੈਂਗਲੂਰੂ ਦੇ ਇਕ ਮੁਸਲਿਮ ਮੈਜੋਰਿਟੀ ਵਾਲੇ ਇਲਾਕੇ ਨੂੰ 'ਪਾਕਿਸਤਾਨ' ਕਹਿ ਮਾਰਿਆ ਅਤੇ ਇੱਕ ਮਹਿਲਾ ਵਕੀਲ ਨਾਲ ਬਹੁਤ ਹੀ ਇਤਰਾਜ਼ਯੋਗ ਲਹਿਜ਼ੇ 'ਚ ਪੇਸ਼ ਆਏ।



ਬੇਸ਼ੱਕ ਜੱਜ ਨੇ ਬਾਅਦ 'ਚ ਮੁਆਫੀ ਵੀ ਮੰਗ ਲਈ ਪਰ ਦੇਸ਼ ਦੀ ਸਰਬਉੱਚ ਅਦਾਲਤ ਨੇ ਇਸ ਦਾ ਗੰਭੀਰ ਨੋਟਿਸ ਲਿਆ। ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਇੱਕ ਪੰਜ-ਮੈਂਬਰੀ ਡਿਵਿਜ਼ਨ ਬੈਂਚ ਨੇ ਸਾਫ ਸ਼ਬਦਾਂ ਵਿਚ ਕਿਹਾ ਕਿ "ਨਿਆਂਕਾਰੀ (ਜੱਜਿੰਗ) ਦਾ ਦਿਲ ਅਤੇ ਆਤਮਾ ਵਿਚ ਨਿਰਪੱਖਤਾ ਅਤੇ ਨਿਆਂਪੂਰਨਤਾ ਅੱਤ ਲੁੜੀਂਦੀਆਂ ਹਨ"। ਬੈਂਗਲੂਰੂ ਦੇ ਮੁਸਲਿਮ ਬਹੁਮਤ ਵਾਲੇ ਇਲਾਕੇ ਨੂੰ ਪਾਕਿਸਤਾਨ ਕਹਿਣ ਨੂੰ 'ਸੰਵਿਧਾਨ ਤਹਿਤ ਅਸਲੋਂ ਹੀ ਗਲਤ' ਕਰਾਰ ਦਿਤਾ ਕਿਉਂਕਿ ਇਹ ਦੇਸ਼ ਦੀ ਪ੍ਰਭੂਸੱਤਾ ਤੇ ਇਲਾਕਾਈ ਅਖੰਡਤਾ ਦੇ ਵਿਰੁੱਧ ਹੈ। ਬੈਂਚ ਨੇ ਜੱਜਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਨਿਆਂ-ਪ੍ਰਣਾਲੀ ਦੀਆਂ ਲਾਈਵ-ਸਟ੍ਰੀਮ ਕਾਰਵਾਈਆਂ ਸਮੇਂ ਅਜਿਹੀਆਂ 'ਕੈਯੂਅਲ' ਟਿੱਪਣੀਆਂ ਨਾ ਕਰਨ ਜਿਨ੍ਹਾਂ 'ਚ ਫਿਰਕੂ ਜਾਂ ਲਿੰਗ ਪੱਖਪਾਤ ਜਾਂ ਜਨ-ਬੇਜ਼ਾਰੀ' ਦਾ ਪ੍ਰਭਾਵ ਪੈਂਦਾ ਹੋਵੇ। ਇਸ ਬੈਂਚ ਦੇ ਹੋਰ ਮੈਂਬਰਾਂ ਵਿਚ ਜਸਟਿਸਜ਼ ਸੰਜੀਵ ਖੰਨਾ, ਬੀ.ਆਰ. ਗਵਈ, ਸੂਰਯਾ ਕਾਂਤ, ਰਿਸ਼ੀਕੇਸ਼ ਰੌਇ ਸ਼ਾਮਲ ਸਨ। ਬੈਂਚ ਨੇ ਕਰਨਾਟਕਾ ਦੇ ਜੱਜ ਦੀਆਂ ਟਿੱਪਣੀਆਂ ਉਪਰ ਆਪ ਹੀ ਨੋਟਿਸ ਲਿਆ ਸੀ ਅਤੇ 25 ਸਤੰਬਰ ਨੂੰ ਇਸ ਬਾਰੇ ਆਪਣੀ ਰੂਲਿੰਗ ਦਿੱਤੀ ਸੀ।

ਖੈਰ, ਇਹ ਤਾਂ ਸੀ ਦੋ ਬੇਤੁਕੇ ਬਿਆਨਾਂ/ਟਿੱਪਣੀਆਂ ਜਿਨ੍ਹਾਂ ਲਈ ਜ਼ਿੰਮੇਵਾਰ ਵਿਅਕਤੀਆਂ ਨੇ ਮੁਆਫੀ ਮੰਗ ਲਈ। ਪਰ ਮਹਾਰਾਸ਼ਟਰ ਦੇ ਇੱਕ ਵਿਧਾਇਕ ਨੇ ਕਾਂਗਰਸੀ ਨੇਤਾ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੀ ਜ਼ਬਾਨ ਵੱਢਣ ਵਾਲੇ ਨੂੰ 11 ਲੱਖ ਦਾ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਹੈ। ਸ਼ਿਵ ਸੇਨਾ ਦੇ ਇਸ ਵਿਧਾਇਕ ਸੰਜੇ ਗਾਇਕਵਾੜ ਨੇ ਮੁਆਫੀ ਤਾਂ ਕੀ ਮੰਗਣੀ ਸੀ ਸਗੋਂ ਕਾਂਗਰਸ ਵਿਰੁੱਧ ਬੜੀ ਹੀ ਅਪਮਾਨਜਨਕ ਭਾਸ਼ਾ ਦਾ ਇਸਤੇਮਾਲ ਕੀਤਾ। ਕਾਂਗਰਸ ਪ੍ਰਧਾਨ ਮਲਿਕ ਅਰਜੁਨ ਖੜਗੇ ਵਲੋਂ ਪ੍ਰਧਾਨ ਮੰਤਰੀ ਨੂੰ ਲਿਖ ਕੇ ਭੇਜਿਆ ਗਿਆ ਕਿ ਉਹ ਆਪਣੇ ਸਹਿਯੋਗੀ ਦਲਾਂ ਦੇ ਵਿਧਾਇਕਾਂ ਨੂੰ ਜ਼ਬਾਨ ਸੰਭਾਲ ਕੇ ਬੋਲਣ ਲਈ ਕਹਿਣ ਪਰ ਇਸ ਦਾ ਨਤੀਜਾ 'ਢਾਕ ਕੇ ਤੀਨ ਪਾਤ' ਹੀ ਨਿਕਲਿਆ।

ਜਦ ਤੋਂ ਰਾਹੁਲ ਗਾਂਧੀ ਨੇ ਆਪਣੇ ਅਮਰੀਕਾ ਦੌਰੇ ਵੇਲੇ ਭਾਰਤ ਵਿਚ ਭਾਜਪਾ ਵਲੋਂ ਸਿੱਖ-ਵਿਰੋਧੀ ਹੋਣ ਦੀਆਂ ਉਦਾਹਰਨਾਂ ਦਿੱਤੀਆਂ ਹਨ ਉਦੋਂ ਤੋਂ ਹੀ ਭਾਜਪਾਈਆਂ ਨੂੰ ਮਿਰਚਾਂ ਲਗੀਆਂ ਹੋਈਆਂ ਹਨ। ਰੋਸ-ਮੁਜ਼ਾਹਰਿਆਂ, ਭਾਜਪਾ-ਪੱਖੀ ਸਿੱਖਾਂ ਵਲੋਂ ਆਪਣੇ ਹੱਕ ਵਿਚ ਬਿਆਨਾਂ ਤੋਂ ਇਲਾਵਾ ਉਪਰੋਕਤ ਵਿਧਾਇਕ ਵਲੋਂ ਰਾਹੁਲ ਗਾਂਧੀ ਦੀ ਜੀਭ ਕੱਟਣ ਵਾਲੇ ਨੂੰ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ।

(ਇੱਥੇ ਅਸੀਂ ਕਾਂਗਰਸ ਦਾ ਪੱਖ ਨਹੀਂ ਪੂਰ ਰਹੇ ਕਿਉਂਕਿ ਕਾਂਗਰਸ ਉਪਰ ਸਾਕਾ ਨੀਲਾ ਤਾਰਾ ਅਤੇ ਸਿੱਖ ਨਸਲਕੁਸ਼ੀ ਦੇ ਅਮਿੱਟ ਅਤੇ ਅਭੁੱਲ ਕਲੰਕ ਲੱਗੇ ਹੋਏ ਹਨ।)

ਜੀਭ ਹੈ ਤਾਂ ਡੇਢ ਕੁ ਇੰਚੀ ਮਾਸ ਦਾ ਟੁਕੜਾ ਜਿਸ ਵਿਚ ਕੋਈ ਹੱਡੀ ਨਹੀਂ ਹੁੰਦੀ ਪਰ ਇਹ ਹੱਡੀਆਂ ਤੁੜਵਾ ਸਕਦੀ ਹੈ। ਬੜੀ ਚਤੁਰ ਹੈ, ਬੱਤੀ ਕੈਂਚੀਆਂ (ਦੰਦਾਂ) ਵਿਚਾਲੇ ਟਰਰ-ਟਰਰ ਕਰਦੀ ਰਹਿੰਦੀ ਹੈ ਪਰ ਕਦੀ ਦਾੜ ਹੇਠ ਨਹੀਂ ਆਉਂਦੀ!

ਜੀਭ ਸ਼ਬਦ ਦਾ ਮੂਲ ਸੰਸਕ੍ਰਿਤ ਦਾ 'ਜਿਹਬਾ' ਹੈ-'ਜਿਹਵਾ ਏਕੁ ਕਵਨ ਗੁਨ ਕਹੀਐ॥' (ਸ.ਗ.ਗ.ਸ.ਅੰਗ 674)। ਜੀਭ, ਜੀਭਾ, ਜਿਹਵ, ਜਿਹਵਾ, ਜਿਹਬਾ ਸਭ ਸਮਾਨਅਰਥੀ ਸ਼ਬਦ ਹਨ। ਜ਼ੁਬਾਂ, ਜ਼ੁਬਾਨ, ਰਸਨਾ ਸ਼ਬਦ ਵੀ ਵਰਤੇ ਜਾਂਦੇ ਹਨ-"ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥' (ਅੰਗ 921)

ਜੀਭ ਨੂੰ ਅੰਗਰੇਜ਼ੀ ਵਿਚ 'ਟੰਗ' ਕਹਿੰਦੇ ਹਨ। ਇਹ ਮਿਡਲ ਇੰਗਲਿਸ਼ ਦੇ 'ਟੌਂਗੇ, ਟੌਂਗੇ, ਟੁੰਗ' ਤੋਂ ਓਲਡ ਇੰਗਲਿਸ਼ ਦੇ 'ਟੁੰਗੇ' ਅਤੇ ਪਰੋਟੋ-ਜਰਮੈਨਿਕ ਦੇ 'ਟੁੰਗੋ' ਤੋਂ ਹੁੰਦਾ ਹੋਇਆ ਆਪਣੇ ਮੌਜੂਦਾ ਰੂਪ ਤਕ ਅੱਪੜਿਆ।

ਦਰਅਸਲ ਇਸ ਦੀ ਜੜ੍ਹ ਲਾਤੀਨੀ ਭਾਸ਼ਾ ਦੇ ਸ਼ਬਦ 'ਲਿੰਗੁਆ' 'ਚ ਹੈ ਜਿਸ ਦਾ ਅਰਥ 'ਲੈਂਗੁਏਜ' ਭਾਵ ਭਾਸ਼ਾ, ਬੋਲੀ ਹੁੰਦੈ। ਇਸ ਲਈ ਹੀ ਮਾਂ-ਬੋਲੀ ਨੂੰ 'ਮਦਰ-ਟੰਗ' ਕਹਿੰਦੇ ਹਨ।

ਜੀਭ ਬੋਲਣ, ਸਵਾਦ/ਰਸ ਚੱਖਣ, ਬੋਲਣ ਵਿਧੀ, ਸ਼ਬਦਾਂ ਦੇ ਸ਼ੁੱਧ/ਸਪੱਸ਼ਟ ਉਚਾਰਨ ਦਾ ਮੁੱਖ ਅੰਗ ਹੈ। ਇਹ ਭੋਜਨ ਅੰਦਰ ਲੰਘਾਉਣ ਲਈ ਵੀ ਮਦਦਗਾਰ ਹੁੰਦੀ ਹੈ। ਇਸ ਦਾ ਅਰਥ ਲੋਕਾਂ ਦੀ ਬੋਲੀ ਵੀ ਹੈ।

ਜੀਭ/ਜ਼ੁਬਾਨ ਨਾਲ ਅਨੇਕਾਂ ਮੁਹਾਵਰੇ ਜੁੜੇ ਹਨ। ਕੁਝ ਕੁ ਪਹਿਲਾਂ ਵਰਤੇ ਗਏ ਹਨ, ਕੁਝ ਕੁ ਹੋਰ ਪੜ੍ਹੋ-ਜੀਭ ਸੜ ਜਾਏ, ਬੇਲਗਾਮ ਜ਼ੁਬਾਨ, ਜ਼ੁਬਾਨ ਦਾ ਰਸ, ਕੌੜੀ ਜ਼ੁਬਾਨ, ਜੀਭ ਉਤਰਨੀ, ਜੀਭ ਸਲੂਣੀ ਰਖਣੀ, ਜੀਭ ਦਾ ਸੁਆਦ, ਜੀਭ ਖੁੱਲ੍ਹਣੀ, ਜੀਭ ਗੰਦੀ ਕਰਨੀ, ਜੀਭ ਟੁੱਕੀ ਜਾਣੀ, ਜੀਭ 'ਤੇ ਮੋਹਰ ਲਾਉਣੀ, ਜੀਭ 'ਤੇ ਲਿਆਉਣਾ, ਜੀਭ ਦਾ ਚਸਕਾ ਹੋਣਾ, ਜੀਭ ਦੰਦਾਂ ਹੇਠ ਦੇਣੀ, ਜੀਭ ਨਾ ਸੁੱਕਣੀ, ਜੀਭ ਨੇ ਸਾਥ ਨਾ ਦੇਣਾ, ਜੀਭ ਲਮਕਾਉਣੀ, ਜੀਭੋਂ ਹੇਠ ਲੱਥਾ, ਜਿਹਾ ਕੌੜਾ ਤਿਹਾ ਮਿਠਾ ਆਦਿ।

ਮਹਾਨਕੋਸ਼ ਵਿਚ 'ਬੇਤਾਲ-ਵਿਕ੍ਰਮ' ਦੇ ਹਵਾਲੇ ਨਾਲ ਹੇਠਲਾ ਕਾਵਿ-ਟੁਕੜਾ ਦਰਜ ਹੈ-

"ਜੀਭ ਯੋਗ ਅਰੁ ਭੋਗ ਜੀਭ ਸਭ ਰੋਗ ਬਢਾਵੈ,
ਜੀਭ ਕਰੈ ਉਦਯੋਗ ਜੀਭ ਲੈ ਕੈਦ ਕਰਾਵੈ,
ਜੀਭ ਸਵਰਗ ਲੈ ਜਾਇ ਜੀਭ ਸਭ ਨਰਕ ਦਿਖਾਵੈ,
ਜੀਭ ਮਿਲਾਵੈ ਰਾਮ ਜੀਭ ਸਭ ਦੇਹ ਧਰਾਵੈ,
ਜੀਭ ਓਠ ਇਕਤ੍ਰ ਕਰ ਬਾਟ ਸਿਹਾਰੇ ਤੋਲਿਯੇ,
"ਬੈਤਾਲ" ਕਹੈ 'ਵਿਕ੍ਰਮ ਸੁਨੋ! ਜੀਭ ਸੰਭਾਰੇ ਬੋਲਿਯੇ"।

ਗੁਰਬਾਣੀ ਵਿਚ ਜੀਭ/ਰਸਨਾ ਬਾਰੇ ਕਈ ਟੂਕਾਂ ਹਨ। ਉਦਾਹਰਨ ਵਜੋਂ ਦੋ ਪੇਸ਼ ਹਨ-

"ਜੀਭ ਰਸਾਇਣਿ ਸਾਚੈ ਰਾਤੀ"॥ (ਅੰਗ 1023) ਅਤੇ
"ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ"॥(ਅੰਗ 1364)

ਕਈਆਂ ਨੂੰ ਬੇਤੁਕਾ ਬੋਲਣ ਦੀ ਬੀਮਾਰੀ ਹੁੰਦੀ ਹੈ ਤੇ ਕਈਆਂ ਨੂੰ ਦੁੰਨ-ਵੱਟਾ ਬਣ ਕੇ ਬੈਠੇ ਰਹਿਣ ਦੀ। ਕਈਆਂ ਦੇ ਬੋਲਣ ਉੱਪਰ ਹਕੂਮਤਾਂ ਜਾਂ ਧਾਡੇ ਲੋਕ ਰੁਕਾਵਟਾਂ ਲਾ ਦਿੰਦੇ ਹਨ। ਇਸ ਲਈ ਹੀ ਤਾਂ ਡਾ. ਇਕਬਾਲ ਪੁੱਛਦੈ-"ਯੇ ਦਸਤੂਰ-ਏ-ਜ਼ੁਬਾਂ ਬੰਦੀ ਹੈ ਕੈਸਾ ਤੇਰੀ ਮਹਿਫਲ ਮੇਂ/ਯਹਾਂ ਤੋ ਬਾਤ ਕਰਨੇ ਕੋ ਤਰਸਤੀ ਹੈ ਜ਼ੁਬਾਂ ਮੇਰੀ"।

ਜਿਥੇ ਸੱਚ ਬੋਲਣ 'ਤੇ ਪਾਬੰਦੀ ਹੋਵੇ ਓਥੇ ਹਰ ਹਾਲਤ 'ਚ ਬੋਲਣਾ ਚਾਹੀਦੈ। ਫੈਜ਼ ਅਹਿਮਦ ਫੈਜ਼ ਨੇ ਖੂਬ ਕਿਹੈ-"ਬੋਲ ਕਿ ਲਬ ਆਜ਼ਾਦ ਹੈਂ ਤੇਰੇ/ਬੋਲ ਜ਼ੁਬਾਂ ਅਬ ਤੇਰੀ ਹੈ..."।

ਪਰ ਝੱਖਾਂ ਨਹੀਂ ਮਾਰਨੀਆਂ ਚਾਹੀਦੀਆਂ। ਗੁਰਬਾਣੀ ਬਕੜਵਾਹ ਕਰਨ, ਫਜ਼ੂਲ ਜਾਂ ਫਾਲਤੂ ਬੋਲਣ ਤੋਂ ਵਰਜਦੀ ਹੈ-"ਕਬੀਰ ਝੰਖ ਨ ਝੰਖੀਐ ਤੁਮਰੋ ਕਹਿਓ ਨ ਹੋਇ"॥ (ਅੰਗ 1366)

ਮੂਰਖਾਂ ਨਾਲ ਮਸ਼ਕਰੀਆਂ ਦਾ ਕੀ ਫਾਇਦਾ? "ਮੂਰਖੈ ਨਾਲਿ ਨ ਲੁਝੀਐ"(ਅੰਗ 473) ਕਿਉਂਕਿ "ਮੂਰਖ ਨਾਲਿ ਚੰਗੇਰੀ ਚੁਪਾ॥"(ਭਾ.ਗੁ.)।

ਪਰ 'ਤੋਲ ਮੋਲ ਦੇ ਬੋਲ' ਭਲੇ! ਸਿਆਣੇ ਕਹਿੰਦੇ ਹਨ ਕਿ ਛਲਾਂਗ ਲਾਉਣ ਤੋਂ ਪਹਿਲਾਂ ਦੇਖੋ ਅਤੇ ਬੋਲਣ ਤੋਂ ਪਹਿਲਾਂ ਸੋਚੋ! ਬੇਤੁਕੀਆਂ ਕਾਰਨ ਮਾਫੀਆਂ ਮੰਗਣੀਆਂ ਪੈਂਦੀਆਂ। ਇਸ ਲਈ ਸੱਜਣੋਂ ਅਤੇ ਸੱਜਣੀਉਂ, ਮੇਰਾ ਮੁਫਤ ਦਾ ਮਸ਼ਵਰਾ ਮੰਨੋ ਕਿ-

"ਜੇ ਰਖੀਏ ਜ਼ੁਬਾਨ ਉਤੇ ਕਾਬੂ,
ਮਾਫੀਆਂ ਨਾ ਮੰਗਣੀਆਂ ਪੈਣ"!

# ਨਿਰਾਸ਼ ਨਹੀਂ ਕਰਦੀ ਫਿਲਮ 'ਸੁੱਚਾ ਸੂਰਮਾ'

*'ਸੁੱਚਾ ਸੂਰਮਾ' ਬੇਸ਼ਕ ਬੱਬੂ ਮਾਨ ਦੇ ਕਰੀਅਰ ਦੀ ਮਹੱਤਵਪੂਰਨ ਫਿਲਮ ਦੇ ਤੌਰ 'ਤੇ ਯਾਦ ਕੀਤੀ ਜਾਵੇਗੀ। ਉਹ ਸ਼ਾਇਦ ਅਭਿਨੇਤਾ ਦੇ ਤੌਰ 'ਤੇ ਆਪਣੀ ਸਭ ਤੋਂ ਵਧੀਆ ਕਾਰਜਕਾਰੀ ਵਾਲੀ ਭੂਮਿਕਾ ਵਿਚ ਵੀ ਹਨ। ਕਹਾਣੀ ਦਾ ਕਿਰਦਾਰ ਉਨ੍ਹਾਂ ਲਈ ਢੁਕਵਾਂ ਸੀ, ਫਿਰ ਵੀ ਉਹ ਉਸ ਪੱਧਰ 'ਤੇ ਨਹੀਂ ਜਾ ਸਕੇ ਜਦੋਂ ਦਰਸ਼ਕ ਪਰਦੇ ਉੱਤੇ ਸੁੱਚੇ ਦੇ ਕਿਰਦਾਰ ਨੂੰ ਦੇਖਦਿਆਂ ਬੱਬੂ ਮਾਨ ਨੂੰ ਭੁੱਲ ਜਾਣ; ਉਨ੍ਹਾਂ ਨੂੰ ਸਿਰਫ ਸੁੱਚਾ ਯਾਦ ਰਹਿ ਜਾਵੇ। ਫਿਰ ਵੀ ਉਹਨੇ ਬਿਹਤਰੀਨ ਕੰਮ ਕੀਤਾ ਹੈ। ਹਾਲਾਤ ਅਨੁਸਾਰ ਹਾਵ-ਭਾਵ ਬਦਲੇ ਹੋਏ ਨਜ਼ਰ ਆਉਂਦੇ ਹਨ। ਸ਼ਾਇਦ ਮਸ਼ਹੂਰ ਗਾਇਕ ਵਜੋਂ ਉਨ੍ਹਾਂ ਦਾ ਵੱਡਾ ਰੁਤਬਾ ਵੀ ਇਕ ਕਾਰਨ ਹੋਵੇ ਕਿ ਸਕਰੀਨ ਉੱਤੇ ਸੁੱਚਾ ਸੂਰਮਾ ਉਪਰ ਬੱਬੂ ਮਾਨ ਭਾਰੀ ਦਿਖਾਈ ਦਿੰਦਾ ਹੋਵੇ।*

'ਮੌੜ' ਅਜਿਹੀ ਫਿਲਮ ਸੀ ਜਿਸ ਨੂੰ ਆਲੋਚਕਾਂ ਨੇ ਵੀ ਸਰਾਹਿਆ ਤੇ ਇਹ ਕਮਾਈ ਪੱਖ ਤੋਂ ਵੀ ਕਾਮਯਾਬ ਸੀ; ਅਜਿਹਾ ਸਿਨੇਮਾ ਜਿਸ ਅੰਦਰ ਮਿਹਨਤ ਬੋਲਦੀ ਸੀ। ਸੂਖਮ ਚੀਜ਼ਾਂ ਵੱਲ ਪੂਰਾ ਧਿਆਨ ਦਿੱਤਾ ਗਿਆ ਸੀ ਜਿਨ੍ਹਾਂ ਬਾਰੇ ਪੰਜਾਬੀ ਸਿਨੇਮਾ ਵਿਚ ਜ਼ਿਆਦਾ ਨਹੀਂ ਸੀ ਸੋਚਿਆ ਜਾਂਦਾ। ਇਹ ਵੀ ਸਮਝਿਆ ਜਾਂਦਾ ਸੀ ਕਿ ਪੰਜਾਬੀ ਸਿਰਤ ਨਾਲ ਸਿਨੇਮਾ ਨਹੀਂ ਬਣਾਉਂਦੇ। 'ਮੌੜ' ਲੋਕ ਨਾਇਕ ਦੀ ਜ਼ਿੰਦਗੀ 'ਤੇ ਆਧਾਰਿਤ ਕਿਰਤ ਸੀ ਜਿਸ ਦਾ ਧਰਾਤਲ ਮਾਲਵੇ ਦੀ ਧਰਤੀ ਸੀ। ਖੁੱਲ੍ਹੇ ਬਜਟ ਵਾਲੀ ਇਸ ਫਿਲਮ ਵਿਚ ਕੰਮ ਕਰ ਰਹੇ ਕਲਾਕਾਰਾਂ, ਨਿਰਦੇਸ਼ਕ ਜਤਿੰਦਰ ਮੌਹਰ ਨੂੰ ਵੀ ਖੂਬ ਪ੍ਰਸ਼ੰਸਾ ਹਾਸਿਲ ਹੋਈ। ਬੋਲੀ, ਪਹਿਰਾਵਾ, ਲੋਕੇਸ਼ਨ, ਕਿਰਦਾਰ ਸਭ ਕੁਝ ਵਾਸਤੇ ਸ਼ਲਾਘਾ ਕੀਤੀ ਗਈ ਸੀ।



**ਤਰਸੇਮ ਬਸ਼ਰ**

ਆਲੋਚਕਾਂ ਨੇ ਇਸ ਫਿਲਮ ਨੂੰ ਪੀਰੀਅਡ ਫਿਲਮਾਂ ਦੀ ਮੀਲ ਪੱਥਰ ਫਿਲਮ ਕਿਹਾ ਜਿਸ ਦਾ ਅਰਥ ਸੀ ਕਿ ਜੋ ਕੋਈ ਪੀਰੀਅਡ ਫਿਲਮ ਇਸ ਤੋਂ ਬਾਅਦ ਬਣੇਗੀ ਤਾਂ ਉਸ ਨੂੰ ਇਸ ਤੋਂ ਇਕ ਕਦਮ ਅੱਗੇ ਹੋਣਾ ਪਵੇਗਾ। ਕੁਦਰਤੀ ਇਹ ਚੁਣੌਤੀ ਬੱਬੂ ਮਾਨ ਅਭੀਨੀਤ ਅਤੇ ਅਮਿਤੋਜ ਮਾਨ ਨਿਰਦੇਸ਼ਤ ਫਿਲਮ 'ਸੁੱਚਾ ਸੂਰਮਾ' ਦੇ ਸਾਹਮਣੇ ਆ ਗਈ। ਪੁਰਾਤਨ ਪੰਜਾਬੀ ਜੀਵਨ ਵਿਚ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਖਾਸ ਮਹੱਤਵ ਨੂੰ ਦਰਸਾਉਂਦੀ 'ਸੁੱਚਾ ਸੂਰਮਾ' ਦੀ ਕਹਾਣੀ ਅਜਿਹੇ ਦਲੇਰ ਸ਼ਖਸ ਦੀ ਕਹਾਣੀ ਹੈ ਜੋ ਕਿਸੇ ਵੀ ਕੀਮਤ 'ਤੇ ਆਪਣੀ ਅਣਖ ਨਾਲ ਸਮਝੌਤਾ ਨਹੀਂ ਕਰ ਸਕਦਾ, ਇੱਜ਼ਤ ਰੁਲਦਿਆਂ ਨਹੀਂ ਦੇਖ ਸਕਦਾ। ਉਹ ਇਸ ਖਾਤਰ ਇਸ ਆਪਣੀ ਭਰਜਾਈ ਅਤੇ ਉਸ ਦੇ ਪ੍ਰੇਮੀ ਨੂੰ ਸਰੇਰਾਹ ਕਤਲ ਕਰ ਦਿੰਦਾ ਹੈ ਉੱਥੇ ਇੱਕ ਹੋਰ ਅਜਿਹੇ ਜੋੜੇ ਨੂੰ ਵੀ ਕਤਲ ਕਰਦਾ ਹੈ ਜੋ ਸਮਾਜਿਕ ਮਰਿਆਦਾ ਉਲੰਘ ਕੇ ਨੈਤਿਕਤਾ ਨੂੰ ਛਿੱਕੇ ਟੰਗ ਚੁੱਕੇ ਹੁੰਦੇ ਹਨ। ਇਸ ਜੁਰਮ ਦੀ ਸਜ਼ਾ ਤਹਿਤ ਸੁੱਚਾ ਸਿੰਘ ਨੂੰ ਸ਼ਰੇਆਮ ਉਸੇ ਥਾਂ 'ਤੇ ਫਾਂਸੀ ਦਿੱਤੀ ਜਾਂਦੀ ਹੈ ਜਿੱਥੇ ਇਹ ਕਤਲ ਹੋਏ ਸਨ।

ਅੱਜ ਜ਼ਮਾਨਾ ਬਦਲ ਗਿਆ ਹੈ। ਅੱਜ ਨੈਤਿਕ ਅਤੇ ਸਮਾਜਿਕ ਕਦਰ-ਕੀਮਤਾਂ ਕਮਜ਼ੋਰ ਹੋ ਗਈਆਂ ਹਨ ਤੇ ਅਜਿਹੇ ਕਤਲਾਂ ਨੂੰ ਵੀ ਅਣਖ ਦੀ ਖਾਤਰ ਕਤਲ ਕਿਹਾ ਜਾਂਦਾ ਹੈ। ਬਹਰਹਾਲ, ਤੁਸੀਂ ਅਣਖ ਅਤੇ ਪੰਜਾਬੀ ਰਹਿਤਲ ਨੂੰ ਅੱਜ ਵੀ ਵੱਖ ਕਰ ਕੇ ਨਹੀਂ ਦੇਖ ਸਕਦੇ। ਫਿਰ ਉਹ ਸਮਾਂ ਹੋਰ ਸੀ। ਲੋਕਾਂ ਨੇ ਸੁੱਚਾ ਸਿੰਘ ਨੂੰ ਸੁੱਚਾ ਸੂਰਮਾ ਕਿਹਾ, ਉਸ ਦੀ ਉਸਤਤ ਕੀਤੀ ਅਤੇ ਉਸ ਪੀੜ੍ਹੀ ਦਾ ਉਹ ਇਲਾਕਈ ਨਾਇਕ ਵੀ ਸੀ ਜਿਸ ਦੀ ਕਹਾਣੀ ਬਾਅਦ ਕੌਮਾਂਤਰੀ ਪੱਧਰ 'ਤੇ ਪ੍ਰਸਿੱਧ ਹੋ ਗਈ। ਉਸ ਦੀਆਂ ਗਾਥਾਵਾਂ ਗਾਈਆਂ ਗਈਆਂ, ਕਵੀਸ਼ਰ ਉਸ ਦੇ ਕਿੱਸੇ ਗਾਉਂਦੇ ਸਨ, ਇਥੋਂ ਤੱਕ ਕਿ 'ਬਲਬੀਰੋ ਭਾਬੀ' ਨਾਂ ਦੀ ਫਿਲਮ ਵੀ ਬਣ ਚੁੱਕੀ ਹੈ। ਇਸ ਵਿਚ ਵਰਿੰਦਰ ਅਤੇ ਗੁਰਚਰਨ ਪੋਹਲੀ ਦੀਆਂ ਮੁੱਖ ਭੂਮਿਕਾਵਾਂ ਹਨ।

ਸੁੱਚਾ ਸੂਰਮਾ ਦੇ ਨਿਰਦੇਸ਼ਕ ਨੇ ਕਹਾਣੀ ਨੂੰ ਉਸ ਸਮੇਂ ਦੇ ਧਰਾਤਲੀ ਹਾਲਾਤ ਨੂੰ ਨੇੜੇ ਤੋਂ ਪੇਸ਼ ਕਰਨ ਦਾ ਭਰਪੂਰ ਯਤਨ ਕੀਤਾ ਹੈ; ਨਹੀਂ ਤਾਂ ਉਹ ਗੰਡਾਸਿਆਂ ਦੀ ਲੜਾਈ ਵਿਚ ਸੁੱਚਾ ਸਿੰਘ ਸੂਰਮਾ ਵੱਲੋਂ ਬੰਦੂਕ ਨਾਲ ਘੁੱਕਰ ਨੂੰ ਮਾਰਨ ਦੀ ਘਟਨਾ ਬਦਲ ਕੇ ਵੀ ਪੇਸ਼ ਕਰ ਸਕਦਾ ਸੀ ਤਾਂ ਕਿ ਉਸ ਦਾ ਨਾਇਕ ਕਿਤੇ ਕਿਸੇ ਪੱਖੋਂ ਵੀ ਕਮਜ਼ੋਰ ਨਜ਼ਰ ਨਾ ਆਵੇ। ਕੋਈ ਲੋਕ ਨਾਇਕ ਗੰਡਾਸਿਆਂ ਦੀ ਲੜਾਈ ਵਿਚ ਸਾਹਮਣੇ ਵਾਲੇ ਨੂੰ ਬੰਦੂਕ ਨਾਲ ਕਿਉਂ ਕਤਲ ਕਰੇਗਾ, ਇਹ ਸੋਚਦਿਆਂ ਨਿਰਦੇਸ਼ਕ ਇਸ ਮੋੜ 'ਤੇ ਕੁਝ ਹੋਰ ਵੀ ਦਿਖਾ ਸਕਦਾ ਸੀ ਪਰ ਅਮਿਤੋਜ ਮਾਨ ਨੇ ਧਰਾਤਲੀ ਹਕੀਕਤ ਨੂੰ ਪਹਿਲ ਦਿੱਤੀ। ਇਹ ਗੰਭੀਰਤਾ ਪੰਜਾਬੀ ਸਿਨੇਮਾ ਵਿਚ ਪਹਿਲਾਂ ਨਹੀਂ ਸੀ ਹੁੰਦੀ। ਬਹੁਤੇ ਨਿਰਮਾਤਾ ਨਿਰਦੇਸ਼ਕ ਉਹੀ ਪੇਸ਼ ਕਰਦੇ ਸਨ ਜੋ ਜਨਤਾ ਦੇ ਮਨ ਭਾਉਂਦਾ ਹੋਵੇ। ਮੈਂ ਇਸ ਸਕਾਰਾਤਮਕ ਮੋੜ ਨੂੰ ਪੰਜਾਬੀ ਸਿਨੇਮਾ ਦੇ ਲਈ ਅਹਿਮ ਮੋੜ ਦੇ ਤੌਰ 'ਤੇ ਦੇਖਦਾ ਹਾਂ।

ਫਿਲਮ ਦੀ ਟੀਮ ਨੇ ਕਹਾਣੀ ਨੂੰ ਨੇੜਿਓਂ ਜਾਚਿਆ ਜੋਖਿਆ ਗਿਆ ਹੋਵੇਗਾ, ਨਹੀਂ ਤਾਂ ਸੁੱਚਾ ਸਿੰਘ ਨੂੰ ਫਾਂਸੀ ਦੇਣ ਦਾ ਦ੍ਰਿਸ਼ ਵੀ ਹੈਰਾਨ ਕਰਦਾ ਹੈ। ਫਾਂਸੀ ਸ਼ਰੇਆਮ ਲੋਕਾਂ ਦੇ ਸਾਹਮਣੇ ਦਰਖਤ







ਫਿਲਮ 'ਸੁੱਚਾ ਸੂਰਮਾ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਨਿਰਦੇਸ਼ਕ ਅਮਿਤੋਜ ਮਾਨ।

ਨਾਲ ਲਟਕਾ ਕੇ ਦਿੱਤੀ ਜਾ ਰਹੀ ਸੀ, ਉਹ ਵੀ ਉੱਥੇ ਜਿੱਥੇ ਉਸ ਨੇ ਕਤਲ ਕੀਤੇ ਸੀ। ਹੋ ਸਕਦਾ ਹੈ, ਅੰਗਰੇਜ਼ ਹਾਕਮਾਂ ਸਮੇਂ ਇਸ ਤਰ੍ਹਾਂ ਹੁੰਦਾ ਹੋਵੇ ਪਰ ਪਹਿਲਾਂ ਨਹੀਂ ਸੀ ਸੁਣਿਆ ਗਿਆ। ਫਿਲਮ ਦੇ ਇਹ ਦ੍ਰਿਸ਼ ਪੂਰੀ ਫਿਲਮ ਵਿਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਬਣੇ ਹਨ।

ਫਿਲਮ ਦੀ ਪਟਕਥਾ ਤੋਂ ਲੋਕ ਪਹਿਲਾਂ ਹੀ ਵਾਕਫ ਹਨ ਅਤੇ ਸਕਰੀਨਪਲੇ ਇਸ ਕਦਰ ਚੁਸਤ ਹਨ ਕਿ ਦੇਖਣ ਵਾਲੇ ਦੀ ਦਿਲਚਸਪੀ ਲਗਾਤਾਰ ਬਣੀ ਰਹਿੰਦੀ ਹੈ; ਇਸ ਦੇ ਬਾਵਜੂਦ ਕਿ ਲੋਕਾਂ ਨੇ ਕਹਾਣੀ ਪਹਿਲਾਂ ਵੀ ਬਹੁਤ ਵਾਰ ਸੁਣੀ ਹੋਈ ਹੈ। ਅਤੀਤ ਦੇ ਨਾਇਕਾਂ ਦੀ ਜ਼ਿੰਦਗੀ 'ਤੇ ਬਣੀਆਂ ਫਿਲਮਾਂ ਸਮੇਂ ਇਹ ਚੁਣੌਤੀ ਦਿਲਚਸਪ ਹੁੰਦੀ ਹੈ ਕਿ ਲੋਕ ਉਸ ਕਹਾਣੀ ਤੋਂ ਵਾਕਫ ਹੁੰਦੇ ਹਨ ਪਰ ਫਿਲਮ ਇਸ ਤਰ੍ਹਾਂ ਦੀ ਬਣੇ ਕਿ ਲੋਕਾਂ ਦੀ ਦਿਲਚਸਪੀ ਅੰਤ ਤੱਕ ਬਰਕਰਾਰ ਰਹੇ। ਇਸ ਵਿਚ 'ਮੌੜ' ਵੀ ਸਫਲ ਸੀ ਤੇ 'ਸੁੱਚਾ ਸੂਰਮਾ' ਵੀ ਸਫਲ ਹੈ।

'ਸੁੱਚਾ ਸੂਰਮਾ' ਦਾ ਸਭ ਤੋਂ ਮਹੱਤਵਪੂਰਨ ਤੇ ਰੌਸ਼ਨ ਪੱਖ ਲੇਖਕ, ਨਿਰਦੇਸ਼ਕ ਦੀ ਸੰਤੁਲਿਤ ਕਿਰਦਾਰ ਉਸਾਰੀ ਹੈ; ਕਿਰਦਾਰ ਜੋ ਸੁਭਾਵਿਕ ਲੱਗਦੇ ਹਨ। ਫਿਲਮ ਦੇ ਲਗਭਗ ਅੱਧ ਤੱਕ ਸੁੱਚਾ ਸਿੰਘ ਅਤੇ ਘੁੱਕਰ ਦੋਸਤ ਹਨ ਭਾਵੇਂ ਫਿਲਮ ਦਾ ਅੰਤ ਦੁਸ਼ਮਣੀ ਅਤੇ ਕਤਲ ਨਾਲ ਹੁੰਦਾ ਹੈ। ਦੋਸਤੀ ਨੂੰ ਦੁਸ਼ਮਣੀ ਵਿਚ ਬਦਲਦਿਆਂ ਜਿਸ ਤਰਾਂ ਘਟਨਾਕ੍ਰਮ ਕਰਵਟ ਲੈਂਦੇ ਹਨ, ਨਿਰਦੇਸ਼ਕ ਇਸ ਬਿਰਤਾਂਤ ਨੂੰ ਸੰਤੁਲਿਤ ਅਤੇ ਕਲਾਤਮਕ ਢੰਗ ਨਾਲ ਫਿਲਮਾਉਣ ਵਿਚ ਕਾਮਯਾਬ ਹੈ।

ਫਿਲਮ ਦਾ ਨਾਇਕ ਪੰਜਾਬ ਦਾ ਪ੍ਰਸਿੱਧ ਗਾਇਕ ਬੱਬੂ ਮਾਨ ਹੈ ਪਰ ਨਿਰਦੇਸ਼ਕ ਦੀ ਖੂਬੀ ਇਹ ਰਹੀ ਕਿ ਉਹ ਸਿਰਫ ਬੱਬੂ ਮਾਨ 'ਤੇ ਨਿਰਭਰ ਨਹੀਂ ਸੀ, ਉਸ ਨੇ ਕਹਾਣੀ ਅਤੇ ਸਕਰੀਨਪਲੇ ਨੂੰ ਵੀ ਪੂਰੀ ਅਹਿਮੀਅਤ ਦਿੱਤੀ ਹੈ ਤੇ ਮਿਹਨਤ ਵੀ ਕੀਤੀ ਹੈ। ਸੁੱਚਾ ਸਿੰਘ ਦੇ ਦੱਬੂ ਭਰਾ ਨਰੈਣੇ (ਸਰਬਜੀਤ ਚੀਮਾ) ਵਰਗੇ ਕਮਜ਼ੋਰ ਕਿਰਦਾਰ ਪਹਿਲਾਂ ਪੰਜਾਬੀ ਸਿਨੇਮਾ ਵਿਚ ਪਰਦੇ 'ਤੇ ਦਿਖਾਈ ਨਹੀਂ ਦਿੱਤੇ, ਇਥੋਂ ਤੱਕ ਕਿ ਪੰਜਾਬੀ ਸਾਹਿਤ ਵਿਚ ਵੀ ਅਜਿਹੇ ਕਿਰਦਾਰ ਨਾ-ਮਾਤਰ ਹੀ ਹਨ। ਅਜਿਹੇ ਕਿਰਦਾਰ ਨੂੰ ਪਰਦੇ 'ਤੇ ਲਿਆਉਣਾ ਵੀ ਨਿਰਦੇਸ਼ਕ ਦੀ ਪ੍ਰਾਪਤੀ ਹੈ। ਬਲਬੀਰੋ ਦਲੇਰ ਅਤੇ ਜ਼ਿੰਦਗੀ ਨੂੰ ਮਾਨਣ ਵਾਲੀ ਔਰਤ ਹੈ ਜਿਸ ਅੰਦਰ ਤ੍ਰਿਸ਼ਨਾਵਾਂ ਦਾ ਤੇਜ਼ ਵੇਗ ਹੈ ਜੋ ਘੁਟ-ਘੁਟ ਕੇ ਨਹੀਂ ਮਰਨਾ ਚਾਹੁੰਦੀ ਅਤੇ ਉਹ ਉਨ੍ਹਾਂ ਸਮਿਆਂ ਵਿਚ ਸਦਾਚਾਰਕ ਕੀਮਤਾਂ ਨੂੰ ਠੋਕਰ ਮਾਰਨ ਦਾ ਜਿਗਰਾ ਰੱਖਦੀ ਹੈ ਜਦੋਂ ਆਮ ਘਰੇਲੂ ਔਰਤਾਂ ਇਹ ਸੋਚ ਵੀ ਨਹੀਂ ਸਨ ਸਕਦੀਆਂ। ਅਜਿਹਾ ਕਿਰਦਾਰ ਵੀ ਕਿਸੇ ਪੰਜਾਬੀ ਫਿਲਮ ਵਿਚ ਮੁੱਖ ਤੌਰ 'ਤੇ ਪਹਿਲਾਂ ਕਦੇ ਨਹੀਂ ਸੀ ਪੇਸ਼ ਕੀਤਾ ਗਿਆ ਜਿਸ ਦਾ ਕੁੱਲ ਪ੍ਰਭਾਵ ਨਕਾਰਾਤਮਕ ਹੀ ਹੋਵੇ। ਅਦਾਕਾਰਾ ਸਮੀਕਸ਼ਾ ਨੇ ਇਹ ਭੂਮਿਕਾ ਜੀਵੰਤ ਢੰਗ ਨਾਲ ਨਿਭਾਈ ਹੈ। ਅਜਿਹੇ ਵਿਲੱਖਣ ਕਿਰਦਾਰ ਹਿੰਦੀ ਦੀਆਂ ਕਲਾਤਮਕ ਫਿਲਮਾਂ ਵਿਚ ਦੇਖਣ ਨੂੰ ਮਿਲਦੇ ਸਨ।

'ਸੁੱਚਾ ਸੂਰਮਾ' ਬੇਸ਼ੱਕ ਬੱਬੂ ਮਾਨ ਦੇ ਕਰੀਅਰ ਦੀ ਮਹੱਤਵਪੂਰਨ ਫਿਲਮ ਦੇ ਤੌਰ 'ਤੇ ਯਾਦ ਕੀਤੀ ਜਾਵੇਗੀ। ਉਹ ਸ਼ਾਇਦ ਅਭਿਨੇਤਾ ਦੇ ਤੌਰ 'ਤੇ ਆਪਣੀ ਸਭ ਤੋਂ ਵਧੀਆ ਕਾਰਜਕਾਰੀ ਵਾਲੀ ਭੂਮਿਕਾ ਵਿਚ ਵੀ ਹਨ। ਕਹਾਣੀ ਦਾ ਕਿਰਦਾਰ ਉਨ੍ਹਾਂ ਲਈ ਢੁਕਵਾਂ ਸੀ, ਫਿਰ ਵੀ ਉਹ ਉਸ ਪੱਧਰ 'ਤੇ ਨਹੀਂ ਜਾ ਸਕੇ ਜਦੋਂ ਦਰਸ਼ਕ ਪਰਦੇ ਉੱਤੇ ਸੁੱਚੇ ਦੇ ਕਿਰਦਾਰ ਨੂੰ ਦੇਖਦਿਆਂ ਬੱਬੂ ਮਾਨ ਨੂੰ ਭੁੱਲ ਜਾਣ; ਉਨ੍ਹਾਂ ਨੂੰ ਸਿਰਫ ਸੁੱਚਾ ਯਾਦ ਰਹਿ ਜਾਵੇ। ਫਿਰ ਵੀ ਉਹਨੇ ਬਿਹਤਰੀਨ ਕੰਮ ਕੀਤਾ ਹੈ। ਹਾਲਾਤ ਅਨੁਸਾਰ ਹਾਵ-ਭਾਵ ਬਦਲੇ ਹੋਏ ਨਜ਼ਰ ਆਉਂਦੇ ਹਨ। ਸ਼ਾਇਦ ਮਸ਼ਹੂਰ ਗਾਇਕ ਵਜੋਂ ਉਨ੍ਹਾਂ ਦਾ ਵੱਡਾ ਰੁਤਬਾ ਵੀ ਇਕ ਕਾਰਨ ਹੋਵੇ ਕਿ ਸਕਰੀਨ ਉੱਤੇ ਸੁੱਚਾ ਸੂਰਮਾ ਉਪਰ ਬੱਬੂ ਮਾਨ ਭਾਰੀ ਦਿਖਾਈ ਦਿੰਦਾ ਹੋਵੇ। ਵੱਡਾ ਸਟਾਰ ਹੋਣ ਦਾ ਇਹ ਵੀ ਨੁਕਸਾਨ ਹੁੰਦਾ ਹੈ। ਮੁੱਖ ਖਲਨਾਇਕ ਘੁੱਕਰ ਦਾ ਕਿਰਦਾਰ ਅਭਿਨੇਤਾ ਜਗ ਸਿੰਘ ਨੇ ਨਿਭਾਇਆ ਹੈ। ਉਹ ਆਪਣੇ ਹਾਵ ਭਾਵ, ਅਦਾਕਾਰੀ ਤੇ ਆਵਾਜ਼ ਨਾਲ ਪ੍ਰਭਾਵਿਤ ਕਰਦਾ ਹੈ। ਨਵੇਂ ਚਿਹਰਾ ਹੋਣ ਕਰ ਕੇ ਉਹਨੂੰ ਇਸ ਦਾ ਲਾਭ ਵੀ ਹੋਇਆ ਹੈ, ਉਨ੍ਹਾਂ ਦੀ ਪਛਾਣ ਘੁੱਕਰ ਵਾਲੀ ਬਣ ਗਈ ਹੈ। ਭਵਿੱਖ ਵਿਚ ਵੀ ਉਸ ਤੋਂ ਉਮੀਦਾਂ ਜ਼ਿਆਦਾ ਰਹਿਣਗੀਆਂ।

ਪ੍ਰਚਲਤ ਅਤੇ ਵਾਰ-ਵਾਰ ਦੁਹਰਾਏ ਜਾਣ ਵਾਲੇ ਅਦਾਕਾਰਾਂ ਦੀ ਬਜਾਇ ਨਵੇਂ ਪ੍ਰਤਿਭਾਸ਼ਾਲੀ ਅਦਾਕਾਰਾਂ ਨੂੰ ਵੀ ਮੌਕਾ ਦਿੱਤਾ ਗਿਆ ਹੈ। ਇਸ ਨਾਲ ਫਿਲਮ ਦੇ ਕਿਰਦਾਰ ਜਿੱਥੇ ਸੁਭਾਵਿਕ ਲੱਗਦੇ ਹਨ ਉਥੇ ਨਵੀਂ ਪੀੜੀ ਨੂੰ ਆਪਣੀ ਪ੍ਰਤਿਭਾ ਸਾਬਿਤ ਕਰਨ ਦਾ ਮੌਕਾ ਮਿਲਦਾ ਹੈ। ਦਵਿੰਦਰ, ਗੁਰਵਿੰਦਰ ਮਕਨਾ, ਅਨੀਤਾ ਸ਼ਬਦੀਸ਼, ਮਹਾਂਵੀਰ ਭੁੱਲਰ ਭਾਵੇਂ ਛੋਟੀਆਂ-ਛੋਟੀਆਂ ਭੂਮਿਕਾਵਾਂ ਵਿਚ ਹਨ ਪਰ ਇਨ੍ਹਾਂ ਦੀ ਅਦਾਇਗੀ ਸੁਭਾਵਿਕ ਹੈ, ਇਹ ਕਿਰਦਾਰ ਨਾਲ ਇੱਕ ਮਿਕ ਹੋਏ ਨਜ਼ਰ ਆਉਂਦੇ ਹਨ।

ਕਹਾਣੀ ਵਿਚ ਨਰੈਣੇ ਦਾ ਕਿਰਦਾਰ ਵੀ ਮਹੱਤਵਪੂਰਨ ਅਤੇ ਨਿਵੇਕਲਾ ਹੈ। ਇਹ ਕਿਰਦਾਰ ਕਿਸੇ ਸਮੇਂ ਦੇ ਪ੍ਰਸਿੱਧ ਗਾਇਕ ਸਰਬਜੀਤ ਚੀਮਾ ਨੇ ਨਿਭਾਇਆ ਹੈ। ਜੋ ਆਜ਼ਜ਼ੀ ਅਤੇ ਮਜਬੂਰੀ ਅਜਿਹੇ ਕਿਰਦਾਰ ਦੇ ਚਿਹਰੇ 'ਤੇ ਨਜ਼ਰ ਆਉਣੀ ਚਾਹੀਦੀ ਹੈ, ਉਹ ਨਜ਼ਰ ਆਉਂਦੀ ਹੈ। ਉਹਨੇ ਉਮੀਦ ਤੋਂ ਵਧੀਆ ਕਾਰਕਰਦਗੀ ਦਿਖਾਈ ਹੈ ਪਰ ਇਹ ਕਿਰਦਾਰ ਬੜਾ ਅਹਿਮ ਤੇ ਵੱਖਰਾ ਸੀ; ਜੇ ਕਿਸੇ ਨਵੇਂ ਚਿਹਰੇ ਤੋਂ ਵੀ ਕਰਵਾ ਲਿਆ ਜਾਂਦਾ ਤਾਂ ਵੀ ਠੀਕ ਰਹਿੰਦਾ; ਵੈਸੇ ਵੀ ਗਾਇਕਾਂ ਦੀ ਅਭਿਨੇਤਾ ਦੇ ਤੌਰ 'ਤੇ ਆਪਣੀਆਂ ਸੀਮਾਵਾਂ ਹੁੰਦੀਆਂ। ਇਨ੍ਹਾਂ ਦੀ ਇੱਕ ਪਛਾਣ ਪਹਿਲਾਂ ਹੀ ਬਣੀ ਹੁੰਦੀ ਹੈ।

ਨਿਰਦੇਸ਼ਕ ਅਮਿਤੋਜ ਮਾਨ ਨੂੰ ਦਰਸ਼ਕਾਂ ਦੀ ਇਸ ਜਗਿਆਸਾ ਬਾਰੇ ਭਲੀਭਾਂਤ ਜਾਣਕਾਰੀ ਸੀ ਕਿ ਉਹ ਫਿਲਮ ਵਿਚ ਪੁਰਾਤਨ ਪੰਜਾਬ ਵੀ ਦੇਖਣਾ ਚਾਹੁਣਗੇ। 'ਮੌੜ' ਵੇਲੇ ਪੁਰਾਤਨ ਪੰਜਾਬ ਦੀ ਝਲਕ ਦੀ ਬਹੁਤ ਚਰਚਾ ਰਹੀ ਸੀ। ਸੁੱਚਾ ਸਿੰਘ ਦੇ ਭਰਾ ਨਰੈਣੇ ਦਾ ਵਿਆਹ ਫਿਲਮਾਉਂਦਿਆਂ ਨਿਰਦੇਸ਼ਕ ਪੁਰਾਣੀਆਂ ਰਸਮਾਂ, ਪਹਿਰਾਵੇ, ਗਹਿਣੇ, ਕੱਚੇ ਘਰ, ਆਲੇ, ਦੀਵੇ ਆਦਿ ਕੈਮਰੇ ਚ ਤਰਤੀਬ ਨਾਲ ਕੈਦ ਕਰਨ ਵਿਚ ਸਫਲ ਹੈ। ਮਾਲਵੇ ਵਿਚ ਰੇਤ ਦੇ ਟਿੱਬਿਆਂ ਦਾ ਪਸਾਰਾ ਸੀ, ਇਨ੍ਹਾਂ ਨੂੰ ਰੋਹੀਆਂ ਵੀ ਕਹਿ ਦਿੰਦੇ ਹਨ... ਕੱਚੀਆਂ ਗਲੀਆਂ, ਕੋਠੇ, ਨਰਮੇ ਦੀਆਂ ਛਟੀਆਂ ਆਦਿ ਸਕਰੀਨ 'ਤੇ ਦੇਖਣਾ ਚੰਗਾ ਲਗਦਾ ਹੈ। ਇਹ ਅਲਹਿਦਾ ਗੱਲ ਹੈ ਕਿ ਮੈਨੂੰ 'ਸੁੱਚਾ ਸੂਰਮਾ' ਨਾਲੋਂ 'ਮੌੜ' ਵਿਚ ਫਿਲਮਾਇਆ ਪੁਰਾਤਨ ਪੰਜਾਬ ਜ਼ਿਆਦਾ ਵਧੀਆ ਮਹਿਸੂਸ ਹੁੰਦਾ ਹੈ।

ਬੋਲੀ ਪੱਖੋਂ ਹੋਰ ਮਿਹਨਤ ਕੀਤੀ ਜਾ ਸਕਦੀ ਸੀ। ਮੁੱਖ ਕਿਰਦਾਰ ਸਮੇਤ ਕਈ ਕਿਰਦਾਰਾਂ ਦੇ ਲਹਿਜੇ 'ਚੋਂ ਓਨ੍ਹਾਂ ਦੇ ਇਲਾਕਈ ਉਚਾਰਨ ਦਾ ਭਾਵ ਮਹਿਸੂਸ ਹੁੰਦਾ ਹੈ, ਭਾਵੇਂ ਇਹ ਗੱਲਾਂ ਧਿਆਨ ਦੇਣ ਅਤੇ ਅਜਿਹੀਆਂ ਬਰੀਕੀਆਂ ਨੂੰ ਸਮਝਣ ਵਾਲੇ ਲੋਕ ਹੀ ਸਮਝ ਸਕਣਗੇ।

ਤਕਨੀਕ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਪਰ ਇਹ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਪ੍ਰਤੀਤ ਹੁੰਦੀ। ਘੁੱਕਰ ਦੇ ਢੱਠੇ ਨਾਲ ਦਿਖਾਏ ਭੇੜ ਵਿਚ ਜਲਦੀ ਹੀ ਪਤਾ ਲੱਗ ਜਾਂਦਾ ਹੈ ਕਿ ਢੱਠਾ ਤਕਨੀਕੀ ਤੌਰ 'ਤੇ ਬਣਿਆ ਹੋਇਆ ਹੈ। ਫਿਲਮ ਵਿਚ ਪਿੱਠਵਰਤੀ ਸੰਗੀਤ ਦ੍ਰਿਸ਼ਾਂ ਅਨੁਸਾਰ ਢੁੱਕਵਾਂ ਅਤੇ ਪ੍ਰਭਾਵ ਜਗਾਉਣ ਵਾਲਾ ਹੈ, ਭਾਵੇਂ ਫਿਲਮ ਦਾ ਸੰਗੀਤ ਪੱਖ ਇੰਨਾ ਪ੍ਰਭਾਵਸ਼ਾਲੀ ਨਹੀਂ। ਕੋਈ ਅਜਿਹਾ ਗਾਣਾ ਨਹੀਂ ਸੁਣਨ ਨੂੰ ਮਿਲਦਾ ਜੋ ਚੇਤਿਆਂ ਵਿਚ ਰਹਿ ਜਾਵੇ।

'ਸੁੱਚਾ ਸੂਰਮਾ' ਦੀ ਪ੍ਰੇਮ ਕਹਾਣੀ ਰਾਹੀਂ ਕਿਉਂਕਿ ਪੁਰਾਤਨ ਪੰਜਾਬ ਵੀ ਦੇਖਣ ਨੂੰ ਮਿਲਦਾ ਹੈ, ਇਸ ਲਈ ਜ਼ਿਆਦਾ ਚੁਭਦੀ ਨਹੀਂ ਪਰ ਫਿਲਮ ਦੀ ਮੁੱਖ ਕਹਾਣੀ ਨਾਲ ਇਸ ਪ੍ਰੇਮ ਕਹਾਣੀ ਦਾ ਤਾਲਮੇਲ ਠੀਕ ਤਰ੍ਹਾਂ ਬੈਠਦਾ ਵੀ ਪ੍ਰਤੀਤ ਨਹੀਂ ਹੁੰਦਾ। ਇਸ ਨੂੰ ਹੋਰ ਸੰਖੇਪ ਕੀਤਾ ਜਾ ਸਕਦਾ ਤਾਂ ਸ਼ਾਇਦ ਬਿਹਤਰ ਹੁੰਦਾ।

'ਸੁੱਚਾ ਸੂਰਮਾ' ਜਤਿੰਦਰ ਮੌਹਰ ਨਿਰਦੇਸ਼ਤ ਫਿਲਮ 'ਮੌੜ' ਤੋਂ ਬਾਅਦ ਵਿਰਸੇ ਨਾਲ ਜੁੜੀ ਦੂਜੀ ਮਹੱਤਵਪੂਰਨ ਫਿਲਮ ਹੈ ਜੋ ਨਿਰਾਸ਼ ਨਹੀਂ ਕਰਦੀ। ਮੇਰੇ ਵਰਗੇ ਆਲੋਚਕ ਅਕਸਰ ਪੰਜਾਬੀ ਮਨੋਰੰਜਕ ਫਿਲਮਾਂ ਨੂੰ ਸ਼ਿਆਮ ਬੈਨੇਗਲ ਦੀ ਕਿਸੇ ਫਿਲਮ ਨਾਲ ਤੋਲਣ 'ਚ ਮਸਰੂਫ ਹੋ ਜਾਂਦੇ ਹਨ। ਇਹ ਸ਼ਾਇਦ ਪੰਜਾਬੀ ਸਿਨੇਮਾ ਨਾਲ ਨਿਆਂ ਨਹੀਂ ਹੋਵੇਗਾ। ਪੰਜਾਬੀ ਸਿਨੇਮਾ ਮੁੜ ਉਭਰਨ ਦੇ ਪਹਿਲੇ ਦੌਰ ਵਿਚ ਹੈ। ਕੁਝ ਚੰਗਾ ਹੋ ਵੀ ਰਿਹਾ ਹੈ। ਖੁਸ਼ਆਮਦੀਦ ਕਹਿਣਾ ਬਣਦਾ ਹੈ।

ਖੈਰ! ਰਾਹਤ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਿਨੇਮਾ ਵਿਚ ਹੁਣ 'ਕੁਝ ਵੀ' ਪਰੋਸਣ ਦਾ ਸਮਾਂ ਸ਼ਾਇਦ ਖਤਮ ਹੋਣ ਵੱਲ ਹੈ। ਕੁਝ ਪ੍ਰਤਿਭਾਸ਼ਾਲੀ ਲੋਕ ਸਿਨੇਮਾ ਕਲਾ ਵਿਚ ਡੂੰਘੀਆਂ ਪੈੜਾਂ ਪਾਉਣ ਲਈ ਤਤਪਰ ਹਨ। ਪੰਜਾਬੀ ਦਰਸ਼ਕਾਂ ਨੇ ਵੀ ਚੰਗੀਆਂ ਫਿਲਮਾਂ ਨੂੰ ਹੁੰਗਾਰਾ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਬਿਹਤਰੀਨ ਫਿਲਮਾਂ ਦਾ ਇੰਤਜ਼ਾਰ ਰਹੇਗਾ।





ਨਿਰਦੇਸ਼ਕ ਜਤਿੰਦਰ ਮੌਹਰ ਦੀ ਫਿਲਮ 'ਮੌੜ' ਦਾ ਪੋਸਟਰ।

*'ਸੁੱਚਾ ਸੂਰਮਾ' ਜਤਿੰਦਰ ਮੌਹਰ ਨਿਰਦੇਸ਼ਤ ਫਿਲਮ 'ਮੌੜ' ਤੋਂ ਬਾਅਦ ਵਿਰਸੇ ਨਾਲ ਜੁੜੀ ਦੂਜੀ ਮਹੱਤਵਪੂਰਨ ਫਿਲਮ ਹੈ। 'ਮੌੜ' ਅਜਿਹੀ ਫਿਲਮ ਸੀ ਜਿਸ ਨੂੰ ਆਲੋਚਕਾਂ ਨੇ ਵੀ ਸਰਾਹਿਆ ਤੇ ਇਹ ਕਮਾਈ ਪੱਖ ਤੋਂ ਵੀ ਕਾਮਯਾਬ ਸੀ; ਅਜਿਹਾ ਸਿਨੇਮਾ ਜਿਸ ਅੰਦਰ ਮਿਹਨਤ ਬੋਲਦੀ ਸੀ। ਇਸ ਵਿਚ ਸੂਖਮ ਚੀਜ਼ਾਂ ਵੱਲ ਪੂਰਾ ਧਿਆਨ ਦਿੱਤਾ ਗਿਆ ਸੀ ਜਿਨ੍ਹਾਂ ਬਾਰੇ ਪੰਜਾਬੀ ਸਿਨੇਮਾ ਵਿਚ ਜ਼ਿਆਦਾ ਨਹੀਂ ਸੀ ਸੋਚਿਆ ਜਾਂਦਾ।*



ਚਰਚਿਤ ਰਹੀ ਫਿਲਮ 'ਮੌੜ' ਦਾ ਨਿਰਦੇਸ਼ਕ ਜਤਿੰਦਰ ਮੌਹਰ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 259 N Capitol Ave UNIT 156 San Jose, CA, 95127
2. 3551 Santiago Ave Merced, CA, 95348
3. 1783 Egret ct Hayward CA 94545
4. 15740 Via Castana Morgan Hill CA 95037
5. 3104 Salisbury court CA 94555
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 3597 Skyline dr Hayward CA 94542
13. 1549 -1561 Landess Ave Milpitas CA 95035
14. 11401 Rampart Dr Dublin CA 94568
15. 7790 Squirrel Creek Cir Dublin CA, 94568
16. 2798 Tostalinda Dr Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20